Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%

Twenty-Second Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼

Punjab Times, Vol 22, Issue 50, December 11, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਭਾਜਪਾ ਵੱਲੋਂ ਪੰਜਾਬ ਵਿਚ ਪੈਰ ਧਰਾਵੇ ਲਈ ਹੰਭਲਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਪਿੱਛੋਂ ਪੰਜਾਬ ਦਾ ਸਿਆਸੀ ਮਾਹੌਲ ਭਖ ਗਿਆ ਹੈ। ਸਿਆਸੀ ਧਿਰਾਂ ਨੇ ਪੰਜਾਬ ਵਿਚ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਹੀ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਰਣਨੀਤੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਨ੍ਹਾਂ ਚੋਣਾਂ ਲਈ ਅਕਾਲੀ ਦਲ ਜਿਥੇ ਵੱਕਾਰ ਦੀ ਲੜਾਈ ਲੜਦਾ ਦਿਖਾਈ ਦੇ ਰਿਹਾ ਹੈ, ਉਥੇ ਭਾਜਪਾ ਤੇ 'ਆਪ' ਵੀ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹਨ।

ਕਾਂਗਰਸ ਵੱਲੋਂ ਮੁੜ ਤੋਂ ਸੱਤਾ ਹਥਿਆਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਸਮੇਂ ਸਭ ਤੋਂ ਵੱਧ ਚਰਚਾ ਭਾਜਪਾ ਵੱਲੋਂ ਪੰਜਾਬ ਵਿਚ ਨਵੀਆਂ ਉਠੀਆਂ ਸਿਆਸੀ ਧਿਰਾਂ ਉਤੇ ਡੋਰੇ ਪਾਉਣ ਦੇ ਨਾਲ-ਨਾਲ ਅਕਾਲੀ ਦਲ ਬਾਦਲ ਤੇ ਕਾਂਗਰਸ ਦੇ ਵੱਡੇ ਆਗੂਆਂ ਨੂੰ ਆਪਣੇ ਵੱਲ ਖਿੱਚਣ ਦੀ ਹੈ। ਅਸਲ ਵਿਚ, ਪੰਜਾਬ ਵਿਚ ਸਿਆਸੀ ਪੈਰ ਜਮਾਉਣ ਲਈ ਭਾਜਪਾ ਸਿੱਖ ਚਿਹਰਿਆਂ ਦੀ ਭਾਲ ਵਿਚ ਹੈ। ਦਿੱਲੀ ਦੀ ਸਿੱਖ ਸਿਆਸਤ ਵਿਚ ਬੇਹੱਦ ਸਰਗਰਮ ਰਹਿਣ ਵਾਲੇ ਤੇ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਨੇੜਲੇ ਸਾਥੀ ਮਨਜਿੰਦਰ ਸਿੰਘ ਸਿਰਸਾ ਤੋਂ ਬਾਅਦ ਭਾਜਪਾ ਦੀ ਅੱਖ ਅਕਾਲੀ ਦਲ ਦੇ ਹੋਰ ਵੱਡੇ ਚਿਹਰਿਆਂ ਉਤੇ ਹੈ। ਸਿਰਸਾ ਮਗਰੋਂ ਅਕਾਲੀ ਦਲ ਦੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ, ਸਾਬਕਾ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ, ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਤੇ ਅਕਾਲੀ ਆਗੂ ਅਵਤਾਰ ਸਿੰਘ ਜ਼ੀਰਾ, ਉਦਯੋਗਪਤੀ ਹਰਚਰਨ ਸਿੰਘ ਰਣੌਤਾ ਅਤੇ 'ਆਪ' ਆਗੂ ਗੁਰਪ੍ਰੀਤ ਸਿੰਘ ਭੱਟੀ ਆਦਿ ਨੂੰ ਭਾਜਪਾ ਆਪਣੇ ਵੱਲ ਖਿੱਚਣ ਵਿਚ ਸਫਲ ਰਹੀ ਹੈ। ਚਰਚਾ ਹੈ ਕਿ ਅਕਾਲੀ ਦਲ ਤੇ ਕਾਂਗਰਸ ਦੇ ਹੋਰ ਟਕਸਾਲੀ ਆਗੂ ਵੀ ਭਾਜਪਾ ਦੇ ਸੰਪਰਕ ਵਿਚ ਹਨ।





ਭਾਜਪਾ ਨੇ ਅਕਾਲੀ ਦਲ ਤੋਂ ਨਾਰਾਜ਼ ਤੇ ਖਾਸ ਕਰਕੇ ਟਕਸਾਲੀ ਪਰਿਵਾਰਾਂ 'ਤੇ ਨਿਗ੍ਹਾ ਟਿਕਾ ਰੱਖੀ ਹੈ ਜਿਨ੍ਹਾਂ ਨੂੰ ਪਾਰਟੀ ਦੇ ਸਿੱਖ ਚਿਹਰਿਆਂ ਵਜੋਂ ਚੋਣ ਮੈਦਾਨ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਭਾਜਪਾ ਸਿੱਖ ਭਾਈਚਾਰੇ ਵਿਚ ਬਣੀ ਨਾਰਾਜ਼ਗੀ ਨੂੰ ਦੂਰ ਕਰਨ ਲਈ ਪੂਰੀ ਵਾਹ ਲਾ ਰਹੀ ਹੈ। ਭਾਜਪਾ ਦੀ ਇਸ ਸਰਗਰਮੀ ਤੋਂ ਸ਼੍ਰੋਮਣੀ ਅਕਾਲੀ ਦਲ ਅੰਦਰੋ-ਅੰਦਰੀ ਕਾਫੀ ਖ਼ੌਫ਼ ਵਿਚ ਜਾਪ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੁਣ ਇਹ ਗੱਲ ਖੁੱਲ੍ਹ ਕੇ ਆਖ ਰਹੇ ਹਨ ਕਿ ਭਾਜਪਾ ਏਜੰਸੀਆਂ ਤੇ ਜੇਲ੍ਹ ਦਾ ਡਰ ਦਿਖਾ ਕੇ ਸਿਆਸੀ ਭਰਤੀ ਕਰ ਰਹੀ ਹੈ ਤੇ ਮਨਜਿੰਦਰ ਸਿੰਘ ਸਿਰਸਾ ਵੀ ਇਸੇ ਰਣਨੀਤੀ ਦਾ ਸ਼ਿਕਾਰ ਹੋਏ ਹਨ।

ਚੇਤੇ ਰਹੇ ਕਿ ਭਾਜਪਾ ਹੁਣ ਤੱਕ ਪੰਜਾਬ ਚੋਣਾਂ ਅਕਾਲੀ ਦਲ ਨਾਲ ਰਲ ਕੇ ਲੜਦੀ ਰਹੀ ਹੈ ਪਰ ਇਸ ਵਾਰ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾ ਲਈ ਹੈ। ਖੇਤੀ ਕਾਨੂੰਨਾਂ ਕਾਰਨ ਦਹਾਕਿਆਂ ਪੁਰਾਣੀ ਸਾਂਝ ਟੁੱਟਣ ਕਾਰਨ ਭਾਜਪਾ ਪਹਿਲੀ ਵਾਰ ਚੋਣ ਮੈਦਾਨ ਵਿਚ ਇਕੱਲੀ ਰਹਿ ਗਈ ਹੈ। ਭਗਵਾ ਧਿਰ ਨੂੰ ਆਪਣੇ ਖਿਲਾਫ ਸੂਬੇ ਵਿਚ ਪੈਦਾ ਹੋਏ ਲੋਕ ਰੋਹ ਬਾਰੇ ਕੋਈ ਭੁਲੇਖਾ ਨਹੀਂ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਸਿਆਸੀ ਪਾਰਟੀ ਤੋਂ ਇਲਾਵਾ ਭਾਜਪਾ, ਬਾਗੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਆਸਰੇ ਪੰਜਾਬ ਦੇ ਚੋਣ ਪਿੜ ਵਿਚ ਕੁੱਦਣ ਦੀ ਤਿਆਰੀ ਵਿਚ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਅਮਰਿੰਦਰ ਅਤੇ ਢੀਂਡਸਾ ਧੜੇ ਨਾਲ ਸਾਂਝ ਪਾਉਣ ਬਾਰੇ ਖੁੱਲ੍ਹਾ ਕੇ ਐਲਾਨ ਕਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮੰਨਿਆ ਕਿ ਉਨ੍ਹਾਂ ਦੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਹੋਈ ਸੀ ਪਰ ਗੱਲ ਹਾਲੇ ਸਿਰੇ ਨਹੀਂ ਲੱਗੀ। ਅਸਲ ਵਿਚ, ਭਾਜਪਾ ਨਾਲ ਗੱਠਜੋੜ ਨੂੰ ਲੈ ਕੇ ਢੀਂਡਸੇ ਧੜੇ ਦੇ ਅੰਦਰੋਂ ਬਗਾਵਤ ਉਠ ਖਲੋਤੀ ਹੈ। ਸੂਤਰ ਦੱਸਦੇ ਹਨ ਕਿ ਢੀਂਡਸਾ ਖੁਦ ਭਾਜਪਾ ਨਾਲ ਰਲ ਕੇ ਚੋਣ ਲੜਨ ਲਈ ਤਿਆਰ ਹਨ ਪਰ ਪਾਰਟੀ ਅੰਦਰ ਇਕ ਵੱਡਾ ਧੜਾ ਇਸ ਦੇ ਵਿਰੋਧ ਵਿਚ ਹੈ। ਹਾਲਾਂਕਿ ਢੀਂਡਸਾ ਵੱਲੋਂ ਵੀ ਮਨਜਿੰਦਰ ਸਿੰਘ ਸਿਰਸਾ ਵਾਂਗ ਸਿੱਖ ਕੌਮ, ਕਿਸਾਨੀ ਅਤੇ ਪੰਜਾਬ ਦੇ ਹੋਰ ਮਸਲਿਆਂ ਦੇ ਹੱਲ ਲਈ ਸਾਂਝ ਪਾਉਣ ਦਾ ਤਰਕ ਰੱਖਿਆ ਜਾ ਰਿਹਾ ਹੈ।

ਅਕਾਲੀ ਦਲ ਸੰਯੁਕਤ, ਅਕਾਲੀ ਦਲ ਦੇ ਦੋ ਬਾਗੀ ਧੜਿਆਂ (ਢੀਂਡਸਾ ਤੇ ਬ੍ਰਹਮਪੁਰਾ) ਦੇ ਰਲੇਵੇਂ ਨਾਲ ਬਣਿਆ ਸੀ। ਇਸ ਤੋਂ ਬਾਅਦ ਇਸ ਵਿਚ ਹੋਰ ਛੋਟੀਆਂ ਸਿਆਸੀ ਧਿਰਾਂ ਨੂੰ ਵੀ ਜੋੜਿਆ ਗਿਆ। ਢੀਂਡਸਾ ਦੇ ਭਾਜਪਾ ਨਾਲ ਸੁਰ ਮਿਲਣ ਦੀ ਸ਼ੁਰੂ ਤੋਂ ਹੀ ਚਰਚਾ ਰਹੀ ਹੈ। ਅਕਾਲੀ ਦਲ ਬਾਦਲ ਨਾਲੋਂ ਵੱਖ ਹੋਣ ਪਿੱਛੋਂ ਪੂਰੀ ਚਰਚਾ ਸੀ ਕਿ ਉਹ ਭਾਜਪਾ ਦਾ ਚਿਹਰਾ ਬਣਨ ਲਈ ਤਿਆਰ ਬਰ ਤਿਆਰ ਹਨ ਪਰ ਕਿਸਾਨ ਅੰਦੋਲਨ ਪਿੱਛੋਂ ਸਾਰਾ ਪਾਸਾ ਹੀ ਪਲਟ ਗਿਆ। ਪੰਜਾਬ ਵਿਚ ਸਿਆਸੀ ਧਿਰਾਂ ਭਗਵਾ ਧਿਰ ਤੋਂ ਦੂਰੀ ਬਣਾਉਣ ਲੱਗੀਆਂ। ਹੁਣ ਜਦੋਂ ਖੇਤੀ ਕਾਨੂੰਨ ਵਾਪਸ ਹੋ ਗਏ ਹਨ ਤਾਂ ਇਹ ਆਨੇ-ਬਹਾਨੇ ਭਾਜਪਾ ਦੇ ਨੇੜੇ ਲੱਗਣ ਲੱਗੇ ਹਨ। ਹਾਲਾਂਕਿ ਸਿਆਸੀ ਮਾਹਰਾਂ ਦੀ ਰਾਏ ਹੈ ਕਿ ਭਾਜਪਾ ਤੇ ਇਸ ਦੇ ਨੇੜੇ ਲੱਗ ਰਹੀਆਂ ਧਿਰਾਂ ਨੂੰ ਸ਼ਾਇਦ ਇਸ ਗੱਲ ਦਾ ਅੰਦਾਜ਼ਾ ਹੀ ਨਹੀਂ ਕਿ ਪੰਜਾਬੀਆਂ ਦੇ ਮਨ ਵਿਚ ਭਗਵਾ ਧਿਰ ਪ੍ਰਤੀ ਕਿੰਨਾ ਰੋਸ ਹੈ। ਇਹੀ ਕਾਰਨ ਹੈ ਕਿ ਭਾਜਪਾ ਨਾਲ ਗੱਠਜੋੜ ਦੇ ਐਲਾਨ ਪਿੱਛੋਂ ਟਕਸਾਲੀ ਆਗੂ ਕੈਪਟਨ ਵੱਲੋਂ ਬਣਾਈ ਨਵੀਂ ਪਾਰਟੀ ਤੋਂ ਦੂਰੀ ਬਣਾ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਾਰਟੀ ਦੇ ਦਫਤਰ ਦਾ ਉਦਘਾਟਨ ਕੀਤਾ ਹੈ ਪਰ ਕੋਈ ਵੀ ਨਾਮੀ ਕਾਂਗਰਸ ਆਗੂ, ਵਿਧਾਇਕ ਫਿਲਹਾਲ ਉਨ੍ਹਾਂ ਦੇ ਨਾਲ ਖੜ੍ਹਨ ਲਈ ਤਿਆਰ ਨਹੀਂ ਹੈ। ਉਨ੍ਹਾਂ ਨੇ ਅਜੇ ਤੱਕ ਆਪਣੀ ਪਾਰਟੀ ਦਾ ਕੋਈ ਜਥੇਬੰਦਕ ਢਾਂਚਾ ਵੀ ਨਹੀਂ ਬਣਾਇਆ।

*(ਬਾਕੀ ਸਫਾ 6 'ਤੇ)*

## ਅਮਰਿੰਦਰ-ਬਾਦਲ ਦਾ ਦੋਸਤਾਨਾ ਮੈਚ?

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਮਰਿੰਦਰ ਤੇ ਬਾਦਲ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਦੋਸਤਾਨਾ ਮੈਚ ਖੇਡਣਗੇ। ਉਨ੍ਹਾਂ ਕਿਹਾ ਕਿ ਅਮਰਿੰਦਰ ਤੇ ਬਾਦਲ ਆਪਸ ਵਿਚ ਅਖੌਤੀ ਦੁਸ਼ਮਣ-ਦੋਸਤ ਬਣੇ ਹੋਏ ਹਨ ਅਤੇ ਅਗਲੀਆਂ ਚੋਣਾਂ ਵਿਚ ਵੀ ਇਕ ਦੂਜੇ ਨੂੰ ਸਿਆਸੀ ਲਾਹਾ ਪਹੁੰਚਾਉਣ ਲਈ ਸੀਟਾਂ ਦੀ ਵਿਵਸਥਾ ਵਿਚ ਰੁੱਝੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਵੀ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਇਕ ਦੂਸਰੇ ਦੀ ਸਹੂਲਤ ਲਈ ਅਮਰਿੰਦਰ ਤੇ ਬਾਦਲ ਦੋਸਤਾਨਾ ਮੈਚ ਖੇਡਦੇ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਗਲੀਆਂ ਚੋਣਾਂ ਕਰਕੇ ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਲੀਡਰਸ਼ਿਪ ਨੇ ਸਿਰਫ ਸਿਆਸੀ ਫਾਇਦੇ ਲਈ ਪੰਜਾਬ ਦੇ ਹਿੱਤਾਂ ਦਾ ਅੰਦਰਖਾਤੇ ਨੁਕਸਾਨ ਕੀਤਾ ਹੈ।


M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ
ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 60 Cent + Team 70 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961

ਫਲੈਟ ਵਿਕਾਊ ਹੈ
ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।
ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ
ਫੋਨ: 513-884-0456 ਜਾਂ 513-759 0010
(ਮੈਸੇਜ ਛੱਡ ਸਕਦੇ ਹੋ)

Flat For Sale
Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.
*For more details please contact: Singh*
Ph: 513-884-0456 or 513-759 0010
*(Leave Message)*
40-41

# ਅਮਰੀਕਾ ਦੇ 3 ਹੋਰ ਰਾਜਾਂ ਵਿਚ ਓਮੀਕਰੋਨ ਵਾਇਰਸ ਦੀ ਪੁਸ਼ਟੀ

**ਸੈਕਰਾਮੈਂਟੋ:** ਅਮਰੀਕਾ ਦੇ 3 ਹੋਰ ਰਾਜਾਂ ਨਿਊ ਜਰਸੀ, ਪੈਨਸਿਲਵਾਨੀਆ ਤੇ ਮਿਸੌਰੀ ਵਿਚ ਕਰੋਨਾ ਦੇ ਨਵੇਂ ਰੂਪ ਓਮੀਕਰੋਨ ਦੇ ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਹੁਣ ਤਕ ਅਮਰੀਕਾ ਦੇ 12 ਰਾਜਾਂ ਵਿਚ ਓਮੀਕਰੋਨ ਵਾਇਰਸ ਦਸਤਕ ਦੇ ਚੁੱਕਾ ਹੈ। ਇਨ੍ਹਾਂ ਵਿਚ ਕੈਲੀਫੋਰਨੀਆ, ਕੋਲੋਰਾਡੋ, ਹਵਾਈ, ਲੋਇਸਆਨਾ, ਮੈਰੀਲੈਂਡ, ਮਿਨੀਸੋਟਾ, ਮਿਸੌਰੀ, ਨੇਬਰਾਸਕਾ, ਨਿਊ ਜਰਸੀ, ਨਿਊ ਯਾਰਕ, ਪੈਨਸਿਲਵਾਨੀਆ ਤੇ ਉਟਾਹ ਸ਼ਾਮਲ ਹਨ।

ਸਿਹਤ ਵਿਭਾਗ ਦੇ ਮਾਹਿਰਾਂ ਤੇ ਰਾਜਸੀ ਆਗੂਆਂ ਵਲੋਂ ਓਮੀਕਰੋਨ ਬਾਰੇ ਭੇਜੇ ਜਾ ਰਹੇ ਸੰਦੇਸ਼ਾਂ ਵਿਚ ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਅਸੀਂ ਕੋਵਿਡ ਤੋਂ ਬਚਣ ਦੇ ਢੰਗ-ਤਰੀਕੇ ਬਾਰੇ ਭਲੀਭਾਂਤ ਜਾਣਦੇ ਹਾਂ ਤੇ ਓਮੀਕਰੋਨ ਦੇ ਮਾਮਲੇ ਵਿਚ ਪਹਿਲਾਂ ਵਾਂਗ ਹੀ ਨਿੱਜੀ ਬਚਾਅ ਦਾ ਢੰਗ-ਤਰੀਕਾ ਅਪਣਾਉਣਾ ਪਵੇਗਾ। ਨਿਊਜ ਰਸੀ ਦੇ ਗਵਰਨਰ ਫਿਲ ਮਰਫੀ ਨੇ ਰਾਜ ਵਿਚ ਓਮੀਕਰੋਨ ਆਉਣ ਦੀ ਪੁਸ਼ਟੀ ਕਰਦਿਆਂ ਲੋਕਾਂ ਨੂੰ ਮਾਸਕ ਪਾਉਣ, ਵੈਕਸੀਨ ਲਵਾਉਣ ਤੇ ਬੂਸਟਰ ਖੁਰਾਕ ਲੈਣ ਲਈ ਕਿਹਾ ਹੈ ਤਾਂ ਜੋ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ। ਓਮੀਕਰੋਨ ਦੇ ਇਕ ਮਾਮਲੇ ਦਾ ਜ਼ਿਕਰ ਕਰਦਿਆਂ ਸਿਹਤ ਵਿਭਾਗ ਤੇ ਸੀਨੀਅਰ ਨਾਗਰਿਕਾਂ ਦੀਆਂ ਸੇਵਾਵਾਂ ਬਾਰੇ ਮਿਸੌਰੀ ਦੇ ਮੁਖੀ ਨੇ ਕਿਹਾ, 'ਨਿੱਜੀ ਬਚਾਅ' ਦੀ ਨੀਤੀ ਪਹਿਲਾਂ ਵਾਂਗ ਹੀ ਕੋਵਿਡ ਨਾਲ ਲੜਨ ਲਈ ਕਾਰਗਰ ਹੈ।' ਪੈਨਸਿਲਵਾਨੀਆ ਦੇ ਸਿਹਤ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਰਾਜ ਵਿਚ ਕਰੋਨਾ ਦਾ ਨਵਾਂ ਰੂਪ ਆ ਗਿਆ ਹੈ ਪਰ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਸਾਨੂੰ ਵਾਇਰਸ ਨੂੰ ਕਾਬੂ ਕਰਨਾ ਆਉਂਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਸਿਹਤ ਬਾਰੇ ਹੰਗਾਮੀ ਪ੍ਰੋਗਰਾਮ ਦੇ ਡਾਇਰੈਕਟਰ ਡਾਕਟਰ ਮਾਈਕ ਰਿਆਨ ਨੇ ਕਿਹਾ ਕਿ ਬਚਾਅ ਲਈ ਵੈਕਸੀਨ ਲਵਾਉਣਾ ਪਹਿਲੀ ਲੋੜ ਹੈ।

# ਸਮਾਜ ਸੇਵੀ ਸੁਖਜਿੰਦਰ ਸਿੰਘ ਰੰਧਾਵਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਸਿਆਟਲ:** ਅਮਰੀਕਾ ਦੇ ਸਿਟੀਜ਼ਨ ਹੋਣ ਦੇ ਬਾਵਜੂਦ ਸਭ ਕੁਝ ਛੱਡ ਕੇ ਮਹਿਤਾ ਚੂਕ ਨੇੜੇ ਜੱਦੀ ਪਿੰਡ ਜੈਤੋ ਸਰਜੇ ਵਿਚ ਰੋਇਲ ਨਰਸਿੰਗ ਕਾਲਜ ਚਲਾ ਕੇ ਵਿਦਿਆ ਦਾ ਦਾਨ ਦੇ ਰਹੇ ਸੁਖਜਿੰਦਰ ਸਿੰਘ ਰੰਧਾਵਾ (72) ਦਾ ਦਿਲ ਦਾ ਦੌਰਾ ਪੈਣ ਕਾਰਨ ਅਚਨਚੇਤ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ 'ਤੇ ਦੇਸ਼-ਵਿਦੇਸ਼ ਦੇ ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਬਾਬਾ ਬੁੱਢਾ ਸੰਸਥਾ ਤੇ ਸਰਬੱਤ ਦਾ ਭਲਾ ਟਰੱਸਟ ਦੇ ਸਮੂਹ ਅਹੁਦੇਦਾਰਾਂ ਨੇ ਰੰਧਾਵਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਸੁਖਜਿੰਦਰ ਸਿੰਘ ਰੰਧਾਵਾ ਆਪਣੇ ਪਿੱਛੇ ਪਤਨੀ ਸੁਖਵੰਤ ਕੌਰ ਤੇ ਇਕ ਪੁੱਤਰ ਸੁਖਰੂਪ ਸਿੰਘ ਤੇ ਦੋ ਧੀਆਂ ਛੱਡ ਗਏ ਹਨ।



ਸੁਖਜਿੰਦਰ ਸਿੰਘ ਰੰਧਾਵਾ ਸਰੀਰਕ ਸਿੱਖਿਆ ਦੇ ਅਧਿਆਪਕ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਲੰਮਾ ਸਮਾਂ ਨਿਊਯਾਰਕ ਤੇ ਫਿਰ ਸਿਆਟਲ ਵਿਚ ਰਹੇ ਤੇ ਸਮਾਜ ਸੇਵਾ ਦੇ ਕੰਮਾਂ 'ਚ ਜੁਟੇ ਰਹੇ। ਪਿਛਲੇ ਦਸ ਸਾਲਾਂ ਤੋਂ ਉਹ ਅਮਰੀਕਾ ਦੇ ਸਾਰੇ ਸੁਖ ਆਰਾਮ ਛੱਡ ਕੇ ਜੈਤੋ ਸਰਜਾ ਪਿੰਡ ਵਿਚ ਰਹਿ ਕੇ ਵਿਦਿਆ ਦਾ ਚਾਨਣ ਵੰਡ ਰਹੇ ਸਨ ਤੇ ਲੋੜਵੰਦਾਂ ਦੀ ਮਦਦ 'ਚ ਜੁਟੇ ਹੋਏ ਸਨ। ਉਨ੍ਹਾਂ ਦਾ ਕੈਂਟ (ਸਿਆਟਲ) 'ਚ ਕੀਤਾ ਜਾਵੇਗਾ। ਉਨ੍ਹਾਂ ਦੀ ਮ੍ਰਿਤਕ ਦੇਹ ਇਕ-ਦੋ ਹਫਤਿਆਂ 'ਚ ਭਾਰਤ ਤੋਂ ਅਮਰੀਕਾ ਪੁੱਜ ਜਾਵੇਗੀ।

# ਚੋਰਾਂ ਤੋਂ 75,000 ਡਾਲਰ ਅਤੇ 35 ਹਥਿਆਰ ਬਰਾਮਦ

**ਸਰੀ, ਕੈਨੇਡਾ:** ਵੈਨਕੂਵਰ ਪੁਲਿਸ ਨੇ ਡਾਊਨਟਾਊਨ ਦੇ ਦੁਕਾਨਦਾਰਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਨੂੰ ਮੁੱਖ ਰੱਖਦਿਆਂ ਲਗਾਤਾਰ ਇਕ ਮਹੀਨਾ ਚਲਾਈ ਮੁਹਿੰਮ ਦੌਰਾਨ ਕਥਿਤ ਤੌਰ 'ਤੇ 195 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ 75,000 ਡਾਲਰ ਦਾ ਕੀਮਤੀ ਸਾਮਾਨ ਤੇ 35 ਹਥਿਆਰ ਬਰਾਮਦ ਕੀਤੇ ਹਨ। ਮੁਹਿੰਮ ਦੌਰਾਨ 323 ਘਟਨਾਵਾਂ ਦੀ ਜਾਂਚ ਕੀਤੀ ਗਈ ਜਿਨ੍ਹਾਂ ਵਿੱਚੋਂ 23 ਘਟਨਾਵਾਂ ਵਿੱਚ ਅਜਿਹੇ ਚੋਰਾਂ ਵੱਲੋਂ ਹਥਿਆਰ ਵੀ ਵਰਤੇ ਗਏ ਸਨ।

ਵੈਨਕੂਵਰ ਪੁਲਿਸ ਦੇ ਸਾਰਜੈਂਟ ਸਟੀਵ ਐਡੀਸਨ ਨੇ ਦੱਸਿਆ ਕਿ ਅਜਿਹੀਆਂ ਚੋਰੀਆਂ ਸਬੰਧੀ ਕਾਰੋਬਾਰੀ ਮਾਲਕਾਂ ਅਤੇ ਉਨ੍ਹਾਂ ਦੇ ਸਟਾਫ਼ ਦੀਆਂ ਸ਼ਿਕਾਇਤਾਂ ਸਨ ਕਿ ਉਨ੍ਹਾਂ ਨੂੰ ਅਕਸਰ ਹਿੰਸਕ ਚੋਰਾਂ ਨਾਲ ਜੂਝਣਾ ਪੈ ਰਿਹਾ ਹੈ।

ਵੈਨਕੂਵਰ ਪੁਲਿਸ ਨੇ ਆਪਣੇ ਕੁਝ ਅਫਸਰਾਂ ਨੂੰ ਅਜਿਹੇ ਚੋਰ ਬਿਰਤੀ ਵਾਲੇ ਅਨਸਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਡਾਊਨਟਾਊਨ ਕੋਰ ਵਿੱਚ ਪ੍ਰਚੂਨ ਸਟਾਫ ਨਾਲ ਮਿਲ ਕੇ ਸਿੱਧੇ ਤੌਰ ਤੇ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ। ਜਿਸ ਦੇ ਨਤੀਜੇ ਜਾਰੀ ਕਰਦਿਆਂ ਪੁਲਿਸ ਨੇ ਚਿੰਤਾ ਅਤੇ ਪ੍ਰੇਸ਼ਾਨੀ ਵੀ ਜ਼ਾਹਰ ਕੀਤੀ ਹੈ ਕਿ ਇਨ੍ਹਾਂ ਕਥਿਤ ਚੋਰਾਂ ਵਿੱਚੋਂ ਬਹੁਤ ਸਾਰੇ ਜਟਿਲ ਸਮਾਜਿਕ ਲੋੜਾਂ, ਜਿਵੇਂ ਕਿ ਨਸ਼ਾਖੋਰੀ, ਗਰੀਬੀ ਅਤੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ ਅਤੇ ਛੋਟੇ-ਛੋਟੇ ਅਪਰਾਧਾਂ ਲਈ ਉਨ੍ਹਾਂ ਨੂੰ ਵਾਰ-ਵਾਰ ਗ੍ਰਿਫਤਾਰ ਕੀਤਾ ਜਾਂਦਾ ਹੈ।

ਪੁਲਿਸ ਅਨੁਸਾਰ ਮਹੀਨਾ ਭਰ ਚੱਲੀ ਮੁਹਿੰਮ ਦੌਰਾਨ ਗ੍ਰਿਫਤਾਰ ਕੀਤੇ ਗਏ 60 ਫੀਸਦੀ ਲੋਕਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਸੌਣ ਲਈ ਪੱਕਾ ਠਿਕਾਣਾ ਨਹੀਂ ਹੈ।




ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email: Homeomedicine@yahoo.com

## ਸਕੂਲ ਵਿਚ ਗੋਲੀ ਚਲਾਉਣ ਵਾਲੇ ਵਿਦਿਆਰਥੀ ਦੇ ਮਾਪਿਆਂ ਵਿਰੁੱਧ ਕੇਸ ਦਰਜ

ਸੈਕਰਾਮੈਂਟੋ: ਓਕਲੈਂਡ ਕਾਊਂਟੀ, ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਬੀਤੇ ਦਿਨੀਂ ਗੋਲੀਬਾਰੀ ਕਰ ਕੇ 4 ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰਨ ਤੇ 8 ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਵਿਦਿਆਰਥੀ ਐਥਨ ਦੇ ਮਾਪਿਆਂ ਵਿਰੁੱਧ ਪੁਲਿਸ ਨੇ ਗੈਰ-ਇਰਾਦਾ ਕਤਲ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਐਥਨ ਦੀ ਮਾਤਾ ਜੈਨੀਫਰ ਅਤੇ ਪਿਤਾ ਜੇਮਜ਼ ਕਰਮਬਲੇ ਘਰ ਤੋਂ ਫਰਾਰ ਹੋ ਗਏ ਹਨ।

ਅਦਾਲਤ ਵਿਚ ਸੁਣਵਾਈ ਦੌਰਾਨ ਇਸਤਗਾਸਾ ਪੱਖ ਦੇ ਵਕੀਲ ਨੇ ਕਿਹਾ ਕਿ ਜੈਨੀਫਰ ਤੇ ਜੇਮਜ਼ ਨੇ ਆਪਣੇ ਪੁੱਤਰ ਨੂੰ ਕ੍ਰਿਸਮਸ ਦੇ ਤੋਹਫੇ ਵਜੋਂ ਗੰਨ ਖਰੀਦ ਕੇ ਦਿੱਤੀ ਸੀ, ਜਿਸ ਨੂੰ ਉਸ ਨੇ ਗੋਲੀਬਾਰੀ ਲਈ ਵਰਤਿਆ। ਸੁਣਵਾਈ ਦੌਰਾਨ ਓਕਲੈਂਡ ਕਾਊਂਟੀ ਦੇ ਪੁਲਿਸ ਮੁਖੀ ਦੇ ਦਫਤਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਐਥਨ ਦੇ ਮਾਪੇ ਫਰਾਰ ਹੋ ਗਏ ਹਨ, ਜਿਨ੍ਹਾਂ ਨੂੰ ਲੱਭਣ ਲਈ ਕਈ ਏਜੰਸੀਆਂ ਦੀ ਮਦਦ ਲਈ ਜਾ ਰਹੀ ਹੈ। ਇਸੇ ਦੌਰਾਨ ਪੁਲਿਸ ਮੁਖੀ ਮਾਈਕਲ ਬੋਚਰਡ ਨੇ ਕਿਹਾ ਹੈ ਕਿ ਘਰੋਂ ਦੌੜ ਜਾਣ ਤੋਂ ਸਾਫ ਹੈ ਕਿ ਜੈਨੀਫਰ ਤੇ ਜੇਮਜ਼ ਵਿਰੁੱਧ ਲਾਏ ਦੋਸ਼ ਗਲਤ ਨਹੀਂ ਹਨ। ਉਨ੍ਹਾਂ ਕਿਹਾ ਕਿ ਗੋਲੀਬਾਰੀ ਵਿਚ ਨਿਭਾਈ ਭੂਮਿਕਾ ਤੋਂ ਉਹ ਬਚ ਨਹੀਂ ਸਕਦੇ। ਦੂਸਰੇ ਪਾਸੇ ਪਰਿਵਾਰ ਦੇ ਵਕੀਲ ਨੇ ਕਿਹਾ ਹੈ ਕਿ ਉਹ ਭੱਜੇ ਨਹੀਂ ਹਨ, ਸਗੋਂ ਥੋੜ੍ਹਾ ਸਮਾਂ ਘਰੋਂ ਬਾਹਰ ਗਏ ਸਨ।

## ਅਜੇ ਬੰਗਾ 'ਜਨਰਲ ਐਟਲਾਂਟਿਕ' ਦੇ ਉਪ ਚੇਅਰਮੈਨ ਨਿਯੁਕਤ



ਸੈਕਰਾਮੈਂਟੋ: ਪ੍ਰਮੁੱਖ ਕੌਮਾਂਤਰੀ ਇਕੁਇਟੀ ਫਰਮ 'ਜਨਰਲ ਐਟਲਾਂਟਿਕ' ਨੇ ਮਾਸਟਰ ਕਾਰਡ ਦੇ ਸਾਬਕਾ ਸੀ.ਈ.ਓ. ਅਜੇ ਬੰਗਾ ਨੂੰ ਆਪਣਾ ਉਪ ਚੇਅਰਮੈਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਫਰਮ ਨੇ ਕਿਹਾ ਹੈ ਕਿ ਸ੍ਰੀ ਬੰਗਾ ਉਪ ਚੇਅਰਮੈਨ ਵਜੋਂ ਆਪਣੀਆਂ ਸੇਵਾਵਾਂ ਦੇਣ ਲਈ ਫਰਮ ਵਿਚ ਸ਼ਾਮਲ ਹੋ ਗਏ ਹਨ। ਫਰਮ ਅਨੁਸਾਰ ਸ੍ਰੀ ਬੰਗਾ ਵਿਸ਼ਵ ਭਰ ਵਿਚ ਇਸ ਦੀਆਂ 165 ਕੰਪਨੀਆਂ ਲਈ ਨੀਤੀਗਤ ਮਾਮਲਿਆਂ 'ਤੇ ਨਿਵੇਸ਼ ਟੀਮਾਂ ਨੂੰ ਸੇਵਾਵਾਂ ਦੇਣਗੇ। ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਬੰਗਾ ਤਕਨੀਕ, ਡੇਟਾ ਤੇ ਵਿੱਤੀ ਸੇਵਾਵਾਂ ਵਿਚ ਜਾਣੇ-ਪਛਾਣੇ ਮਾਹਿਰ ਹਨ। ਉਨ੍ਹਾਂ ਦਾ ਸਰਕਾਰੀ ਕੰਪਨੀਆਂ ਤੇ ਹਰ ਕਿਸਮ ਦੀਆਂ ਸੰਸਥਾਵਾਂ ਵਿਚ ਸਲਾਹਕਾਰ ਵਜੋਂ ਸੇਵਾਵਾਂ ਦੇਣ ਦਾ ਵੱਡਾ ਰਿਕਾਰਡ ਹੈ, ਜਿਸ ਦਾ ਫਰਮ ਨੂੰ ਲਾਭ ਪੁੱਜੇਗਾ। ਜ਼ਿਕਰਯੋਗ ਹੈ ਕਿ ਸ੍ਰੀ ਬੰਗਾ ਮਾਸਟਰ ਕਾਰਡ ਦੇ ਇਕ ਦਹਾਕੇ ਤੋਂ ਵੱਧ ਸਮਾਂ ਪ੍ਰਧਾਨ ਤੇ ਸੀ.ਈ.ਓ. ਰਹੇ ਹਨ। ਉਨ੍ਹਾਂ ਨੇ ਮਾਸਟਰ ਕਾਰਡ ਵਿਚ ਆਪਣੇ 12 ਸਾਲਾਂ ਦੇ ਕਾਰਜਕਾਲ ਦੌਰਾਨ ਇਸ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ।

## ਭਰਾ ਵੱਲੋਂ ਚਲਾਈ ਗੋਲੀ ਨਾਲ ਭੈਣ ਦੀ ਮੌਤ

ਸੈਕਰਾਮੈਂਟੋ: ਘਰ ਵਿਚ ਹੀ ਗੰਨ ਬਣਾਉਣ ਦਾ ਕੰਮ ਕਰਦੇ ਇਕ 13 ਸਾਲਾ ਲੜਕੇ ਵੱਲੋਂ ਚਲਾਈ ਗੋਲੀ ਨਾਲ ਉਸ ਦੀ 14 ਸਾਲਾ ਭੈਣ ਦੀ ਮੌਤ ਹੋ ਗਈ। ਡੌਗਲਸ ਕਾਊਂਟੀ, ਜਾਰਜੀਆ, ਦੇ ਸ਼ੈਰਿਫ ਟਿਮ ਪਾਊਡਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਘਟਨਾ ਐਟਲਾਂਟਾ ਤੋਂ 20 ਮੀਲ ਦੂਰ ਡੌਗਲਸਵਿਲੇ ਦੇ ਇਕ ਘਰ ਵਿਚ ਵਾਪਰੀ। ਉਨ੍ਹਾਂ ਦੱਸਿਆ ਕਿ ਦੋ ਵਿਅਕਤੀ ਲੜਕੇ ਕੋਲੋਂ ਗੰਨ ਖਰੀਦਣ ਆਏ ਸਨ ਪਰ ਉਹ ਗੰਨ ਖੋਹ ਕੇ ਭੱਜ ਗਏ, ਜਿਸ 'ਤੇ ਲੜਕੇ ਨੇ ਗੋਲੀ ਚਲਾ ਦਿੱਤੀ, ਜੋ ਨੇੜੇ ਖੜ੍ਹੀ ਉਸ ਦੀ ਆਪਣੀ ਭੈਣ ਕਿਰਾ ਸਕਾਟ ਦੇ ਵੱਜ ਗਈ, ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪਾਊਡਜ਼ ਨੇ ਦੱਸਿਆ ਕਿ ਲੜਕੇ ਤੇ ਗੰਨ ਖੋਹ ਕੇ ਭੱਜੇ 19 ਸਾਲਾ ਯੁਸਫ ਜਬਰਾਇਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਲੜਕੇ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਜਦਕਿ ਯੁਸਫ ਵਿਰੁੱਧ ਲੁੱਟ-ਖੋਹ ਤੇ ਹੱਤਿਆ ਦੇ ਦੋਸ਼ ਲਾਏ ਗਏ ਹਨ।

# Matrimonials

### ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or business-man. Email *csahi1949@gmail.com or call at (317) 670-7665.* *49-52*

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

### ਲੜਕੀ ਦੀ ਲੋੜ ਹੈ

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. *DEC-MARCH*

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com

# ਕਾਂਗਰਸ ਨੂੰ ਹੁਣ ਸਿੱਧੂ ਮੂਸੇਵਾਲਾ ਤੋਂ ਆਸਾਂ!



**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਸੂਬੇ ਦੀ ਸਿਆਸਤ ਗਰਮਾ ਗਈ ਹੈ। ਕਾਂਗਰਸ ਵਿਰੋਧੀ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਸਿੱਧੂ ਦੇ ਕਾਂਗਰਸ 'ਚ ਸ਼ਾਮਲ ਹੋਣ ਮਗਰੋਂ ਚੰਨੀ ਸਰਕਾਰ ਨੂੰ ਕੋਸ ਰਹੇ ਹਨ ਜਦਕਿ ਕਾਂਗਰਸ ਪਾਰਟੀ ਦੇ ਵੀ ਕਈ ਆਗੂ ਸੋਸ਼ਲ ਮੀਡੀਆ ਰਾਹੀਂ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ।

ਮਾਨਸਾ ਹਲਕੇ ਦੇ ਬਹੁਤੇ ਕਾਂਗਰਸੀ ਆਗੂ ਇਸ ਫੈਸਲੇ ਤੋਂ ਨਾਖੁਸ਼ ਹਨ। ਇਥੇ ਟਿਕਟਾਂ ਦੇ ਚਾਹਵਾਨਾਂ ਵੱਲੋਂ ਆਪਣੇ ਪਾਰਟੀ ਵਰਕਰਾਂ ਨਾਲ ਗੁਪਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਭਾਵੇਂ ਹਾਲੇ ਤੱਕ ਸਿੱਧੂ ਮੂਸੇਵਾਲਾ ਦੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦਾ ਸਿੱਧੇ ਤੌਰ 'ਤੇ ਕੋਈ ਐਲਾਨ ਨਹੀਂ ਹੋਇਆ ਹੈ, ਪਰ ਕਾਂਗਰਸੀ ਹਲਕਿਆਂ ਮੁਤਾਬਕ ਉਹ ਮਾਨਸਾ ਤੋਂ ਇਲਾਵਾ ਮੌੜ ਜਾਂ ਸਰਦੂਲਗੜ੍ਹ ਤੋਂ ਚੋਣ ਲੜਨ ਸਬੰਧੀ ਵੀ ਦੁਚਿੱਤੀ ਵਿਚ ਹੈ।

ਪੰਜਾਬੀ ਗਾਇਕ ਦੇ ਕਾਂਗਰਸੀ ਬਣਨ ਤੋਂ ਬਾਅਦ ਪਾਰਟੀ ਦੇ ਟਕਸਾਲੀ ਨੇਤਾ ਔਖੇ ਹੋ ਗਏ ਹਨ ਤੇ ਉਸ ਦਾ ਉਮੀਦਵਾਰ ਬਣਨ ਤੋਂ ਪਹਿਲਾਂ ਹੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਇਥੇ ਮਰਹੂਮ ਸਾਬਕਾ ਕੈਬਨਿਟ ਮੰਤਰੀ ਸ਼ੇਰ ਸਿੰਘ ਗਾਗੋਵਾਲ ਦੇ ਪਰਿਵਾਰ ਨੇ ਸਮਾਗਮ ਦੌਰਾਨ ਕਾਂਗਰਸੀ ਵਰਕਰਾਂ ਦਾ ਇਕੱਠ ਕਰ ਕੇ ਪਾਰਟੀ ਹਾਈਕਮਾਨ ਤੋਂ ਸਿੱਧੇ ਤੌਰ 'ਤੇ ਟਿਕਟ ਮੰਗੀ ਹੈ। ਸੰਕੇਤ ਦਿੱਤੇ ਹਨ ਕਿ ਜੇ ਪਾਰਟੀ ਨੇ ਹਲਕੇ ਤੋਂ ਕਿਸੇ ਬਾਹਰਲੇ ਉਮੀਦਵਾਰ ਨੂੰ ਚੋਣ ਮੈਦਾਨ 'ਚ ਉਤਾਰਿਆ ਤਾਂ ਉਹ ਆਜ਼ਾਦ ਤੌਰ 'ਤੇ ਵੀ ਚੋਣ ਲੜ ਸਕਦੇ ਹਨ।

ਇਸ ਦੌਰਾਨ ਗਾਗੋਵਾਲ ਪਰਿਵਾਰ ਨੇ ਮੂਸੇਵਾਲਾ ਦਾ ਵੀ ਵਿਰੋਧ ਕਰਦਿਆਂ ਕਿਹਾ ਕਿ ਉਹ ਵੀ ਸੰਨੀ ਦਿਓਲ ਦੀ ਤਰ੍ਹਾਂ ਚੋਣ ਜਿੱਤਣ ਤੋਂ ਬਾਅਦ ਲੋਕਾਂ ਤੋਂ ਦੂਰ ਹੋ ਜਾਣਗੇ। ਇਸ ਲਈ ਪਾਰਟੀ ਨੂੰ ਟਕਸਾਲੀ ਕਾਂਗਰਸੀਆਂ ਅਤੇ ਪਾਰਟੀ ਨਾਲ ਲੰਮੇ ਸਮੇਂ ਤੋਂ ਜੁੜੇ ਵਰਕਰਾਂ ਵਿੱਚੋਂ ਟਿਕਟ ਦੇਣੀ ਬਣਦੀ ਹੈ।

ਲੋਕਾਂ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਨੇਤਾ ਗੁਰਪ੍ਰੀਤ ਕੌਰ ਗਾਗੋਵਾਲ ਨੇ ਕਿਹਾ ਕਿ ਜੇ ਪਾਰਟੀ ਨੇ ਹਮੇਸ਼ਾ ਦੀ ਤਰ੍ਹਾਂ ਉਨ੍ਹਾਂ ਦੇ ਪਰਿਵਾਰ ਨੂੰ ਟਿਕਟ ਨਾਲ ਨਿਵਾਜਦੀ ਹੈ ਤਾਂ ਉਹ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ ਪਾਉਣਗੇ। ਜ਼ਿਲ੍ਹਾ ਪਰਿਸ਼ਦ ਮਾਨਸਾ ਦੇ ਮੈਂਬਰ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਲਈ ਔਖੇ ਸਮੇਂ ਵਿਚ ਖੜ੍ਹਨ ਵਾਲਿਆਂ ਦੀ ਥਾਂ ਹਥਿਆਰਾਂ ਤੇ ਸੱਭਿਆਚਾਰ ਵਿਰੋਧੀ ਗੱਲਾਂ ਕਰਨ ਵਾਲਿਆਂ ਨੂੰ ਮਾਨਸਾ ਦੇ ਲੋਕ ਕਦੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਸੰਕੇਤ ਦਿੱਤੇ ਕਿ ਜੇ ਪਾਰਟੀ ਉਨ੍ਹਾਂ ਨੂੰ ਟਿਕਟ ਨਹੀਂ ਦਿੰਦੀ ਤਾਂ ਉਹ ਕਾਂਗਰਸੀ ਵਰਕਰਾਂ ਨਾਲ ਸਲਾਹ ਕਰ ਕੇ ਆਜ਼ਾਦ ਚੋਣ ਲੜਨਗੇ।

### ਰਾਹੁਲ ਗਾਂਧੀ ਨੂੰ ਮਿਲੇ ਸਿੱਧੂ ਮੂਸੇਵਾਲਾ

**ਚੰਡੀਗੜ੍ਹ:** ਪੰਜਾਬ ਕਾਂਗਰਸ 'ਚ ਸ਼ਮੂਲੀਅਤ ਮਗਰੋਂ ਸਿੱਧੂ ਮੂਸੇਵਾਲਾ ਨੇ ਦਿੱਲੀ ਵਿਚ ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਵੀ ਹਾਜ਼ਰ ਸਨ। ਵੇਰਵਿਆਂ ਮੁਤਾਬਕ ਰਾਹੁਲ ਗਾਂਧੀ ਨੇ ਮੂਸੇਵਾਲਾ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਅਤੇ ਅਗਾਮੀ ਪੰਜਾਬ ਚੋਣਾਂ ਵਿਚ ਮੂਸੇਵਾਲਾ ਦੀ ਭੂਮਿਕਾ ਨੂੰ ਲੈ ਚਰਚਾ ਵੀ ਹੋਈ।

## ਭਾਰਤੀ ਮੂਲ ਦਾ ਵਿਅਕਤੀ ਅਮਰੀਕਨ ਮਾਮਲਿਆਂ ਬਾਰੇ ਡਿਪਟੀ ਡਾਇਰੈਕਟਰ ਨਿਯੁਕਤ

ਸੈਕਰਾਮੈਂਟੋ: ਨਿਊ ਯਾਰਕ ਦੇ ਗਵਰਨਰ ਕੈਥੀ ਹੋਚੁਲ ਨੇ ਭਾਰਤੀ ਮੂਲ ਦੇ ਅਮਰੀਕੀ ਸਿਬੂ ਨਾਇਰ ਨੂੰ ਏਸ਼ੀਅਨ ਅਮਰੀਕਨ ਮਾਮਲਿਆਂ ਬਾਰੇ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਹੈ। ਸਿਬੂ ਨਾਇਰ ਰਾਜਸੀ ਕਾਰਕੁਨ ਹਨ ਤੇ ਉਹ ਭਾਰਤੀ



ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖਸੀਅਤ ਹਨ। ਉਹ ਬੁਫਾਲੋ ਵਿਖੇ ਯੂਨੀਵਰਸਿਟੀ ਦੇ ਮੈਡੀਸਿਨ ਵਿਭਾਗ ਵਿਚ ਕਲੀਨੀਕਲ ਟਰਾਇਲ ਪ੍ਰਸ਼ਾਸਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਨਾਇਰ ਨੇ ਆਪਣੀ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ, 'ਨਿੱਜੀ ਤੌਰ 'ਤੇ ਇਹ ਮੇਰੇ, ਮੇਰੇ ਪਰਿਵਾਰ, ਦੋਸਤਾਂ-ਮਿੱਤਰਾਂ ਤੇ ਭਾਈਚਾਰੇ ਲਈ ਵੱਡੇ ਸਨਮਾਨ ਵਾਲੀ ਗੱਲ ਹੈ।' ਉਨ੍ਹਾਂ ਕਿਹਾ ਕਿ ਉਹ ਨਿਊ ਯਾਰਕ ਵਿਚ ਏਸ਼ੀਅਨ ਅਮਰੀਕੀ ਲੋਕਾਂ ਲਈ ਆਪਣੀਆਂ ਵਧੀਆ ਸੇਵਾਵਾਂ ਦੇਣ ਦਾ ਵਾਅਦਾ ਕਰਦੇ ਹਨ ਤੇ ਆਸ ਕਰਦੇ ਹਨ ਕਿ ਸਭ ਦੀਆਂ ਸ਼ੁਭ ਇੱਛਾਵਾਂ ਹਮੇਸ਼ਾ ਉਨ੍ਹਾਂ ਨਾਲ ਰਹਿਣਗੀਆਂ।


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**



**Mohan Singh**
Master in Taxation.
IRS Enrolled agent,
Notary Public

Office Locations
**Michigan:** 36167 Ford Rd.Westland, MI 48185
**Minnesota:** 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



# ਕੁੱਕ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮਿਜ਼ੂਰੀ, ਜੈਫਰਸਨ ਵਿਚ ਭਾਰਤੀ ਰੈਸਟੋਰੈਂਟ ਲਈ ਤਜਰਬੇਕਾਰ ਕੁੱਕ, ਵੇਟਰ ਤੇ ਡਿਸ਼ਵਾਸ਼ਰ (ਫੁੱਲ ਟਾਈਮ) ਦੀ ਲੋੜ ਹੈ।**

**ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ**

*ਸੰਪਰਕ ਕਰੋ: ਹਰਸ਼ ਸਿੰਘ*

**ਫੋਨ: 507-202-4221**

*48-49*

## ਪੰਜਾਬ ਵਿਚ ਪੁਲਿਸ ਨੇ ਡੇਰਿਆਂ ਦੀ ਸੁਰੱਖਿਆ ਵਧਾਈ

**ਫਰੀਦਕੋਟ:** ਮੁਕਤਸਰ ਜਿਲ੍ਹੇ ਵਿਚ ਇਕ ਡੇਰਾ ਪ੍ਰੇਮੀ ਦੇ ਕਤਲ ਤੋਂ ਬਾਅਦ ਫਰੀਦਕੋਟ ਵਿਚ ਡੇਰਾ ਸਿਰਸਾ ਦੀਆਂ ਬਰਾਂਚਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਉਨ੍ਹਾਂ ਸਾਰੇ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ ਜਿਨ੍ਹਾਂ ਦਾ ਨਾਮ ਬੇਅਦਬੀ ਕਾਂਡ ਵਿਚ ਸ਼ਾਮਲ



ਹੈ। ਫਰੀਦਕੋਟ ਜਿਲ੍ਹੇ ਵਿਚ ਦਸ ਡੇਰਾ ਪ੍ਰੇਮੀਆਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਉਧਰ, ਡੇਰਾ ਪ੍ਰੇਮੀਆਂ ਨੇ ਵੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਉਨ੍ਹਾਂ ਵੱਲੋਂ ਇਥੇ ਹਫਤੇ 'ਚ ਦੂਜੀ ਵੱਡੀ ਸਰਗਰਮੀ ਕੀਤੀ ਗਈ। ਪਹਿਲੀ ਦਸੰਬਰ ਨੂੰ ਸਾਦਿਕ ਵਿਚ ਵੱਡਾ ਇਕੱਠ ਕੀਤਾ ਗਿਆ ਸੀ ਅਤੇ ਹੁਣ ਇਥੋਂ ਦੇ ਡੇਰੇ ਵਿਚ ਨਾਮ ਚਰਚਾ ਕੀਤੀ ਗਈ। ਇਸ ਮੌਕੇ ਪੁਲਿਸ ਨੇ ਡੇਰਾ ਪ੍ਰੇਮੀਆਂ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਵਾਈ।

ਜਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਕਿਹਾ ਕਿ ਪੁਲਿਸ ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਸੁਰੱਖਿਆ ਮੁਹੱਈਆ ਕਰਵਾ ਰਹੀ ਹੈ। ਮੁਕਤਸਰ ਦੀ ਘਟਨਾ ਤੋਂ ਬਾਅਦ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਦਾ ਵਿਸ਼ੇਸ਼ ਖਿਆਲ ਰੱਖਿਆ ਜਾ ਰਿਹਾ ਹੈ। ਡੇਰਾ ਸਿਰਸਾ ਦੇ ਮੈਂਬਰ ਬਸੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਧਾਰਮਿਕ ਤੇ ਸਮਾਜਿਕ ਸਰਗਰਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ ਪਰ ਇਨ੍ਹਾਂ ਦਾ ਵਿਧਾਨ ਸਭਾ ਚੋਣਾਂ ਨਾਲ ਕੋਈ ਸਬੰਧ ਨਹੀਂ ਹੈ। ਡੇਰੇ ਦੀਆਂ ਸਭਾਵਾਂ ਵਿਚ ਹੋ ਰਹੇ ਵੱਡੇ ਇਕੱਠ ਸਿਆਸੀ ਪਾਰਟੀਆਂ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਉਂਜ ਹਾਲੇ ਕੋਈ ਵੀ ਸਿਆਸੀ ਪਾਰਟੀ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਨਹੀਂ ਗਈ।


ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਸੇਨ ਅੰਟੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469



ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48



ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

Indian Restaurent For Sale

Indian Restaurent For Sale
Near Milwaukee (WI)
Per Month Sale: 60,000

Contact: 317-874-8086



ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350



Punjab Times Ph: 847-359-0746

Fax:847-705-9388, e-mail:punjabtimes1@sbcglobal.net

Visit us on the web:wwwpunjabtimesusa.com



ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸਾਨਾਂ ਦੇ ਧਰਨੇ ਨੂੰ ਸਮਰਪਿਤ ਕੈਲੰਡਰ ਜਾਰੀ

**ਸਰੀ:** ਕੈਨੇਡਾ ਆਧਾਰਿਤ ਮੁਤਵਾਜ਼ੀ ਸਿਆਸਤ ਦੇ ਤਰਜਮਾਨ ਆਨਲਾਈਨ ਮੈਗਜ਼ੀਨ 'ਰੈਡੀਕਲ ਦੇਸੀ' ਨੇ ਸਰੀ ਵਿਚ ਆਪਣਾ ਸਾਲਾਨਾ ਕੈਲੰਡਰ ਲੋਕ-ਅਰਪਣ ਕੀਤਾ ਜੋ ਭਾਰਤ ਦੇ ਕਿਸਾਨ ਅੰਦੋਲਨ ਨੂੰ ਸਮਰਪਿਤ ਕੀਤਾ ਗਿਆ। 2022 ਦੇ ਕੈਲੰਡਰ ਵਿਚ ਸੰਘਰਸ਼ ਨਾਲ ਸੰਬੰਧਤ ਮਹੱਤਵਪੂਰਨ ਤਾਰੀਕਾਂ ਹਨ ਜਿਸ ਨੇ ਓੜਕ ਫਾਸ਼ੀਵਾਦੀ ਸਰਕਾਰ ਨੂੰ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਮਜਬੂਰ ਕੀਤਾ। ਕੈਲੰਡਰ ਦਾ ਲੋਗੋ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਹੈ ਅਤੇ ਤਸਵੀਰ ਦੇ ਰੂਪ ਵਿਚ ਕਿਸਾਨਾਂ ਦੇ ਸੈਂਕੜੇ ਜੋੜੇ ਦਿਖਾਏ ਗਏ ਹਨ ਜੋ ਜਾਨਾਂ ਵਾਰਨ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਰੂਪ ਵਿਚ, ਸਰੀ ਦੇ ਸਿਟੀ ਹਾਲ ਬਾਹਰ ਇਕ ਯਾਦਗਾਰੀ ਸਮਾਗਮ ਦੌਰਾਨ ਰੱਖੇ ਗਏ ਸਨ।

ਸਮਾਗਮ ਦਾ ਆਗਾਜ਼ ਅੰਦੋਲਨ 'ਚ ਜਾਨਾਂ ਕੁਰਬਾਨ ਕਰਨ ਵਾਲੇ 700 ਤੋਂ ਵੱਧ ਕਿਸਾਨਾਂ ਅਤੇ ਰੂਸ ਵਿਚ ਹਾਲ ਹੀ ਵਿਚ ਕੋਲੇ ਦੀ ਖਾਣ ਤਬਾਹ ਹੋਣ ਨਾਲ ਮਾਰੇ ਗਏ ਦਰਜਨਾਂ ਮਜ਼ਦੂਰਾਂ ਨੂੰ ਮੋਨ ਸ਼ਰਧਾਂਜਲੀ ਦੇ ਰੂਪ 'ਚ ਕੀਤਾ ਗਿਆ।



ਉਦਘਾਟਨੀ ਸਮਾਰੋਹ ਸ਼ਾਹੀ ਕੈਟਰਿੰਗ ਰੈਸਟੋਰੈਂਟ ਵਿਖੇ ਕੀਤਾ ਗਿਆ ਜਿਸ ਦੇ ਮਾਲਕ ਕੁਲਵਿੰਦਰ ਸਿੰਘ ਪਿਛਲੇ ਇਕ ਸਾਲ ਤੋਂ ਕਿਸਾਨ ਅੰਦੋਲਨ ਦੀ ਡੱਟ ਕੇ ਹਮਾਇਤ ਕਰ ਰਹੇ ਹਨ। ਇਸ ਮੌਕੇ ਉਸ ਦੇ ਨਾਲ ਕੈਲੰਡਰ ਲੋਕ-ਅਰਪਣ ਕਰਨ ਵਾਲਿਆਂ ਵਿਚ ਸਾਹਿਬ ਸਿੰਘ ਥਿੰਦ, ਦੁਪਿੰਦਰ ਕੌਰ ਸਰਾਂ, ਇਮਤਿਆਜ਼ ਪੋਪਟ, ਤੇਜਿੰਦਰ ਸ਼ਰਮਾ, ਕਹਾਣੀਕਾਰ ਹਰਪ੍ਰੀਤ ਸੇਖਾ ਅਤੇ ਪਰਸ਼ੋਤਮ ਦੁਸਾਂਝ ਸ਼ਾਮਲ ਸਨ। ਇਹ ਸਾਰੇ ਸਮਾਜ ਦੇ ਜਾਣੇ-ਪਛਾਣੇ ਕਾਰਕੁਨ ਹਨ ਜੋ ਪਿਛਲੇ ਇਕ ਸਾਲ ਤੋਂ ਭਾਰਤੀ ਕਿਸਾਨਾਂ ਲਈ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਇਸ ਮੌਕੇ ਸਰੀ-ਨਿਊਟਨ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਅਤੇ ਸਰੀ-ਗ੍ਰੀਨਟਿੰਬਰਜ਼ ਦੀ ਵਿਧਾਇਕਾ ਰਚਨਾ ਸਿੰਘ ਤੋਂ ਇਲਾਵਾ ਬਰਨਬੀ ਸਕੂਲ ਦੀ ਸਾਬਕਾ ਟਰੱਸਟੀ ਬਲਜਿੰਦਰ ਕੌਰ ਨਾਰੰਗ ਵੀ ਹਾਜ਼ਰ ਸਨ। ਬੁਲਾਰਿਆਂ ਤੋਂ ਪਹਿਲਾਂ ਉੱਘੇ ਪੰਜਾਬੀ ਕਵੀ ਅੰਮ੍ਰਿਤ ਦੀਵਾਨਾ ਨੇ ਕਿਸਾਨ ਸੰਘਰਸ਼ ਨੂੰ ਸਮਰਪਿਤ ਨਜ਼ਮ ਪੜ੍ਹੀ। ਪ੍ਰਸਿੱਧ ਮੀਡੀਆ ਸ਼ਖ਼ਸੀਅਤ ਨੋਨੀ ਕੌਰ ਨੇ ਵੀ ਅੰਦੋਲਨ ਨੂੰ ਸਰਧਾਂਜਲੀ ਵਜੋਂ ਗੀਤ ਗਾਇਆ। ਦੋ ਵਿਦਵਾਨਾਂ ਹਰਸ਼ਰਨ ਸਿੰਘ ਪੂਨੀਆ ਅਤੇ ਡਾ: ਰਘਬੀਰ ਸਿੰਘ ਸਿਰਜਣਾ ਨੇ ਕਿਸਾਨ ਅੰਦੋਲਨ ਦੇ ਪਿਛੋਕੜ ਉੱਪਰ ਚਾਨਣਾ ਪਾਇਆ। ਇਸ ਮੌਕੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਅਤੇ ਫਿਲਮ ਅਦਾਕਾਰ ਭਵਖੰਡਨ ਸਿੰਘ ਰੱਖੜਾ ਤੋਂ ਮੀਡੀਆ ਜਗਤ ਦੀਆਂ ਸ਼ਖਸੀਅਤਾਂ ਕਮਲਜੀਤ ਸਿੰਘ ਥਿੰਦ ਅਤੇ ਗੁਰਵਿੰਦਰ ਸਿੰਘ ਧਾਲੀਵਾਲ, ਰੈਡੀਕਲ ਦੇਸੀ ਦੀਆਂ ਸਹਿਯੋਗੀ ਮੀਡੀਆ ਸੰਸਥਾਵਾਂ ਸਪਾਈਸ ਰੇਡੀਓ, ਪੀਪਲਜ਼ ਵਾਇਸ, ਮਹਿਕ ਪੰਜਾਬ ਦੀ ਟੀਵੀ, ਚੈਨਲ ਪੰਜਾਬੀ ਅਤੇ ਹੋਰ ਮੀਡੀਆ ਦੇ ਨੁਮਾਇੰਦੇ ਵੀ ਹਾਜ਼ਰ ਸਨ। ਪ੍ਰੋਗਰਾਮ ਦਾ ਸੰਚਾਲਨ ਗੁਰਪ੍ਰੀਤ ਸਿੰਘ ਵੱਲੋਂ ਬਾਖ਼ੂਬੀ ਕੀਤਾ ਗਿਆ।

## ਉੱਘੇ ਪੱਤਰਕਾਰ ਵਿਨੋਦ ਦੂਆ ਦਾ ਦੇਹਾਂਤ

**ਨਵੀਂ ਦਿੱਲੀ:** ਬਲੈਕ ਐਂਡ ਵ੍ਹਾਈਟ ਦੇ ਯੁੱਗ ਵਿਚ ਦੂਰਦਰਸ਼ਨ ਤੋਂ ਆਪਣਾ ਕਰੀਅਰ ਸ਼ੁਰੂ ਕਰਨ ਅਤੇ ਬਾਅਦ ਦੇ ਦਹਾਕਿਆਂ ਵਿਚ ਡਿਜੀਟਲ ਦੁਨੀਆਂ ਵਿਚ ਆਪਣੀ ਖਾਸ ਪਛਾਣ ਬਣਾਉਣ ਵਾਲੇ ਮਸ਼ਹੂਰ ਪੱਤਰਕਾਰ ਵਿਨੋਦ ਦੂਆ ਦਾ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਦੇਹਾਂਤ ਹੋ ਗਿਆ।

ਉਹ 67 ਸਾਲਾਂ ਦੇ ਸਨ। ਵਿਨੋਦ ਦੂਆ ਨੇ ਕਈ ਪੁਰਸਕਾਰ ਜਿੱਤੇ। ਸਾਲ 2008 ਵਿਚ ਵਿਨੋਦ ਦੂਆ ਨੂੰ ਪੱਤਰਕਾਰੀ ਲਈ ਪਦਮਸ੍ਰੀ ਨਾਲ ਸਨਮਾਨਿਆ ਗਿਆ ਸੀ। ਇਸ ਤੋਂ ਇਲਾਵਾ ਉਹ ਪੱਤਰਕਾਰੀ ਵਿਚ ਰਾਮਨਾਥ ਗੋਇਨਕਾ ਐਕਸੀਲੈਂਸ ਪੁਰਸਕਾਰ ਹਾਸਲ ਕਰਨ ਵਾਲੇ ਇਲੈਕਟ੍ਰੌਨਿਕ ਮੀਡੀਆ ਦੇ ਪਹਿਲੇ ਪੱਤਰਕਾਰ ਸਨ।

## ਡਰੱਗ ਮਾਮਲਾ: ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਝਾੜ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੱਲ ਰਹੇ ਡਰੱਗ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਉਹ ਮਾਮਲੇ 'ਚ ਹੁਣ ਡੂੰਘੀ ਨੀਂਦ ਨਹੀਂ ਸੁੱਤੇ ਪਏ ਹਨ। ਸਰਕਾਰ ਨੇ ਇਹ ਗੱਲ ਹਾਈਕੋਰਟ ਦੀ ਇਕ ਟਿੱਪਣੀ ਤੋਂ ਬਾਅਦ ਕਹੀ ਜਿਸ 'ਚ ਹਾਈਕੋਰਟ ਨੇ ਕਿਹਾ ਕਿ ਸਰਕਾਰ ਮਾਮਲੇ 'ਚ ਕਾਰਵਾਈ ਨੂੰ ਲੈ ਕੇ ਨਾ ਸਿਰਫ ਆਲਸੀ ਬਲਕਿ ਡੂੰਘੀ ਨੀਂਦ 'ਚ ਸੁੱਤੀ ਪ੍ਰਤੀਤ ਹੋ ਰਹੀ ਹੈ। ਬੈਂਚ 'ਚ ਸੁਣਵਾਈ ਦੌਰਾਨ ਬੈਂਚ ਨੇ ਉਮੀਦ ਜਤਾਈ ਕਿ ਸਰਕਾਰ ਅਸਲ ਵਿਚ ਨੀਂਦ ਤੋਂ ਉੱਠ ਖੜ੍ਹੀ ਹੋਵੇਗੀ। ਬੈਂਚ ਨੇ ਕਿਹਾ ਕਿ ਮਾਮਲੇ 'ਚ ਹੁਣ ਤੱਕ ਸਿਰਫ ਗੱਲਾਂ ਹੀ ਹੋ ਰਹੀਆਂ ਹਨ ਅਤੇ ਕੋਈ ਕਾਰਵਾਈ ਨਹੀਂ ਹੋਈ। ਬੈਂਚ ਨੇ ਇਹ ਵੀ ਸਾਫ ਕੀਤਾ ਕਿ ਉਹ ਮਾਮਲੇ 'ਚ ਜਨਹਿਤ ਨਾਲ ਜੁੜੇ ਵਿਆਪਕ ਪਹਿਲੂਆਂ ਨੂੰ ਲੈ ਕੇ ਗੰਭੀਰ ਹਨ, ਨਾ ਕਿ ਵਿਅਕਤੀਆਂ 'ਤੇ ਲੱਗੇ ਦੋਸ਼ਾਂ ਨੂੰ ਲੈ ਕੇ, ਬੈਂਚ ਨੇ ਮਾਮਲੇ 'ਚ ਜਾਰੀ ਆਦੇਸ਼ਾਂ 'ਤੇ ਗੌਰ ਕਰਨ ਤੋਂ ਬਾਅਦ ਇਹ ਟਿੱਪਣੀ ਕੀਤੀ। ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਡੀ.ਐਸ. ਪਟਵਾਲੀਆ ਨੇ ਹਾਈਕੋਰਟ ਨੂੰ ਇਕ ਵਾਰ ਫੇਰ ਨਸ਼ਿਆਂ ਦੇ ਮੁੱਦੇ ਉਤੇ ਸਖਤ ਕਾਰਵਾਈ ਨੂੰ ਲੈ ਕੇ ਰਾਜ ਸਰਕਾਰ ਦੀ ਵਚਨਬੱਧਤਾ ਬਾਰੇ ਦੱਸਿਆ। ਮਾਮਲੇ 'ਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਉਨ੍ਹਾਂ ਨੂੰ ਧਿਰ ਬਣਾਉਣ ਦੀ ਮੰਗ ਵਾਲੀ ਅਰਜ਼ੀ 'ਤੇ ਸੁਣਵਾਈ ਦੌਰਾਨ ਸੀਨੀਅਰ ਐਡਵੋਕੇਟ ਆਰ.ਐਸ. ਚੀਮਾ ਨੇ ਉਨ੍ਹਾਂ ਵੱਲੋਂ ਬਹਿਸ ਦੌਰਾਨ ਕਿਹਾ ਕਿ ਨਾ ਤਾਂ ਐਸ.ਟੀ.ਐਫ. ਅਤੇ ਨਾ ਹੀ ਈ.ਡੀ ਨੂੰ ਮਜੀਠੀਆ ਖ਼ਿਲਾਫ ਕੋਈ ਸਬੂਤ ਮਿਲਿਆ ਸੀ।

## ਸਿੱਖ ਕਤਲੇਆਮ: ਸੱਜਣ ਕੁਮਾਰ ਖਿਲਾਫ ਇਕ ਹੋਰ ਕੇਸ 'ਚ ਦੋਸ਼ ਆਇਦ

**ਨਵੀਂ ਦਿੱਲੀ:** ਰੋਜ਼ ਐਵੇਨਿਊ ਅਦਾਲਤ ਨੇ ਸਰਸਵਤੀ ਵਿਹਾਰ ਥਾਣੇ ਵਿਚ ਦਰਜ ਇਕ ਕੇਸ ਸਬੰਧੀ ਸੱਜਣ ਕੁਮਾਰ ਖਿਲਾਫ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਯਤਨਾਂ ਸਦਕਾ ਇਕ-ਇਕ ਕਰ ਕੇ ਇਨ੍ਹਾਂ ਕੇਸਾਂ 'ਚ ਦੋਸ਼ੀਆਂ ਨੂੰ ਅਦਾਲਤਾਂ ਵੱਲੋਂ ਸਜਾਵਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਤੋਂ ਬਾਅਦ ਜਗਦੀਸ਼ ਟਾਈਟਲਰ ਤੇ ਕਮਲਨਾਥ ਦੀ ਵਾਰੀ ਆਵੇਗੀ ਤੇ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ। ਇਸ ਮਾਮਲੇ ਦੀ ਅਗਲੀ ਸੁਣਵਾਈ 16 ਦਸੰਬਰ ਨੂੰ ਹੋਵੇਗੀ।

## ਸੁਖਪਾਲ ਖਹਿਰਾ ਦੀ ਜ਼ਮਾਨਤ ਅਰਜ਼ੀ ਰੱਦ

**ਮੁਹਾਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਗ੍ਰਿਫਤਾਰ ਸੀਨੀਅਰ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਮੁਹਾਲੀ ਅਦਾਲਤ ਨੇ ਕਾਂਗਰਸ ਆਗੂ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਈਡੀ ਦੇ ਵਕੀਲ ਨੇ ਆਪਣੀ ਦਲੀਲ ਵਿਚ ਕਿਹਾ ਕਿ ਸੁਖਪਾਲ ਖਹਿਰਾ ਦੀ ਜ਼ਮਾਨਤ ਅਰਜ਼ੀ ਰੱਦ ਕੀਤੀ ਜਾਵੇ ਕਿਉਂਕਿ ਉਸ ਦੇ ਜੇਲ੍ਹ 'ਚੋਂ ਬਾਹਰ ਆਉਣ ਨਾਲ ਜਾਂਚ ਪ੍ਰਭਾਵਿਤ ਹੋ ਸਕਦੀ ਹੈ। ਬੀਤੀ 3 ਦਸੰਬਰ ਨੂੰ ਸਵੇਰੇ ਅਤੇ ਬਾਅਦ ਦੁਪਹਿਰ ਦੋ ਪੜਾਵਾਂ ਵਿਚ ਕਰੀਬ 5 ਘੰਟੇ ਚਲੀ ਸੁਣਵਾਈ ਦੌਰਾਨ ਅਦਾਲਤ ਨੇ ਦੋਵਾਂ ਧਿਰਾਂ ਨੂੰ ਆਪਣਾ ਪੱਖ ਰੱਖਣ ਲਈ ਖੁੱਲ੍ਹਾ ਸਮਾਂ ਦਿੱਤਾ ਸੀ ਅਤੇ ਬਹਿਸ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।

ਬਚਾਅ ਪੱਖ ਦੇ ਵਕੀਲਾਂ ਨੇ ਸੁਖਪਾਲ ਖਹਿਰਾ ਨੂੰ ਬੇਕਸੂਰ ਦੱਸਦੇ ਹੋਏ ਈਡੀ ਦੀ ਕਾਰਵਾਈ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ। ਉਨ੍ਹਾਂ ਕਿਹਾ ਕਿ ਖਹਿਰਾ ਨੂੰ ਡੂੰਘੀ ਸਾਜ਼ਿਸ਼ ਤਹਿਤ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਇਸ ਲਈ ਕਾਂਗਰਸ ਆਗੂ ਦੀ ਜ਼ਮਾਨਤ ਮਨਜ਼ੂਰ ਕਰਕੇ ਉਸ ਨੂੰ ਜੇਲ੍ਹ 'ਚੋਂ ਰਿਹਾਅ ਕੀਤਾ ਜਾਵੇ। ਇਸ ਸਮੇਂ ਸੁਖਪਾਲ ਖਹਿਰਾ ਨਿਆਇਕ ਹਿਰਾਸਤ ਅਧੀਨ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਹੈ।

## ਓਮੀਕਰੋਨ: ਭਾਰਤ ਵਿਚ ਤੀਜੀ ਲਹਿਰ ਫਰਵਰੀ ਤੱਕ ਸਿਖਰ 'ਤੇ ਹੋਵੇਗੀ

**ਮੁੰਬਈ:** ਆਈ.ਆਈ.ਟੀ. ਵਿਗਿਆਨੀ ਮਨਿੰਦਰਾ ਅਗਰਵਾਲ ਨੇ ਕਿਹਾ ਹੈ ਕਿ ਭਾਰਤ ਵਿਚ ਓਮੀਕਰੋਨ ਸਾਰਸ ਕੋਵ-2 ਦੇ ਨਵੇਂ ਰੂਪ ਨਾਲ ਕਰੋਨਾ ਵਾਇਰਸ ਦੀ ਤੀਜੀ ਲਹਿਰ ਫਰਵਰੀ ਤੱਕ ਸਿਖਰ 'ਤੇ ਪਹੁੰਚ ਸਕਦੀ ਹੈ ਅਤੇ ਦੇਸ ਵਿਚ ਇਕ ਦਿਨ ਵਿਚ ਲੱਖ ਤੋਂ ਡੇਢ ਲੱਖ ਤੱਕ ਕੇਸ ਪਹੁੰਚਣ ਦੀ ਸੰਭਾਵਨਾ ਹੈ ਪਰ ਇਹ ਕੇਸ ਦੂਜੀ ਲਹਿਰ ਨਾਲੋਂ ਹਲਕੇ ਹੋਣਗੇ। ਹਾਲੇ ਤੱਕ ਇਹੀ ਸਾਹਮਣੇ ਆਇਆ ਹੈ ਕਿ ਓਮੀਕਰੋਨ ਦਾ ਰੂਪ ਭਾਵੇਂ ਤੇਜੀ ਨਾਲ ਫੈਲਦਾ ਹੈ ਪਰ ਇਹ ਡੈਲਟਾ ਜਿੰਨਾ ਖਤਰਨਾਕ ਨਹੀਂ ਹੈ

## ਚੰਨੀ ਵੱਲੋਂ ਵੀ ਸਰਹੱਦੀ ਵਪਾਰ ਦੀ ਵਕਾਲਤ

**ਅੰਮ੍ਰਿਤਸਰ:** ਕੌਮਾਂਤਰੀ ਪਾਇਟੈਕਸ ਵਪਾਰ ਮੇਲੇ ਦੇ ਸਮਾਪਤੀ ਸਮਾਗਮ ਵਿਚ ਪਹੁੰਚੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਖਿੱਤੇ ਦੀ ਖੁਸ਼ਹਾਲੀ ਲਈ ਕੇਂਦਰ ਸਰਕਾਰ ਤੋਂ ਸਰਹੱਦ ਰਸਤੇ ਪਾਕਿਸਤਾਨ ਨਾਲ ਦੁਵੱਲਾ ਵਪਾਰ ਮੁੜ ਸ਼ੁਰੂ ਕਰਨ ਦੀ ਵਕਾਲਤ ਕੀਤੀ ਹੈ। ਸਰਕਾਰ ਇਸ ਬਾਰੇ ਕੇਂਦਰ ਨੂੰ ਪੱਤਰ ਭੇਜੇਗੀ ਤੇ ਮੁੱਖ ਮੰਤਰੀ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣ ਜਾਣਗੇ।

## ਭਾਜਪਾ ਵੱਲੋਂ ਪੰਜਾਬ ਵਿਚ ਪੈਰ ਧਰਾਵੇ ਲਈ ਹੰਭਲਾ

*(ਪਹਿਲੇ ਸਫੇ ਦੀ ਬਾਕੀ)*

ਇਧਰ, ਢੀਂਡਸਾ ਧੜੇ ਨੂੰ ਵੀ ਭਾਜਪਾ ਨਾਲ ਗੱਠਜੋੜ ਘਾਟੇ ਦਾ ਸੌਦਾ ਲੱਗਣ ਲੱਗਾ ਹੈ। ਚਰਚਾ ਹੈ ਕਿ ਅੰਦਰੂਨੀ ਵਿਰੋਧ ਕਾਰਨ ਭਾਜਪਾ ਨਾਲ ਗੱਠਜੋੜ ਦੇ ਆਸਾਰ ਮੱਧਮ ਪੈ ਗਏ ਹਨ। ਭਾਜਪਾ ਦੇ ਰਣਨੀਤੀ ਘਾੜੇ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਸੁਖਦੇਵ ਸਿੰਘ ਢੀਂਡਸਾ ਦਰਮਿਆਨ ਪਿਛਲੇ ਹਫਤੇ ਨਵੀਂ ਦਿੱਲੀ ਵਿਚ ਮੁਲਾਕਾਤ ਹੋਈ ਸੀ। ਇਸ ਮੀਟਿੰਗ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਨੇ ਐਲਾਨ ਕਰ ਦਿੱਤਾ ਸੀ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਾਰਟੀ ਨਾਲ ਭਾਜਪਾ ਗੱਠਜੋੜ ਕਰੇਗੀ।

ਸਿਆਸੀ ਮਾਹਰ ਆਖਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਸਿਆਸਤ ਵਿਚ ਜੋ ਜਗ੍ਹਾ ਬਣਾਉਣੀ ਸੀ, ਉਹ ਬਾਦਲ ਧੜੇ ਤੋਂ ਕਈ ਕਾਰਨਾਂ ਕਰਕੇ ਨਾਰਾਜ਼ ਹੋਏ ਸਿੱਖ ਵੋਟਰਾਂ 'ਚੋਂ ਮਿਲਣੀ ਸੀ। ਪੰਜਾਬ ਵਿਚ ਮੌਜੂਦਾ ਮਾਹੌਲ ਇਹ ਹੈ ਕਿ ਭਾਜਪਾ ਦੀ ਸਹਾਇਤਾ ਨਾਲ ਬਣਾਏ ਕਿਸੇ ਵੀ ਗੱਠਜੋੜ ਨੂੰ ਸਵੀਕਾਰ ਕਰਨਾ ਪੰਜਾਬੀਆਂ ਲਈ ਮੁਸ਼ਕਿਲ ਹੋਵੇਗਾ।

ਕੇਂਦਰ ਨੇ ਤਿੰਨੇ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਹਨ ਪਰ ਅੰਦੋਲਨਕਾਰੀ ਕਿਸਾਨੀ ਅਤੇ ਪੰਜਾਬੀਆਂ ਵਿਚ ਭਾਜਪਾ ਪ੍ਰਤੀ ਉਸਾਰੂ ਸੋਚ ਨਹੀਂ ਬਣੀ। ਅਜੇ ਅੰਦੋਲਨਕਾਰੀਆਂ ਨੇ ਦਿੱਲੀ ਤੋਂ ਵਾਪਸ ਪਰਤਣਾ ਹੈ।

ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਨਾਲ ਤੁਰਨ ਦੀ ਵਿਉਂਤ ਘੜ ਰਹੇ ਧੜੇ ਵੀ ਸੋਚਾਂ ਵਿਚ ਹਨ। ਭਾਜਪਾ ਨੂੰ ਵੀ ਕੁਝ ਹੱਦ ਤੱਕ ਆਪਣੇ ਪ੍ਰਤੀ ਨਾਰਾਜ਼ਗੀ ਦੀ ਭਿਣਕ ਹੈ। ਇਸ ਲਈ ਉਹ ਕਿਸੇ ਵੀ ਕੀਮਤ ਉਤੇ ਵੱਡੇ ਸਿਆਸੀ ਸਿੱਖ ਚਿਹਰਿਆਂ ਨੂੰ ਆਪਣੇ ਨਾਲ ਜੋੜਨ ਦੀ ਰਣਨੀਤੀ ਉਤੇ ਚੱਲ ਰਹੀ ਹੈ, ਕਿਉਂਕਿ ਫਿਲਹਾਲ ਕੈਪਟਨ ਦੇ ਸਿਵਾਏ ਕੋਈ ਵੀ ਧੜਾ ਉਸ ਨਾਲ ਚੱਲਣ ਲਈ ਤਿਆਰ ਨਹੀਂ ਤੇ ਭਾਜਪਾ ਨਾਲ ਸਾਂਝ ਪਿੱਛੋਂ ਕੈਪਟਨ ਦੀ ਸਿਆਸੀ ਪਾਰਟੀ ਵੀ ਡਾਵਾਂਡੋਲ ਜਾਪ ਰਹੀ ਹੈ।

## ਮਿਆਂਮਾਰ: ਆਂਗ ਸਾਂ ਸੂ ਕੀ ਨੂੰ ਚਾਰ ਸਾਲ ਕੈਦ ਦੀ ਸਜ਼ਾ

**ਬੈਂਕਾਕ:** ਮਿਆਂਮਾਰ ਦੀ ਰਾਜਧਾਨੀ ਵਿਚ ਇਕ ਵਿਸ਼ੇਸ਼ ਅਦਾਲਤ ਨੇ ਦੇਸ਼ ਦੀ ਅਹੁਦੇ ਤੋਂ ਹਟਾਈ ਗਈ ਆਗੂ ਆਂਗ ਸਾਂ ਸੂ ਕੀ ਨੂੰ ਲੋਕਾਂ ਨੂੰ ਭੜਕਾਉਣ ਅਤੇ ਕਰੋਨਾ ਵਾਇਰਸ ਸਬੰਧੀ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਦੋਸ਼ੀ ਕਰਾਰ ਦਿੰਦੇ ਹੋਏ ਚਾਰ ਸਾਲ ਕੈਦ ਦੀ ਸਜਾ ਸੁਣਾਈ ਹੈ। ਇਹ ਜਾਣਕਾਰੀ ਇਕ ਕਾਨੂੰਨੀ ਅਧਿਕਾਰੀ ਨੇ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਆਜ਼ਾਦੀ ਦੇ ਸ਼ਹੀਦਾਂ, ਗ਼ਦਰੀ ਬਾਬਿਆਂ ਤੇ ਗ਼ਦਰੀ ਲਹਿਰਾਂ ਨੂੰ ਸਮਰਪਿਤ ਸੈਮੀਨਾਰ

**ਨਿਊ ਯਾਰਕ:** ਬੀਤੇ ਦਿਨੀਂ ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊ ਯਾਰਕ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜੰਗ-ਏ-ਆਜ਼ਾਦੀ ਹਿੰਦੋਸਤਾਨ ਦੇ ਸ਼ਹੀਦਾਂ, ਗ਼ਦਰੀ ਬਾਬਿਆਂ ਅਤੇ ਗ਼ਦਰੀ ਲਹਿਰਾਂ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਅਗਵਾਈ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਰਾਮਜੀ ਦਾਸ ਸੇਠੀ, ਭਾਗ ਸਿੰਘ ਮੰਡਾਹੜ, ਜਸਵਿੰਦਰਪਾਲ ਸਿੰਘ ਪੱਖੋਕੇ, ਧਰਮ ਸਿੰਘ ਗੁਰਾਇਆ, ਜਤਿੰਦਰ ਸਿੰਘ ਬੋਪਾਰਾਏ ਅਤੇ ਸੁਰਿੰਦਰ ਕੌਰ ਪੱਖੋਕੇ ਨੇ ਕੀਤੀ।






ਸੈਮੀਨਾਰ ਦੀ ਸ਼ੁਰੂਆਤ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਚਰੇ ਸ਼ਬਦ, 'ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ' ਨਾਲ ਸੰਤ ਸ਼ੇਰ ਸਿੰਘ ਅਤੇ ਸੰਤ ਸਤਵੰਤ ਸਿੰਘ (ਨਾਮਧਾਰੀ ਸਿੱਖ ਸੰਗਤ) ਨੇ ਕੀਰਤਨ ਦੇ ਰੂਪ 'ਚ ਕੀਤੀ। ਪ੍ਰੋਗਰਾਮ ਵਿਚ ਹਰਜੀਤ ਹੁੰਦਲ, ਕੁਲਬੀਰ ਗੁਰਦਾਸਪੁਰੀ, ਰੇਸ਼ਮ ਸਿੰਘ ਰੇਸ਼ਮ, ਦਰਸ਼ਨ ਖੱਖ, ਮੋਹਨ ਸਿੰਘ ਭੰਮਰਾ, ਹਰਜੀਤ ਕੌਰ (ਜੀਤ) ਅਤੇ ਪ੍ਰਿਤਪਾਲ ਕੌਰ ਨੇ ਅਗਾਂਹਵਧੂ ਅਤੇ ਉਸਾਰੂ ਗੀਤ ਗਾ ਕੇ ਅਤੇ ਕਵਿਤਾਵਾਂ ਪੜ੍ਹ ਕੇ ਸ਼ਹੀਦਾਂ ਨੂੰ ਯਾਦ ਕੀਤਾ। ਹਿੰਦੋਸਤਾਨ ਦੀ ਗੁਲਾਮੀ ਦੇ ਬੇਤਰਸ ਸੰਤਾਪ ਨੂੰ ਦਰਸਾਇਆ। ਸੰਤ ਰਾਮ ਉਦਾਸੀ ਦੇ ਲਿਖੇ ਹੋਏ ਗੀਤਾਂ ਨੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

ਪ੍ਰੋਗਰਾਮ ਵਿਚ ਆਏ ਬੁਲਾਰਿਆਂ ਨੇ ਕਿਸਾਨ ਸੰਘਰਸ਼ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਹਰਜੀਤ ਹੁੰਦਲ (ਜਨਰਲ ਸੈਕਟਰੀ ਸ਼੍ਰੋਮਣੀ ਅਕਾਲੀ ਪਾਰਟੀ ਈਸਟ ਕੋਸਟ ਅਮਰੀਕਾ) ਅਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਹੇਠ ਅਮਰੀਕਾ ਦੀ ਰਾਜਧਾਨੀ ਵਿਚ ਲਗਭਗ ਛੇ ਮਹੀਨੇ ਕਿਸਾਨਾਂ ਦੇ ਸੰਘਰਸ਼ ਦੇ ਹੱਕ ਵਿਚ ਰੋਜ਼ਾਨਾ ਧਰਨਾ ਲਾਇਆ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਲੋਕਾਂ ਦੇ ਏਕੇ ਕਰਕੇ ਸਰਕਾਰ ਨੂੰ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਸੰਗਰਾਮ ਸਿੰਘ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਜ਼ਿਆਦਾ ਪ੍ਰੋਗਰਾਮ ਕਰਾਉਣੇ ਚਾਹੀਦੇ ਹਨ। ਸੁਰਿੰਦਰ ਸੋਹਲ ਨੇ ਡਾ. ਸਵੈਮਾਨ ਅਤੇ ਉਸ ਦੇ ਮਾਤਾ-ਪਿਤਾ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਕੁਝ ਲੋਕ ਸਾਡੇ ਨਾਲ ਹੀ ਤੁਰੇ ਜਾ ਰਹੇ ਹੁੰਦੇ ਹਨ, ਜੋ ਸਮਾਜ ਦੀ ਬੇਹਤਰੀ ਲਈ ਆਗੂ ਦਾ ਰੋਲ ਅਦਾ ਕਰ ਰਹੇ ਹੁੰਦੇ ਹਨ, ਜਿਨ੍ਹਾਂ ਬਾਰੇ ਸਾਨੂੰ ਪਤਾ ਹੀ ਨਹੀਂ ਲੱਗਦਾ।

ਕਾਂਗਰਸ ਦੇ ਪੰਜਾਬ ਚੈਪਟਰ ਦੇ ਸਕੱਤਰ ਪੱਪੀ ਬਦੇਸ਼ਾ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਦੇਸ਼ ਲਈ ਮਰ ਮਿਟ ਜਾਣਾ ਸੌਖਾ ਕਾਰਜ ਨਹੀਂ ਹੈ। ਹਰਭਜਨ ਸਿੰਘ ਗਰੇਵਾਲ ਨੇ ਕਿਹਾ ਕਿ ਮਿੱਥੀ ਸਾਜ਼ਿਸ਼ ਤਹਿਤ ਅਣਖੀ ਇਤਿਹਾਸ ਨਾਲ ਛੇੜਛਾੜ ਕੀਤੀ ਜਾ ਰਹੀ ਹੈ ਤੇ ਤਾਰੀਖ਼ਾਂ ਅਤੇ ਥਾਂ ਦਾ ਬਦਲਣਾ ਸਾਜ਼ਿਸ਼ ਸਮਝੀ ਜਾਣੀ ਚਾਹੀਦੀ ਹੈ। ਸਰਮੁਖ ਸਿੰਘ (ਸੇਵਕ) ਨੇ ਆਜ਼ਾਦੀ-ਏ-ਹਿੰਦੋਸਤਾਨ ਦੇ ਮੋਢੀ ਸਤਿਗੁਰੂ ਰਾਮ ਸਿੰਘ (ਫ਼ਾਊਂਡਰ ਕੂਕਾ ਲਹਿਰ) ਦੇ ਇਤਿਹਾਸ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਜਸਵਿੰਦਰ ਪਾਲ ਪੱਖੋਕੇ ਨੇ ਕਿਹਾ ਕਿ ਲੋਕਾਂ ਨੂੰ ਊਚ-ਨੀਚ ਨੂੰ ਪਾਸੇ ਰੱਖ ਕੇ ਇਕੱਠੇ ਹੋ ਕੇ ਹੱਕਾਂ ਖ਼ਾਤਰ ਲੜਨ ਦੀ ਲੋੜ ਨੂੰ ਸਮਝਣਾ ਪੈਣਾ ਹੈ, ਗ਼ਦਰੀ ਬਾਬਿਆਂ ਨੂੰ ਯਾਦ ਕਰਦਿਆਂ ਆਪਣੀਆਂ ਰਹੁ-ਰੀਤਾਂ ਨੂੰ ਅੱਗੇ ਲਿਜਾਣ ਦੀ ਜਾਚ ਸਿੱਖਣੀ ਪਵੇਗੀ। ਆਪਣੇ ਬੱਚਿਆਂ ਨੂੰ ਅਣਖ਼ੀ ਵਿਰਸੇ ਬਾਰੇ ਦੱਸਣ ਅਤੇ ਟੈਲੀਵਿਜ਼ਨ ਤੋਂ ਦੂਰ ਰੱਖ ਕੇ ਕਿਤਾਬਾਂ ਪੜ੍ਹਨ ਵੱਲ ਮੋੜਨ ਦੀ ਲੋੜ ਹੈ।

ਸੁਰਿੰਦਰ ਕੌਰ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਅਤੇ ਵੱਧ ਸਮਾਂ ਗੁਜ਼ਾਰਨ ਲਈ ਕਿਹਾ। ਆਪਣਾ ਕਿਤਾਬਾਂ ਵਾਲਾ ਝੋਲਾ ਜਿਸ ਉੱਪਰ ਗੁਰਮੁਖੀ ਭਾਸ਼ਾ ਦੀ ਪੈਂਤੀ ਲਿਖੀ ਹੋਈ ਸੀ, ਦਰਸ਼ਕਾਂ ਨੂੰ ਦਿਖਾਉਂਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਹਰ ਵੇਲੇ ਯਾਦ ਰੱਖਣਾ ਪਵੇਗਾ ਕਿ ਪੰਜਾਬੀ ਭਾਸ਼ਾ ਹਰ ਹਾਲਤ ਵਿਚ ਬੱਚਿਆਂ ਨੂੰ ਸਿਖਾਉਣੀ ਹੈ। ਗ਼ਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਪ੍ਰੋਗਰਾਮ ਕਰਨੇ ਚਾਹੀਦੇ ਹਨ। ਉਨ੍ਹਾਂ ਕਿਸਾਨ ਸੰਘਰਸ਼ ਲਈ ਆਪਣੀਆਂ ਕਿਤਾਬਾਂ ਖਰੀਦਣ ਦੀ ਅਪੀਲ ਵੀ ਕੀਤੀ, ਜਿਸ ਤੋਂ ਇਕੱਠੀ ਹੋਈ ਮਾਇਆ ਕਿਸਾਨ ਘੋਲ ਲਈ ਵਰਤੀ ਜਾਵੇਗੀ।

ਉਂਕਾਰ ਸਿੰਘ ਡੁਮੇਲੀ ਨੇ ਗ਼ਦਰੀ ਬਾਬਿਆਂ ਅਤੇ ਗ਼ਦਰੀ ਲਹਿਰਾਂ ਬਾਰੇ ਦੱਸਦਿਆਂ ਦੱਖਣੀ ਭਾਰਤ ਤੋਂ ਆਏ ਹੋਏ ਜਾਵੇਦ ਮਿਰਜ਼ਾ, ਕਨਨ ਸ੍ਰੀ ਨਿਵਾਸਨ ਅਤੇ ਕੁਝ ਹੋਰ ਬੁਲਾਰਿਆਂ ਨੂੰ ਸਟੇਜ 'ਤੇ ਰੂਬਰੂ ਕਰਵਾਇਆ।

ਰੀਟਾ ਕੋਹਲੀ ਅਤੇ ਰਾਜਵਿੰਦਰ ਕੌਰ ਰੋਜ਼ ਨੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਸੈਮੀਨਾਰ ਦੀ ਸ਼ਲਾਘਾ ਕੀਤੀ। ਡਾ. ਨਗਿੰਦਰ ਰਾਣੀ ਨੇ ਵੀ ਪ੍ਰੋਗਰਾਮ 'ਚ ਸ਼ਮੂਲੀਅਤ ਕੀਤੀ। ਧਰਮ ਸਿੰਘ ਗੁਰਾਇਆ ਨੇ ਆਜ਼ਾਦੀ ਲਹਿਰ ਦਾ ਭਰਮਣ ਕਰਾਉਂਦਿਆਂ ਅਮਰੀਕਾ ਅਤੇ ਆਇਰਲੈਂਡ ਦੇ ਇਨਕਲਾਬੀਆਂ ਬਾਰੇ ਦੱਸਿਆ ਜੋ ਹਿੰਦੋਸਤਾਨੀ ਆਜ਼ਾਦੀ ਪਸੰਦੀਆਂ ਦੇ ਮਿੱਤਰਾਂ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨਾਮਧਾਰੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਦੇ ਇਨਕਲਾਬੀ ਇਤਿਹਾਸ ਨੂੰ ਦਰਸਾਉਂਦੇ ਹੋਏ ਗ਼ਦਰੀ ਬਾਬਿਆਂ ਅਤੇ ਗ਼ਦਰੀ ਲਹਿਰਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਗ਼ਦਰੀ ਬਾਬਾ ਤੇਜਾ ਸਿੰਘ ਸੁਤੰਤਰ ਦੀ ਜੀਵਨੀ 'ਤੇ ਲਿਖੀ ਨਵੀਂ ਪੁਸਤਕ ਬਾਰੇ ਸਰੋਤਿਆਂ ਨੂੰ ਦੱਸਿਆ ਅਤੇ ਆਜ਼ਾਦੀ ਦੀ ਲੜਾਈ ਵਿਚ ਗ਼ਦਰੀ ਬਾਬਿਆਂ ਦੇ ਯੋਗਦਾਨ 'ਤੇ ਚਾਨਣਾ ਪਾਇਆ।

ਡਾ. ਸਵੈਮਾਨ ਸਿੰਘ ਪੱਖੋਕੇ, ਜੋ ਅਮਰੀਕਾ ਤੋਂ ਦਿੱਲੀ ਜਾ ਕੇ ਕਿਸਾਨ ਮੋਰਚੇ ਵਿਚ ਸਾਲ ਭਰ ਤੋਂ ਸਰਗਰਮ ਹਨ, ਨੇ ਦਿੱਲੀ ਦੇ ਟਿਕਰੀ ਬਾਰਡਰ ਤੋਂ ਫੇਸ ਟਾਈਮ ਰਾਹੀਂ ਸਰੋਤਿਆਂ ਨਾਲ ਰੂਬਰੂ ਹੁੰਦੇ ਹੋਏ, ਸ਼ਹੀਦਾਂ ਨੂੰ ਸਮਰਪਿਤ ਇਸ ਪ੍ਰੋਗਰਾਮ ਵਿਚ ਹਾਜ਼ਰੀ ਲਵਾਈ। ਇਸ ਮੌਕੇ ਹੋਣਹਾਰ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਸਰਟੀਫਿਕੇਟ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਬੁਲਾਰਿਆਂ ਨੂੰ ਸਿੱਖ ਕਲਚਰਲ ਸੁਸਾਇਟੀ ਰਿੱਚਮੰਡ ਹਿੱਲ ਗੁਰਦੁਆਰੇ ਦੇ ਪ੍ਰਧਾਨ ਸ. ਜਤਿੰਦਰ ਸਿੰਘ ਬੋਪਾਰਾਏ ਨੇ ਸਨਮਾਨਿਤ ਕੀਤਾ। ਜਗਤਾਰ ਸਿੰਘ ਕਾਰੀ, ਸਮਸ਼ੇਰ ਸਿੰਘ, ਜਸਵੀਰ ਸਿੰਘ (ਨਾਮਧਾਰੀ), ਅਵਤਾਰ ਸਿੰਘ (ਨਾਮਧਾਰੀ), ਹਰਭਜਨ ਸਿੰਘ ਬੈਂਸ, ਸੰਜੀਵ ਜਿੰਦਲ, ਨਵਦੀਪ ਸ਼ਰਮਾ, ਪਰਵਿੰਦਰ ਸੂਸ ਅਤੇ ਗੁਰਮੇਲ ਸਿੰਘ (ਕਰਤਾਰ ਸਰਾਭਾ ਐਸੋਸੀਏਸ਼ਨ) ਨੇ ਉਨ੍ਹਾਂ ਦਾ ਸਾਥ ਦਿੱਤਾ। ਇਸ ਮੌਕੇ ਜਸਲੀਨ ਕੌਰ (ਡੀ.ਐਸ.ਏ. ਪਾਰਟੀ), ਸੰਜੀਵ ਜਿੰਦਲ ਅਤੇ ਜਪਨੀਤ ਸਿੰਘ, ਸਿਮਰਜੀਤ ਸਿੰਘ ਗਿਲਜ਼ੀਆਂ (ਡੈਮੋਕਰੇਟ ਪਾਰਟੀ), ਮੋਹ ਖ਼ਾਨ ਜ਼ਾਹੀਰ (ਲਹਿੰਦੇ ਪੰਜਾਬ) ਨੇ ਹਾਜ਼ਰੀ ਲਵਾਈ। ਰਜਿੰਦਰ ਸਿੰਘ ਬਿੱਟੂ, ਜਸਪਾਲ (ਜੱਸਾ) ਕਲੋਆ, ਪਰਮਜੀਤ ਸਿੰਘ ਜੌਹਲ, ਪ੍ਰੋਫੈਸਰ ਪਰਮਜੀਤ ਕੌਰ, ਗੁਰਿੰਦਰ ਪਾਲ ਕੌਰ, ਜਸਵੀਰ ਸਿੰਘ (ਨਾਮਧਾਰੀ ਸਿੱਖ ਸੰਗਤ), ਜਗਤਾਰ ਕਾਰੀ, ਬੇਬੀ (ਕਪੂਰਥਲਾ ਕਲੱਬ), ਸਵਰਨ ਸਿੰਘ ਸਲੈਚ, ਦਵਿੰਦਰ ਝਾਵਰ, ਧਰਮਪਾਲ (ਪਾਲ), ਜਗਦੇਵ ਢਿੱਲੋਂ, ਭੁਪਿੰਦਰ ਅਟਵਾਲ, ਜੱਸੀ ਢਿੱਲੋਂ, ਡਾ. ਸੰਦੀਪ ਸਿੰਘ, ਗੁਰਿੰਦਰ ਪਾਲ ਕੌਰ, ਦਵਿੰਦਰ ਕੌਰ ਗੁਰਾਇਆ ਤੇ ਸਰਮੁਖ ਸਿੰਘ ਸੇਵਕ ਨੇ ਸੈਮੀਨਾਰ 'ਚ ਵਿਸ਼ੇਸ਼ ਯੋਗਦਾਨ ਪਾਇਆ।

ਇਸ ਮੌਕੇ ਲੰਗਰ ਦੀ ਸੇਵਾ ਬਲਵਿੰਦਰ ਸਿੰਘ ਸਤਿਗੁਰੂ ਸਵੀਟ ਸ਼ਾਪ, ਚਾਹ ਦੀ ਸੇਵਾ ਚਰਨਜੀਤ ਸਮਰਾ, ਪਾਣੀ ਦੀ ਸੇਵਾ ਅਮਰਜੀਤ ਸਿੰਘ ਪੁਆਰ ਨੇ ਕੀਤੀ। ਸਾਊਂਡ ਸਿਸਟਮ ਸੰਤ ਸੁਦਰਸ਼ਨ ਸਿੰਘ ਦਾ ਸੀ ਤੇ ਫੋਟੋਗ੍ਰਾਫੀ ਠਾਕਰ ਫੋਟੋ ਐਂਡ ਮੂਵੀ ਨੇ ਕੀਤੀ। ਇਸ ਦੌਰਾਨ ਇਤਿਹਾਸਕ ਕਿਤਾਬਾਂ ਦਾ ਸਟਾਲ ਵੀ ਲਾਇਆ ਗਿਆ ਸੀ, ਜਿਸ ਵਿਚ ਡਾ. ਗੁਰੂਮੇਲ ਸਿੱਧੂ ਵਲੋਂ ਨਵੀਂ ਲਿਖੀ ਕਿਤਾਬ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ' ਚਰਚਾ 'ਚ ਰਹੀ। ਪ੍ਰੋ. ਵਰਿਆਮ ਸੰਧੂ ਦੀ ਕਿਤਾਬ 'ਗ਼ਦਰੀ ਬਾਬੇ ਕੌਣ ਸਨ' ਵੀ ਲੋਕਾਂ ਵਲੋਂ ਖ਼ਰੀਦੀ ਗਈ। ਸਟੇਜ ਦਾ ਸੰਚਾਲਨ ਮਨਮੋਹਨ ਪੂਨੀ ਨੇ ਕੀਤਾ।








# ਕਰਜ਼ਾ ਮੁਆਫੀ: ਕਿਸਾਨਾਂ ਵੱਲੋਂ ਹੁਣ ਪੰਜਾਬ ਸਰਕਾਰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਜਥੇਬੰਦੀਆਂ ਨੇ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਵਾਅਦਾਖਿਲਾਫ਼ੀ ਕਰਨ ਵਾਲੀ ਚੰਨੀ ਸਰਕਾਰ 'ਤੇ ਨਿਸ਼ਾਨਾ ਸੇਧਿਆ ਗਿਆ। ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਜਾਰੀ ਧਰਨਿਆਂ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੇਂਦਰ ਸਰਕਾਰ ਨੂੰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਲਿਖੀ ਚਿੱਠੀ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਕਿਸਾਨੀ ਮਸਲਿਆਂ ਪ੍ਰਤੀ ਸੁਹਿਰਦ ਨਹੀਂ ਹੈ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਦੀ ਗੇਂਦ ਇਕ ਦੂਜੇ ਦੇ ਪਾਲੇ ਵਿਚ ਸੁੱਟ ਕੇ ਕੇਂਦਰ ਅਤੇ ਰਾਜ ਸਰਕਾਰਾਂ ਕਿਸਾਨਾਂ ਨਾਲ ਲਗਾਤਾਰ ਮਜ਼ਾਕ ਕਰ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਵੋਟਾਂ ਲੈਣ ਲਈ ਝੂਠੇ ਵਾਅਦੇ ਕਰ ਕੇ ਲੋਕਾਂ ਨੂੰ ਬੇਵਕੂਫ ਬਣਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਲ 2017 ਤੋਂ ਪਹਿਲਾਂ ਸੱਤਾ ਹਥਿਆਉਣ ਲਈ ਕਾਂਗਰਸ ਨੇ ਵੀ ਉਸੇ ਤਰ੍ਹਾਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ, ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੇ ਕੇਂਦਰ ਦੀ ਸੱਤਾ ਹਥਿਆਉਣ ਲਈ ਸਾਲ 2014 ਅਤੇ 2019 ਦੀਆਂ ਸੰਸਦੀ ਚੋਣਾਂ ਸਮੇਂ ਜੁਮਲਿਆਂ ਦਾ ਸਹਾਰਾ ਲਿਆ ਸੀ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨੀ ਅੰਦੋਲਨ ਦੀ ਜਿੱਤ ਤੋਂ ਸਬਕ ਸਿੱਖਣ ਤੇ ਇਸ ਮਸਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਕੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਕ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ।

## ਕਿਸਾਨ ਆਗੂਆਂ ਵੱਲੋਂ ਡਾ. ਸਵੈਮਾਣ ਸਿੰਘ ਦਾ ਸਨਮਾਨ

**ਨਵੀਂ ਦਿੱਲੀ:** ਦਿੱਲੀ ਦੀਆਂ ਬਰੂੰਹਾਂ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸੰਘਰਸ਼ ਦੀ ਕਮਾਨ ਸੰਭਾਲ ਰਹੇ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਸੰਘਰਸ਼ ਵਿਚ ਡਾ. ਸਵੈਮਾਣ ਸਿੰਘ ਪੱਖੋਕੇ ਨੇ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਡਾ. ਸਵੈਮਾਣ ਸਿੰਘ ਨੂੰ ਮਿੱਟੀ ਨਾਲ ਮਿੱਟੀ ਹੋ ਕੇ ਮੁਲਕ ਦਾ ਢਿੱਡ ਭਰਨ ਵਾਲੇ ਅੰਨਦਾਤਾ ਦੇ ਸੰਘਰਸ ਬਾਰੇ ਪਤਾ ਲੱਗਿਆ ਤਾਂ ਉਹ ਸੁੱਖ-ਆਰਾਮ ਦੀ ਜ਼ਿੰਦਗੀ ਛੱਡ ਕੇ ਆਪਣੀ ਟੀਮ ਨਾਲ ਕਿਸਾਨ ਅੰਦੋਲਨ ਵਿਚ ਪਹੁੰਚ ਗਏ। ਸੰਘਰਸ਼ ਵਿਚ ਪਾਏ ਗਏ ਯੋਗਦਾਨ ਬਦਲੇ ਡਾ. ਸਵੈਮਾਣ ਸਿੰਘ ਦਾ ਨਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖਿਆ ਜਾਵੇਗਾ।

# ਕਿਸਾਨ ਮੋਰਚੇ ਵੱਲੋਂ ਸਾਰੀਆਂ ਮੰਗਾਂ ਮਨਵਾ ਕੇ ਹੀ ਘਰ ਵਾਪਸੀ ਦਾ ਅਹਿਦ

**ਨਵੀਂ ਦਿੱਲੀ:** ਤਿੰਨ ਖੇਤੀ ਕਾਨੂੰਨਾਂ ਖਿਲਾਫ ਜੰਗ ਜਿੱਤ ਚੁੱਕੇ ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਐਮ.ਐਸ.ਪੀ. ਦੀ ਗਾਰੰਟੀ ਵਾਲਾ ਕਾਨੂੰਨ, ਕਿਸਾਨ ਅੰਦੋਲਨ ਦੌਰਾਨ ਦਰਜ ਹੋਏ ਕੇਸ ਰੱਦ ਕਰਨ, ਬਿਜਲੀ ਸੋਧ ਕਾਨੂੰਨ ਤੇ ਪਰਾਲੀ ਦਾ ਕਾਨੂੰਨ ਰੱਦ ਕਰਨ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਮਿਲਣ, ਸ਼ਹੀਦ ਕਿਸਾਨਾਂ ਦੀ ਯਾਦਗਾਰ ਬਣਾਉਣ ਅਤੇ ਕਿਸਾਨ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਦੀਆਂ ਮੰਗਾਂ ਮਨਵਾਏ ਬਿਨਾਂ ਦਿੱਲੀ ਦੀਆਂ ਹੱਦਾਂ ਤੋਂ ਕਿਸਾਨ ਮੋਰਚਾ ਖਤਮ ਨਹੀਂ ਕੀਤਾ ਜਾਵੇਗਾ। ਕਿਸਾਨਾਂ ਨੂੰ ਵਹੀਰਾਂ ਘੱਤ ਕੇ ਦਿੱਲੀ ਪਹੁੰਚਣ ਅਤੇ ਅੰਦੋਲਨ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ।



ਅਸਲ ਵਿਚ ਖੇਤੀ ਕਾਨੂੰਨ ਰੱਦ ਹੋਣ ਪਿੱਛੋਂ ਬਕਾਇਆ ਮੰਗਾਂ ਬਾਰੇ ਸਰਕਾਰ ਦੇ ਢਿੱਲੇ ਰਵੱਈਏ ਤੋਂ ਕਿਸਾਨ ਜਥੇਬੰਦੀਆਂ ਖਫ਼ਾ ਨਜ਼ਰ ਆ ਰਹੀਆਂ ਹਨ। ਸਾਂਝੇ ਕਿਸਾਨ ਮੋਰਚੇ ਨੇ ਸਰਕਾਰ ਨਾਲ ਐਮ.ਐਸ.ਪੀ. ਤੇ ਹੋਰ ਮੰਗਾਂ ਮਨਵਾਉਣ ਲਈ ਗੱਲਬਾਤ ਕਰਨ ਵਾਸਤੇ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਪਰ ਅਜੇ ਤੱਕ ਸਰਕਾਰ ਵੱਲੋਂ ਗੱਲਬਾਤ ਲਈ ਕੋਈ ਪਹਿਲ ਨਹੀਂ ਕੀਤੀ ਗਈ ਹੈ। ਜਿਸ ਪਿੱਛੋਂ ਜਥੇਬੰਦੀਆਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਰਣਨੀਤੀ ਬਣਾ ਰਹੀਆਂ ਹਨ।

ਕਿਸਾਨ ਮੋਰਚੇ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਭਾਰਤ ਸਰਕਾਰ ਤੋਂ ਰਸਮੀ ਅਤੇ ਤਸੱਲੀਬਖ਼ਸ਼ ਜਵਾਬ ਨਹੀਂ ਮਿਲਦਾ ਉਦੋਂ ਤੱਕ ਕਿਸਾਨ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਨੂੰ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 702 ਕਿਸਾਨਾਂ ਦੀ ਸੂਚੀ ਵੀ ਭੇਜ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚਾ ਨੇ ਰਹਿੰਦੇ ਮਸਲਿਆਂ ਦੇ ਹੱਲ ਲਈ ਭਾਰਤ ਸਰਕਾਰ ਨਾਲ ਗੱਲਬਾਤ ਲਈ ਬਲਬੀਰ ਸਿੰਘ ਰਾਜੇਵਾਲ, ਗੁਰਨਾਮ ਸਿੰਘ ਚੜੂਨੀ, ਅਸ਼ੋਕ ਧਾਵਲੇ, ਸ਼ਿਵ ਕੁਮਾਰ ਕੱਕਾਜੀ ਤੇ ਯੁੱਧਵੀਰ ਸਿੰਘ 'ਤੇ ਆਧਾਰਿਤ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਰਾਜ ਪੱਧਰੀ ਟੀਮਾਂ ਬਾਰੇ ਵੀ ਫੈਸਲਾ ਕਰੇਗੀ ਜਿਨ੍ਹਾਂ ਨੂੰ ਉਪਰੋਕਤ ਕੁਝ ਮੁੱਦਿਆਂ 'ਤੇ ਕੁਝ ਰਾਜ ਸਰਕਾਰਾਂ ਨਾਲ ਮਿਲ ਕੇ ਕੰਮ ਕਰਨਾ ਪੈ ਸਕਦਾ ਹੈ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨਾਂ ਦੀਆਂ ਛੇ ਬਕਾਇਆ ਮੰਗਾਂ 'ਚ ਐਮ.ਐਸ.ਪੀ. ਪ੍ਰਾਪਤ ਕਰਨ ਲਈ ਕਾਨੂੰਨੀ ਅਧਿਕਾਰ, ਬਿਜਲੀ ਸੋਧ ਬਿੱਲ 2020/2021 ਨੂੰ ਵਾਪਸ ਲੈਣਾ, ਦਿੱਲੀ ਏਅਰ ਕੁਆਲਿਟੀ ਰੈਗੂਲੇਸ਼ਨ ਲਈ ਕਮਿਸ਼ਨ ਦੀ ਸਥਾਪਨਾ ਨਾਲ ਸਬੰਧਤ ਕਾਨੂੰਨ ਵਿਚ ਧਾਰਾ 15 ਨੂੰ ਹਟਾਉਣਾ ਤੇ ਚੱਲ ਰਹੇ ਸੰਘਰਸ਼ ਦੇ ਹਿੱਸੇ ਵਜੋਂ ਉਠੇ 3 ਮੁੱਦੇ ਸ਼ਾਮਲ ਹਨ। ਸ੍ਰੀ ਉਗਰਾਹਾਂ ਨੇ ਛੋਟੀ ਕਮੇਟੀ ਬਣਾਉਣ ਬਾਰੇ ਸਪੱਸ਼ਟ ਕੀਤਾ ਕਿ ਪਹਿਲਾਂ ਵੱਡੇ ਮਸਲੇ ਹਨ ਪਰ ਅਹਿਮ ਮੰਗ ਮੰਨੀ ਗਈ ਹੈ। ਛੋਟੇ ਮਾਮਲਿਆਂ ਲਈ ਹੁਣ ਇਹ ਕਮੇਟੀ ਬਣਾਈ ਗਈ ਹੈ।

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਦਿੱਲੀ ਸਮੇਤ ਵੱਖ-ਵੱਖ ਰਾਜਾਂ ਵਿਚ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਉਨ੍ਹਾਂ ਦੇ ਸਮਰਥਕਾਂ 'ਤੇ ਦਰਜ ਕੇਸ ਰੱਦ ਕਰਵਾਉਣਾ, ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਦੇ ਪੀੜਤ ਪਰਿਵਾਰਾਂ ਦਾ ਮੁੜ ਵਸੇਬਾ ਕਰਵਾਉਣਾ, ਸ਼ਹੀਦ ਕਿਸਾਨਾਂ ਦੀ ਯਾਦਗਾਰ ਬਣਾਉਣ ਲਈ ਜ਼ਮੀਨ ਦੀ ਵੰਡ ਤੇ ਲਖੀਮਪੁਰ ਖੀਰੀ ਹਿੰਸਾ ਦੀ ਘਟਨਾ 'ਚ ਇਨਸਾਫ ਲਈ ਅਜੇ ਮਿਸਰਾ ਟੈਨੀ ਦੀ ਗ੍ਰਿਫਤਾਰੀ ਤੇ ਅਹੁਦੇ ਤੋਂ ਬਰਖ਼ਾਸਤਗੀ, ਉਨ੍ਹਾਂ ਦੀਆਂ ਰਹਿੰਦੀਆਂ ਮੰਗਾਂ ਹਨ। ਉਨ੍ਹਾਂ ਕਿਹਾ, 'ਸੰਯੁਕਤ ਕਿਸਾਨ ਮੋਰਚਾ ਸੀ, ਹੈ ਤੇ ਰਹੇਗਾ।' ਅੱਜ ਦੀ ਬੈਠਕ ਵਿੱਚ ਮੋਰਚੇ ਦੇ ਹੋਰ ਰਾਜਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਇਸ ਮੌਕੇ ਕਿਸਾਨਾਂ ਦੀ ਜਿੱਤ ਦੇ ਨਾਅਰੇ ਵੀ ਲਾਏ ਗਏ। ਇਸੇ ਤਰ੍ਹਾਂ ਕਿਸਾਨ ਆਗੂ ਕ੍ਰਿਸ਼ਨ ਪਾਲ ਨੇ ਦੱਸਿਆ ਕਿ ਉਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਸ਼ਹੀਦ ਹੋਣ ਵਾਲੇ 702 ਕਿਸਾਨਾਂ ਦੀ ਸੂਚੀ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ।

ਆਗੂਆਂ ਨੇ ਕਿਹਾ ਕਿ ਸੰਘਰਸ਼ ਦੌਰਾਨ ਕਿਸਾਨਾਂ 'ਤੇ ਦਰਜ ਕੀਤੇ ਗਏ ਕੇਸਾਂ ਬਾਰੇ ਸੂਬਿਆਂ 'ਤੇ ਗੱਲ ਸੁੱਟ ਕੇ ਵੀ ਕੇਂਦਰ ਵੱਲੋਂ ਪੱਲਾ ਝਾੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸੰਘਰਸ਼ ਦੀਆਂ ਮੁੱਖ ਮੰਗਾਂ ਮੰਨੇ ਜਾਣ ਮਗਰੋਂ ਕੇਸ ਵਾਪਸੀ ਦਾ ਐਲਾਨ ਸਰਕਾਰਾਂ ਵੱਲੋਂ ਕੀਤਾ ਜਾਂਦਾ ਹੈ, ਪਰ ਕੇਂਦਰ ਸਰਕਾਰ ਇਹ ਐਲਾਨ ਕਰਨ ਤੋਂ ਟਾਲਾ ਵੱਟ ਰਹੀ ਹੈ ਪਰ ਕਿਸਾਨ ਹੁਣ ਇਹ ਮਸਲਾ ਇਕ ਪਾਸੇ ਕਰਕੇ ਹੀ ਹਟਣਗੇ ਅਤੇ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਮੋਰਚੇ ਉਤੇ ਡਟੇ ਰਹਿਣਗੇ।

## ਸਿਰਫ 10 ਫੀਸਦੀ ਮਸਲੇ ਬਾਕੀ ਰਹਿ ਗਏ: ਕਿਸਾਨ ਆਗੂ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਸਿਰਫ 10 ਫੀਸਦੀ ਮੰਗਾਂ ਹੀ ਬਾਕੀ ਰਹਿ ਗਈਆਂ ਹਨ ਜੋ ਅਗਲੇ ਦਿਨਾਂ ਦੌਰਾਨ ਪੂਰੀਆਂ ਹੋ ਜਾਣਗੀਆਂ। ਰੁਲਦੂ ਸਿੰਘ ਨੇ ਕਿਹਾ ਕਿ ਹੁਣ ਮੋਰਚਾ ਸਮਾਪਤੀ ਵੱਲ ਵਧ ਰਿਹਾ ਹੈ ਤੇ ਸਭ ਫੈਸਲੇ ਸਰਬਸੰਮਤੀ ਨਾਲ ਲਏ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਲ ਬਾਅਦ ਖੇਤੀ ਕਾਨੂੰਨ ਵਾਪਸ ਲੈਣ ਲਈ ਮੰਨੇ ਹਨ ਤੇ ਕਿਸਾਨ ਯੂਨੀਅਨਾਂ ਵੀ ਇਕ ਸਾਲ ਬਾਅਦ ਛੋਟੀ ਕਮੇਟੀ ਬਣਾਉਣ ਲਈ ਮੰਨੀਆਂ ਹਨ।

## ਕਿਸਾਨ ਮੰਗਾਂ ਦੇ ਨਿਬੇੜੇ ਤੱਕ ਘੋਲ ਜਾਰੀ ਰਹੇਗਾ: ਉਗਰਾਹਾਂ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਟਿਕਰੀ ਸਰਹੱਦ 'ਤੇ ਸੰਘਰਸ਼ ਦੇ ਮੌਜੂਦਾ ਪੜਾਅ ਬਾਰੇ ਅਤੇ ਅਗਲੀ ਰਣਨੀਤੀ ਘੜਨ ਸਬੰਧੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਮਗਰੋਂ ਸੰਘਰਸ਼ ਦੇ ਇਸ ਪੜਾਅ ਬਾਰੇ ਜਥੇਬੰਦੀ ਦੀ ਪਹੁੰਚ ਸਾਂਝੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਖੇਤੀ ਕਾਨੂੰਨ ਰੱਦ ਕਰਨ ਦੀ ਮੁੱਖ ਮੰਗ ਕਿਸਾਨ ਏਕੇ ਤੇ ਸੰਘਰਸ਼ ਦੇ ਜ਼ੋਰ 'ਤੇ ਮਨਵਾਈ ਜਾ ਚੁੱਕੀ ਹੈ। ਇਹ ਸੰਘਰਸ਼ ਦੀ ਵੱਡੀ ਜਿੱਤ ਹੈ, ਪਰ ਸੰਘਰਸ਼ ਦੀਆਂ ਬਾਕੀ ਮੰਗਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਟਾਲ-ਮਟੋਲ ਵਾਲਾ ਹੈ।

# ਸਰਕਾਰ ਨੂੰ ਖੇਤੀ ਕਾਨੂੰਨਾਂ ਦੀ ਹਮਾਇਤ ਬੰਦ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਵੀ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਕ ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਵੱਖ-ਵੱਖ ਥਾਈਂ ਲੱਗੇ ਹੋਏ ਧਰਨਿਆਂ ਵਿਚ ਬੁਲਾਰਿਆਂ ਨੇ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨਾਂ ਦੇ ਸਹੀ ਹੋਣ ਦਾ ਰੌਲਾ ਪਾਉਣ ਵਿਰੁੱਧ ਚਿਤਾਵਨੀ ਦਿੱਤੀ ਹੈ।

ਸੰਯੁਕਤ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਦੇ ਇਸ਼ਾਰੇ 'ਤੇ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਲਗਾਤਾਰ ਇਹ ਬਿਆਨ ਦੇ ਰਹੇ ਹਨ ਕਿ 'ਕਾਨੂੰਨ ਚੰਗੇ ਸਨ, ਬਸ ਕੁਝ ਕਿਸਾਨਾਂ ਨੂੰ ਸਮਝਾ ਨਹੀਂ ਸਕੇ'। ਉਨ੍ਹਾਂ ਕਿਹਾ ਕਿ ਹੁਕਮਰਾਨ ਧਿਰ ਦਾ ਇਹ ਪ੍ਰਚਾਰ ਬਹੁਤ ਅਫਸੋਸਨਾਕ ਤੇ ਖਤਰਨਾਕ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਤੇ ਹਮਾਇਤੀਆਂ ਨੇ ਆਪਣੇ ਕਾਰਪੋਰੇਟ-ਪੱਖੀ ਏਜੰਡੇ ਨੂੰ ਤਿਆਗਿਆ ਨਹੀਂ, ਸਗੋਂ ਕਿਸਾਨ ਅੰਦੋਲਨ ਦੇ ਦਬਾਅ ਹੇਠ ਕੁਝ ਸਮੇਂ ਲਈ ਅੱਗੇ ਪਾਇਆ ਹੈ। ਇਸ ਲਈ ਲਗਾਤਾਰ ਚੌਕਸ ਰਹਿਣ ਦੀ ਲੋੜ ਹੈ।

ਬੁਲਾਰਿਆਂ ਨੇ ਪੰਜਾਬ ਦੇ ਇਕ ਭਾਜਪਾ ਆਗੂ ਦੇ ਉਸ ਬਿਆਨ ਦੀ ਨਿਖੇਧੀ ਕੀਤੀ, ਜਿਸ ਵਿਚ ਉਸ ਨੇ ਕਿਹਾ ਸੀ ਕਿ ਸਿਰਫ ਦੇਸ਼ ਦੀਆਂ ਸਰਹੱਦਾਂ 'ਤੇ ਸ਼ਹੀਦ ਹੋਣ ਵਾਲਿਆਂ ਨੂੰ ਹੀ ਸ਼ਹੀਦ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਸਰਹੱਦਾਂ 'ਤੇ ਸ਼ਹੀਦ ਹੋਣ ਵਾਲੇ ਵੱਡੇ ਸ਼ਹੀਦ ਹਨ ਪਰ ਦੇਸ਼ ਦਾ ਢਿੱਡ ਭਰਨ ਵਾਲੇ ਤੇ ਆਪਣੇ ਹੱਕਾਂ ਲਈ ਹਕੂਮਤ ਨਾਲ ਲੜਦੇ ਹੋਏ ਜਾਨਾਂ ਵਾਰਨ ਵਾਲੇ ਵੀ ਲੋਕਾਂ ਲਈ ਸ਼ਹੀਦ ਹੀ ਹਨ। ਉਨ੍ਹਾਂ ਕਿਹਾ ਕਿ ਸੰਘਰਸ਼ ਦੌਰਾਨ ਜਾਨਾਂ ਵਾਰਨ ਵਾਲੇ ਕਿਸਾਨਾਂ ਨੂੰ ਸ਼ਹੀਦ ਨਾ ਮੰਨਣਾ ਸਾਡੇ ਜ਼ਖਮਾਂ 'ਤੇ ਲੂਣ ਛਿੜਕਣ ਬਰਾਬਰ ਹੈ।



## ਮੋਰਚੇ ਵੱਲੋਂ ਤੋਮਰ ਦੇ ਬਿਆਨ ਦੀ ਆਲੋਚਨਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਦੇ ਉਸ ਬਿਆਨ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਅੰਦੋਲਨ ਖਤਮ ਕਰ ਕੇ ਆਪੋ-ਆਪਣੇ ਘਰਾਂ ਨੂੰ ਪਰਤਣ ਦੀ ਅਪੀਲ ਕੀਤੀ ਹੈ। ਕਿਸਾਨ ਆਗੂਆਂ ਅਨੁਸਾਰ ਮੋਰਚੇ ਨੂੰ ਅੰਦੋਲਨਕਾਰੀ ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲਏ ਜਾਣ ਦੀ ਉਡੀਕ ਹੈ। ਮੋਰਚੇ ਵੱਲੋਂ ਜਾਰੀ ਇਕ ਬਿਆਨ 'ਚ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੂੰ ਚੇਤੇ ਕਰਵਾਇਆ ਗਿਆ ਹੈ ਕਿ ਪ੍ਰਧਾਨ ਮੰਤਰੀ ਨੂੰ 21 ਨਵੰਬਰ ਨੂੰ ਮੋਰਚੇ ਵੱਲੋਂ ਲਿਖੇ ਗਏ ਪੱਤਰ ਵਿਚਲੀਆਂ ਕਈ ਮੰਗਾਂ ਮੰਨੀਆਂ ਜਾਣੀਆਂ ਅਜੇ ਬਾਕੀ ਹਨ, ਜਿਨ੍ਹਾਂ ਦੇ ਪੂਰੇ ਹੋਣ ਦੀ ਆਸ ਮੋਰਚਿਆਂ 'ਤੇ ਡਟੇ ਕਿਸਾਨ ਕਰ ਰਹੇ ਹਨ।

# ਅਮਰੀਕੀ ਫਿਲਮਸਾਜ਼ ਬੇਦੋਬਰਾਤਾ ਟਿਕਰੀ ਮੋਰਚੇ 'ਤੇ ਪਹੁੰਚੇ

**ਨਵੀਂ ਦਿੱਲੀ:** ਅਮਰੀਕੀ ਫਿਲਮਸਾਜ਼ ਤੇ 'ਨਾਸਾ' ਦੇ ਸਾਬਕਾ ਵਿਗਿਆਨੀ ਬੇਦੋਬਰਾਤਾ ਪੇਨ ਕਿਸਾਨ ਅੰਦੋਲਨ 'ਤੇ ਬਣਾਈ ਜਾ ਰਹੀ ਦਸਤਾਵੇਜ਼ੀ ਦੇ ਫਿਲਮਾਂਕਣ ਲਈ ਟਿਕਰੀ ਹੱਦ 'ਤੇ ਪਹੁੰਚੇ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਸਮੇਤ ਮੋਰਚੇ ਵਿਚ ਸ਼ਾਮਲ ਲੋਕਾਂ ਨਾਲ ਅੰਦੋਲਨ ਬਾਰੇ ਗੱਲਬਾਤ ਕਰ ਕੇ ਸੰਘਰਸ਼ ਸਬੰਧੀ ਜਾਣਕਾਰੀ ਇਕੱਤਰ ਕੀਤੀ।

ਜ਼ਿਕਰਯੋਗ ਹੈ ਕਿ ਬੇਦੋਬਰਾਤਾ ਪੇਨ ਕਾਰਪੋਰੇਟ ਘਰਾਣਿਆਂ ਵੱਲੋਂ ਤਬਾਹ ਕੀਤੀ ਗਈ ਅਮਰੀਕੀ ਕਿਸਾਨੀ ਸਬੰਧੀ ਪਹਿਲਾਂ ਵੀ ਇਕ ਦਸਤਾਵੇਜ਼ੀ ਬਣਾ ਚੁੱਕੇ ਹਨ। ਇਸ ਵਿਚ ਅਮਰੀਕਾ ਦੇ ਕਿਸਾਨਾਂ ਦਾ ਭਾਰਤੀ ਕਿਸਾਨਾਂ ਨੂੰ ਸੁਨੇਹਾ ਹੈ ਕਿ ਕਿਵੇਂ ਅਮਰੀਕਾ ਵਿਚ ਖੇਤੀ ਸੁਧਾਰਾਂ ਦੇ ਨਾਂ 'ਤੇ ਸਾਰੀ ਕਿਸਾਨੀ ਨੂੰ ਤਬਾਹ ਕਰ ਕੇ ਜ਼ਮੀਨ ਕੰਪਨੀਆਂ ਹਵਾਲੇ ਕਰ ਦਿੱਤੀ ਗਈ।

ਕਿਸਾਨ ਆਗੂ ਦੀਪ ਸਿੰਘ ਵਾਲਾ ਨੇ ਕਿਹਾ ਕਿ ਇਸ ਅੰਦੋਲਨ ਦੀ ਜਿੱਤ ਨੇ ਕਾਰਪੋਰੇਟ ਪੱਖੀ ਸਰਕਾਰਾਂ ਨੂੰ ਚਿੰਤਾ 'ਚ ਪਾਇਆ ਹੈ ਤੇ ਦੁਨੀਆਂ ਭਰ ਦੇ ਪੂੰਜੀਵਾਦੀ ਪ੍ਰਬੰਧ ਤੋਂ ਸਤਾਏ ਲੋਕਾਂ ਨੂੰ ਹੱਕਾਂ ਲਈ ਆਵਾਜ਼ ਚੁੱਕਣ ਲਈ ਪ੍ਰੇਰਿਆ ਹੈ। ਇਸੇ ਕਰਕੇ ਵੱਖ-ਵੱਖ ਯੂਨੀਵਰਸਿਟੀਆਂ ਦੇ ਖੋਜਾਰਥੀ ਤੇ ਹੋਰ ਚੇਤੰਨ ਲੋਕ ਲਗਾਤਾਰ ਮੋਰਚੇ ਬਾਰੇ ਲਿਖਣ ਅਤੇ ਹੋਰ ਜਾਣਕਾਰੀ ਇਕੱਤਰ ਕਰਨ ਲਈ ਮੋਰਚੇ 'ਚ ਪਹੁੰਚ ਰਹੇ ਹਨ।

ਬੇਦੋਬਰਾਤਾ ਪੇਨ ਅਤੇ ਪੱਤਰਕਾਰ ਸ੍ਰਿਸ਼ਟੀ ਅਗਰਵਾਲ ਨੇ ਦੱਸਿਆ ਕਿ ਅਮਰੀਕਾ ਵਿਚ ਔਸਤਨ ਡੇਢ ਸੌ ਏਕੜ ਵਾਲੇ ਕਿਸਾਨ ਸਨ। ਕਾਰਪੋਰੇਟਾਂ ਨੇ ਇਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਕੇ ਉਥੇ ਵੱਡੇ-ਵੱਡੇ ਫਾਰਮ ਬਣਾ ਲਏ ਹਨ। ਇਸ ਤੋਂ ਇਲਾਵਾ ਪਸ਼ੂ ਪਾਲਣ ਕਿੱਤਾ ਵੀ ਕਾਰਪੋਰੇਟਾਂ ਨੇ ਤਹਿਸ-ਨਹਿਸ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿਚ ਹਰ ਕਿਸਾਨ ਪਰਿਵਾਰ 'ਚੋਂ ਕਿਸੇ ਨਾ ਕਿਸੇ ਮੈਂਬਰ ਨੇ ਖੁਦਕੁਸ਼ੀ ਕੀਤੀ ਹੈ। ਯਾਦ ਰਹੇ ਕਿ ਇਸ ਮਿਸਾਲੀ ਕਿਸਾਨ ਘੋਲ ਬਾਰੇ ਬਹੁਤ ਸਾਰੇ ਲੇਖ ਲਿਖੇ ਜਾ ਚੁੱਕੇ ਹਨ ਅਤੇ ਬਹੁਤ ਸਾਰੀਆਂ ਦਸਤਾਵੇਜ਼ੀ ਫਿਲਮਾਂ ਵੀ ਬਣ ਚੁੱਕੀਆਂ ਹਨ।

# ਸੰਯੁਕਤ ਕਿਸਾਨ ਮੋਰਚੇ ਨੂੰ ਹੁਣ ਤੱਕ ਮਿਲੇ ਛੇ ਕਰੋੜ ਦੇ ਫੰਡ


**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਦੱਸਿਆ ਕਿ ਅੰਦੋਲਨ ਦੌਰਾਨ ਉਨ੍ਹਾਂ ਨੂੰ ਵੱਖ-ਵੱਖ ਸਰੋਤਾਂ ਰਾਹੀਂ ਛੇ ਕਰੋੜ ਦੇ ਫੰਡ ਪ੍ਰਾਪਤ ਹੋਏ ਅਤੇ ਇਸ 'ਚੋਂ 96 ਲੱਖ ਰੁਪਏ ਉਨ੍ਹਾਂ ਕੋਲ ਜਮ੍ਹਾਂ ਹਨ। ਬਾਕੀ ਆਮ ਲੋਕਾਂ, ਸੰਸਥਾਵਾਂ, ਅਦਾਰਿਆਂ ਵੱਲੋਂ ਨਿੱਜੀ ਤੌਰ 'ਤੇ ਕੀਤੇ ਗਏ ਖਰਚੇ ਵੱਖਰੇ ਹਨ। ਕਿਸਾਨ ਆਗੂਆਂ ਨੇ ਸਟੇਜ ਤੋਂ ਸਾਰੇ ਖਰਚਿਆਂ ਦਾ ਹਿਸਾਬ ਦੇ ਕੇ ਮੋਰਚੇ 'ਤੇ ਉਂਗਲ ਚੁੱਕਣ ਵਾਲੇ ਲੋਕਾਂ ਦਾ 'ਮੂੰਹ ਬੰਦ' ਕਰਨ ਦੀ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਹਾਦਸਿਆਂ, ਮੌਤਾਂ ਅਤੇ ਸਿਹਤ 'ਤੇ ਲਗਭਗ 68.5 ਲੱਖ ਰੁਪਏ ਖਰਚ ਕੀਤੇ ਗਏ। ਇਸੇ ਤਰ੍ਹਾਂ 17.9 ਲੱਖ ਰੁਪਏ ਪਾਣੀ 'ਤੇ, 38.3 ਲੱਖ ਰੁਪਏ ਤਰਪਾਲਾਂ, ਕੈਮਰੇ, ਵਾਕੀ-ਟਾਕੀ, ਕੁਰਸੀਆਂ, ਫਲੈਕਸ, ਪੱਖੇ, ਕੂਲਰ ਅਤੇ ਪੰਡਾਲ 'ਤੇ, 36.8 ਲੱਖ ਰੁਪਏ ਸੋਸ਼ਲ ਮੀਡੀਆ 'ਤੇ, 32.8 ਲੱਖ ਰੁਪਏ ਸਫਾਈ ਪ੍ਰਬੰਧਾਂ, 81.4 ਲੱਖ ਰੁਪਏ ਸਟੇਜ, ਸਾਊਂਡ ਤੇ ਲਾਈਟਿੰਗ, 50.9 ਲੱਖ ਟੈਂਟਾਂ ਅਤੇ 19.2 ਲੱਖ ਰੁਪਏ ਵਾਟਰ ਪਰੂਫ ਪੰਡਾਲ 'ਤੇ ਖਰਚੇ ਗਏ। 5.39 ਕਰੋੜ ਰੁਪਏ ਖਰਚਾ ਕੱਢ ਕੇ ਮੋਰਚੇ ਕੋਲ ਹੁਣ 96 ਲੱਖ ਤੋਂ ਵੱਧ ਰਕਮ ਜਮ੍ਹਾਂ ਹੈ।

ਆਗੂਆਂ ਨੇ ਦੱਸਿਆ ਕਿ ਮੋਰਚੇ ਨੇ ਹਿਸਾਬ ਰੱਖਣ ਲਈ ਇਕ ਖਰਚਾ ਕਮੇਟੀ ਬਣਾਈ ਹੈ, ਜਿਸ 'ਚ ਰਵਿੰਦਰ ਸਿੰਘ ਪਟਿਆਲਾ, ਹਰਜੀਤ ਸਿੰਘ ਰਵੀ, ਮਨਜੀਤ ਸਿੰਘ ਰਾਇ, ਗੁਰਮੀਤ ਸਿੰਘ ਮਹਿਮਾ ਸਮੇਤ ਬਲਜੀਤ ਸਿੰਘ ਗਰੇਵਾਲ ਸ਼ਾਮਲ ਹਨ। ਇਸ ਤੋਂ ਇਲਾਵਾ ਦਾਨੀਆਂ ਤੋਂ ਪੈਸੇ ਇਕੱਠੇ ਕਰਨ ਲਈ ਇਕ ਹੋਰ ਕਮੇਟੀ ਬਣਾਈ ਗਈ ਹੈ, ਜਿਸ ਵਿਚ ਮੁੱਖ ਤੌਰ 'ਤੇ ਸੰਤੋਖ ਸਿੰਘ ਸੰਧੂ, ਅਮਰੀਕ ਸਿੰਘ ਨਿੰਝਰ ਤੇ ਰਵੇਲ ਸਿੰਘ ਸ਼ਾਮਲ ਹਨ।

# ਕਿਸਾਨਾਂ ਦੀਆਂ ਮੌਤਾਂ ਦੇ ਮੁੱਦੇ 'ਤੇ ਰਾਹੁਲ ਨੇ ਕੇਂਦਰ ਨੂੰ ਘੇਰਿਆ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਸ਼ਹੀਦੀਆਂ ਪਾਉਣ ਵਾਲੇ ਕਿਸਾਨਾਂ ਦਾ 'ਕੋਈ ਰਿਕਾਰਡ ਨਾ ਹੋਣ' ਬਾਰੇ ਕੇਂਦਰ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਇਸ ਨੂੰ 'ਗੈਰ-ਸੰਵੇਦਨਸ਼ੀਲ' ਤੇ 'ਹੰਕਾਰੀ ਰਵੱਈਆ' ਕਰਾਰ ਦਿੱਤਾ।



ਰਾਹੁਲ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਨਹੀਂ ਸੀ ਪਰ ਫਿਰ ਵੀ 403 ਕਿਸਾਨਾਂ ਦੇ ਵਾਰਸਾਂ ਨੂੰ ਪੰਜ-ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਪੰਜਾਬ ਦੇ ਬਾਹਰੋਂ ਵੀ 100 ਕਿਸਾਨਾਂ ਦੀ ਸੂਚੀ ਹੈ ਜਿਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਜਾਨ ਗੁਆਈ ਹੈ। ਇਸ ਤੋਂ ਇਲਾਵਾ 200 ਕਿਸਾਨਾਂ ਦੀ ਇਕ ਸੂਚੀ ਹੋਰ ਵੀ ਹੈ ਜੋ ਕਿ ਲੋਕਾਂ ਵੱਲੋਂ ਮੁਹੱਈਆ ਰਿਕਾਰਡ ਦੇ ਅਧਾਰ ਉਤੇ ਬਣੀ ਹੈ।

ਖੇਤੀ ਕਾਨੂੰਨ ਰੱਦ ਹੋਣ ਤੋਂ ਬਾਅਦ ਕਿਸਾਨਾਂ ਦੀਆਂ ਬਾਕੀ ਮੰਗਾਂ ਬਾਰੇ ਪੁੱਛਣ 'ਤੇ ਰਾਹੁਲ ਨੇ ਕਿਹਾ 'ਮੈਨੂੰ ਨਹੀਂ ਲੱਗਦਾ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨੇਗੀ, ਇਸ ਦੇ ਇਰਾਦੇ ਸਹੀ ਨਹੀਂ ਹਨ।' ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਖੇਤੀ ਕਾਨੂੰਨ ਲਿਆਉਣ ਨੂੰ ਖੁਦ ਹੀ ਗਲਤੀ ਮੰਨਿਆ ਹੈ। ਉਨ੍ਹਾਂ ਮੁਆਫੀ ਵੀ ਮੰਗੀ ਪਰ ਐਨੀ ਇਨਸਾਨੀਅਤ ਤੇ ਮਰਿਆਦਾ ਨਹੀਂ ਦਿਖਾਈ ਕਿ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਵੀ ਦੇ ਸਕਣ। ਕਾਂਗਰਸ ਆਗੂ ਨੇ ਕਿਹਾ ਕਿ 'ਖੁਦ ਹੀ ਗਲਤੀ ਮੰਨ ਕੇ ਹੁਣ ਤੁਸੀਂ ਕਹਿ ਰਹੇ ਹੋ ਕਿ ਕੋਈ ਨਹੀਂ ਮਰਿਆ। ਭਾਰਤ ਦੇ ਪ੍ਰਧਾਨ ਮੰਤਰੀ ਨੂੰ ਅਜਿਹਾ ਵਤੀਰਾ ਸ਼ੋਭਾ ਨਹੀਂ ਦਿੰਦਾ। ਇਹ ਅਨੈਤਿਕ ਤੇ ਉਦਾਸ ਕਰਨ ਵਾਲਾ ਵਿਹਾਰ ਹੈ।' ਰਾਹੁਲ ਨੇ ਕਿਹਾ ਕਿ ਸਮਝ ਨਹੀਂ ਆ ਰਿਹਾ ਕਿ ਮੁਆਵਜ਼ਾ ਦੇਣਾ ਸਰਕਾਰ ਨੂੰ ਐਨਾ ਵੱਡਾ ਮੁੱਦਾ ਕਿਉਂ ਲੱਗ ਰਿਹਾ ਹੈ।

## 'ਸਰਕਾਰ ਕੁਫਰ ਨਾ ਤੋਲੇ'

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਸਰਕਾਰ ਕੋਲ ਜੇ ਅੰਦੋਲਨ ਦੌਰਾਨ ਸ਼ਹੀਦ ਹੋਏ ਸੱਤ ਸੌ ਦੇ ਕਰੀਬ ਕਿਸਾਨਾਂ ਬਾਰੇ ਕੋਈ ਜਾਣਕਾਰੀ/ਅੰਕੜੇ ਨਹੀਂ ਹਨ ਤਾਂ ਸੰਯੁਕਤ ਕਿਸਾਨ ਮੋਰਚਾ ਇਹ ਸੂਚੀ ਸਰਕਾਰ ਨੂੰ ਮੁਹੱਈਆ ਕਰਵਾਉਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਪਵਿੱਤਰ ਸਦਨ 'ਚ ਕੇਂਦਰੀ ਖੇਤੀ ਮੰਤਰੀ ਨੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਬਾਰੇ ਸਰਕਾਰ ਕੋਲ ਕੋਈ ਵੇਰਵੇ ਨਾ ਹੋਣ ਬਾਰੇ ਕੁਫਰ ਤੋਲ ਕੇ ਦੇਸ਼ ਦੇ ਸਾਹਮਣੇ ਦੂਜੀ ਵਾਰ ਲੋਕ ਸਭਾ 'ਚ ਸ਼ਰਮਨਾਕ ਝੂਠ ਬੋਲਿਆ ਹੈ।

# ਪੂਰੀ ਦੁਨੀਆ ਨੂੰ ਲਪੇਟਣ ਲੱਗਾ 'ਓਮੀਕਰੋਨ'; ਭਾਰਤ 'ਚ ਚੌਕਸੀ ਦੇ ਹੁਕਮ



**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਨਵਾਂ ਰੂਪ ਓਮੀਕਰੋਨ ਪੂਰੀ ਦੁਨੀਆਂ ਨੂੰ ਘੇਰੇ ਵਿਚ ਲੈ ਰਿਹਾ ਹੈ। ਇਹ ਰੂਪ ਬੋਸਤਵਾਨਾ ਆਸਟਰੇਲੀਆ, ਜਰਮਨੀ, ਇਟਲੀ, ਬੈਲਜੀਅਮ, ਚੈੱਕ ਗਣਰਾਜ, ਇਜਰਾਈਲ, ਇੰਗਲੈਂਡ ਤੋਂ ਬਾਅਦ ਭਾਰਤ, ਅਮਰੀਕਾ ਸਣੇ ਵੱਡੀ ਗਿਣਤੀ ਦੇਸ਼ਾਂ ਵਿਚ ਫੈਲ ਰਿਹਾ ਹੈ।

ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਦੱਖਣੀ ਅਫਰੀਕਾ ਤੋਂ ਆਉਂਦੀਆਂ ਹਵਾਈ ਉਡਾਣਾਂ ਬੰਦ ਕਰ ਦਿੱਤੀਆਂ ਹਨ। ਦੱਖਣੀ ਅਫਰੀਕਾ ਅਤੇ ਬੋਸਤਵਾਨਾ ਦੇ ਵਿਗਿਆਨੀਆਂ ਨੇ ਇਸ ਰੂਪ ਦੀ ਸ਼ਨਾਖ਼ਤ ਕੀਤੀ ਹੈ ਪਰ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਇਹ ਰੂਪ ਦੱਖਣੀ ਅਫਰੀਕਾ ਵਿਚ ਹੀ ਪੈਦਾ ਹੋਇਆ ਹੈ। ਦੱਖਣੀ ਅਫਰੀਕਾ ਦੇ ਵਿਗਿਆਨੀਆਂ ਅਨੁਸਾਰ ਇਸ ਰੂਪ ਵਿਚ ਕਰੋਨਾ ਵਾਇਰਸ ਦੇ ਸਭ ਤੋਂ ਪਹਿਲਾਂ ਪਾਏ ਗਏ ਰੂਪ ਦੇ ਮੁਕਾਬਲੇ ਲਗਭਗ 50 ਤਬਦੀਲੀਆਂ ਹੋ ਚੁੱਕੀਆਂ ਹਨ ਅਤੇ ਇਹ ਤੇਜੀ ਨਾਲ ਫੈਲਦਾ ਹੈ।

ਅਮਰੀਕਾ ਦੇ ਨਿਊ ਯਾਰਕ ਵਿਚ ਓਮੀਕਰੋਨ ਦੇ ਤਿੰਨ ਹੋਰ ਮਾਮਲੇ ਸਾਹਮਣੇ ਆਏ ਅਤੇ ਇਸ ਨਾਲ ਸੂਬੇ ਵਿਚ ਕਰੋਨਾ ਵਾਇਰਸ ਦੇ ਨਵੇਂ ਸਰੂਪ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਵਧ ਕੇ ਅੱਠ ਹੋ ਗਈ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਉਨ੍ਹਾਂ ਸੂਬਿਆਂ ਦੀ ਗਿਣਤੀ ਵਧ ਗਈ ਹੈ ਜਿੱਥੇ ਓਮੀਕਰੋਨ ਸਰੂਪ ਦੇ ਪਹਿਲੇ ਮਾਮਲੇ ਸਾਹਮਣੇ ਆਏ ਹਨ।

ਅਜਿਹੇ ਸੂਬਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ ਜਿਨ੍ਹਾਂ ਵਿਚ ਕਰੋਨਾ ਦੇ ਇਸ ਨਵੇਂ ਸਰੂਪ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਨ੍ਹਾਂ ਸੂਬਿਆਂ ਵਿਚੋਂ ਨਿਊ ਜਰਸੀ, ਜੌਰਜੀਆ, ਪੈਨਸਿਲਵੇਨੀਆ ਅਤੇ ਮੈਰੀਲੈਂਡ ਵਿਚ ਪਹਿਲੀ ਵਾਰ ਇਸ ਸਰੂਪ ਦੇ ਮਾਮਲੇ ਸਾਹਮਣੇ ਆਏ ਸਨ ਜਦਕਿ ਮਿਸੂਰੀ ਵਿਚ ਵੀ ਇਸ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਤੋਂ ਇਲਾਵਾ ਨੈਬ੍ਰਾਸਕਾ, ਮਿਨੈਸੋਟਾ, ਕੈਲੀਫੋਰਨੀਆ, ਹਵਾਈ, ਕੋਲੋਰਾਡੋ ਅਤੇ ਉਟਾਹ ਵਿਚ ਵੀ ਓਮੀਕਰੋਨ ਸਰੂਪ ਦੇ ਮਾਮਲੇ ਸਾਹਮਣੇ ਆਏ ਹਨ। ਨਿਊ ਯਾਰਕ ਸੂਬੇ ਵਿੱਚੋਂ ਸੱਤ ਮਾਮਲੇ ਨਿਊਯਾਰਕ ਸਿਟੀ 'ਚ ਮਿਲੇ ਹਨ ਜਦਕਿ ਇਕ ਹੋਰ ਮਰੀਜ਼ ਸੂਫੋਲਕ ਕਾਊਂਟੀ ਵਿਚ ਮਿਲਿਆ ਹੈ।

ਉਧਰ, ਭਾਰਤ ਸਰਕਾਰ ਨੇ ਕਰਨਾਟਕ, ਕੇਰਲਾ, ਤਾਮਿਲ ਨਾਡੂ, ਜੰਮੂ ਕਸ਼ਮੀਰ, ਉੜੀਸਾ ਤੇ ਮਿਜ਼ੋਰਮ ਨੂੰ ਪੱਤਰ ਲਿਖ ਕੇ ਕੋਵਿਡ-19 ਦੇ ਪਸਾਰੇ 'ਤੇ ਕੰਟਰੋਲ ਲਈ ਜਾਂਚ-ਪਤਾ ਲਾਉਣ, ਇਲਾਜ ਕਰਨ, ਟੀਕਾਕਰਨ ਕਰਨ, ਕੋਵਿਡ ਨੇਮਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਨੀਤੀ ਲਈ ਜਰੂਰੀ ਕਦਮ ਚੁੱਕਣ ਨੂੰ ਕਿਹਾ। ਕੁਝ ਜਿਲ੍ਹਿਆਂ 'ਚ ਕਰੋਨਾ ਦੇ ਵਧਦੇ ਕੇਸਾਂ, ਹਫਤਾਵਾਰੀ ਲਾਗ ਤੇ ਮੌਤ ਦਰ ਵਧਣ ਦੇ ਮਾਮਲਿਆਂ ਨੂੰ ਦੇਖਦਿਆਂ ਇਹ ਕਦਮ ਚੁੱਕਿਆ ਗਿਆ ਹੈ।

ਕਰੋਨਾ ਵਾਇਰਸ ਦੇ ਨਵੇਂ ਓਮੀਕਰੋਨ ਸਰੂਪ ਨੂੰ ਦੇਖਦਿਆਂ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਲਿਖੇ ਪੱਤਰ ਦਾ ਜ਼ਿਕਰ ਕਰਦਿਆਂ ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਨੇ ਕਿਹਾ ਕਿ ਸਾਰੇ ਰਾਜਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਕੌਮਾਂਤਰੀ ਮੁਸਾਫਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ, ਨਵੇਂ ਹੌਟ ਸਪੌਟਾਂ ਦੀ ਨਿਗਰਾਨੀ ਕੀਤੀ ਜਾਵੇ, ਲਾਗ ਪੀੜਤਾਂ ਦੇ ਸੰਪਰਕ 'ਚ ਆਏ ਲੋਕਾਂ ਦਾ ਤੁਰੰਤ ਪਤਾ ਲਾਇਆ ਜਾਵੇ।

## ਅਮਰੀਕਾ ਆਉਣ ਵਾਲਿਆਂ ਲਈ ਨੈਗੇਟਿਵ ਰਿਪੋਰਟ ਜ਼ਰੂਰੀ

**ਵਾਸ਼ਿੰਗਟਨ:** ਕਰੋਨਾ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਅਮਰੀਕਾ ਨੇ ਭਾਰਤ ਸਣੇ ਹੋਰ ਦੇਸ਼ਾਂ ਤੋਂ ਇਥੇ ਆਉਣ ਵਾਲੇ ਸਾਰੇ ਯਾਤਰੀਆਂ ਲਈ ਕੋਵਿਡ-19 ਦੀ ਨੈਗੇਟਿਵ ਜਾਂਚ ਰਿਪੋਰਟ ਨਾਲ ਲੈ ਕੇ ਆਉਣਾ ਜਾਂ ਲਾਗ ਤੋਂ ਉੱਭਰਨ ਦਾ ਸਬੂਤ ਨਾਲ ਲੈ ਕੇ ਆਉਣਾ ਜਰੂਰੀ ਕਰ ਦਿੱਤਾ ਹੈ। ਇਹ ਨਵਾਂ ਨਿਯਮ 6 ਦਸੰਬਰ ਤੋਂ ਪ੍ਰਭਾਵੀ ਹੋਵੇਗਾ। ਸਿਹਤ ਤੇ ਮਨੁੱਖੀ ਸੇਵਾ ਵਿਭਾਗ ਅਧੀਨ ਆਉਂਦੇ ਸੈਂਟਰ ਫਾਰ ਡਿਜੀਜ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀਡੀਸੀ) ਨੇ ਇਹ ਜਾਣਕਾਰੀ ਦਿੱਤੀ।

# ਜੀ.ਐਸ.ਟੀ: ਨਵੰਬਰ ਚ 1.31 ਲੱਖ ਕਰੋੜ ਰੁਪਏ ਇਕੱਤਰ

**ਨਵੀਂ ਦਿੱਲੀ:** ਪਿਛਲੇ ਮਹੀਨੇ ਨਵੰਬਰ 'ਚ ਜੀ.ਐਸ.ਟੀ. ਕੁਲੈਕਸ਼ਨ 1.31 ਲੱਖ ਕਰੋੜ ਰੁਪਏ ਤੋਂ ਵੱਧ ਦਾ ਹੋਇਆ। ਵਿੱਤ ਮੰਤਰਾਲੇ ਨੇ ਕਿਹਾ ਕਿ ਇਹ ਜੁਲਾਈ 2017 'ਚ ਜੀ.ਐਸ.ਟੀ. ਦੇ ਲਾਗੂ ਹੋਣ ਤੋਂ ਬਾਅਦ ਦੂਜਾ ਸਭ ਤੋਂ ਜ਼ਿਆਦਾ ਕੁਲੈਕਸ਼ਨ ਹੈ।

ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਨਵੰਬਰ 'ਚ ਇਕੱਤਰ ਕੁੱਲ ਮਾਲੀਆ 1,31,526 ਕਰੋੜ ਰੁਪਏ ਹੈ ਜਿਸ 'ਚ ਸੀ.ਜੀ.ਐਸ.ਟੀ. 23,978 ਕਰੋੜ, ਐਸ.ਜੀ.ਐਸ.ਟੀ. 31,127 ਕਰੋੜ, ਆਈ.ਜੀ.ਐਸ.ਟੀ. 66,815 ਕਰੋੜ ਅਤੇ ਸੈੱਸ 9,606 ਕਰੋੜ ਰੁਪਏ ਹੈ। ਸਾਲ 2021 ਦੇ ਨਵੰਬਰ ਮਹੀਨੇ ਲਈ ਜੀ.ਐਸ.ਟੀ. ਮਾਲੀਆ ਪਿਛਲੇ ਸਾਲ ਦੇ ਮੁਕਾਬਲੇ 'ਚ 25 ਫੀਸਦ ਵਧੇਰੇ ਹੈ ਅਤੇ ਨਵੰਬਰ 2019 ਦੇ ਮੁਕਾਬਲੇ 'ਚ 27 ਫੀਸਦ ਵੱਧ ਹੈ।

ਮੰਤਰਾਲੇ ਨੇ ਕਿਹਾ,''ਨਵੰਬਰ 2021 ਲਈ ਜੀ.ਐਸ.ਟੀ. ਮਾਲੀਆ ਜੀ.ਐਸ.ਟੀ. ਦੀ ਸ਼ੁਰੂਆਤ ਤੋਂ ਬਾਅਦ ਦੂਜਾ ਸਭ ਤੋਂ ਜ਼ਿਆਦਾ ਕੁਲੈਕਸ਼ਨ ਹੈ। ਇਹ ਪਿਛਲੇ ਮਹੀਨੇ ਦੇ ਮਾਲੀਏ ਨਾਲੋਂ ਜ਼ਿਆਦਾ ਹੈ। ਇਹ ਆਰਥਿਕ ਸੁਧਾਰ 'ਚ ਆਈ ਤੇਜੀ ਮੁਤਾਬਕ ਹੈ।" ਅਕਤੂਬਰ 2021 'ਚ ਜੀ.ਐਸ.ਟੀ. ਮਾਲੀਆ 1,30,127 ਕਰੋੜ ਰੁਪਏ ਇਕੱਤਰ ਹੋਇਆ ਸੀ ਜਦਕਿ ਅਪਰੈਲ 'ਚ ਇਹ ਸਭ ਤੋਂ ਜ਼ਿਆਦਾ 1.41 ਲੱਖ ਕਰੋੜ ਰੁਪਏ ਸੀ। ਸਰਕਾਰ ਵੱਲੋਂ ਵੱਖ-ਵੱਖ ਨੀਤੀਆਂ ਅਤੇ ਉਠਾਏ ਗਏ ਪ੍ਰਸ਼ਾਸਨਿਕ ਕਦਮਾਂ ਦਾ ਨਤੀਜਾ ਹੈ ਕਿ ਜੀ.ਐਸ.ਟੀ. ਵਧੇਰੇ ਇਕੱਤਰ ਹੋ ਰਿਹਾ ਹੈ। ਪਿਛਲੇ ਇਕ ਸਾਲ 'ਚ ਸੁਧਾਰਾਂ ਲਈ ਕਈ ਕਦਮ ਉਠਾਏ ਗਏ ਹਨ।

# ਮਾੜੇ ਕੋਵਿਡ ਪ੍ਰਬੰਧਾਂ ਦੇ ਮੁੱਦੇ 'ਤੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਵਿਰੋਧੀ ਧਿਰਾਂ ਨੇ ਕੋਵਿਡ-19 ਪ੍ਰਬੰਧਨ ਨੂੰ ਲੈ ਕੇ ਸਰਕਾਰ 'ਤੇ ਰਾਜਾਂ ਨਾਲ ਪੱਖਪਾਤ ਕਰਨ ਦਾ ਦੋਸ਼ ਲਾਇਆ ਹੈ। ਲੋਕ ਸਭਾ ਵਿਚ ਕੋਵਿਡ-19 ਮਹਾਮਾਰੀ 'ਤੇ ਹੋਈ ਵਿਚਾਰ ਚਰਚਾ ਦੌਰਾਨ ਵਿਰੋਧੀ ਪਾਰਟੀਆਂ ਨੇ ਕਿਹਾ ਕਿ ਸਰਕਾਰ ਦੂਜੀ ਲਹਿਰ ਦੌਰਾਨ ਕੋਵਿਡ-19 ਦੇ ਪ੍ਰਬੰਧਨ ਵਿਚ ਨਾਕਾਮ ਰਹੀ ਤੇ ਵੈਕਸੀਨਾਂ ਦੀ ਵੰਡ ਮੌਕੇ ਭਾਜਪਾ ਸ਼ਾਸਿਤ ਰਾਜਾਂ ਨੂੰ ਤਰਜੀਹ ਦਿੱਤੀ ਗਈ। ਵਿਰੋਧੀ ਧਿਰਾਂ ਨੇ 100 ਕਰੋੜ ਟੀਕਾਕਰਨ ਦੀ ਉਪਲਬਧੀ ਲਈ ਮਨਾਏ ਜਸ਼ਨਾਂ ਨੂੰ ਸਮੇਂ ਤੋਂ ਪਹਿਲਾਂ ਦੀ ਕਾਰਵਾਈ ਦੱਸਿਆ।



ਸ਼ਿਵ ਸੈਨਾ ਦੇ ਆਗੂ ਵਿਧਾਇਕ ਰਾਊਤ ਨੇ ਹੇਠਲੇ ਸਦਨ ਵਿਚ ਕੋਵਿਡ-19 ਮਹਾਮਾਰੀ ਬਾਰੇ ਚਰਚਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਰਕਾਰ ਕਰੋਨਾ ਮਹਾਮਾਰੀ ਦੇ ਆਗਾਜ਼ ਤੋਂ 21 ਮਹੀਨਿਆਂ ਬਾਅਦ ਅਜਿਹੇ ਮੌਕੇ ਸੰਸਦ ਵਿਚ ਇਸ 'ਤੇ ਚਰਚਾ ਕਰ ਰਹੀ ਹੈ ਜਦੋਂ ਕੇਸ ਘਟਣ ਲੱਗੇ ਹਨ। ਵਾਇਰਸ ਦੇ ਨਵੇਂ ਸਰੂਪ 'ਓਮੀਕਰੋਨ' ਦੇ ਹਵਾਲੇ ਨਾਲ ਰਾਊਤ ਨੇ ਮੰਗ ਕੀਤੀ ਕਿ ਇਸ ਤੋਂ ਸੁਰੱਖਿਆ ਲਈ ਰਾਜਾਂ ਤੇ ਕੇਂਦਰ ਸਰਕਾਰ 'ਚ ਡੂੰਘੇ ਤਾਲਮੇਲ ਦੀ ਲੋੜ ਹੈ।

ਰਾਊਤ ਨੇ ਕਿਹਾ, 'ਓਮੀਕਰੋਨ ਨੂੰ ਲੈ ਕੇ ਕੇਂਦਰ ਸਰਕਾਰ ਦੀਆਂ ਹਦਾਇਤਾਂ ਸਪਸ਼ਟ ਹੋਣ।'' ਮਹਾਰਾਸ਼ਟਰ ਦੇ ਰਤਨਾਗਿਰੀ-ਸਿੰਧੂਦੁਰਗ ਤੋਂ ਸੰਸਦ ਮੈਂਬਰ ਰਾਊਤ ਨੇ ਦੋਸ਼ ਲਾਇਆ ਕਿ ਹੋਰਨਾਂ ਰਾਜਾਂ ਦੇ ਮੁਕਾਬਲੇ ਭਾਜਪਾ ਸ਼ਾਸਿਤ ਰਾਜਾਂ ਨੂੰ ਵੱਧ ਵੈਕਸੀਨ ਖੁਰਾਕਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅੱਜ ਤੱਕ ਕੁੱਲ ਆਬਾਦੀ ਦੇ 38 ਫੀਸਦ ਨੂੰ ਹੀ ਕੋਵਿਡ-19 ਤੋਂ ਬਚਾਅ ਲਈ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੱਗੀਆਂ ਹਨ। ਪੀਐੱਮ-ਕੇਅਰਜ ਫੰਡ ਦੀ ਵਰਤੋਂ ਬਾਰੇ ਸਰਕਾਰ 'ਤੇ ਸਿੱਧਾ ਹਮਲਾ ਕਰਨ ਤੋਂ ਟਾਲਾ ਵਟਦਿਆਂ ਰਾਊਤ ਨੇ ਵੈਂਟੀਲੇਟਰਾਂ ਦੀ ਸਪਲਾਈ ਤੇ ਆਕਸੀਜਨ ਪਲਾਂਟਾਂ ਦੀ ਸਥਾਪਤੀ ਲਈ ਠੇਕੇਦਾਰਾਂ ਨੂੰ ਨਿਸ਼ਾਨਾ ਬਣਾਇਆ। ਕਾਂਗਰਸ ਦੇ ਗੌਰਵ ਗੋਗੋਈ ਨੇ ਕਰੋਨਾ ਦੀ ਦੂਜੀ ਲਹਿਰ ਦੌਰਾਨ ਹਸਪਤਾਲਾਂ 'ਚ ਬਿਸਤਰਿਆਂ, ਆਕਸੀਜਨ ਤੇ ਵੈਂਟੀਲੇਟਰਾਂ ਦੀ ਕਿੱਲਤ ਲਈ ਸਰਕਾਰ ਨੂੰ ਨਿਸ਼ਾਨਾ ਬਣਾਇਆ। ਗੋਗੋਈ ਨੇ ਕਿਹਾ ਕਿ ਕੌਮੀ ਆਫਤ ਪ੍ਰਬੰਧਨ ਐਕਟ ਮੁਤਾਬਕ ਸਰਕਾਰ ਨੂੰ ਕੋਵਿਡ-19 ਕਰਕੇ ਮੌਤ ਦੇ ਮੂੰਹ ਪਏ ਲੋਕਾਂ ਦੇ ਵਾਰਸਾਂ ਨੂੰ 4 ਲੱਖ ਕਰੋੜ ਰੁਪਏ ਦਾ ਮੁਆਵਜ਼ਾ ਦੇਣਾ ਚਾਹੀਦਾ ਸੀ, ਪਰ ਸਰਕਾਰ ਲਈ ਤਾਂ 50,000 ਰੁਪਏ ਦੇਣੇ ਵੀ ਔਖੇ ਹੋ ਗਏ ਹਨ।

# ਨਾਗਾਲੈਂਡ ਵਿਚ ਫੌਜ ਦੀ ਫਾਇਰਿੰਗ ਵਿਚ 14 ਨਾਗਰਿਕ ਹਲਾਕ

**ਨਵੀਂ ਦਿੱਲੀ:** ਭਾਰਤ ਦੇ ਉਤਰ-ਪੂਰਬੀ ਰਾਜ ਨਾਗਾਲੈਂਡ ਦੇ ਮੋਨ ਜਿਲ੍ਹੇ ਵਿਚ ਸੁਰੱਖਿਆ ਬਲਾਂ ਵੱਲੋਂ ਚਲਾਈਆਂ ਗੋਲੀਆਂ ਕਾਰਨ ਕਰੀਬ 14 ਆਮ ਨਾਗਰਿਕਾਂ ਦੀ ਮੌਤ ਹੋ ਗਈ ਹੈ। ਫੌਜ ਨੇ ਇਸ ਮਾਮਲੇ ਵਿਚ ਕੋਰਟ ਆਫ ਇਨਕੁਆਰੀ ਬਿਠਾ ਦਿੱਤੀ ਹੈ।

ਫੌਜ ਦਾ ਕਹਿਣਾ ਹੈ ਕਿ ਇਕ ਸੈਨਿਕ ਦੀ ਜਾਨ ਵੀ ਗਈ ਹੈ ਤੇ ਕਈ ਜ਼ਖਮੀ ਹੋ ਗਏ ਹਨ। ਭਾਰਤੀ ਫੌਜ ਨੇ ਕਿਹਾ ਕਿ ਇਸ ਘਟਨਾ ਅਤੇ ਮਗਰੋਂ ਜੋ ਵੀ ਹੋਇਆ ਉਸ 'ਤੇ ਉਨ੍ਹਾਂ ਨੂੰ 'ਬੇਹੱਦ ਅਫਸੋਸ' ਹੈ। ਜਾਨਾਂ ਜਾਣ ਦੀ ਜਾਂਚ ਉਚ ਪੱਧਰ ਉਤੇ ਜਾਂਚ ਕੀਤੀ ਜਾ ਰਹੀ ਹੈ। ਵੇਰਵਿਆਂ ਮੁਤਾਬਕ 13 ਜਣੇ ਤਾਂ ਮੌਕੇ 'ਤੇ ਹੀ ਮਾਰੇ ਗਏ। ਇਸ ਤੋਂ ਇਲਾਵਾ 11 ਫੱਟੜ ਵੀ ਹਨ। ਹੋਰਾਂ ਨੇ ਗੁਆਂਢੀ ਸੂਬੇ ਅਸਾਮ ਦੇ ਹਸਪਤਾਲਾਂ ਵਿਚ ਵੀ ਦਮ ਤੋੜਿਆ ਹੈ। ਮੁੱਖ ਮੰਤਰੀ ਨੇਫਿਊ ਰੀਓ ਨੇ ਉਚ ਪੱਧਰੀ ਜਾਂਚ ਦਾ ਵਾਅਦਾ ਕੀਤਾ ਹੈ ਤੇ ਸਮਾਜ ਦੇ ਸਾਰੇ ਵਰਗਾਂ ਨੂੰ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ ਹੈ।

ਪੁਲਿਸ ਅਧਿਕਾਰੀ ਨੇ ਕਿਹਾ ਕਿ ਘਟਨਾ ਓਟਿੰਗ ਤੇ ਟੀਰੂ ਪਿੰਡਾਂ ਵਿਚਾਲੇ ਵਾਪਰੀ ਹੈ ਜਦ ਕੁਝ ਦਿਹਾੜੀਦਾਰ ਮਜ਼ਦੂਰ ਇਕ ਵੈਨ ਵਿਚ ਸ਼ਾਮ ਘਰ ਪਰਤ ਰਹੇ ਸਨ। ਉਨ੍ਹਾਂ ਕਿਹਾ ਕਿ ਵਾਹਨ 'ਤੇ ਫੌਜ ਨੇ ਗੋਲੀ ਚਲਾਈ ਜੋ ਕਿ ਇਲਾਕੇ ਵਿਚ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਇਕ ਮੁਹਿੰਮ ਉਤੇ ਸੀ। ਫੌਜ ਨੂੰ ਜਾਣਕਾਰੀ ਮਿਲੀ ਸੀ ਕਿ ਪਾਬੰਦੀ ਅਧੀਨ ਸੰਗਠਨ ਐਨ.ਐਸ.ਸੀ.ਐਨ. (ਕੇ) ਦੇ ਯੁੰਗ ਓਂਗ ਧੜੇ ਦੇ ਅਤਿਵਾਦੀ ਇਲਾਕੇ ਵਿਚ ਘੁੰਮ ਰਹੇ ਹਨ। ਦਰਅਸਲ ਗੋਲੀਬਾਰੀ ਦੀਆਂ ਦੋ ਘਟਨਾਵਾਂ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਨੂੰ ਗਲਤ ਪਛਾਣ ਦਾ ਮਾਮਲਾ ਦੱਸਿਆ ਜਾ ਰਿਹਾ ਹੈ। ਇਸ ਤੋਂ ਬਾਅਦ ਹੋਈ ਹਿੰਸਾ ਵਿਚ ਇਕ ਸੈਨਿਕ ਮਾਰਿਆ ਗਿਆ ਹੈ। ਗੋਲੀਬਾਰੀ ਦੀ ਪਹਿਲੀ ਘਟਨਾ ਵਿਚ ਛੇ ਨਾਗਰਿਕ ਮਾਰੇ ਗਏ ਸਨ। ਫੌਜ ਨੇ ਵੈਨ ਵਿਚ ਸਵਾਰ ਖਾਣ ਦੇ ਵਰਕਰਾਂ ਨੂੰ ਐਨ.ਐਸ.ਸੀ.ਐਨ. (ਕੇ) ਦੇ ਯੁੰਗ ਓਂਗ ਧੜੇ ਦੇ ਅਤਿਵਾਦੀ ਸਮਝ ਲਿਆ ਸੀ। ਸੈਨਾ ਨੂੰ ਇਨ੍ਹਾਂ ਅਤਿਵਾਦੀਆਂ ਦੀ ਗਤੀਵਿਧੀ ਬਾਰੇ ਹੀ ਜਾਣਕਾਰੀ ਮਿਲੀ ਸੀ। ਜਦ ਇਹ ਵਰਕਰ ਘਰ ਨਹੀਂ ਪਹੁੰਚੇ ਤਾਂ ਪਿੰਡਾਂ ਦੇ ਨੌਜਵਾਨ ਤੇ ਹੋਰ ਇਨ੍ਹਾਂ ਦੀ ਭਾਲ ਵਿਚ ਨਿਕਲੇ। ਉਨ੍ਹਾਂ ਫੌਜ ਦੇ ਵਾਹਨਾਂ ਨੂੰ ਘੇਰ ਲਿਆ ਤੇ ਅੱਗ ਲਾ ਦਿੱਤੀ। ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਹਿੰਸਕ ਟਕਰਾਅ ਹੋ ਗਿਆ ਤੇ ਸੈਨਿਕਾਂ ਨੇ ਆਤਮ ਰੱਖਿਆ ਲਈ ਗੋਲੀ ਚਲਾ ਦਿੱਤੀ। ਇਸ ਗੋਲੀਬਾਰੀ ਵਿਚ 8 ਨਾਗਰਿਕ ਮਾਰੇ ਗਏ।

## ਕੰਵਰ ਸੰਧੂ ਵੱਲੋਂ ਚੋਣ ਨਾ ਲੜਨ ਦਾ ਐਲਾਨ

**ਖਰੜ:** ਹਲਕਾ ਵਿਧਾਇਕ ਕੰਵਰ ਸੰਧੂ ਨੇ ਅਗਾਮੀ 2022 ਦੀਆਂ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਹ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਉਹ 'ਆਪ' ਦੀ ਟਿਕਟ 'ਤੇ 2017 ਵਿਚ ਖਰੜ ਤੋਂ ਵਿਧਾਇਕ ਚੁਣੇ ਗਏ ਸਨ। ਸ੍ਰੀ ਸੰਧੂ ਨੇ ਕਿਹਾ ਕਿ ਉਹ ਕਿਸੇ ਵਿਚਾਰਧਾਰਾ ਕਾਰਨ ਹੀ 'ਆਪ' ਨਾਲ ਜੁੜੇ ਸਨ ਪਰ ਉਹ ਹੁਣ 'ਆਪ' ਦੀ ਕਾਰਗੁਜ਼ਾਰੀ ਤੋਂ ਬਹੁਤ ਨਿਰਾਸ਼ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਲੋਕ ਇਕ ਪਾਰਟੀ ਨੂੰ ਛੱਡ ਕੇ ਦੂਸਰੀ ਵਿਚ ਸ਼ਾਮਲ ਹੋ ਰਹੇ ਹਨ ਜੋ ਗਲਤ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਕੋਈ ਸਮਾਜਿਕ ਕੰਮ ਕਰਨਗੇ।

# ਉਘੇ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਦਾ ਦੇਹਾਂਤ

**ਸ੍ਰੀ ਮੁਕਤਸਰ ਸਾਹਿਬ:** ਤਕਰੀਬਨ ਇਕ ਮਹੀਨੇ ਤੋਂ ਛਾਤੀ ਦੀ ਇਨਫੈਕਸ਼ਨ ਤੋਂ ਪੀੜਤ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗੁਰਦੇਵ ਸਿੰਘ ਰੁਪਾਣਾ (85) ਦਾ ਦੇਹਾਂਤ ਹੋ ਗਿਆ ਹੈ। ਉਹ ਤਕਰੀਬਨ ਇਕ ਮਹੀਨਾ ਪਹਿਲਾਂ ਮੁਕਤਸਰ ਦੇ ਪ੍ਰਾਈਵੇਟ ਹਸਪਤਾਲ 'ਚ ਸਾਹ ਦੀ ਤਕਲੀਫ ਦੇ ਇਲਾਜ ਲਈ ਦਾਖਲ ਹੋਏ ਸਨ ਤੇ ਹੁਣ ਕਰੀਬ ਦੋ ਹਫਤਿਆਂ ਤੋਂ ਆਪਣੇ ਪਿੰਡ ਹੀ ਘਰ 'ਚ ਸਨ।

ਜ਼ਿਕਰਯੋਗ ਹੈ ਕਿ ਪੰਜਾਬੀ ਵਿਚ ਮਾਸਟਰਜ ਡਿਗਰੀ ਹਾਸਲ ਕਰਨ ਤੋਂ ਬਾਅਦ ਤੋਂ ਬਾਅਦ ਉਹ ਕੁਝ ਸਮਾਂ ਮੁਕਤਸਰ ਦੇ ਕਾਲਜ ਵਿਚ ਪੜ੍ਹਾਉਂਦੇ ਰਹੇ ਤੇ ਉਪਰੰਤ ਪੱਕੇ ਤੌਰ 'ਤੇ ਦਿੱਲੀ ਦੇ ਸਕੂਲ ਵਿਚ ਅਧਿਆਪਕ ਵਜੋਂ ਸੇਵਾਵਾਂ ਦਿੱਤੀਆਂ। ਇਸ ਦੌਰਾਨ ਦਿੱਲੀ ਦੇ ਸਾਹਿਤਕ ਹਲਕਿਆਂ 'ਚ ਉਹ ਛਾਏ ਰਹੇ। ਅੰਮ੍ਰਿਤਾ ਪ੍ਰੀਤਮ ਸਣੇ ਹੋਰ ਸਿਰਮੌਰ ਲੇਖਕਾਂ ਨਾਲ ਉਨ੍ਹਾਂ ਦੀ ਗੂੜ੍ਹੀ ਸਾਂਝ ਰਹੀ। ਉਨ੍ਹਾਂ ਦੀ ਕਹਾਣੀਆਂ ਦੀ ਪੁਸਤਕ 'ਇਕ ਟੋਟਾ ਔਰਤ' 1970 ਵਿਚ ਪ੍ਰਕਾਸ਼ਿਤ ਹੋਈ। ਉਸ ਤੋਂ ਬਾਅਦ 'ਡਿਫੈਂਸ ਲਾਈਨ', 'ਸ਼ੀਸ਼ਾ', ਰਾਂਝਾ ਵਾਰਿਸ ਹੋਇਆ ਪ੍ਰਕਾਸ਼ਿਤ ਹੋਈਆਂ। ਇਸ ਤੋਂ ਇਲਾਵਾ ਚਾਰ ਨਾਵਲ- ਜਲਦੇਵ, ਆਸ਼ੋ ਦਾ ਟੱਬਰ, ਗੋਰੀ ਅਤੇ ਸ੍ਰੀ ਪਾਰਵਾ ਵੀ ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਪਾਏ। ਸ੍ਰੀ ਰੁਪਾਣਾ ਨੇ ਦਿੱਲੀ ਰਹਿੰਦਿਆਂ ਪੰਜਾਬ ਦੇ ਪਿੰਡਾਂ, ਪੰਜਾਬੀ ਸਭਿਆਚਾਰ ਤੇ ਸੁਭਾਅ ਨੂੰ ਬਾਖੂਬੀ ਚਿੱਤਰਿਆ ਤੇ ਸੇਵਾਮੁਕਤੀ ਉਪਰੰਤ ਆਪਣੇ ਪਿੰਡ ਰੁਪਾਣਾ ਆ ਕੇ ਦਿੱਲੀ ਨੂੰ ਚਿੱਤਰਿਆ।

ਉਹ ਕਹਿੰਦੇ ਸਨ ਕਿ ਦੂਰੋਂ ਦੇਖਿਆਂ ਜ਼ਿਆਦਾ ਵਿਸਥਾਰ ਵਿਖਾਈ ਦਿੰਦਾ ਹੈ। ਉਨ੍ਹਾਂ ਦੀਆਂ ਕਈ ਪੁਸਤਕਾਂ ਅਤੇ ਕਹਾਣੀਆਂ ਦਾ ਅੰਗਰੇਜ਼ੀ, ਤੇਲਗੂ ਤੇ ਹਿੰਦੀ 'ਚ ਲਿੱਪੀਅੰਤਰ ਵੀ ਹੋ ਚੁੱਕਿਆ ਹੈ। ਉਨ੍ਹਾਂ ਨੂੰ ਕੈਨੇਡਾ ਦੇ 'ਢਾਹਾਂ ਸਨਮਾਨ' ਸਣੇ, ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਸੀ। ਸ੍ਰੀ ਰੁਪਾਣਾ ਨੂੰ ਪੰਜਾਬੀ ਸਾਹਿਤ 'ਚ ਘੱਟ ਪਰ ਸਾਰਥਕ ਲਿਖਣ ਵਾਲੇ ਲੇਖਕ ਵਜੋਂ ਜਾਣਿਆ ਜਾਂਦਾ ਹੈ।

# ਕਿਸਾਨਾਂ ਵਾਂਗ ਜੰਮੂ ਕਸ਼ਮੀਰੀਆਂ ਨੂੰ ਵੀ ਹੱਕਾਂ ਲਈ ਕੁਰਬਾਨੀ ਦੇਣੀ ਪੈ ਸਕਦੀ ਹੈ: ਫਾਰੂਕ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੂਬੇ ਦਾ ਵਿਸ਼ੇਸ਼ ਰਾਜ ਦਾ ਦਰਜਾ ਬਹਾਲ ਕਰਵਾਉਣ ਲਈ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਵਾਂਗ 'ਕੁਰਬਾਨੀਆਂ' ਦੇਣੀਆਂ ਪੈ ਸਕਦੀਆਂ ਹਨ।

ਪਾਰਟੀ ਦੇ ਸੰਸਥਾਪਕ ਸ਼ੇਖ ਮੁਹੰਮਦ ਅਬਦੁੱਲਾ ਦੇ 116ਵੇਂ ਜਨਮ ਦਿਨ ਮੌਕੇ ਇੱਥੇ ਨਸੀਮਬਾਗ ਸਥਿਤ ਉਨ੍ਹਾਂ ਦੇ ਮਕਬਰੇ 'ਤੇ ਨੈਸ਼ਨਲ ਕਾਨਫਰੰਸ ਦੇ ਯੂਥ ਵਿੰਗ ਦੀ ਇਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਅਬਦੁੱਲਾ ਨੇ ਕਿਹਾ ਕਿ ਉਸ ਦੀ ਪਾਰਟੀ ਹਿੰਸਾ ਦਾ ਸਮਰਥਨ ਨਹੀਂ ਕਰਦੀ। ਜ਼ਿਕਰਯੋਗ ਹੈ ਕਿ ਕਿਸਾਨਾਂ ਦੇ ਇਕ ਸਾਲ ਚੱਲੇ ਸੰਘਰਸ਼ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਨਵੰਬਰ ਨੂੰ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕੀਤਾ ਸੀ। ਕਿਸਾਨਾਂ ਦੇ ਸੰਘਰਸ਼ ਦੌਰਾਨ 700 ਤੋਂ ਵੱਧ ਜਾਨਾਂ ਜਾਂਦੀਆਂ ਰਹੀਆਂ ਸਨ। ਅਬਦੁੱਲਾ ਨੇ ਕਿਹਾ, "ਜਦੋਂ ਕਿਸਾਨਾਂ ਨੇ ਕੁਰਬਾਨੀਆਂ ਦਿੱਤੀਆਂ ਤਾਂ ਕੇਂਦਰ ਨੂੰ ਤਿੰਨ ਖੇਤੀ ਕਾਨੂੰਨ ਰੱਦ ਕਰਨੇ ਪਏ। ਇਸੇ ਤਰ੍ਹਾਂ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਕੋਈ ਵੀ ਕੁਰਬਾਨੀ ਦੇਣੀ ਪੈ ਸਕਦੀ ਹੈ।"

## ਮਹਿਬੂਬਾ ਨੇ ਜੰਤਰ-ਮੰਤਰ 'ਤੇ ਧਰਨਾ ਲਾਇਆ

**ਨਵੀਂ ਦਿੱਲੀ:** ਜੰਮੂ ਤੇ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਜੰਮੂ ਤੇ ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਇਥੇ ਜੰਤਰ-ਮੰਤਰ 'ਤੇ ਧਰਨਾ ਲਾਇਆ। ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਮੁਖੀ ਨੇ ਮੰਗ ਕੀਤੀ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਬੇਗੁਨਾਹਾਂ ਦੀਆਂ ਹੱਤਿਆਵਾਂ ਬੰਦ ਕੀਤੀਆਂ ਜਾਣ।

# ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਦੀ ਯਾਦ 'ਚ ਸਮਾਰੋਹ


**ਇੰਡੀਆਨਾ:** ਬੀਤੇ ਹਫਤੇ ਇੰਡੀਆਨਾ ਸਿੱਖ ਆਊਟਰੀਚ ਮਿਸ਼ਨ ਫੋਰਟ ਵੇਨ ਵਲੋਂ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ, ਜੋ 2019 'ਚ ਹਿਊਸਟਨ ਟੈਕਸਾਸ 'ਚ ਇਕ ਅਪਰਾਧੀ ਦੀ ਗੋਲੀ ਦਾ ਸ਼ਿਕਾਰ ਹੋ ਗਏ ਸਨ, ਦਾ 'ਯਾਦਗਾਰੀ ਦਿਨ ਸਮਾਰੋਹ' ਕਰਵਾਇਆ ਗਿਆ। ਇਸ ਮੌਕੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੇ ਪਿਤਾ ਪਿਆਰਾ ਸਿੰਘ ਧਾਲੀਵਾਲ ਤੇ ਉਨ੍ਹਾਂ ਦੀ ਭੈਣ ਹਰਪ੍ਰੀਤ ਕੌਰ ਰਾਏ ਵਿਸ਼ੇਸ਼ ਤੌਰ 'ਤੇ ਟੈਕਸਾਸ ਤੋਂ ਫੋਰਟ ਵੇਨ, ਇੰਡੀਆਨਾ ਪੁੱਜੇ।

ਸਮਾਰੋਹ ਵਿਚ ਡਿਪਟੀ ਮੇਅਰ ਕਾਰਲ ਬਾਂਡੇਮਿਰ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ ਅਤੇ ਸਿਟੀ ਆਫ ਫੋਰਟ ਵੇਨ ਵਲੋਂ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੇ ਜੀਵਨ, ਬਹਾਦਰੀ ਤੇ ਸ਼ਹਾਦਤ ਨੂੰ ਯਾਦ ਕਰਦਿਆਂ ਮਾਨਤਾ ਦਿੱਤੀ ਅਤੇ ਸਥਾਨਕ ਸਿੱਖ ਭਾਈਚਾਰੇ ਦੇ ਯੋਗਦਾਨ ਲਈ ਮਾਨਤਾ ਪੱਤਰ (ਚੲਰਟਾਿਚਅਟੲ ਾ ਰੲਚੋਗਨਟਿਨ) ਪੜ੍ਹਿਆ ਤੇ ਸੌਂਪਿਆ। ਸਮਾਗਮ ਦਾ ਆਗਾਜ਼ ਛੋਟੇ ਬੱਚਿਆਂ ਗੁਰਸ਼ਾਨ ਸਿੰਘ, ਗੁਰਗੀਤ ਕੌਰ ਅਤੇ ਗੁਰਚਾਹਤ ਕੌਰ ਨੇ ਰਾਸ਼ਟਰ ਗਾਨ ਨਾਲ ਕੀਤਾ। ਸਿਟੀ ਕੌਂਸਲਰ ਜੈਫ ਪੇਡੱਕ ਨੇ ਡਿਪਟੀ ਸ਼ੈਰਿਫ ਸੰਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਤੇ ਸਿੱਖ ਭਾਈਚਾਰੇ ਨੂੰ ਹਰ ਸਹਿਯੋਗ ਦੇਣ ਵਾਅਦਾ ਕੀਤਾ ਤੇ ਸਿੱਖ ਆਊਟਰੀਚ ਵਲੋਂ ਸਮਾਰੋਹ ਕਰਨ ਲਈ ਧੰਨਵਾਦ ਕੀਤਾ।

ਡਿਪਟੀ ਚੀਫ ਅਸੈੱਸਰ ਡੇਰੇਕ ਕੈਂਪ ਨੇ ਹੋਰਨਾਂ ਸਿੱਖਾਂ ਨੂੰ ਵੀ ਅੱਗੇ ਆਉਣ ਲਈ ਕਿਹਾ। ਸਿੱਖ ਆਊਟਰੀਚ ਵਲੋਂ ਫੋਰਟ ਵੇਨ ਪੁਲਿਸ ਦੇ



ਕੈਪਟਨ ਕੇਵਿਨ ਹੰਟਰ ਅਤੇ ਸ਼ੈਰਿਫ ਦੇ ਆਫਿਸਰ ਜੋਲ ਅਲਬਰਸਨ ਨੂੰ 'ਡਿਪਟੀ ਸੰਦੀਪ ਸਿੰਘ ਧਾਲੀਵਾਲ , ਸਰਵਿਸ ਡੈਡੀਕੇਸ਼ਨ ਐਵਾਰਡ' ਦਿੱਤਾ ਗਿਆ। ਕੈਪਟਨ ਹੰਟਰ ਨੇ ਕਿਹਾ ਕਿ ਅਮਰੀਕਾ ਨੂੰ ਧਾਲੀਵਾਲ ਵਰਗੇ ਹੋਰ ਅਫਸਰਾਂ ਦੀ ਲੋੜ ਹੈ ਤੇ ਉਹ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਇਲਾਵਾ ਟਰੱਸਟੀ ਔਸਟਿਨ ਨੋਕਸ, ਸ਼ੈਰਿਫ ਕੈਪਟਨ ਸਕਾਟ ਯੁਟ੍ਰਿਕ ਤੇ ਬਹੁਤ ਸਾਰੇ ਅਮਰੀਕਨ ਭਾਈਚਾਰੇ ਦੇ ਲੋਕਾਂ ਤੇ ਪੰਜਾਬੀ ਕਮਿਊਨਿਟੀ ਨੇ ਸਮਾਰੋਹ ਵਿਚ ਹਿੱਸਾ



ਲਿਆ। ਮੰਚ ਦਾ ਸੰਚਾਲਨ ਸਿਮਰਨਪਾਲ ਸਿੰਘ ਨੇ ਕੀਤਾ।

ਸਿੱਖ ਕਮਿਊਨਿਟੀ ਵਲੋਂ ਪੁਰਾਣੇ ਬਾਸ਼ਿੰਦੇ ਕ੍ਰਿਸ਼ਨ ਸਿੰਘ ਨੇ ਸ਼ਹਿਰ ਵਿਚ ਭਾਈਚਾਰੇ ਦੇ ਇਤਿਹਾਸ ਅਤੇ ਯੋਗਦਾਨ ਬਾਰੇ ਦੱਸਿਆ। ਅਖੀਰ ਵਿਚ ਸਿੱਖ ਆਊਟਰੀਚ ਦੇ ਕੋਆਰਡੀਨੇਟਰ ਜੱਸੀ ਜੇ ਸਿੰਘ ਨੇ ਆਊਟਰੀਚ ਦੇ ਕਾਰਜਾਂ 'ਤੇ ਚਾਨਣਾ ਪਾਇਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਸੰਦੀਪ ਸਿੰਘ ਕੌਮ ਦਾ ਚਮਕਦਾ ਸਿਤਾਰਾ, ਹੀਰੋ ਤੇ ਮਾਰਗ ਦਰਸ਼ਕ ਹੈ।

ਯਾਦ ਰਹੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਉਹੀ ਸਿੱਖ ਨੌਜਵਾਨ ਹੈ, ਜਿਸ ਨੇ ਸਾਲ 2009 ਵਿਚ ਸ਼ੈਰਿਫ ਵਿਭਾਗ 'ਚ ਭਰਤੀ ਹੋ ਕੇ ਲਗਾਤਾਰ 2015 ਤਕ ਡਿਊਟੀ ਦੌਰਾਨ ਪੱਗ ਤੇ ਹੋਰ ਸਿੱਖੀ ਚਿੰਨ੍ਹਾਂ ਨੂੰ ਪਹਿਨਣ ਦੀ ਕਾਨੂੰਨੀ ਲੜਾਈ ਲੜੀ ਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਨਾਲ ਹੋਰ ਵੀ ਬਹੁਤ ਸਾਰੇ ਸਿੱਖਾਂ ਲਈ ਹੋਰਨਾਂ ਵਿਭਾਗਾਂ 'ਚ ਜਾਣ ਦਾ ਰਸਤਾ ਖੁੱਲ੍ਹਿਆ। 27 ਸਤੰਬਰ, 2019 ਨੂੰ ਸੰਦੀਪ ਸਿੰਘ ਇਕ ਸਿਰਫਿਰੇ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ।

ਸਮਾਰੋਹ ਵਿਚ ਸ਼ਹਿਰ ਦੇ ਸੁਰਜੀਤ ਸਿੰਘ ਚੇੜਾ, ਕਰਨੈਲ ਸਿੰਘ, ਬਲਵੀਰ ਸਿੰਘ ਭੌਰਾ, ਮਹਿੰਦਰ ਸਿੰਘ ਚੇੜਾ, ਅਮਰੀਕ ਸਿੰਘ ਭੌਰਾ, ਓਂਕਾਰ ਸਿੰਘ ਮਾਨ, ਬਲਜੀਤ ਸੈਣੀ, ਸੁਰਿੰਦਰ ਬਲਰਾਮ, ਹਰਜਿੰਦਰ ਸਿੰਘ, ਜੋਗਾ ਸਿੰਘ, ਨੌਜਵਾਨਾਂ ਤੇ ਬੀਬੀਆਂ ਨੇ ਸ਼ਿਰਕਤ ਕੀਤੀ।

# ਭਗਵੰਤ ਮਾਨ ਵੱਲੋਂ ਭਾਜਪਾ 'ਤੇ ਪੈਸਿਆਂ ਤੇ ਕੈਬਨਿਟ ਰੈਂਕ ਦੀ ਪੇਸ਼ਕਸ਼ ਦਾ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਖਰੀਦੋ-ਫਰੋਖਤ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਇਕ ਸੀਨੀਅਰ ਆਗੂ ਨੇ ਉਨ੍ਹਾਂ ਨੂੰ ਫੋਨ ਕਰਕੇ ਪੈਸਿਆਂ ਅਤੇ ਕੈਬਨਿਟ ਰੈਂਕ ਦਾ ਲਾਲਚ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਨ੍ਹਾਂ ਅਜਿਹੀ ਕਿਸੇ ਵੀ ਪੇਸ਼ਕਸ਼ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ, 'ਮੈਨੂੰ ਕੋਈ ਖਰੀਦ ਨਹੀਂ ਸਕਦਾ। ਮੈਂ ਮਿਸ਼ਨ ਉਤੇ ਹਾਂ, ਕਮਿਸ਼ਨ ਉਤੇ ਨਹੀਂ।' ਉਨ੍ਹਾਂ ਕਿਹਾ ਕਿ ਭਾਜਪਾ ਨੇ 'ਆਪ' ਦੇ ਕੁਝ ਵਿਧਾਇਕਾਂ ਨੂੰ ਵੀ ਖਰੀਦਣ



ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਕਾਮਯਾਬ ਨਹੀਂ ਹੋ ਸਕੀ। ਸ੍ਰੀ ਮਾਨ ਨੇ ਕਿਹਾ ਕਿ ਉਹ ਆਪਣੇ ਪੈਸੇ ਕਮਾਉਣ ਦੇ ਕੈਰੀਅਰ ਨੂੰ ਛੱਡ ਕੇ ਪੰਜਾਬ ਦੀ ਸੇਵਾ ਵਿਚ ਆਏ ਹਨ। ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਹੀ ਉਨ੍ਹਾਂ ਆਮ ਆਦਮੀ ਪਾਰਟੀ (ਆਪ) ਦਾ ਬੂਟਾ ਪੰਜਾਬ 'ਚ ਲਾਇਆ ਤੇ ਇਸ ਬੂਟੇ ਨੂੰ ਆਪਣੇ ਖੂਨ-ਪਸੀਨੇ ਨਾਲ ਸਿੰਜਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖੁਸ਼ਹਾਲੀ ਲਈ ਕੰਮ ਕਰਦੇ ਆਏ ਹਨ ਅਤੇ ਭਵਿੱਖ ਵਿਚ ਵੀ ਕਰਦੇ ਰਹਿਣਗੇ। ਪੰਜਾਬ ਲਈ ਉਹ ਭਾਜਪਾ ਦੀ ਕੁਰਸੀ ਨੂੰ ਲੱਤ ਮਾਰਦੇ ਹਨ। ਉਨ੍ਹਾਂ ਭਾਜਪਾ 'ਤੇ ਜੋੜ-ਤੋੜ ਕਰਨ, ਡਰਾਉਣ-ਧਮਕਾਉਣ ਅਤੇ ਖਰੀਦੋ-ਫਰੋਖ਼ਤ ਦੀ ਖੇਡ ਖੇਡਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਨੇ ਬੰਗਾਲ, ਗੋਆ, ਮੇਘਾਲਿਆ ਤੇ ਮੱਧ ਪ੍ਰਦੇਸ਼ ਸਮੇਤ ਵੱਖ-ਵੱਖ ਸੂਬਿਆਂ 'ਚ ਜੋੜ-ਤੋੜ ਕਰਕੇ ਹੀ ਸਰਕਾਰਾਂ ਬਣਾਈਆਂ ਸਨ, ਪਰ ਭਾਜਪਾ ਅਤੇ ਕੇਂਦਰ ਸਰਕਾਰ, ਸਰਕਾਰ ਦੀਆਂ ਏਜੰਸੀਆਂ ਨਾ ਤਾਂ ਭਗਵੰਤ ਮਾਨ ਨੂੰ ਖਰੀਦ ਸਕਦੀਆਂ ਹਨ ਤੇ ਨਾ ਹੀ ਡਰਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਣਦੇਖੀ ਕਾਰਨ ਕਿਸਾਨ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਭਾਜਪਾ 'ਆਪ' ਦੇ ਕਿਸੇ ਅਹੁਦੇਦਾਰ, ਵਰਕਰ ਨੂੰ ਖਰੀਦਣ ਦੀ ਕੋਸ਼ਿਸ਼ ਨਾ ਕਰੇ ਅਤੇ ਮਾਨ ਨੂੰ ਖਰੀਦਣ ਦਾ ਭਰਮ ਵੀ ਮਨ ਵਿਚੋਂ ਕੱਢ ਦੇਵੇ।

## ਵੁੱਕਤ ਵਧਾਉਣ ਲਈ ਦੋਸ਼ ਲਗਾ ਰਹੇ ਨੇ ਮਾਨ: ਅਸ਼ਵਨੀ

**ਨਵੀਂ ਦਿੱਲੀ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਪਾਰਟੀ 'ਚ ਆਪਣੀ ਵੁੱਕਤ ਵਧਾਉਣ ਲਈ ਭਾਜਪਾ 'ਤੇ ਅਜਿਹੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਲਾਲਚ ਦੇਣ ਦੇ ਨਾਮ 'ਤੇ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਲਈ ਅਰਵਿੰਦ ਕੇਜਰੀਵਾਲ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਸ੍ਰੀ ਸ਼ਰਮਾ ਨੇ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪੰਜਾਬ ਵਿਚ ਭਾਜਪਾ ਪੂਰੇ ਜ਼ੋਰ ਸ਼ੋਰ ਨਾਲ ਚੋਣ ਲੜੇਗੀ।

# ਬੀ.ਸੀ. ਵਿਚ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਹਾਲਾਤ ਆਮ ਵਾਂਗ ਹੋਣ ਦੀ ਸੰਭਾਵਨਾ

**ਸਰੀ:** ਇਥੇ ਮੌਸਮ ਬਾਰੇ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਖੇਤਰਾਂ ਦੀ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਰੀ ਫਲੀਟਵੁੱਡ ਦੇ ਐਮ.ਐਲ.ਏ. ਜਗਰੂਪ ਸਿੰਘ ਬਰਾੜ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਭਾਰੀ ਮੀਂਹ ਪੈਣ ਦਾ ਕੋਈ ਖ਼ਦਸ਼ਾ ਨਹੀਂ ਹੈ। ਸਮੁੰਦਰ ਨੇੜਲੇ ਇਲਾਕਿਆਂ ਵਿਚ ਪਾਣੀ ਦਾ ਪੱਧਰ ਹੇਠਾਂ ਆ ਰਿਹਾ ਹੈ, ਹੜ੍ਹਾਂ ਤੋਂ ਪ੍ਰਭਾਵਿਤ ਖੇਤਰਾਂ ਦੀ ਸਥਿਤੀ ਵਿਚ ਸੁਧਾਰ ਹੋ ਰਿਹਾ ਹੈ ਅਤੇ ਆਉਂਦੇ ਮੰਗਲਵਾਰ ਤਕ ਹਾਲਾਤ ਆਮ ਵਾਂਗ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਕਿ ਹਾਈਵੇਅ 1 ਨੂੰ ਐਬਟਸਫੋਰਡ ਅਤੇ ਚਿਲਿਵੈਕ ਦਰਮਿਆਨ ਖੋਲ੍ਹ ਦਿੱਤਾ ਗਿਆ ਹੈ ਅਤੇ ਹੁਣ ਵੈਨਕੂਵਰ ਤੋਂ ਹੋਪ ਤਕ ਹਾਈਵੇਅ 1 ਉਪਰ ਟ੍ਰੈਫਿਕ ਚੱਲ ਸਕਦਾ ਹੈ। ਹਾਈਵੇਅ 1 ਨੂੰ ਪੌਪਕਮ ਅਤੇ ਹੋਪ ਵਿਚਾਲੇ ਵੀ ਖੋਲ੍ਹ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਜਿਹੜੇ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੋਈ ਹੈ, ਉਹ ਸਹਾਇਤਾ ਹਾਸਲ ਕਰਨ ਲਈ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬੀ.ਸੀ. ਦੇ ਖੇਤੀਬਾੜੀ ਮੰਤਰੀ ਲਾਨਾ ਪੌਪਹਮ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਵਾਉਣ ਲਈ ਐਗਰੀਕਲਚਰ ਰਿਕਵਰੀ ਐਕਟ ਬਾਰੇ ਕਿਸਾਨਾਂ ਨਾਲ ਗੱਲਬਾਤ ਕਰ ਰਹੇ ਹਨ ਅਤੇ ਬੀ.ਸੀ. ਸਰਕਾਰ ਵਲੋਂ ਹੜ੍ਹ ਪੀੜਤਾਂ ਦੀ ਹਰ ਪੱਖੋਂ ਮਦਦ ਕੀਤੀ ਜਾਵੇਗੀ।

ਬੀ.ਸੀ. ਦੇ ਖੇਤੀਬਾੜੀ ਮੰਤਰੀ ਲਾਨਾ ਪੌਪਹਮ ਨੇ ਦੱਸਿਆ ਹੈ ਕਿ ਹੜ੍ਹਾਂ ਦੌਰਾਨ 6,40,000 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਗਈ ਹੈ। ਇਨ੍ਹਾਂ ਮਰਨ ਵਾਲੇ ਪਸ਼ੂਆਂ ਵਿਚ 6,28,000 ਪੋਲਟਰੀ ਜਾਨਵਰ, 12,000 ਸੂਰ ਅਤੇ 420 ਗਊਆਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮਰਨ ਵਾਲੇ ਪਸ਼ੂਆਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਅੰਕੜੇ ਸਾਹਮਣੇ ਆ ਸਕਦੇ ਹਨ।

## ਜਿਊਸ ਫੈਡਰੇਸ਼ਨ ਅਤੇ ਜੀ ਐਂਡ ਐਫ ਫਾਈਨਾਂਸ਼ੀਅਲ ਗਰੁੱਪ ਵਲੋਂ ਗੁਰੂ ਨਾਨਕ ਫੂਡ ਬੈਂਕ ਨੂੰ 86,000 ਡਾਲਰ ਦਾਨ

**ਸਰੀ:** ਗੁਰੂ ਨਾਨਕ ਫੂਡ ਬੈਂਕ ਸਰੀ ਵੱਲੋਂ ਕਰਵਾਏ ਇਕ ਸੰਖੇਪ ਸਮਾਗਮ ਦੌਰਾਨ ਜਿਊਸ ਫੈਡਰੇਸ਼ਨ ਅਤੇ ਜੀ ਐਂਡ ਐਫ




ਫਾਈਨਾਂਸ਼ੀਅਲ ਗਰੁੱਪ ਵਲੋਂ ਗੁਰੂ ਨਾਨਕ ਫੂਡ ਬੈਂਕ ਨੂੰ ਬੀ.ਸੀ. ਦੇ ਹੜ੍ਹ ਪੀੜਤਾਂ, ਵਿਦਿਆਰਥੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਕ੍ਰਮਵਾਰ 36,000 ਡਾਲਰ ਅਤੇ 50,000 ਡਾਲਰ ਦੀ ਦਾਨ ਰਾਸ਼ੀ ਭੇਟ ਕੀਤੀ ਗਈ। ਗੁਰੂ ਨਾਨਕ ਫੂਡ ਬੈਂਕ ਦੇ ਜਨਰਲ ਸੈਕਟਰੀ ਜਤਿੰਦਰ ਜੇ ਮਿਨਹਾਸ ਨੇ ਇਸ ਸਹਾਇਤਾ ਲਈ ਜਿਊਸ ਫੈਡਰੇਸ਼ਨ ਅਤੇ ਜੀ ਐਂਡ ਐਫ ਫਾਈਨਾਂਸ਼ੀਅਲ ਗਰੁੱਪ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਫੂਡ ਬੈਂਕ ਦੇ ਵਲੰਟੀਅਰਾਂ ਨੇ ਬੀ.ਸੀ. ਵਿਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਖੇਤਰਾਂ ਤਕ ਪਹੁੰਚ ਕਰਦਿਆਂ ਸਹਾਇਤਾ ਸਮੱਗਰੀ ਪਹੁੰਚਾਈ ਹੈ ਅਤੇ ਵਾਲੰਟੀਅਰ ਲਗਾਤਾਰ ਇਹ ਸੇਵਾ ਨਿਭਾਅ ਰਹੇ ਹਨ। ਸਮਾਜ ਸੇਵਾ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਜਿਊਸ ਕਮਿਊਨਿਟੀ ਨੇ ਇਹ ਸਹਾਇਤਾ ਰਾਸ਼ੀ ਭੇਜੀ ਹੈ। ਉਨ੍ਹਾਂ ਕਿਹਾ ਕਿ ਯਹੂਦੀ ਭਾਈਚਾਰੇ ਵਲੋਂ ਸਿੱਖ ਭਾਈਚਾਰੇ ਨਾਲ ਮਿਲ ਕੇ ਸੇਵਾ ਦੇ ਕਾਰਜ ਵਿਚ ਸਾਂਝ ਪਾਉਣ ਦੀ ਇਹ ਇਤਿਹਾਸਕ ਘਟਨਾ ਹੈ।

ਫੂਡ ਬੈਂਕ ਦੇ ਚੇਅਰਮੈਨ ਗਿਆਨੀ ਨਰਿੰਦਰ ਸਿੰਘ ਵਾਲੀਆ ਨੇ ਜਿਊਸ ਫੈਡਰੇਸ਼ਨ ਅਤੇ ਫਾਇਨਾਂਸ਼ੀਅਲ ਗਰੁੱਪ ਵਲੋਂ ਭੇਜੀ ਸਹਾਇਤਾ ਰਾਸ਼ੀ ਲਈ ਧੰਨਵਾਦ ਕੀਤਾ ਅਤੇ ਫੂਡ ਬੈਂਕ ਦੇ ਵਾਲੰਟੀਅਰਾਂ ਵਲੋਂ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਵਾਲੰਟੀਅਰਾਂ ਦੀਆਂ ਨਿਸ਼ਕਾਮ ਸੇਵਾਵਾਂ ਦਾ ਹੀ ਗੁਰੂ ਸਾਹਿਬ ਦਾ ਸੰਦੇਸ਼ ਦੁਨੀਆ ਦੇ ਹੋਰ ਭਾਈਚਾਰਿਆਂ ਤਕ ਪਹੁੰਚ ਰਿਹਾ ਹੈ। ਇਸ ਮੌਕੇ 80 ਸਾਲਾ ਬਜ਼ੁਰਗ ਵਾਲੰਟੀਅਰ ਕੇਸਰ ਸਿੰਘ ਕੂਨਰ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਗੁਰੂ ਨਾਨਕ ਫੂਡ ਬੈਂਕ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਕੇਸਰ ਸਿੰਘ ਕੂਨਰ ਨੇ ਕਿਹਾ ਕਿ ਸੇਵਾ ਹੀ ਸਭ ਤੋਂ ਉਤਮ ਧਰਮ ਹੈ।

ਵਰਣਨਯੋਗ ਹੈ ਕਿ ਗੁਰੂ ਨਾਨਕ ਫੂਡ ਬੈਂਕ ਦੁਨੀਆ ਵਿਚ ਸਿੱਖ ਭਾਈਚਾਰੇ ਦਾ ਪਹਿਲਾ ਅਜਿਹਾ ਫੂਡ ਬੈਂਕ ਹੈ, ਜੋ ਲੋੜਵੰਦ ਲੋਕਾਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਰੋਜ਼ਾਨਾ ਗਰੌਸਰੀ (ਰਾਸ਼ਨ) ਲੋੜਾਂ ਦੀ ਪੂਰਤੀ ਕਰ ਰਿਹਾ ਹੈ।

ਗਿਆਨੀ ਨਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਰੀ-ਵੈਨਕੂਵਰ ਆਉਣ ਵਾਲਾ ਕੋਈ ਵੀ ਕੌਮਾਂਤਰੀ ਵਿਦਿਆਰਥੀ ਆਪਣੇ ਆਪ ਨੂੰ ਘਰ ਵਿਹੂਣਾ ਨਾ ਸਮਝੇ, ਗੁਰਦੁਆਰਾ ਦੁਖ ਨਿਵਾਰਨ ਅਤੇ ਗੁਰੂ ਨਾਨਕ ਫੂਡ ਬੈਂਕ ਉਨ੍ਹਾਂ ਨੂੰ ਘਰ ਵਾਲੀਆਂ ਸਾਰੀਆਂ ਸਹੂਲਤਾਂ ਅਤੇ ਸੇਵਾਵਾਂ ਦੇਣ ਲਈ ਹਾਜ਼ਰ ਹੈ।

# ਮਨਜਿੰਦਰ ਸਿੰਘ ਸਿਰਸਾ ਦੇ ਝਟਕੇ ਨਾਲ ਅਕਾਲੀ ਦਲ ਫਿਕਰਮੰਦ

**ਚੰਡੀਗੜ੍ਹ:** ਦਿੱਲੀ ਦੀ ਸਿੱਖ ਸਿਆਸਤ ਵਿਚ ਬੇਹੱਦ ਸਰਗਰਮ ਰਹਿਣ ਵਾਲੇ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਨੇੜਲੇ ਸਾਥੀ ਮਨਜਿੰਦਰ ਸਿੰਘ ਸਿਰਸਾ ਵੱਲੋਂ ਅਚਾਨਕ ਭਾਜਪਾ ਵਿਚ ਸ਼ਾਮਲ ਹੋਣ ਦੇ ਐਲਾਨ ਨੇ ਸਿਆਸੀ ਹਲਚਲ ਵਧਾ ਦਿੱਤੀ ਹੈ। ਸਿਰਸਾ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ, ਸਾਬਕਾ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ, ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਤੇ ਅਕਾਲੀ ਆਗੂ ਅਵਤਾਰ ਸਿੰਘ ਜ਼ੀਰਾ, ਉਦਯੋਗਪਤੀ ਹਰਚਰਨ ਸਿੰਘ ਰਣੌਤਾ ਅਤੇ 'ਆਪ' ਆਗੂ ਗੁਰਪ੍ਰੀਤ ਸਿੰਘ ਭੱਟੀ ਆਦਿ ਭਾਜਪਾ ਵਿਚ ਸ਼ਾਮਲ ਹੋ ਗਏ। ਚੋਣਾਂ ਤੋਂ ਪਹਿਲਾਂ ਅਕਾਲੀ ਦਲ ਲਈ ਇਹ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।



ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਖਾਸ ਕਰਕੇ ਟਕਸਾਲੀ ਪਰਿਵਾਰਾਂ 'ਤੇ ਨਿਗ੍ਹਾ ਟਿਕਾ ਰੱਖੀ ਹੈ, ਜਿਨ੍ਹਾਂ ਨੂੰ ਪਾਰਟੀ ਦੇ ਸਿੱਖ ਚਿਹਰਿਆਂ ਵਜੋਂ ਚੋਣ ਮੈਦਾਨ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਪਿਛਲੇ ਸਾਲ ਭਰ ਤੋਂ ਕਿਸਾਨ ਅੰਦੋਲਨ ਦੇ ਚਲਦਿਆਂ ਹਾਲਾਤ ਨੂੰ ਦੇਖਦੇ ਹੋਏ ਅਕਾਲੀ ਦਲ ਨੇ ਭਾਜਪਾ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ ਅਤੇ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਸਮੇਂ ਤੋਂ ਅਕਾਲੀ ਦਲ (ਬ) ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਆਇਆ ਹੈ, ਜਿਵੇਂ ਉਹ ਭਾਜਪਾ ਦਾ ਕਦੀ ਸਾਥੀ ਨਾ ਰਿਹਾ ਹੋਵੇ, ਸਗੋਂ ਇਸ ਸਮੇਂ ਦੌਰਾਨ ਅਕਾਲੀ ਆਗੂਆਂ ਵੱਲੋਂ ਭਾਜਪਾ ਬਾਰੇ ਅਜਿਹੀ ਤਿੱਖੀ ਬਿਆਨਬਾਜ਼ੀ ਵੀ ਕੀਤੀ ਜਾਂਦੀ ਰਹੀ, ਜਿਸ ਤੋਂ ਕਿ ਇਹ ਪ੍ਰਭਾਵ ਬਣੇ ਕਿ ਅਕਾਲੀ ਦਲ, ਭਾਜਪਾ ਦਾ ਕੱਟੜ ਵਿਰੋਧੀ ਹੈ। ਪੰਜਾਬ ਵਿਚ ਪਿਛਲੀਆਂ ਚੋਣਾਂ ਉਹ ਭਾਜਪਾ ਨਾਲ ਰਲ ਕੇ ਲੜਦਾ ਰਿਹਾ ਸੀ ਪਰ ਇਸ ਵਾਰ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਉਸ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾ ਲਈ ਹੈ ਅਤੇ ਦੋਵਾਂ ਪਾਰਟੀਆਂ ਵਲੋਂ ਉਮੀਦਵਾਰਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ।

ਕਿਸਾਨ ਅੰਦੋਲਨ ਸਮੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਮਨਜਿੰਦਰ ਸਿੰਘ ਸਿਰਸਾ ਨੇ ਜਾਹਿਰਾ ਤੌਰ ਉੱਤੇ ਲੰਗਰ ਸਮੇਤ ਹਰ ਤਰ੍ਹਾਂ ਦੀ ਮਦਦ ਕਰਕੇ ਪਛਾਣ ਬਣਾਈ। ਉਸ ਨੂੰ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਭ ਤੋਂ ਨਜ਼ਦੀਕੀ ਆਗੂ ਮੰਨਿਆ ਜਾਂਦਾ ਸੀ। ਹੁਣ ਮਨਜਿੰਦਰ ਸਿਰਸਾ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੇ ਹੋਰਨਾਂ ਆਗੂਆਂ ਵੱਲੋਂ ਦੋਸ਼ ਲਾਏ ਜਾ ਰਹੇ ਹਨ ਕਿ ਭਾਜਪਾ ਨੇ ਸਿਰਸਾ ਦੀ ਬਾਂਹ ਮਰੋੜ ਕੇ ਦਲ ਬਦਲੀ ਕਰਵਾਈ ਹੈ, ਪਰ ਅਕਾਲੀ ਦਲ 'ਚ ਇਸ ਦਲ ਬਦਲੀ ਨਾਲ ਘਬਰਾਹਟ ਦਾ ਮਾਹੌਲ ਬਣ ਗਿਆ ਹੈ। ਚੋਣਾਂ ਦਾ ਐਲਾਨ ਇਕ ਮਹੀਨੇ ਤੱਕ ਹੋਣ ਦੇ ਚਰਚੇ ਹਨ। ਇਨ੍ਹਾਂ ਚੋਣਾਂ ਲਈ ਅਕਾਲੀ ਦਲ ਜਿਥੇ ਵੱਕਾਰ ਦੀ ਲੜਾਈ ਲੜਦਾ ਦਿਖਾਈ ਦੇ ਰਿਹਾ ਹੈ, ਉਥੇ ਭਾਜਪਾ ਤੇ 'ਆਪ' ਵੀ ਸਿਰ ਧੜ ਦੀ ਬਾਜੀ ਲਾਉਣ ਲਈ ਤਿਆਰ ਹਨ।

ਉਧਰ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਅਕਾਲੀ ਦਲ 'ਤੇ ਗੁੰਮਰਾਹਕੁਨ ਅਤੇ ਬੇਬੁਨਿਆਦ ਪ੍ਰਚਾਰ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਅਕਾਲੀ ਦਲ ਸਿੱਖ ਮਸਲੇ ਹੱਲ ਕਰਾਉਣ ਦੇ ਸਮਰੱਥ ਨਹੀਂ ਰਿਹਾ। ਭਾਜਪਾ ਵਿਚ ਸ਼ਮੂਲੀਅਤ ਨੂੰ ਜਾਇਜ਼ ਠਹਿਰਾਉਂਦਿਆਂ ਸਿਰਸਾ ਨੇ ਕਿਹਾ ਕਿ ਦਲਬਦਲੀ ਦਾ ਮਕਸਦ ਸਿੱਖ ਕੌਮ ਦੀ ਸੇਵਾ ਕਰਨਾ ਹੈ ਅਤੇ ਹੁਣ ਅਜਿਹਾ ਪਲੇਟਫਾਰਮ ਮਿਲ ਗਿਆ ਹੈ ਜਿਸ ਨਾਲ ਲੰਮੇ ਸਮੇਂ ਤੋਂ ਲਟਕ ਰਹੇ ਸਿੱਖ ਮਸਲੇ ਹੱਲ ਕਰਵਾਉਣ ਵਿਚ ਸਹਾਇਤਾ ਮਿਲੇਗੀ।

ਉਨ੍ਹਾਂ ਕਿਹਾ ਕਿ ਉਹ ਆਪਣੀ ਇੱਛਾ ਨਾਲ ਭਾਜਪਾ ਵਿਚ ਸ਼ਾਮਲ ਹੋਏ ਹਨ ਕਿਉਂਕਿ ਇਸ ਪਾਰਟੀ ਨਾਲ ਗੱਠਜੋੜ ਟੁੱਟਣ ਤੋਂ ਬਾਅਦ ਅਕਾਲੀ ਦਲ ਸਿੱਖ ਮਸਲੇ ਹੱਲ ਕਰਵਾਉਣ ਲਈ ਕੰਮ ਕਰਨ ਦੀ ਸਮਰੱਥਾ ਵਿਚ ਨਹੀਂ ਰਿਹਾ ਕਿਉਂਕਿ ਉਸ ਦੀ ਕੋਈ ਬਾਂਹ ਫੜਨ ਵਾਲਾ ਨਹੀਂ ਹੈ।

## ਸਿਰਸਾ ਨੂੰ ਡਰਾ ਕੇ ਭਾਜਪਾ 'ਚ ਸ਼ਾਮਲ ਕੀਤਾ: ਸੁਖਬੀਰ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ 'ਚ ਸ਼ਾਮਲ ਹੋਣ ਬਾਰੇ ਕਿਹਾ ਕਿ ਸਿਰਸਾ ਨੂੰ ਬੰਦੂਕ ਨਾਲ ਡਰ ਕੇ ਭਾਜਪਾ 'ਚ ਸ਼ਾਮਲ ਕਰਵਾਇਆ ਗਿਆ ਹੈ। ਸ੍ਰੀ ਬਾਦਲ ਨੇ ਮਨਜਿੰਦਰ ਸਿਰਸਾ ਵੱਲੋਂ ਭੇਜਿਆ ਗਿਆ ਵ੍ਹਟਸਐਪ ਸੰਦੇਸ਼ ਵੀ ਦਿਖਾਇਆ, ਜਿਸ ਵਿਚ ਉਨ੍ਹਾਂ ਖਿਲਾਫ ਦਰਜ ਕੀਤੀ ਗਈ ਐਫ.ਆਈ.ਆਰ. ਦੀ ਕਾਪੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਿਰਸਾ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਭਾਜਪਾ ਵੱਲੋਂ ਉਨ੍ਹਾਂ ਨੂੰ ਧਮਕਾਇਆ ਗਿਆ ਸੀ ਕਿ ਜਾਂ ਉਹ ਅਕਾਲੀ ਦਲ ਨੂੰ ਛੱਡ ਦੇਣ ਤੇ ਜਾਂ ਫਿਰ ਜੇਲ੍ਹ ਜਾਣ ਲਈ ਤਿਆਰ ਰਹਿਣ।

## ਸਿਰਸਾ ਨੇ ਦਬਾਅ ਹੇਠ ਛੱਡੀ ਪਾਰਟੀ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿਰਸਾ ਦੀ ਭਾਜਪਾ ਵਿਚ ਸ਼ਮੂਲੀਅਤ ਬਾਰੇ ਗੱਲ ਕਰਦਿਆਂ ਕਿਹਾ ਕਿ ਸ੍ਰੀ ਸਿਰਸਾ ਨੇ ਭਾਜਪਾ ਦੇ ਦਬਾਅ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਿਆ ਹੈ। ਉਨ੍ਹਾਂ ਕਿਹਾ ਕਿ ਸਿਰਸਾ ਨਾਲ ਉਨ੍ਹਾਂ ਦੀ ਗੱਲ ਹੋਈ ਸੀ, ਜਿਸ ਦੌਰਾਨ ਸਿਰਸਾ ਨੇ ਦੱਸਿਆ ਸੀ ਕਿ ਉਨ੍ਹਾਂ ਅੱਗੇ ਪੇਸ਼ਕਸ਼ ਰੱਖੀ ਗਈ ਹੈ ਕਿ ਜਾਂ ਉਹ ਭਾਜਪਾ ਵਿਚ ਸ਼ਾਮਲ ਹੋਣ ਨਹੀਂ ਤਾਂ ਜੇਲ੍ਹ ਜਾਣ ਲਈ ਤਿਆਰ ਰਹਿਣ। ਜਥੇਦਾਰ ਨੇ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜਰ ਸਿਰਸਾ ਭਾਜਪਾ ਵਿਚ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸਮੁੱਚੀ ਕਾਰਵਾਈ ਲਈ ਦਿੱਲੀ ਦੇ ਕੁਝ ਸਿੱਖ ਆਗੂ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਇਸ ਘਟਨਾ ਲਈ ਜ਼ਮੀਨ ਤਿਆਰ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ 11 ਹੋਰ ਮੈਂਬਰਾਂ ਖਿਲਾਫ ਪਹਿਲਾਂ ਪੁਲਿਸ ਕੇਸ ਦਰਜ ਕਰਵਾਏ ਗਏ ਤੇ ਮਗਰੋਂ ਉਨ੍ਹਾਂ 'ਤੇ ਭਾਜਪਾ 'ਚ ਸ਼ਾਮਲ ਹੋਣ ਦਾ ਦਬਾਅ ਪਾਇਆ ਗਿਆ।

# ਗੁਰਦੁਆਰਾ ਪ੍ਰਬੰਧਾਂ 'ਚ ਦਖਲ ਤੋਂ ਗੁਰੇਜ਼ ਦੀ ਚਿਤਾਵਨੀ



**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਅਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਗੁਰਦੁਆਰਾ ਪ੍ਰਬੰਧਾਂ ਵਿਚ ਦਖਲ ਦੇਣ ਤੋਂ ਗੁਰੇਜ਼ ਕਰੇ। ਕਮੇਟੀ ਨੇ ਐਲਾਨ ਕੀਤਾ ਕਿ ਸਰਕਾਰਾਂ ਵੱਲੋਂ ਗੁਰਦੁਆਰਾ ਪ੍ਰਬੰਧਾਂ ਵਿਚ ਦਖਲ ਦੇਣ 'ਤੇ ਪੰਥਕ ਸੰਸਥਾਵਾਂ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

30 ਮੈਂਬਰਾਂ ਨਾਲ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਮਨਜਿੰਦਰ ਸਿੰਘ ਸਿਰਸਾ ਦੇ ਕਮੇਟੀ ਦੀ ਪ੍ਰਧਾਨਗੀ ਤੋਂ ਦਿੱਤੇ ਅਸਤੀਫੇ ਤੇ ਭਾਜਪਾ ਵਿਚ ਸ਼ਾਮਲ ਹੋਣ ਦੇ ਫੈਸਲੇ ਨੂੰ ਨਿੱਜੀ ਦੱਸਿਆ।

ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਬੰਧ ਚਲਾਉਣ ਲਈ ਉਹ ਬਣੇ ਹਾਲਾਤ ਬਾਰੇ ਕਾਨੂੰਨੀ ਸਲਾਹ ਲੈ ਰਹੇ ਹਨ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਸਿਰੇ ਤੋਂ ਮੈਂਬਰ ਨਾਮਜ਼ਦ ਕਰਨ ਬਾਰੇ ਸੁਆਲ ਦੇ ਜੁਆਬ ਵਿੱਚ ਕਾਲਕਾ ਨੇ ਕਿਹਾ ਕਿ ਪਾਰਟੀ ਇਸ ਮਾਮਲੇ 'ਤੇ ਵਿਚਾਰ ਕਰ ਰਹੀ ਹੈ ਤੇ ਜਲਦੀ ਹੀ ਇਸ ਬਾਰੇ ਫੈਸਲਾ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਉਹ ਅਦਾਲਤ ਤੱਕ ਪਹੁੰਚ ਕਰਨਗੇ ਅਤੇ ਡਾਇਰੈਕਟਰ ਗੁਰਦੁਆਰਾ ਚੋਣਾਂ ਨਾਲ ਵੀ ਰਾਬਤਾ ਕਰਨਗੇ ਤਾਂ ਕਿ ਨਵੇਂ ਚੁਣੇ ਗਏ ਮੈਂਬਰਾਂ ਦਾ ਜਨਰਲ ਹਾਊਸ ਜਲਦੀ ਸੱਦਿਆ ਜਾਵੇ ਤੇ ਨਵੀਂ ਕਾਰਜਕਾਰਨੀ ਦੀ ਚੋਣ ਕਰਵਾਈ ਜਾਵੇ। ਕਾਲਕਾ ਨੇ ਕਿਹਾ ਕਿ ਗੁਰਦੁਆਰਾ ਕਮੇਟੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ 30 ਮੈਂਬਰ ਹਨ, ਜਿਸ ਕਾਰਨ ਪਾਰਟੀ ਦੀ 51 ਮੈਂਬਰੀ ਜਨਰਲ ਹਾਊਸ ਵਿਚ ਬਹੁਮਤ ਹੈ।

## ਦਿੱਲੀ ਕਮੇਟੀ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਤੋਂ ਬਾਅਦ ਮਨਜਿੰਦਰ ਸਿੰਘ ਸਿਰਸਾ ਕਾਰਜਕਾਰੀ ਪ੍ਰਧਾਨ ਸਨ। ਉਨ੍ਹਾਂ ਕਿਹਾ ਕਿ ਸ੍ਰੀ ਸਿਰਸਾ ਦਾ ਅਸਤੀਫਾ ਕਮੇਟੀ ਦੇ ਹਾਊਸ ਜਾਂ ਕਾਰਜਕਾਰਨੀ ਨੇ ਪ੍ਰਵਾਨ ਕਰਨਾ ਹੈ ਜਿਸ ਦਾ ਪਾਰਟੀ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਭਾਜਪਾ ਅਤੇ 'ਆਪ' ਨੇ ਇੱਕ ਸਾਜ਼ਿਸ਼ ਤਹਿਤ ਡੀ.ਐਸ.ਜੀ.ਐਮ.ਸੀ. 'ਤੇ ਅਸਿੱਧੇ ਢੰਗ ਨਾਲ ਕਬਜ਼ਾ ਕਰਨ ਲਈ ਨਵੀਂ ਕਾਰਜਕਾਰਨੀ ਹੋਂਦ 'ਚ ਨਹੀਂ ਆਉਣ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ 11 ਮੈਂਬਰਾਂ 'ਤੇ ਪੁਲੀਸ ਵੱਲੋਂ ਕੇਸ ਦਰਜ ਕਰਨਾ ਅਤੇ ਸਿਰਸਾ ਨੂੰ ਪੰਜਾਬੀ ਦੇ ਇਮਤਿਹਾਨ 'ਚੋਂ ਫੇਲ੍ਹ ਕਰਨਾ ਇਸੇ ਸਾਜ਼ਿਸ਼ ਦਾ ਹਿੱਸਾ ਸੀ। ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਮੈਂਬਰਾਂ ਦੀ ਕੋ-ਆਪਸ਼ਨ ਦਾ ਅਮਲ ਸਿਰੇ ਨਾ ਚੜ੍ਹਨਾ ਵੀ ਦਿੱਲੀ ਸਰਕਾਰ ਤੇ ਕੇਂਦਰ ਦੀ ਸਾਜ਼ਿਸ਼ ਹੈ।

# ਭਾਈ ਵੀਰ ਸਿੰਘ ਦੀ 150 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਸ਼ੁਰੂਆਤ

**ਅੰਮ੍ਰਿਤਸਰ:** ਇੱਥੇ ਨਾਦ ਪ੍ਰਗਾਸੁ ਵੱਲੋਂ ਭਾਈ ਵੀਰ ਸਿੰਘ ਦੇ 149ਵੇਂ ਜਨਮ ਦਿਨ ਅਤੇ 150 ਸਾਲਾ ਜਨਮ ਸ਼ਤਾਬਦੀ ਦੀ ਆਰੰਭਤਾ ਮੌਕੇ ਕਰਵਾਏ ਗਏ ਵਿਸ਼ੇਸ਼ ਯਾਦਗਾਰੀ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਮੁਖੀ ਡਾ. ਧਰਮ ਸਿੰਘ ਨੇ ਕਿਹਾ ਕਿ ਭਾਈ ਵੀਰ ਸਿੰਘ ਨੂੰ ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਦੀ ਨਿਰੰਤਰਤਾ ਵਿਚ ਸਮਝੇ ਜਾਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਤਿੰਨੋਂ ਸ਼ਖਸੀਅਤਾਂ ਵਿਚ ਸਾਹਿਤਕ ਸਿਰਜਣਾ ਅਤੇ ਅਧਿਆਤਮਕ ਅਨੁਭਵ ਆਪਣਾ ਸੁਜੋੜ ਹਾਸਲ ਕਰੀ ਬੈਠਾ ਹੈ। ਉਨ੍ਹਾਂ ਬਾਰੇ ਹੋਈ ਪ੍ਰਗਤੀਵਾਦੀ ਆਲੋਚਨਾ ਨੇ ਭਾਈ ਵੀਰ ਸਿੰਘ ਦੇ ਚਿੰਤਨ ਅਤੇ ਯੋਗਦਾਨ ਨੂੰ ਉਲਾਰੂ ਭਾਵਨਾ ਤਹਿਤ ਸਮਝਣ ਦੀ ਕੋਸ਼ਿਸ਼ ਕੀਤੀ ਹੈ।

### ਭਾਈ ਵੀਰ ਸਿੰਘ ਦੁਆਰਾ ਅਨੁਵਾਦਤ ਪੁਸਤਕ ਅਤੇ ਭਾਈ ਵੀਰ ਸਿੰਘ ਵਿਸ਼ੇਸ਼ ਅੰਕ ਰਿਲੀਜ਼

ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡਾ. ਗੁਰਨਾਮ ਕੌਰ ਬੇਦੀ ਨੇ ਭਾਈ ਵੀਰ ਸਿੰਘ ਦੇ ਚਿੰਤਨੀ ਮਿਆਰ ਅਤੇ ਯੋਗਦਾਨ ਨੂੰ ਰਾਬਿੰਦਰ ਨਾਥ ਟੈਗੋਰ, ਮੁਹੰਮਦ ਇਕਬਾਲ ਅਤੇ ਅਰਬਿੰਦੂ ਦੇ ਸਮਾਨ ਆਧੁਨਿਕ ਭਾਰਤ ਦੇ ਸਿਰਜਕ ਵਜੋਂ ਦਰਸਾਇਆ। ਇਸ ਮੌਕੇ ਭਾਈ ਵੀਰ ਸਿੰਘ ਵਲੋਂ ਅਨੁਵਾਦਤ ਪਲੈਟੋ ਦੀ ਪੁਸਤਕ (ਸੰਪਾਦਕ ਡਾ. ਹਰਵਿੰਦਰ ਸਿੰਘ) ਦਾ ਪੋਸਟਰ ਅਤੇ ਗੁਰਮੁਖੀ ਅਖਬਾਰ ਦਾ ਭਾਈ ਵੀਰ ਸਿੰਘ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤੇ ਗਏ। ਤਿੰਨ ਸੈਸ਼ਨਾਂ ਵਿਚ ਹੋਏ ਅੱਜ ਦੇ ਇਸ ਵਿਸ਼ੇਸ਼ ਸਮਾਗਮ ਦੇ ਪਹਿਲੇ ਸੈਸ਼ਨ ਦੌਰਾਨ ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਅਤੇ ਗਜ਼ਲਾਂ ਦੀ ਸੰਗੀਤਕ ਪੇਸ਼ਕਾਰੀ ਕੀਤੀ ਗਈ। ਇਸ ਦੌਰਾਨ ਲਵਲੀ ਪ੍ਰੋਫੈਸ਼ਨਲ ਯੂਨਵਿਰਸਿਟੀ ਤੋਂ ਡਾ. ਕੁਲਵਿੰਦਰ ਸਿੰਘ ਤੇ ਡਾ. ਅਮਨਦੀਪ ਸਿੰਘ, ਖਾਲਸਾ ਕਾਲਜ ਤੋਂ ਮਹਿਕਦੀਪ ਸਿੰਘ, ਦਿੱਲੀ ਯੂਨੀਵਰਸਿਟੀ ਤੋਂ ਅਵਨਿੰਦਰ ਸਿੰਘ ਅਤੇ ਸ਼ਹਿਜ਼ਾਦਾ ਨੰਦ ਕਾਲਜ ਤੋਂ ਭਾਸਕਰ ਸਿੰਘ ਨੇ ਸ਼ਾਸਤਰੀ ਗਾਇਨ ਕੀਤਾ।

ਸਮਾਗਮ ਦੇ ਦੂਸਰੇ ਸੈਸ਼ਨ ਵਿਚ ਵਿਚਾਰ ਗੋਸ਼ਟੀ ਕਰਵਾਈ ਗਈ, ਜਿਸ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਸੁਖਵਿੰਦਰ ਸਿੰਘ ਨੇ ਭਾਈ ਵੀਰ ਸਿੰਘ ਬਾਬਤ ਹੋਏ ਸੰਸਥਾਗਤ ਖੋਜ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਪ੍ਰਗਤੀਵਾਦੀ ਅਤੇ ਅਕਾਦਮਿਕ ਅਧਿਐਨ ਦੇ ਉਲਾਰੂ ਰੁਝਾਨਾਂ ਬਾਰੇ ਸੰਖੇਪ ਵਿਚ ਦੱਸਿਆ। ਅਮਨਿੰਦਰ ਸਿੰਘ ਨੇ ਕਿਹਾ ਕਿ ਭਾਈ ਵੀਰ ਸਿੰਘ ਆਪਣੀਆਂ ਲਿਖਤਾ ਰਾਹੀਂ ਭਾਰਤੀ ਸੱਭਿਅਤਾ ਦੀ ਏਕਾਧਿਕਾਰੀ ਬਿਰਤੀ ਅਤੇ ਮੁਗਲ ਸਾਮਰਾਜੀ ਸ਼ਕਤੀ ਦੇ ਸਾਮੰਤੀ ਪ੍ਰਣਾਲੀ ਦੇ ਸਾਹਮਣੇ ਗੁਰਮੁਖ ਕੇਂਦਰਤ ਮਾਡਲ ਦੀ ਵਿਸ਼ੇਸ਼ਤਾ ਸਾਡੇ ਸਾਹਮਣੇ ਲਿਆਉਂਦੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਖੋਜਾਰਥੀਆਂ ਹਰਕਮਲਪ੍ਰੀਤ ਸਿੰਘ, ਸੰਦੀਪ ਸ਼ਰਮਾ, ਇਮਰਤਪਾਲ ਸਿੰਘ, ਕੁਲਵਿੰਦਰ ਸਿੰਘ ਅਤੇ ਕੋਮਲਪ੍ਰੀਤ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਤੀਜੇ ਤੇ ਆਖਰੀ ਸੈਸ਼ਨ ਦੌਰਾਨ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਤਰੰਨੁਮ ਵਿਚ ਉਚਾਰਨ ਕੀਤਾ ਗਿਆ, ਜਿਸ ਦੌਰਾਨ ਜੋਗਿੰਦਰ ਸਿੰਘ ਜੋਗੀ ਨੇ 'ਖਿਮਾ-ਸੰਜੋਗ', ਚਰਨਜੀਤ ਸਿੰਘ ਨੇ 'ਗੁਰੂ ਨਾਨਕ ਤੂੰ' ਵਰਿੰਦਰਪਾਲ ਸਿੰਘ ਨੇ 'ਇਸ਼ਕ ਤੇ ਖੇੜਾ' ਅਤੇ ਸੁਰਿੰਦਰ ਸਿੰਘ ਨੇ 'ਬਾਬਲ ਜੀ ਤੁਸੀਂ ਕਵਨ ਦੇਸ਼ ਤੋਂ ਆਏ' ਕਵਿਤਾਵਾਂ ਦਾ ਰਸਿਕ ਉਚਾਰਨ ਕੀਤਾ।

ਇਸ ਮੌਕੇ ਸੰਸਥਾ ਦੇ ਸਕੱਤਰ ਵਰਿੰਦਰਪਾਲ ਸਿੰਘ ਨੇ ਵੱਖ-ਵੱਖ ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਤੋਂ ਆਏ ਵਿਦਿਆਰਥੀਆਂ, ਖੋਜਾਰਥੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਈ ਵੀਰ ਸਿੰਘ ਦੀ ਇਸ 150 ਸਾਲਾ ਜਨਮ ਸ਼ਤਾਬਦੀ ਨੂੰ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਰਾਸ਼ਟਰੀ ਪੱਧਰ 'ਤੇ ਮਨਾਏ ਜਾਣ ਦੀ ਲੋੜ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਸਥਾਵਾਂ ਨੂੰ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅੱਜ ਦੇ ਇਸ ਸਮਾਗਮ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਵਾਹਰ ਨਾਲ ਨਹਿਰੂ ਯੂਨੀਵਰਸਿਟੀ, ਦਿੱਲੀ, ਦਿੱਲੀ ਯੂਨੀਵਰਸਿਟੀ ਦਿੱਲੀ, ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਤੋਂ ਇਲਾਵਾ ਡਾ. ਜਸਵੰਤ ਸਿੰਘ, ਪ੍ਰਭੂਪਾਲ ਸਿੰਘ, ਪ੍ਰੋ. ਗੁਰਬਖਸ਼ ਸਿੰਘ ਆਦਿ ਵੀ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਲਖਬੀਰ ਸਿੰਘ ਨੇ ਨਿਭਾਈ।

# ਬਹਿਬਲ ਕਾਂਡ: ਮੁਲਜ਼ਮਾਂ 'ਤੇ ਸੁਣਵਾਈ ਲਮਕਾਉਣ ਦਾ ਦੋਸ਼

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਨਾਮਜ਼ਦ ਪੁਲਿਸ ਅਧਿਕਾਰੀਆਂ ਦੀ ਇਕ ਅਰਜ਼ੀ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਪੰਜਾਬ ਸਰਕਾਰ ਨੇ ਦੋਸ਼ ਲਾਇਆ ਹੈ ਕਿ ਮੁਲਜ਼ਮ ਜਾਣ-ਬੁੱਝ ਕੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਨੂੰ ਲਮਕਾ ਰਹੇ ਹਨ।

ਵਿਸ਼ੇਸ਼ ਜਾਂਚ ਟੀਮ ਅਤੇ ਪੰਜਾਬ ਸਰਕਾਰ ਨੇ ਅਦਾਲਤ ਵਿਚ ਦਾਅਵਾ ਕੀਤਾ ਹੈ ਕਿ ਮੁਲਜ਼ਮ ਜਾਂਚ ਟੀਮ ਨੂੰ ਪੜਤਾਲ ਕਰਨ ਦੇ ਤਰੀਕੇ ਬਾਰੇ ਸੁਝਾਅ ਨਹੀਂ ਦੇ ਸਕਦੇ। ਵਿਸ਼ੇਸ਼ ਜਾਂਚ ਟੀਮ ਦੇ ਵਕੀਲ ਪੰਕਜ ਤਨੇਜਾ ਨੇ ਅਦਾਲਤ ਨੂੰ ਕਿਹਾ ਕਿ ਬਹਿਬਲ ਗੋਲੀ ਕਾਂਡ ਸਬੰਧੀ ਦਰਜ ਹੋਏ ਦੋ ਕੇਸਾਂ ਵਿਚ ਹਾਲੇ ਵੀ ਜਾਂਚ ਟੀਮ ਪੜਤਾਲ ਕਰ ਰਹੀ ਹੈ। ਉਨ੍ਹਾਂ ਪੜਤਾਲ ਦੇ ਹੋਰ ਵੇਰਵੇ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪੁਲਿਸ ਅਧਿਕਾਰੀਆਂ ਵੱਲੋਂ ਬਹਿਬਲ ਗੋਲੀ ਕਾਂਡ ਵਿਚ ਦਿੱਤੀਆਂ ਗਈਆਂ ਅਰਜ਼ੀਆਂ ਨਿਰਆਧਾਰ ਤੇ ਕੇਸ ਨੂੰ ਲਮਕਾਉਣ ਹਿਤ ਦਿੱਤੀਆਂ ਗਈਆਂ ਹਨ, ਜੋ ਨਿਯਮਾਂ ਮੁਤਾਬਕ



ਰੱਦ ਹੋਣੀਆਂ ਚਾਹੀਦੀਆਂ ਹਨ। ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਸਮੇਤ ਸਾਰੇ ਪੁਲਿਸ ਅਧਿਕਾਰੀ ਅਦਾਲਤ ਵਿਚ ਹਾਜ਼ਰ

ਪੰਜਾਬ ਟਾਈਮਜ਼

*ਸਨਿਚਰਵਾਰ, 11 ਦਸੰਬਰ 2021*

# ਪੰਜਾਬ ਦੀ ਸਿਆਸਤ

ਪੰਜਾਬ ਦੀਆਂ ਸਭ ਸਿਆਸੀ ਧਿਰਾਂ ਨੇ ਆਪੋ-ਆਪਣੀਆਂ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਤੋਂ ਉਠੇ ਅਤੇ ਫਿਰ ਭਾਰਤ ਭਰ ਵਿਚ ਫੈਲੇ ਮਿਸਾਲੀ ਅਤੇ ਇਤਿਹਾਸਕ ਕਿਸਾਨ ਅੰਦੋਲਨ ਨੇ ਇਸ ਵਾਰ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅੰਦਰ ਵੱਖਰਾ ਰੰਗ ਭਰਿਆ ਹੈ। ਪੰਜਾਬ ਅਤੇ ਉਤਰ ਪ੍ਰਦੇਸ਼ ਸਮੇਤ ਪੰਜ ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ ਅਗਲੇ ਸਾਲ ਦੇ ਆਰੰਭ ਵਿਚ ਹੋਣੀਆਂ ਹਨ। ਸਾਰੀਆਂ ਧਿਰਾਂ, ਖਾਸ ਕਰਕੇ ਕੇਂਦਰ ਵਿਚ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦੀਆਂ ਨਜ਼ਰਾਂ ਉਤਰ ਪ੍ਰਦੇਸ਼ ਅਤੇ ਪੰਜਾਬ ਉਤੇ ਟਿਕੀਆਂ ਹੋਈਆਂ ਹਨ। ਉਤਰ ਪ੍ਰਦੇਸ਼ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ ਅਤੇ ਉਥੇ ਇਸ ਨੂੰ ਚੋਣ ਮੈਦਾਨ ਵਿਚ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਾਰ ਭਾਰਤੀ ਜਨਤਾ ਪਾਰਟੀ, ਆਮ ਜਨਤਾ ਨੂੰ ਧਰਮ ਦੇ ਨਾਂ ਉਤੇ ਪਾਟੋ-ਧਾੜ ਕਰਨ ਵਿਚ ਅਜੇ ਤੱਕ ਨਾਕਾਮ ਰਹੀ ਹੈ। ਅਸਲ ਵਿਚ ਉਤਰ ਪ੍ਰਦੇਸ਼ ਦੇ ਪੱਛਮੀ ਇਲਾਕੇ ਜਿਥੇ ਇਸ ਵਕਤ ਕਿਸਾਨ ਅੰਦੋਲਨ ਦਾ ਜ਼ੋਰ ਹੈ, ਵਿਚ ਭਾਰਤੀ ਜਨਤਾ ਪਾਰਟੀ ਦੀ ਧਰਮ ਆਧਾਰਿਤ ਸਿਆਸਤ ਨੂੰ ਤਕੜੀ ਸੱਟ ਵੱਜੀ ਹੈ। ਪਿਛਲੇ ਕਾਫੀ ਸਮੇਂ ਤੋਂ ਭਾਰਤੀ ਜਨਤਾ ਪਾਰਟੀ, ਹਿੰਦੂ ਅਤੇ ਮੁਸਲਮਾਨਾਂ ਵੋਟਰਾਂ ਵਿਚਕਾਰ ਪਾੜਾ ਵਧਾਉਣ ਵਿਚ ਸਫਲ ਹੁੰਦੀ ਰਹੀ ਸੀ ਪਰ ਕਿਸਾਨ ਅੰਦੋਲਨ ਨੇ ਇਨ੍ਹਾਂ ਦੋਹਾਂ ਫਿਰਕਿਆਂ ਵਿਚਕਾਰ ਪਿਆ ਧਾਰਮਿਕ ਪਾੜਾਂ ਇਕੋ ਝਟਕੇ ਨਾਲ ਪੂਰ ਦਿੱਤਾ। ਇਸੇ ਫਿਕਰ ਵਿਚੋਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਏ ਹਨ।

ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦਾ ਸਿਆਸੀ ਗਰਾਫ ਇੰਨਾ ਵੱਡਾ ਨਹੀਂ ਹੈ। ਇਹ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਕੁੱਲ 117 ਵਿਚੋਂ 23 ਸੀਟਾਂ ਉਤੇ ਹੀ ਚੋਣਾਂ ਲੜਦੀ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਇਸ ਪਾਰਟੀ ਦੀ ਪੰਜਾਬ ਇਕਾਈ ਦਾ ਇਕ ਧੜਾ ਲਗਾਤਾਰ ਇਹ ਕਹਿੰਦਾ ਰਿਹਾ ਹੈ ਕਿ ਪਾਰਟੀ ਨੂੰ ਪੰਜਾਬ ਚੋਣਾਂ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰਕੇ ਇਕੱਲਿਆਂ ਲੜਨੀਆਂ ਚਾਹੀਦੀਆਂ ਹਨ। ਸਿਆਸੀ ਪਿੜ ਅੰਦਰ ਇਹ ਕਿਆਸ-ਆਰਾਈਆਂ ਅਜੇ ਚੱਲ ਹੀ ਰਹੀਆਂ ਸਨ ਕਿ ਮੋਦੀ ਸਰਕਾਰ ਨੇ ਪਿਛਲੇ ਸਾਲ ਜੂਨ ਮਹੀਨੇ ਕੋਵਿਡ-19 ਮਹਾਮਾਰੀ ਦੌਰਾਨ ਤਿੰਨ ਖੇਤੀ ਆਰਡੀਨੈਂਸ ਲੈ ਆਂਦੇ ਜੋ ਸਤੰਬਰ ਵਿਚ ਸੰਸਦ ਵਿਚੋਂ ਪਾਸ ਕਰਵਾ ਕੇ ਬਾਕਾਇਦਾ ਕਾਨੂੰਨ ਬਣਾ ਦਿੱਤੇ ਗਏ। ਇਨ੍ਹਾਂ ਕਾਨੂੰਨਾਂ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਤਕੜੀ ਚੁਣੌਤੀ ਦਿੱਤੀ ਅਤੇ ਪਿਛਲੇ ਸਾਲ ਨਵੰਬਰ ਤੱਕ ਪੁੱਜਦਿਆਂ ਇਹ ਕਿਸਾਨ ਅੰਦੋਲਨ ਪੰਜਾਬ ਦੇ ਨਾਲ-ਨਾਲ ਹਰਿਆਣਾ ਵਿਚ ਵੀ ਜ਼ੋਰ ਫੜਨ ਲੱਗਾ। ਕਿਸਾਨਾਂ ਅਤੇ ਇਨ੍ਹਾਂ ਦੀ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰੀ ਸ਼ਿਕੰਜੇ ਦੀ ਪ੍ਰਵਾਹ ਕੀਤੇ ਬਗੈਰ ਕਿਸਾਨ ਮੋਰਚਾ ਭਖਾ ਦਿੱਤਾ। ਇਸੇ ਦੌਰਾਨ ਸਿਆਸੀ ਦਬਾਅ ਕਾਰਨ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਤੋੜ-ਵਿਛੋੜਾ ਵੀ ਹੋ ਗਿਆ।

ਹੁਣ ਹਾਲਾਤ ਇਹ ਹਨ ਕਿ ਪੰਜਾਬ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਅਗਲੀਆਂ ਚੋਣਾਂ ਵਿਚ ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਸ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਕਾਰਨ ਭਾਵੇਂ ਪਾਰਟੀ ਨੂੰ ਡਾਢਾ ਨੁਕਸਾਨ ਵੀ ਹੋਇਆ ਹੈ ਪਰ ਇਸ ਪਾਰਟੀ ਦੇ ਆਗੂਆਂ ਦਾ ਦਾਅਵਾ ਹੈ ਕਿ ਅਗਲੀ ਸਰਕਾਰ ਉਨ੍ਹਾਂ ਦੀ ਪਾਰਟੀ ਦੀ ਹੀ ਬਣੇਗੀ। ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਪਹਿਲਾਂ ਹੀ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਚੋਣ ਸਮਝੌਤਾ ਕਰ ਲਿਆ ਸੀ ਪਰ ਇਸ ਪਾਰਟੀ ਦੇ ਸਿਆਸੀ ਪਿੜ ਵਿਚ ਅਜੇ ਤੱਕ ਢੰਗ ਨਾਲ ਪੈਰ ਜੰਮ ਨਹੀਂ ਸਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੁਝ ਹੋਰ ਮਸਲਿਆਂ ਕਾਰਨ ਪਾਰਟੀ ਲੀਡਰਸ਼ਿਪ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਵੀ ਪੰਜਾਬ ਵਿਚ ਅਗਲੀ ਸਰਕਾਰ ਬਣਾਉਣ ਦੀ ਦਾਅਵੇਦਾਰੀ ਕਰ ਰਹੀ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਖੁਦ ਅੱਗੇ ਹੋ ਕੇ ਪਾਰਟੀ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦੇ ਪੰਜਾਬ ਦੇ ਗੇੜੇ ਵਧ ਗਏ ਹਨ ਅਤੇ ਉਹ ਲੋਕਾਂ ਨੂੰ ਦਿੱਲੀ ਦੀ ਤਰਜ਼ ਵਾਲਾ ਸ਼ਾਸਨ ਅਤੇ ਪ੍ਰਸ਼ਾਸਨ ਦੇਣ ਦੇ ਦਾਅਵੇ ਤੇ ਵਾਅਦੇ ਕਰ ਰਹੇ ਹਨ। ਇਸ ਦੇ ਨਾਲ ਹੀ ਉਹ ਪੰਜਾਬ ਦੇ ਲੋਕਾਂ ਨੂੰ ਮੁਫਤ ਸਹੂਲਤਾਂ ਦਾ ਚੋਗਾ ਵੀ ਲਗਾਤਾਰ ਸੁੱਟ ਰਹੇ ਹਨ।

ਇਸੇ ਦੌਰਾਨ ਐਤਕੀਂ ਚੋਣ ਪਿੜ ਵਿਚ ਇਕ ਹੋਰ ਧਿਰ ਦਾ ਮੂੰਹ-ਮੱਥਾ ਬਣ ਰਿਹਾ ਹੈ। ਇਹ ਧਿਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਰਗਰਮ ਹੋ ਰਹੀ ਹੈ ਅਤੇ ਇਸ ਨੂੰ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਹਰ ਸੰਭਵ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਕਾਲੀ ਦਲ ਤੋਂ ਵੱਖ ਹੋਏ ਧੜੇ ਜੋ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਸਰਗਰਮ ਹੈ, ਦੇ ਇਸ ਗੱਠਜੋੜ ਵਿਚ ਸ਼ਾਮਿਲ ਹੋਣ ਦੀ ਚਰਚਾ ਵੀ ਖੂਬ ਚੱਲ ਰਹੀ ਹੈ। ਇਨ੍ਹਾਂ ਚੋਣਾਂ ਵਿਚ ਇਕ ਹੋਰ ਕਾਰਕ ਕਿਸਾਨ ਅੰਦੋਲਨ ਵੀ ਹੋਵੇਗਾ। ਵੱਖ-ਵੱਖ ਕਿਸਾਨ ਭਾਵੇਂ ਰਵਾਇਤੀ ਤੌਰ 'ਤੇ ਕਿਸੇ ਨਾ ਕਿਸੇ ਸਿਆਸੀ ਧਿਰ ਨਾਲ ਜੁੜੇ ਹੋਏ ਹਨ ਪਰ ਇਸ ਵਾਰ ਚੋਣਾਂ ਵਿਚ ਕਿਸਾਨਾਂ ਦੀ ਭੂਮਿਕਾ ਵੱਖਰੀ ਤਰ੍ਹਾਂ ਦੀ ਹੋਵੇਗੀ। ਕੁਝ ਕਿਸਾਨ ਧਿਰਾਂ ਚੋਣ ਪਿੜ ਵਿਚ ਡਟਣ ਦਾ ਇਰਾਦਾ ਵੀ ਜ਼ਾਹਿਰ ਕਰ ਚੁੱਕੀਆਂ ਹਨ ਪਰ ਮੋਟੇ ਰੂਪ ਵਿਚ ਬਹੁਤੀਆਂ ਕਿਸਾਨ ਧਿਰਾਂ ਅਜੇ ਸਿਆਸੀ ਪਾਰਟੀਆਂ ਉਤੇ ਦਬਾਅ ਬਣਾ ਕੇ ਰੱਖਣ ਦੇ ਹਿਸਾਬ ਨਾਲ ਚੱਲ ਰਹੀਆਂ ਹਨ। ਕੁਝ ਵੀ ਹੋਵੇ, ਐਤਕੀਂ ਕਿਸਾਨ ਅੰਦੋਲਨ ਨੇ ਪੰਜਾਬ ਦੇ ਸਿਆਸੀ ਪਿੜ ਅੰਦਰ ਨਵੀਂ ਰੂਹ ਫੂਕੀ ਹੈ। ਆਮ ਲੋਕ ਪਹਿਲਾਂ ਦੇ ਮੁਕਾਬਲੇ ਵਧੇਰੇ ਜਾਗਰੂਕ ਹੋਏ ਹਨ ਅਤੇ ਸਿਆਸੀ ਲੀਡਰਾਂ ਤੇ ਪਾਰਟੀ ਕਾਰਕੁਨਾਂ ਨੂੰ ਸਵਾਲ ਕਰ ਰਹੇ ਹਨ। ਕਿਸਾਨ ਅੰਦੋਲਨ ਨਾਲ ਪੰਜਾਬ ਦੀ ਚੋਣ ਸਿਆਸਤ ਉਤੇ ਕਿੰਨਾ ਕੁ ਅਸਰ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਗੱਲ ਹੁਣ ਤਕਰੀਬਨ ਤੈਅ ਹੋ ਗਈ ਹੈ ਕਿ ਕਿਸੇ ਵੀ ਸਿਆਸੀ ਧਿਰ ਨੂੰ ਕਿਸਾਨੀ ਨੂੰ ਅਣਗੌਲਿਆਂ ਕਰਨਾ ਹੁਣ ਸੌਖਾ ਨਹੀਂ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਚੋਰਾਂ 'ਤੇ ਮੋਰ?

ਔਖਾ ਝਾਕਣਾ ਸਿਆਸਤੀ ਪਰਦਿਆਂ 'ਚੋਂ, ਛਾਈ ਹੁੰਦੀ ਏ ਘਟਾ ਘਨਘੋਰ ਬੇਲੀ।
ਲੋਕੀਂ ਸਮਝਦੇ ਬੰਦਾ 'ਫਲਾਣਿਆਂ' ਦਾ, ਮਾਲਕ ਹੁੰਦਾ ਏ ਉਹਦਾ ਕੋਈ ਹੋਰ ਬੇਲੀ।
ਪਲਾਂ ਵਿਚ ਹੀ ਵੈਰੀ ਬਣ ਜਾਣ 'ਦੋਵੇਂ',ਬਣ ਕੇ ਰਹਿੰਦੇ ਜੋ 'ਚੰਨ-ਚਕੋਰ' ਬੇਲੀ।
ਡੂੰਘੀ ਫੇਰਦੇ ਜੜ੍ਹਾਂ ਦੇ ਵਿਚ ਆਰੀ, ਦੇਣ ਬਿਆਨ ਜਿਉਂ ਕਰਨ 'ਟਕੋਰ' ਬੇਲੀ।
'ਮਨੋਰੰਜਨ' ਦੇ ਨਾਲ ਹੈਰਾਨ ਕਰਦੇ, ਹੋਣ ਦੇਣ ਨਾ ਜਨਤਾ ਨੂੰ 'ਬੋਰ' ਬੇਲੀ।
'ਅਲੀ ਬਾਬੇ' ਦੇ ਹੋਸ਼ ਵੀ ਗੁੰਮ ਹੁੰਦੇ,'ਚਾਲ਼ੀ ਚੋਰਾਂ' 'ਤੇ ਪੈਣ ਜਦ 'ਮੋਰ' ਬੇਲੀ!

# ਵਧਦੀ ਵਿਕਾਸ ਦਰ ਅਤੇ ਰੁਲ ਰਹੇ ਲੋਕ

***ਇਸ ਵਕਤ ਭਾਰਤ ਦੀ ਵਿਕਾਸ ਦਰ ਵਧਣ ਦੇ ਦਾਅਵੇ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਦਾ ਕਹਿਣਾ ਹੈ ਕਿ ਕੋਵਿਡ-19 ਵਾਲੀ ਮਾਰ ਤੋਂ ਹੁਣ ਭਾਰਤੀ ਆਰਥਿਕਤਾ ਉਭਰ ਰਹੀ ਹੈ ਪਰ ਅਰਥ ਸ਼ਾਸਤਰੀਆਂ ਨੇ ਇਸ ਬਾਰੇ ਜੋ ਪੁਣ-ਛਾਣ ਕੀਤੀ ਹੈ, ਉਹ ਬਿਲਕੁਲ ਵੱਖਰੀ ਹੈ। ਇਨ੍ਹਾਂ ਅਰਥ ਸ਼ਾਸਤਰੀਆਂ ਨੇ ਅੰਕੜਿਆਂ ਸਹਿਤ ਦੱਸਿਆ ਹੈ ਕਿ ਬੇਰੁਜ਼ਗਾਰੀ ਅਤੇ ਆਮ ਲੋਕਾਂ ਵੱਲੋਂ ਕੀਤੀ ਜਾਣ ਵਾਲੀ ਖਰੀਦੋ-ਫਰੋਖਤ ਦੇ ਮਾਮਲੇ ਵਿਚ ਜੋ ਹਾਲ ਭਾਰਤ ਦਾ ਹੈ, ਉਸ ਵਿਚ ਅੰਕੜਿਆਂ ਵਾਲੀ ਵਿਕਾਸ ਦਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਆਮ ਲੋਕ ਮਹਿੰਗਾਈ ਨੇ ਨਪੀੜੇ ਹੋਏ ਹਨ। ਇਸ ਬਾਰੇ ਚਰਚਾ ਅਭੈ ਕੁਮਾਰ ਦੂਬੇ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਨਵੰਬਰ ਦੀ ਸ਼ੁਰੂਆਤ 'ਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਜੋ ਬਿਆਨ ਦਿੱਤਾ, ਉਹ ਸਾਡੇ ਦੇਸ਼ ਲਈ ਇਕ ਤਰ੍ਹਾਂ ਨਾਲ ਸਬਕ ਦਾ ਕੰਮ ਕਰ ਸਕਦਾ ਹੈ। ਬਾਈਡਨ ਨੇ ਕਿਹਾ ਕਿ ਮੈਂ ਇੱਥੇ ਅਮਰੀਕੀ ਜਨਤਾ ਦੇ ਸਭ ਤੋਂ ਜ਼ਿਆਦਾ ਅਹਿਮ ਆਰਥਿਕ ਸਰੋਕਾਰਾਂ 'ਚੋਂ ਇਕ ਬਾਰੇ ਗੱਲ ਕਰਨ ਆਇਆ ਹਾਂ। ਪਹਿਲੇ ਨੰਬਰ 'ਤੇ ਆਉਂਦਾ ਹੈ ਮਹਿੰਗਾਈ ਘੱਟ ਕਰਨਾ। ਦੂਜੇ ਨੰਬਰ 'ਤੇ ਇਹ ਯਕੀਨੀ ਬਣਾਉਣਾ ਹੈ ਕਿ ਸਾਡੇ ਸਟੋਰ ਚੀਜ਼ਾਂ ਨਾਲ ਭਰੇ ਰਹਿਣ ਅਤੇ ਤੀਜੇ ਨੰਬਰ 'ਤੇ ਹੈ ਇਨ੍ਹਾਂ ਦੋਵਾਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵੱਧ ਤੋਂ ਵੱਧ ਲੋਕਾਂ ਨੂੰ ਫਿਰ ਤੋਂ ਕੰਮ ਦਿਵਾਉਣਾ। ਆਰਥਿਕ ਟਿੱਪਣੀਕਾਰ ਮੈਥਿਲੀ ਭੁਸਰਨੁਰਮਠ ਨੇ ਇਸ ਬਿਆਨ ਦੀ ਵਿਆਖਿਆ ਕਰਦਿਆਂ ਇਹ ਦਰਸਾਇਆ ਹੈ ਕਿ ਸਾਫ਼ ਤੌਰ 'ਤੇ ਰਾਸ਼ਟਰਪਤੀ ਬਾਈਡਨ ਦੀਆਂ ਤਿੰਨ




**ਅਭੈ ਕੁਮਾਰ ਦੂਬੇ**

ਪਹਿਲ ਕਦਮੀਆਂ 'ਚ ਕਿਤੇ ਉਸ ਸ਼ਬਦ ਦਾ ਜ਼ਿਕਰ ਤੱਕ ਨਹੀਂ ਹੈ, ਜਿਸ ਨੂੰ 'ਗ੍ਰੋਥ' ਜਾਂ ਅਰਥਵਿਵਸਥਾ ਦੀ ਵਿਕਾਸ ਦਰ ਕਹਿੰਦੇ ਹਨ। ਦਰਅਸਲ ਅਮਰੀਕੀ ਰਾਸ਼ਟਰਪਤੀ ਜਾਣਦੇ ਹਨ ਕਿ ਵਿਕਾਸ ਦਰ ਦਾ ਅੰਕੜਾ ਕਿੰਨਾ ਵੀ ਆਕਰਸ਼ਕ ਕਿਉਂ ਨਾ ਹੋਵੇ, ਉਹ ਆਮ ਤੌਰ 'ਤੇ ਖ਼ੁਸ਼ਹਾਲ ਲੋਕਾਂ ਵੱਲ ਝੁਕਿਆ ਰਹਿੰਦਾ ਹੈ। ਇਸ ਲਈ ਉਹ ਮਹਿੰਗਾਈ (ਜਿਸ ਨੂੰ ਅਰਥਵਿਵਸਥਾ ਦੀ ਭਾਸ਼ਾ 'ਚ ਮਹਿੰਗਾਈ ਦਰ ਵੀ ਕਿਹਾ ਜਾਂਦਾ ਹੈ) ਘਟਾਉਣ 'ਤੇ ਜ਼ੋਰ ਦੇ ਰਹੇ ਹਨ, ਕਿਉਂਕਿ ਉਸ ਦਾ ਸਿੱਧਾ ਅਸਰ ਉਨ੍ਹਾਂ ਲੋਕਾਂ ਦੀ ਜ਼ਿੰਦਗੀ 'ਤੇ ਪੈਂਦਾ ਹੈ, ਜੋ ਅਕਸਰ ਪੈਸਿਆਂ ਦੀ ਤੰਗੀ ਨਾਲ ਜੂਝਦੇ ਹਨ।

ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਅਮਰੀਕੀ ਰਾਸ਼ਟਰਪਤੀ ਉਨ੍ਹਾਂ ਨੇਤਾਵਾਂ ਦੀ ਸ਼੍ਰੇਣੀ 'ਚ ਆਉਂਦੇ ਹਨ, ਜਿਨ੍ਹਾਂ ਨੂੰ ਗ਼ਰੀਬੀ ਦੂਰ ਕਰਨ ਵਾਲਾ ਰਹਿਨੁਮਾ ਮੰਨਿਆ ਜਾਂਦਾ ਹੈ ਜਾਂ ਉਹ ਖ਼ੁਦ ਨੂੰ ਇਸ ਤਰ੍ਹਾਂ ਦਾ ਦਿਖਾਉਣਾ ਚਾਹੁੰਦੇ ਹਨ। ਬਿਨਾਂ ਇਸ ਚੱਕਰ 'ਚ ਪਏ ਉਹ ਤਿੰਨ ਟੀਚਿਆਂ ਨੂੰ ਪੂਰਾ ਕਰਨਾ ਚਾਹੁੰਦੇ ਹਨ ਕੀਮਤਾਂ ਘਟਣ, ਬਾਜ਼ਾਰ 'ਚ ਜ਼ਰੂਰਤ ਦੀਆਂ ਚੀਜ਼ਾਂ ਦੀ ਸਪਲਾਈ ਘੱਟ ਨਾ ਹੋਵੇ ਅਤੇ ਬੇਰੁਜ਼ਗਾਰੀ 'ਚ ਕਮੀ ਆਏ। ਅਮਰੀਕੀ ਲੋਕਤੰਤਰ ਦੀ ਸਿਖਰਲੀ ਲੀਡਰਸ਼ਿਪ ਦੀਆਂ ਇਨ੍ਹਾਂ ਬੇਬਾਕ ਪਹਿਲ ਕਦਮੀਆਂ ਦੇ ਮੁਕਾਬਲੇ ਜੇਕਰ ਅਸੀਂ ਭਾਰਤ 'ਚ ਚੱਲ ਰਹੀ ਆਰਥਿਕ ਬਹਿਸ 'ਤੇ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਾਡੀ ਲੀਡਰਸ਼ਿਪ ਦੀਆਂ ਪਹਿਲ ਕਦਮੀਆਂ ਕੁਝ ਵੱਖਰੀਆਂ ਹਨ। ਭਾਵ ਸਾਡੇ ਇੱਥੇ ਚਰਚਾ ਇਸ ਗੱਲ ਦੀ ਜ਼ਿਆਦਾ ਹੈ ਕਿ 2020-21 ਦੀ ਦੂਜੀ ਤਿਮਾਹੀ 'ਚ ਸਾਡੀ ਵਿਕਾਸ ਦਰ 8.4 ਫ਼ੀਸਦੀ ਹੋ ਗਈ ਹੈ। ਕਹਿਣਾ ਤਾਂ ਹੋਵੇਗਾ ਕਿ ਇਹ ਅੰਕੜਾ ਆਕਰਸ਼ਕ ਹੈ ਅਤੇ ਉਮੀਦ ਜਤਾਉਂਦਾ ਹੈ। ਇੱਥੇ ਸਾਫ਼ ਕਰ ਦੇਣਾ ਜ਼ਰੂਰੀ ਹੈ ਕਿ ਜੇਕਰ ਭਾਰਤੀ ਅਰਥਵਿਵਸਥਾ ਕੋਵਿਡ ਤੋਂ ਪਹਿਲਾਂ ਦੇ ਪੱਧਰ ਤੱਕ ਪਹੁੰਚਦੀ ਹੈ ਅਤੇ ਉਸ ਨੂੰ ਪਾਰ ਕਰ ਜਾਂਦੀ ਹੈ ਤਾਂ ਇਹ ਯਕੀਨੀ ਤੌਰ 'ਤੇ ਪ੍ਰਸੰਸਾਯੋਗ ਹੈ ਅਤੇ ਇਸ 'ਤੇ ਤਾੜੀਆਂ ਵੱਜਣੀਆਂ ਹੀ ਚਾਹੀਦੀਆਂ ਹਨ। ਪਰ ਕੀ ਅਜਿਹਾ ਕਰਦੇ ਹੋਏ ਇਸ 8.4 ਫ਼ੀਸਦੀ ਵਿਕਾਸ ਦਰ ਦੀ ਗੁਣਵੱਤਾ 'ਤੇ ਗ਼ੌਰ ਨਹੀਂ ਕਰਨਾ ਚਾਹੀਦਾ? ਕੀ ਇਹ ਨਹੀਂ ਦੇਖਣਾ ਚਾਹੀਦਾ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਜ਼ਰੂਰਤ ਦੀਆਂ ਚੀਜ਼ਾਂ ਦੀ ਉਪਲੱਬਧਤਾ ਦੇ ਮਾਮਲੇ 'ਚ ਅਸੀਂ ਕਿੱਥੇ ਖੜ੍ਹੇ ਹਾਂ? ਇਨ੍ਹਾਂ ਤਿੰਨਾਂ ਦਾ ਆਪਸ 'ਚ ਸੰਬੰਧ ਹੈ। ਆਓ, ਇਕ-ਇਕ ਕਰਕੇ ਇਨ੍ਹਾਂ ਮਾਪਦੰਡਾਂ 'ਤੇ ਗ਼ੌਰ ਕਰੀਏ।

ਪਹਿਲਾ ਮਾਪਦੰਡ ਹੈ ਮਹਿੰਗਾਈ ਦਾ।



ਅਕਤੂਬਰ, 2021 'ਚ ਉਪਭੋਗਤਾ ਮੁੱਲ ਸੂਚਕ ਅੰਕ ਸਾਢੇ ਚਾਰ ਫ਼ੀਸਦੀ ਸੀ। ਸਰਕਾਰ ਦੇ ਬੁਲਾਰੇ ਇਸ ਦਾ ਹਵਾਲਾ ਦਿੰਦੇ ਹੋਏ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਮਹਿੰਗਾਈ ਦੇ ਸਵਾਲ 'ਤੇ ਉਨ੍ਹਾਂ ਨੂੰ ਜ਼ਿਆਦਾ ਚਿੰਤਾ ਕਰਨੀ ਚਾਹੀਦੀ ਹੈ। ਹੋਰ ਤਾਂ ਹੋਰ, ਇਕ ਬੁਲਾਰੇ ਦਾ ਤਾਂ ਇਹ ਵੀ ਕਹਿਣਾ ਸੀ ਕਿ ਪੈਟਰੋਲ ਅਤੇ ਡੀਜ਼ਲ ਦੇ ਭਾਅ ਵਧਾਉਣਾ ਸਰਕਾਰ ਦੀ 'ਇੰਫਰਾਸਟਰਕਚਰਡ ਚੁਆਇਸ' ਹੈ। ਇਕ ਤਰ੍ਹਾਂ ਨਾਲ ਸਰਕਾਰ ਤੇਲ ਦੀਆਂ ਕੀਮਤਾਂ 'ਚ ਟੈਕਸ ਦੇ ਜ਼ਰੀਏ ਕੀਤੇ ਜਾਣ ਵਾਲੇ ਵਾਧੇ ਨੂੰ ਵਧਾਉਣ ਵਾਲੀ ਮਹਿੰਗਾਈ ਦੇ ਪ੍ਰਤੀ ਚਿੰਤਤ ਨਾ ਹੋਣ ਦਾ ਦਾਅਵਾ ਕਰ ਰਹੀ ਸੀ। ਜ਼ਾਹਿਰ ਹੈ ਕਿ ਸਾਢੇ ਚਾਰ ਫ਼ੀਸਦੀ ਦਾ ਉਪਭੋਗਤਾ ਮੁੱਲ ਸੂਚਕ ਅੰਕ ਅੰਕੜਿਆਂ ਦੇ ਫ਼ਰਜ਼ੀਵਾੜੇ ਦਾ ਪ੍ਰਤੀਕ ਸੀ। ਇਕ ਅਜਿਹੇ ਸਮੇਂ 'ਚ ਜਦੋਂ ਸਰਕਾਰ ਮੰਨ ਰਹੀ ਹੋਵੇ ਕਿ ਥੋਕ ਮੁੱਲ ਸੂਚਕ ਅੰਕ ਸਾਢੇ ਬਾਰਾਂ ਫ਼ੀਸਦੀ ਹੈ, ਉਸ ਸਮੇਂ ਕੌਣ ਯਕੀਨ ਕਰੇਗਾ ਕਿ ਉਪਭੋਗਤਾ ਮੁੱਲ ਸੂਚਕ ਅੰਕ ਏਨਾ ਘੱਟ ਹੋ ਸਕਦਾ ਹੈ। ਭਾਵ, ਅੱਠ ਫ਼ੀਸਦੀ ਦੀ ਵਿਕਾਸ ਦਰ ਕਿਸੇ ਵੀ ਤਰ੍ਹਾਂ ਨਾਲ ਆਮ ਜਨਤਾ ਨੂੰ ਰਾਹਤ ਪਹੁੰਚਾਉਣ ਵਾਲੀ ਨਹੀਂ ਹੋ ਸਕਦੀ।

ਦੂਜਾ ਮਾਪਦੰਡ ਹੈ ਬੇਰੁਜ਼ਗਾਰੀ ਦਾ। ਖ਼ੁਦ ਸਰਕਾਰ ਨੇ ਸ਼ਹਿਰੀ ਰੁਜ਼ਗਾਰ ਦੇ ਜੋ ਅੰਕੜੇ ਜਾਰੀ ਕੀਤੇ ਹਨ, ਉਹ ਚਿੰਤਾਜਨਕ ਹਨ। ਜਨਵਰੀ ਤੋਂ ਮਾਰਚ, 2020 ਅਤੇ ਜਨਵਰੀ-ਮਾਰਚ, 2021 ਦਰਮਿਆਨ ਰੁਜ਼ਗਾਰ ਦੀ ਸਥਿਤੀ ਦੱਸਦੀ ਹੈ ਕਿ ਤਨਖ਼ਾਹ ਵਾਲੀਆਂ ਨੌਕਰੀਆਂ ਦਾ ਅਨੁਪਾਤ 50.5 ਤੋਂ ਘਟ ਕੇ 48.1 ਫ਼ੀਸਦੀ ਹੋ ਗਿਆ ਹੈ। ਦੂਜੇ ਪਾਸੇ ਅਨਿਯਮਤ ਰੁਜ਼ਗਾਰ ਅਤੇ ਮਾਮੂਲੀ ਕਿਸਮ ਦੇ ਸਵੈ-ਰੁਜ਼ਗਾਰ (ਜਿਵੇਂ ਰੇਹੜੀ-ਫੜ੍ਹੀ ਵਗ਼ੈਰਾ) ਦੀ ਫ਼ੀਸਦੀ ਵਧੀ ਹੈ। ਮਤਲਬ ਨਿਯਮਤ ਤੋਂ ਅਨਿਯਮਤ ਰੁਜ਼ਗਾਰ ਪਾਸੇ ਰੁਝਾਨ ਵਧਿਆ ਹੈ ਅਤੇ ਰੁਜ਼ਗਾਰ ਦਾ ਬਾਜ਼ਾਰ ਰਸਮੀ ਤੋਂ ਅਣ-ਰਸਮੀ ਰੁਜ਼ਗਾਰ ਵੱਲ ਝੁਕ ਰਿਹਾ ਹੈ। ਧਿਆਨ ਰਹੇ ਕਿ ਇਹ ਅੰਕੜੇ ਅੱਠ ਮਹੀਨੇ ਪਹਿਲਾਂ ਦਰਜ ਕੀਤੇ ਗਏ ਸਨ। ਉਦੋਂ ਤੋਂ ਹੁਣ ਤੱਕ ਪ੍ਰਾਪਤ ਸੰਕੇਤਾਂ ਤੋਂ ਪਤਾ ਲਗਦਾ ਹੈ ਕਿ ਭਾਰਤ ਦੀ ਕਿਰਤ ਸ਼ਕਤੀ (ਮੈਨਪਾਵਰ) ਅਜੇ ਤੱਕ ਕੋਵਿਡ ਦੇ ਬੁਰੇ ਪ੍ਰਭਾਵਾਂ ਤੋਂ ਉੱਭਰ ਨਹੀਂ ਸਕੀ ਹੈ। ਨਿੱਜੀ ਉਪਭੋਗ ਦਾ ਪੱਧਰ ਅਜੇ ਵੀ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰ ਤੋਂ ਹੇਠਾਂ ਹੈ।

***ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੀ.ਡੀ.ਪੀ. ਦੇ ਜੋ ਅੰਕੜੇ ਪੇਸ਼ ਕੀਤੇ ਗਏ ਹਨ, ਉਹ ਮੁੱਖ ਤੌਰ 'ਤੇ ਸੰਗਠਿਤ ਖੇਤਰ ਦੇ ਹਨ। ਅਸੰਗਠਿਤ ਖੇਤਰ ਦੇ ਅੰਕੜੇ ਇਸ 'ਚ ਸ਼ਾਮਿਲ ਨਹੀਂ ਹਨ। ਅਸੰਗਠਿਤ ਖੇਤਰ ਨੋਟਬੰਦੀ ਦੇ ਜ਼ਮਾਨੇ ਤੋਂ ਹੀ ਲਗਾਤਾਰ ਮਾਰ ਖਾ ਰਿਹਾ ਹੈ।***

ਤੀਜਾ ਮਾਪਦੰਡ ਹੈ ਬਾਜ਼ਾਰ 'ਚ ਜ਼ਰੂਰਤ ਦੀਆਂ ਚੀਜ਼ਾਂ ਦੀ ਵੱਡੀ ਮਾਤਰਾ 'ਚ ਸਪਲਾਈ ਦਾ। ਦੇਖਣ ਵਾਲੀ ਗੱਲ ਇਹ ਹੈ ਕਿ, ਕੀ ਜਦੋਂ ਮਹਿੰਗਾਈ ਆਸਮਾਨ ਵੱਲ ਵੱਧ ਰਹੀ ਹੋਵੇ ਅਤੇ ਬੇਰੁਜ਼ਗਾਰੀ ਵੀ ਨਾਲ ਹੀ ਵਧ ਰਹੀ ਹੋਵੇ, ਬਾਜ਼ਾਰ 'ਚ ਹੇਠਲੇ ਪੱਧਰ 'ਤੇ ਖ਼ਰੀਦਦਾਰਾਂ ਦੀ ਬਹੁਤਾਤ ਹੋ ਸਕਦੀ ਹੈ? ਇਹ ਸਰਦੀ ਦਾ ਮੌਸਮ ਹੈ। ਇਸ ਮੌਸਮ 'ਚ ਆਮ ਤੌਰ 'ਤੇ ਸਬਜ਼ੀਆਂ ਦੇ ਭਾਅ ਡਿਗ ਜਾਂਦੇ ਸਨ। ਇਸ ਦੇ ਉਲਟ ਹੁਣ ਭਾਅ ਵਧ ਰਹੇ ਹਨ। ਅਜਿਹੇ ਮੌਸਮ 'ਚ ਸਬਜ਼ੀਆਂ ਦੀ ਇਹ ਮਹਿੰਗਾਈ ਇਕਦਮ ਨਵੀਂ ਗੱਲ ਹੈ।

ਆਮ ਜਨਤਾ ਦੇ ਪੱਖ 'ਚ ਆਰਥਿਕ ਚਿੰਤਨ ਕਰਨ ਵਾਲੇ ਪ੍ਰੋਫ਼ੈਸਰ ਅਰੁਣ ਕੁਮਾਰ ਨੇ 8.4 ਫ਼ੀਸਦੀ ਦੀ ਇਸ ਵਿਕਾਸ ਦਰ ਦੀ ਆਲੋਚਨਾਤਮਕ ਸਮੀਖਿਆ ਕੀਤੀ ਹੈ। ਉਨ੍ਹਾਂ ਨੇ ਦਿਖਾਇਆ ਹੈ ਕਿ ਜੇਕਰ ਇਸ ਤਿਮਾਹੀ ਦੇ ਅੰਕੜਿਆਂ ਦੀ ਤੁਲਨਾ 2019-20 ਦੇ ਅੰਕੜਿਆਂ ਨਾਲ ਕੀਤੀ ਜਾਵੇ ਤਾਂ ਇਹ ਵਿਕਾਸ ਦਰ ਸਿਰਫ਼ 0.1 ਫ਼ੀਸਦੀ ਦੀ ਸਾਬਤ ਹੁੰਦੀ ਹੈ। 'ਗਰਾਸ ਵੈਲਯੂ ਐਡਿਡ' (ਜੀ.ਵੀ.ਏ.) ਦੇ ਲਿਹਾਜ ਨਾਲ ਦੇਖਿਆ ਜਾਵੇ ਤਾਂ 2019 ਦੇ ਮੁਕਾਬਲੇ ਇਸ ਤਿਮਾਹੀ 'ਚ ਸਿਰਫ਼ 17 ਹਜ਼ਾਰ ਕਰੋੜ ਦਾ ਹੀ ਵਾਧਾ ਹੋਇਆ ਹੈ। 2019 ਦੇ ਮੁਕਾਬਲੇ ਨਿੱਜੀ ਉਪਭੋਗਤਾ ਅੱਜ ਵੀ ਘੱਟ ਹੈ ਅਤੇ ਸਰਕਾਰੀ ਖ਼ਰਚ ਵੀ 4.34 ਲੱਖ ਕਰੋੜ ਦੀ ਤੁਲਨਾ 'ਚ 3.61 ਲੱਖ ਕਰੋੜ ਹੈ। ਪੂੰਜੀ ਦੇ ਨਿਰਮਾਣ ਵਿਚ ਬਿਲਕੁੱਲ ਵਾਧਾ ਨਹੀਂ ਹੋਇਆ ਅਤੇ 2019 ਦੇ ਪੱਧਰ 'ਤੇ ਹੀ ਹੈ। ਜੋ ਵਾਧਾ ਸਾਨੂੰ ਦਿਖ ਰਿਹਾ ਹੈ ਉਹ ਸੋਨਾ, ਚਾਂਦੀ, ਹੀਰੇ-ਜਵਾਹਰਾਤ ਵਰਗੀਆਂ ਚੀਜ਼ਾਂ ਰਾਹੀਂ ਆਇਆ ਹੈ। ਜ਼ਾਹਿਰ ਹੈ ਕਿ ਇਹ ਵਾਧਾ ਉਤਪਾਦਨ ਵਧਾਉਣ ਦਾ ਨਤੀਜਾ ਹੈ।

ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਜੀ.ਡੀ.ਪੀ. ਦੇ ਜੋ ਅੰਕੜੇ ਪੇਸ਼ ਕੀਤੇ ਗਏ ਹਨ, ਉਹ ਮੁੱਖ ਤੌਰ 'ਤੇ ਸੰਗਠਿਤ ਖੇਤਰ ਦੇ ਹਨ। ਅਸੰਗਠਿਤ ਖੇਤਰ ਦੇ ਅੰਕੜੇ ਇਸ 'ਚ ਸ਼ਾਮਿਲ ਨਹੀਂ ਹਨ। ਅਸੰਗਠਿਤ ਖੇਤਰ ਨੋਟਬੰਦੀ ਦੇ ਜ਼ਮਾਨੇ ਤੋਂ ਹੀ ਲਗਾਤਾਰ ਮਾਰ ਖਾ ਰਿਹਾ ਹੈ। ਜੀ.ਐਸ.ਟੀ. ਦੇ ਜ਼ਰੀਏ ਇਸ ਦੇ ਰਸਮੀਕਰਨ ਦੀਆਂ ਕੋਸ਼ਿਸ਼ਾਂ ਨੇ ਇਸ ਦੀ ਜੀਵਨ ਸ਼ਕਤੀ ਨੂੰ ਬਹੁਤ ਘੱਟ ਕਰ ਦਿੱਤਾ ਹੈ। ਇਸ ਤੋਂ ਬਾਅਦ ਮਹਾਂਮਾਰੀ ਦਾ ਇਸ 'ਤੇ ਸਭ ਤੋਂ ਜ਼ਿਆਦਾ ਉਲਟ ਅਸਰ ਪਿਆ ਹੈ। ਚੇਤੇ ਰਹੇ ਕਿ ਭਾਰਤੀ ਅਰਥਵਿਵਸਥਾ ਦੀ ਕਲਪਨਾ ਇਸ ਖੇਤਰ ਦੇ ਬਿਨਾਂ ਕੀਤੀ ਹੀ ਨਹੀਂ ਜਾ ਸਕਦੀ। ਸ਼ਾਇਦ ਸਰਕਾਰ ਦਾ ਰਵੱਈਆ ਇਹ ਹੈ ਕਿ ਜਾਂ ਤਾਂ ਇਹ ਖੇਤਰ ਰਸਮੀ ਨਿਯਮ-ਕਾਨੂੰਨਾਂ ਦੇ ਦਾਇਰੇ 'ਚ ਆ ਜਾਵੇ ਜਾਂ ਫਿਰ ਖ਼ਾਤਮੇ ਵੱਲ ਵੱਧ ਜਾਵੇ। ਜੇਕਰ ਅਜਿਹਾ ਹੋਵੇ ਤਾਂ ਇਹ ਬਹੁਤ ਮਾੜਾ ਹੋਵੇਗਾ। ਇਸ ਤਰ੍ਹਾਂ ਤਾਂ ਇਹ ਵਿਸ਼ਾਲ ਖੇਤਰ ਖ਼ਤਮ ਹੁੰਦਾ ਚਲਿਆ ਜਾਵੇਗਾ। ਰਸਮੀ ਖੇਤਰ ਦੀ ਮੰਦੀ ਅਤੇ ਅਸੰਗਠਿਤ ਖੇਤਰ ਦੇ ਠੱਪ ਹੋਣ ਦੇ ਜੋ ਬੁਰੇ ਨਤੀਜੇ ਹੋਣਗੇ, ਇਸ ਬਾਰੇ ਸੋਚਦਿਆਂ ਹੀ ਸਾਹ ਸੁੱਕ ਜਾਂਦੇ ਹਨ।

# ਮਨੁੱਖੀ ਹੱਕ ਅਤੇ ਸਿਵਲ ਸੁਸਾਇਟੀ ਵਿਰੁਧ ਹਕੂਮਤੀ ਜੰਗ

5 ਦਸੰਬਰ ਨੂੰ ਭਾਰਤੀ ਫੌਜ ਨੇ ਨਾਗਾਲੈਂਡ ਵਿਚ 13 ਆਮ ਨਾਗਰਿਕਾਂ ਦੀ ਜਾਨ ਲੈ ਲਈ। ਇਨ੍ਹਾਂ ਵਿੱਚੋਂ ਛੇ ਆਪਣੇ ਕੰਮ ਤੋਂ ਘਰਾਂ ਨੂੰ ਵਾਪਸ ਆ ਰਹੇ ਕੋਲਾ ਖਾਣ ਮਜ਼ਦੂਰ ਸਨ ਅਤੇ ਗੋਲੀਬਾਰੀ 'ਚ ਮਾਰੇ ਗਏ 7 ਹੋਰ ਜਣੇ ਇਸ ਕਤਲੇਆਮ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀ ਸਨ ਜੋ ਫੌਜ ਨੇ ਭੀੜ ਨੂੰ ਖਿੰਡਾਉਣ ਦੇ ਬਹਾਨੇ ਜਾਣ-ਬੁੱਝ ਕੇ ਮਾਰ ਦਿੱਤੇ। ਇਸ ਨਾਲ ਰਾਜਕੀ ਦਹਿਸ਼ਤਵਾਦੀ ਕਾਂਡਾਂ ਦੀ ਸੂਚੀ 'ਚ ਇਕ ਨਾਮ ਹੋਰ ਜੁੜ ਗਿਆ। ਅਜੇ ਥੋੜ੍ਹੇ ਦਿਨ ਪਹਿਲਾਂ ਹੀ ਕਸ਼ਮੀਰ ਅਤੇ ਛੱਤੀਸਗੜ੍ਹ ਵਿਚ ਮੁਕਾਬਲਿਆਂ ਦੇ ਨਾਂ ਹੇਠ ਕੀਤੇ ਗਏ ਘਿਣਾਉਣੇ ਕਤਲ ਮੀਡੀਆ ਦੀਆਂ ਸੁਰਖ਼ੀਆਂ ਬਣੇ ਸਨ।

ਜੇ ਕੋਈ ਮਨੁੱਖੀ ਹੱਕਾਂ ਦੇ ਘਾਣ ਦੀ ਆਲੋਚਨਾ ਕਰਦਾ ਹੈ ਤਾਂ ਨਰਿੰਦਰ ਮੋਦੀ ਅਨੁਸਾਰ ਇਸ ਨਾਲ ਮੁਲਕ ਦਾ ਅਕਸ ਵਿਗੜਣ ਦਾ ਖ਼ਤਰਾ ਹੈ। ਇਹ ਫਿਕਰਮੰਦੀ ਇਕੱਲੇ 'ਪ੍ਰਧਾਨ ਸੇਵਕ' ਦੀ ਨਹੀਂ ਹੈ, ਰਾਜ ਮਸ਼ੀਨਰੀ ਦੇ ਵੱਖ-ਵੱਖ ਪੁਰਜੇ ਇਹੀ ਬਿਰਤਾਂਤ ਸਿਰਜਣ ਲਈ ਪੂਰਾ ਤਾਣ ਲਗਾ ਰਹੇ ਹਨ। ਇਸ ਵਾਰ ਆਪਣੀ ਸਾਲਾਨਾ ਬਹਿਸ ਲਈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜੋ ਵਿਸ਼ਾ ਚੁਣਿਆ ਗਿਆ ਉਹ ਇਸ ਤਰ੍ਹਾਂ ਸੀ : "ਕੀ ਮਨੁੱਖੀ ਹੱਕ ਦਹਿਸ਼ਤਵਾਦ ਅਤੇ ਨਕਸਲਵਾਦ ਵਿਰੁੱਧ ਲੜਾਈ 'ਚ ਅੜਿੱਕਾ ਬਣਦੇ ਹਨ?" ਇਹ ਆਰ.ਐਸ.ਐਸ.-ਬੀ.ਜੇ.ਪੀ. ਹਕੂਮਤ ਵੱਲੋਂ ਆਪਣੇ ਹੀ ਮੁਲਕ ਦੇ ਲੋਕਾਂ ਵਿਰੁੱਧ ਲੜੀ ਜਾ ਰਹੀ ਮਨੋਵਿਗਿਆਨਕ ਜੰਗ ਦੀ ਕੜੀ ਹੈ ਜਿਸ ਦਾ ਮਨੋਰਥ ਜਨਤਕ ਖ਼ੌਫ ਅਤੇ ਸਹਿਮ ਦਾ ਮਾਹੌਲ ਪੈਦਾ ਕਰਨਾ ਹੈ।

**ਬੂਟਾ ਸਿੰਘ**
ਫੋਨ: +91-94634-74342

ਇਸੇ ਦੀ ਕੜੀ ਪਿਛਲੇ ਦਿਨੀਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਭਾਸ਼ਣ ਸੀ ਜਿਸ ਵਿਚ ਉਸ ਨੇ ਸਿਵਲ ਸੁਸਾਇਟੀ ਨੂੰ 'ਲੜਾਈ ਦਾ ਨਵਾਂ ਮੋਰਚਾ' ਕਰਾਰ ਦਿੱਤਾ। ਮਿਸਟਰ ਡੋਵਾਲ ਸਰਦਾਰ ਵਲਭ ਭਾਈ ਪਟੇਲ ਅਕਾਦਮੀ ਹੈਦਰਾਬਾਦ ਵਿਖੇ ਉਨ੍ਹਾਂ 132 ਆਈ.ਪੀ.ਐਸ. ਅਧਿਕਾਰੀਆਂ ਦੀ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰ ਰਿਹਾ ਸੀ ਜਿਨ੍ਹਾਂ ਦੇ 73ਵੇਂ ਬੈਚ ਨੇ ਹਾਲ ਹੀ ਵਿਚ ਸਿਖਲਾਈ ਮੁਕੰਮਲ ਕੀਤੀ ਹੈ। ਇਹ ਉਨ੍ਹਾਂ ਉੱਚ ਪੁਲਿਸ ਅਧਿਕਾਰੀਆਂ ਦੀ ਸੋਚ ਨੂੰ ਨਾਗਰਿਕ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਨਫਰਤ ਨਾਲ ਡੰਗਣ ਦਾ ਯਤਨ ਸੀ ਜਿਨ੍ਹਾਂ ਨੂੰ ਕਾਨੂੰਨ ਵਿਵਸਥਾ ਦੀ ਡਿਊਟੀ ਸੰਭਾਲਣ ਲਈ ਤਿਆਰ ਕੀਤਾ ਗਿਆ ਹੈ। ਮਿਸਟਰ ਡੋਵਾਲ ਅਨੁਸਾਰ ਹੁਣ ਪੁਲਿਸ ਅਧਿਕਾਰੀਆਂ ਨੂੰ ਰਾਸ਼ਟਰ ਦੀ ਰਾਖੀ ਲਈ ਨਾਗਰਿਕ ਹੱਕਾਂ ਦੀ ਆਵਾਜ਼ ਉਠਾਉਣ ਵਾਲੇ ਜਾਗਰੂਕ ਹਿੱਸੇ ਵਿਰੁੱਧ ਜੰਗ ਲੜਨ ਲਈ ਤਿਆਰ ਹੋਣਾ ਚਾਹੀਦਾ ਹੈ ਕਿਉਂਕਿ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੇ ਮੁਲਕ ਦੀਆਂ ਦੁਸ਼ਮਣ ਤਾਕਤਾਂ ਦੇ ਹੱਥਾਂ 'ਚ ਖੇਡ ਸਕਦੇ ਹਨ। ਮਿਸਟਰ ਡੋਵਾਲ ਦੇ ਭਾਸ਼ਣ ਤੋਂ 10 ਦਿਨ ਬਾਦ ਕੌਮੀ ਜਾਂਚ ਏਜੰਸੀ ਵੱਲੋਂ ਖ਼ੁਰਮ ਪਰਵੇਜ਼ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪਣੇ ਹੀ ਨਾਗਰਿਕਾਂ ਵਿਰੁੱਧ ਜੰਗ ਵਿੱਢਣ ਵਾਲੀ ਹਕੂਮਤ ਦੀ ਜਾਂਚ ਏਜੰਸੀ ਨੇ ਖ਼ੁਰਮ ਉੱਪਰ 'ਸਰਕਾਰ ਵਿਰੁੱਧ ਜੰਗ ਛੇੜਨ' ਸਮੇਤ ਅੱਠ ਸੰਗੀਨ ਇਲਜ਼ਾਮ ਲਗਾਏ ਹਨ।

ਉੱਘਾ ਕਾਰਕੁਨ ਖ਼ੁਰਮ ਪਰਵੇਜ਼ ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਘੁਲਾਟੀਆ ਹੈ। 2004 'ਚ ਜਦੋਂ ਉਸ ਦੀ ਟੀਮ ਕਸ਼ਮੀਰ ਵਿਚ ਸੰਸਦ ਚੋਣਾਂ ਦੀ ਨਿਗਰਾਨੀ ਕਰ ਰਹੀ ਸੀ ਤਾਂ ਇਕ ਕਾਰ ਵਿਚ ਸਫਰ ਕਰਦਿਆਂ ਬਾਰੂਦੀ ਸੁਰੰਗ ਦੀ ਲਪੇਟ ਵਿਚ ਆਉਣ ਨਾਲ ਉਸ ਦੀ ਇਕ ਲੱਤ ਕੱਟਣੀ ਪਈ ਸੀ। ਉਸ ਦੇ ਦੋ ਸਾਥੀ ਵਿਸਫੋਟ ਵਿਚ ਮਾਰੇ ਗਏ ਸਨ। ਇਸ ਤੋਂ ਬਾਦ ਉਸ ਦੀ ਅਗਵਾਈ ਹੇਠ ਜੇ.ਕੇ.ਸੀ.ਸੀ.ਐਸ. (ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ) ਵੱਲੋਂ ਬਾਰੂਦੀ ਸੁਰੰਗਾਂ ਦੀ ਵਰਤੋਂ ਵਿਰੁੱਧ ਮੁਹਿੰਮ ਚਲਾਈ ਗਈ। ਉਨ੍ਹਾਂ ਨੇ ਹੋਰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਨਾਲ ਮਿਲ ਕੇ ਹੋਰ ਮੁਲਕਾਂ 'ਚ ਸਰਕਾਰੀ ਅਤੇ ਗ਼ੈਰ-ਸਰਕਾਰੀ ਤਾਕਤਾਂ ਵੱਲੋਂ ਬਾਰੂਦੀ ਸੁਰੰਗਾਂ ਦੀ ਵਰਤੋਂ ਦਾ ਅਧਿਐਨ ਕੀਤਾ ਅਤੇ ਬੇਕਸੂਰ ਲੋਕਾਂ ਦੀਆਂ ਜਾਨਾਂ ਦਾ ਖ਼ੌਅ ਇਸ ਜੰਗੀ ਹਥਿਆਰ ਵਿਰੁੱਧ ਲੋਕ ਰਾਇ ਖੜ੍ਹੀ ਕੀਤੀ। ਮੁਹਿੰਮ ਐਨੀ ਪ੍ਰਭਾਵਸ਼ਾਲੀ ਸੀ ਕਿ ਕਸ਼ਮੀਰ ਵਿਚ ਸਰਗਰਮ ਹਥਿਆਰਬੰਦ ਗਰੁੱਪਾਂ ਨੂੰ ਬਾਰੂਦੀ ਸੁਰੰਗਾਂ ਦੀ ਵਰਤੋਂ ਨਾ ਕਰਨ ਦੇ ਲਿਖਤੀ ਬਿਆਨ ਦੇਣੇ ਪਏ ਸਨ। ਇਸ ਦੀ ਮਿਸਾਲ ਕਸ਼ਮੀਰ ਵਿਚ ਸਰਗਰਮ ਹਥਿਆਰਬੰਦ ਗਰੁੱਪਾਂ ਦੇ ਗੱਠਜੋੜ ਯੂਨਾਈਟਿਡ ਜਹਾਦ ਕੌਂਸਲ ਦਾ ਅਕਤੂਬਰ 2007 ਦਾ ਬਿਆਨ ਸੀ ਜਿਸ ਵਿਚ ਉਨ੍ਹਾਂ ਨੇ ਔਟਵਾ ਕਨਵੈਨਸ਼ਨ ਤਹਿਤ ਬਾਰੂਦੀ ਸੁਰੰਗਾਂ ਦੀ ਵਰਤੋਂ ਵਿਰੁੱਧ ਐਲਾਨਨਾਮੇ 'ਤੇ ਦਸਤਖ਼ਤ ਕੀਤੇ।




*ਜੰਮੂ ਕਸ਼ਮੀਰ ਵਿਚ ਲਾਪਤਾ ਨੌਜਵਾਨਾਂ ਦੇ ਮਾਪੇ ਧਰਨਾ ਦਿੰਦੇ ਹੋਏ ਅਤੇ (ਸੱਜੇ) ਵਿਰਲਾਪ ਕਰ ਰਹੇ ਖ਼ੁਰਮ ਪਰਵੇਜ਼ ਦੇ ਟੱਬਰ ਦੇ ਜੀਅ।*

ਖ਼ੁਰਮ ਮਨੁੱਖੀ ਹੱਕਾਂ ਦੇ ਖੇਤਰ 'ਚ ਸਰਗਰਮ ਅਣਥੱਕ ਕਾਰਕੁਨ ਹੈ। ਉਸ ਦੇ ਯਤਨਾਂ ਨਾਲ ਦੱਖਣੀ ਏਸ਼ੀਆ 'ਚ ਲਾਪਤਾ ਵਿਅਕਤੀਆਂ ਦੀ ਪੈਰਵਾਈ ਲਈ ਸਰਗਰਮ ਸੰਸਥਾਵਾਂ ਦਾ ਤਾਲਮੇਲ ਸਥਾਪਿਤ ਹੋਇਆ। ਏਸ਼ੀਅਨ ਫੈੱਡਰੇਸ਼ਨ ਅਗੇਂਸਟ ਇਨਵੌਲੰਟਰੀ ਡਿਸਅਪੀਰੈਂਸਿਜ਼ ਦੇ ਚੇਅਰਮੈਨ ਵਜੋਂ ਉਸ ਨੇ ਕਸ਼ਮੀਰ, ਫਿਲੀਪੀਨਜ਼, ਇੰਡੋਨੇਸ਼ੀਆ, ਬੰਗਲਾਦੇਸ਼, ਸ੍ਰੀਲੰਕਾ ਅਤੇ ਪਾਕਿਸਤਾਨ ਵਿਚ ਲਾਪਤਾ ਲੋਕਾਂ ਲਈ ਆਵਾਜ਼ ਉਠਾਈ। ਉਸ ਦੇ ਕੰਮ ਦੀ ਕਦਰ ਕਰਦਿਆਂ 2006 'ਚ ਉਸ ਨੂੰ ਰੇਬੌਕ ਹਿਊਮਨ ਰਾਈਟਸ ਅਵਾਰਡ ਨਾਲ ਅਤੇ ਇਸੇ ਤਰ੍ਹਾਂ 2016 'ਚ ਇਕ ਹੋਰ ਅਵਾਰਡ ਨਾਲ ਸਨਮਾਨਿਆ ਗਿਆ। ਕੁਲੀਸ਼ਨ ਨੇ ਸਿਰਫ ਰਾਜਕੀ ਦਹਿਸ਼ਤਵਾਦ ਬਾਰੇ ਹੀ ਰਿਪੋਰਟਾਂ ਨਹੀਂ ਛਾਪੀਆਂ, ਇਹ ਕਥਿਤ ਖਾੜਕੂ ਗਰੁੱਪਾਂ ਵੱਲੋਂ ਕਸ਼ਮੀਰੀ ਪੰਡਤਾਂ ਦੇ ਕਤਲਾਂ ਦੀ ਆਜ਼ਾਦਾਨਾ ਜਾਂਚ ਕਰਾਏ ਜਾਣ ਦੀ ਵੀ ਲਗਾਤਾਰ ਮੰਗ ਕਰਦੀ ਆ ਰਹੀ ਹੈ। 2011 ਅਤੇ 2015 ਦਰਮਿਆਨ ਕੁਲੀਸ਼ਨ ਨੇ ਕਸ਼ਮੀਰੀ ਮੁਸਲਮਾਨਾਂ ਅਤੇ ਕਸ਼ਮੀਰੀ ਪੰਡਤਾਂ ਦਰਮਿਆਨ ਘੱਟੋਘੱਟ ਛੇ ਸੰਵਾਦ ਵੀ ਆਯੋਜਤ ਕੀਤੇ। ਨਾਲ ਹੀ ਭਾਰਤ ਪੱਖੀ ਅਤੇ ਕਸ਼ਮੀਰ ਦੀ ਆਜ਼ਾਦੀ ਪੱਖੀ ਕਸ਼ਮੀਰੀ ਆਗੂਆਂ ਨੂੰ ਜੰਮੂ ਕਸ਼ਮੀਰ ਦੇ ਭਵਿੱਖ ਬਾਰੇ ਨਜ਼ਰੀਆ ਸਾਂਝਾ ਕਰ ਲਈ ਇਕ ਮੰਚ 'ਤੇ ਵੀ ਲਿਆਂਦਾ।

ਖ਼ੁਰਮ ਦੀ ਅਗਵਾਈ ਹੇਠ ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਬਹੁਤ ਹੀ ਮਹੱਤਵਪੂਰਨ ਤੱਥ ਖੋਜ ਰਿਪੋਰਟਾਂ ਤਿਆਰ ਕੀਤੀਆਂ ਗਈਆਂ। 2007 'ਚ ਕੁਲੀਸ਼ਨ ਨੇ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ 1989 ਅਤੇ 2006 ਦਰਮਿਆਨ ਮਾਰੇ ਲੋਕਾਂ ਬਾਰੇ ਵਿਸਤਾਰਤ ਰਿਪੋਰਟ ਤਿਆਰ ਕੀਤੀ। ਇਕ ਹੋਰ ਵਿਸਤਾਰੀ ਰਿਪੋਰਟ ਛਾਪੀ ਗਈ। ਲਾਪਤਾ ਕੀਤੇ ਵਿਅਕਤੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਕੇ (ਏ.ਪੀ.ਡੀ.ਪੀ.) ਬਣਾਈ ਗਈ, ਜੋ ਮੂਲ ਰੂਪ 'ਚ ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ ਦੀ ਪਹਿਲਕਦਮੀਂ ਸੀ। ਕੁਲੀਸ਼ਨ ਵੱਲੋਂ ਲਾਪਤਾ ਵਿਅਕਤੀਆਂ ਬਾਰੇ ਰਿਪੋਰਟ ਤਿਆਰ ਕੀਤੀ ਗਈ ਅਤੇ ਉਨ੍ਹਾਂ ਦੇ ਮਾਮਲੇ ਉਠਾ ਕੇ ਜ਼ੋਰਦਾਰ ਸਰਗਰਮੀ ਕੀਤੀ ਗਈ। 1990ਵਿਆਂ 'ਚ ਜਦੋਂ ਜੰਮੂ ਕਸ਼ਮੀਰ ਵਿਚ ਹਥਿਆਰਬੰਦ ਲੜਾਈ ਸਿਖ਼ਰਾਂ 'ਤੇ ਸੀ, ਉਸ ਦੌਰਾਨ ਅੰਦਾਜ਼ਨ 8000 ਲੋਕ ਲਾਪਤਾ ਹੋਏ ਜੋ ਆਪਣੇ ਘਰਾਂ ਤੋਂ ਗਏ ਮੁੜ ਕਦੇ ਨਹੀਂ ਪਰਤੇ। ਫੌਜ ਅਤੇ ਨੀਮ-ਫੌਜੀ ਦਸਤਿਆਂ ਨੇ ਪੁੱਛਗਿੱਛ ਲਈ ਉਨ੍ਹਾਂ ਨੂੰ ਚੁੱਕ ਲਿਆ ਅਤੇ ਤਸੀਹੇ ਦੇਣ ਤੋਂ ਬਾਅਦ ਮਾਰ ਕੇ ਖ਼ਪਾ ਦਿੱਤੇ ਗਏ। ਐਨ ਉਵੇਂ, ਜਿਵੇਂ ਪੰਜਾਬ ਵਿਚ ਖ਼ਾਲਸਤਾਨੀ ਲਹਿਰ ਸਮੇਂ ਨੌਜਵਾਨਾਂ ਨੂੰ ਖ਼ਪਾਇਆ ਗਿਆ ਸੀ। ਸਰਕਾਰ ਇਸ ਦਾ ਘੜਿਆ-ਘੜਾਇਆ ਜਵਾਬ ਦਿੰਦੀ ਰਹੀ ਕਿ ਉਹ ਖਾੜਕੂਆਂ 'ਚ ਰਲ ਗਏ ਹੋਣਗੇ ਜਾਂ ਸਰਹੱਦ ਪਾਰ ਕਰਕੇ ਪਾਕਿਸਤਾਨ ਚਲੇ ਗਏ ਹੋਣਗੇ। ਕਸ਼ਮੀਰ ਦੇ ਲੋਕ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਉਨ੍ਹਾਂ ਅਣਪਛਾਤੀਆਂ ਅਤੇ ਬੇਨਾਮ ਕਬਰਾਂ ਨੂੰ ਲੈ ਕੇ ਸਵਾਲ ਉਠਾਉਂਦੇ ਸਨ ਜਿਨ੍ਹਾਂ ਬਾਰੇ ਸਰਕਾਰ ਅਤੇ ਪ੍ਰਸ਼ਾਸਨ ਖ਼ਾਮੋਸ਼ ਸੀ। ਜੇ.ਕੇ.ਸੀ.ਸੀ.ਐਸ. ਨੇ 2008 ਅਤੇ 2009 'ਚ ਉੱਤਰੀ ਕਸ਼ਮੀਰ ਦੇ ਤਿੰਨ ਜ਼ਿਲ੍ਹਿਆਂ 'ਚ ਮੌਜੂਦ ਸੈਂਕੜੇ ਅਣਪਛਾਤੀਆਂ ਕਬਰਾਂ ਦੀਆਂ ਰਿਪੋਰਟਾਂ ਛਾਪੀਆਂ। ਰਿਪੋਰਟਾਂ ਦਾ ਕਹਿਣਾ ਹੈ ਕਿ ਇਹ ਕਬਰਾਂ ਝੂਠੇ ਮੁਕਾਬਲਿਆਂ ਅਤੇ ਹੋਰ ਰੂਪਾਂ 'ਚ ਗ਼ੈਰ ਅਦਾਲਤੀ ਕਤਲਾਂ ਅਤੇ ਅਗਵਾ ਕਰ ਕੇ ਸਰਸਰੀ ਤੌਰ 'ਤੇ ਮਾਰ ਦਿੱਤੇ ਗਏ ਕਸ਼ਮੀਰੀਆਂ ਦੀਆਂ ਹਨ।

ਦਰਜਨਾਂ ਬੇਨਾਮ ਅਤੇ ਅਣਪਛਾਤੀਆਂ ਕਬਰਾਂ ਸੁੰਨ ਕਰ ਦੇਣ ਵਾਲਾ ਮੁੱਦਾ ਸੀ, ਜਿਨ੍ਹਾਂ ਨੂੰ ਲੈ ਕੇ ਹਾਹਾਕਾਰ ਮੱਚਣ 'ਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਟੀਮ ਬਣਾ ਕੇ ਜਾਂਚ ਕਰਨੀ ਪਈ ਸੀ। 11 ਮੈਂਬਰੀ ਕਮੇਟੀ ਨੇ 2011 'ਚ ਆਪਣੀ ਰਿਪੋਰਟ 'ਚ ਮੰਨਿਆ ਕਿ ਉੱਤਰੀ ਕਸ਼ਮੀਰ ਦੀਆਂ 38 ਅਣਪਛਾਤੀਆਂ ਕਬਰਾਂ 'ਚ ਮਿਲੀਆਂ ਘੱਟੋਘੱਟ 2156 ਲਾਸ਼ਾਂ ਉਨ੍ਹਾਂ ਆਮ ਨਾਗਰਿਕਾਂ ਦੀਆਂ ਹੋ ਸਕਦੀਆਂ ਹਨ ਜੋ "ਲਾਪਤਾ" ਹੋ ਗਏ ਸਨ। ਇਹ ਇਤਿਹਾਸ ਵਿਚ ਪਹਿਲਾ ਸਰਕਾਰੀ ਇਕਬਾਲ ਸੀ। ਇਸ ਨਾਲ ਜੰਮੂ ਕਸ਼ਮੀਰ ਵਿਧਾਨ ਸਭਾ ਪਹਿਲੀ ਵਾਰ ਇਸ ਬਾਰੇ ਚਰਚਾ ਕਰਨ ਲਈ ਮਜਬੂਰ ਹੋਈ। ਇਹ ਜ਼ਿਆਦਾਤਰ ਕਬਰਾਂ ਪੁਲਿਸ ਥਾਣਿਆਂ ਜਾਂ ਫੌਜ/ਨੀਮ ਫੌਜੀ ਦਸਤਿਆਂ ਦੇ ਕੈਂਪਾਂ ਨੇੜਲੇ ਪਾਰਕਾਂ 'ਚ ਮਿਲਦੀਆਂ। ਫੌਜ ਅਤੇ ਸੁਰੱਖਿਆ ਦਸਤਿਆਂ ਨੂੰ ਲਾਕਾਨੂੰਨੀਆਂ ਦੀ ਖੁੱਲ੍ਹੀ ਛੁੱਟੀ ਹੈ। ਉਹ ਲਾਸ਼ਾਂ ਨੂੰ ਦਫਨਾਉਣ ਸਮੇਂ ਤਸਵੀਰਾਂ ਖਿੱਚ ਕੇ ਜਾਂ ਕੋਈ ਹੋਰ ਰਿਕਾਰਡ ਤਿਆਰ ਕਰਨ ਅਤੇ ਰਿਕਾਰਡ ਰੱਖਣ ਦੀ ਕੋਈ ਲੋੜ ਨਹੀਂ ਸਮਝਦੇ। ਸਗੋਂ ਚੁੱਪ-ਚੁਪੀਤੇ ਲਾਸ਼ਾਂ ਪੁਲਿਸ ਦੇ ਹਵਾਲੇ ਕਰਕੇ ਸਬੂਤ ਮਿਟਾ ਦਿੰਦੇ ਹਨ ਜੋ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਤੇ ਸਿੱਧੀ ਸਰਪ੍ਰਸਤੀ ਹੇਠ ਹੁੰਦਾ ਰਿਹਾ। ਲਾਸ਼ਾਂ ਤਸੀਹਿਆਂ ਨਾਲ ਵੱਢੀਆਂ-ਟੁੱਕੀਆਂ ਜਾਂ ਕਰੰਟ ਨਾਲ ਲੂਹੀਆਂ ਹੁੰਦੀਆਂ। ਸਥਾਨਕ ਲੋਕਾਂ ਨੇ ਖੋਜੀ ਪੱਤਰਕਾਰਾਂ ਅਤੇ ਤੱਥ ਖੋਜ ਟੀਮਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਪਿੰਡਾਂ ਵਿਚ ਕਬਰਾਂ ਰਾਤੋ-ਰਾਤ ਹੋਂਦ 'ਚ ਆ ਜਾਂਦੀਆਂ ਸਨ। ਕਈ ਵਾਰ ਇੰਞ ਵੀ ਹੁੰਦਾ ਕਿ ਫੌਜ/ਨੀਮ-ਫੌਜੀ ਦਸਤੇ ਤਲਾਸ਼ੀ ਮੁਹਿੰਮ ਦੌਰਾਨ ਪਿੰਡ ਨੂੰ ਘੇਰਾ ਪਾ ਕੇ ਲੋਕਾਂ ਨੂੰ ਘਰਾਂ 'ਚ ਬੰਦ ਕਰ ਦਿੰਦੇ। ਜਦੋਂ ਘੇਰਾ ਚੁੱਕਿਆ ਜਾਂਦਾ ਤਾਂ ਆਲੇ-ਦੁਆਲੇ ਤਾਜ਼ਾ ਬਣਾਈਆਂ ਕਬਰਾਂ ਨਜ਼ਰੀਂ ਪੈ ਜਾਂਦੀਆਂ। ਇੰਞ ਕਬਰਾਂ 'ਚ ਦਫਨਾਏ ਵਿਅਕਤੀਆਂ ਦੀ ਪਛਾਣ ਦੀ ਅਣਹੋਂਦ 'ਚ ਨਾ ਤਾਂ ਪਿੰਡਾਂ ਦੇ ਲੋਕਾਂ ਨੂੰ ਇਹ ਪਤਾ ਲੱਗਦਾ ਕਿ ਕਬਰਾਂ ਕਿਨ੍ਹਾਂ ਵਿਅਕਤੀਆਂ ਦੀਆਂ ਹਨ ਅਤੇ ਨਾ ਉਨ੍ਹਾਂ ਪਰਿਵਾਰਾਂ ਨੂੰ ਕੋਈ ਜਾਣਕਾਰੀ ਮਿਲਦੀ ਕਿ ਉਨ੍ਹਾਂ ਦੇ ਪਰਿਵਾਰ ਮੈਂਬਰ ਜਿਉਂਦੇ ਹਨ ਜਾਂ ਇਸ ਦੁਨੀਆਂ 'ਚ ਨਹੀਂ ਰਹੇ।

ਇਸ ਅਨਿਸ਼ਚਿਤਤਾ ਦਾ ਸਭ ਤੋਂ ਘੋਰ ਸੰਤਾਪ ਉਨ੍ਹਾਂ ਸ਼ਾਦੀਸ਼ੁਦਾ ਔਰਤਾਂ ਨੂੰ ਝੱਲਣਾ ਪੈ ਰਿਹਾ ਹੈ ਜਿਨ੍ਹਾਂ ਦੇ ਖ਼ਾਵੰਦ ਲਾਪਤਾ ਹੋ ਗਏ। ਉਹ ਨਾ ਖ਼ੁਦ ਨੂੰ ਸੁਹਾਗਣਾਂ ਮੰਨ ਸਕਦੀਆਂ ਹਨ ਨਾ ਵਿਧਵਾ ਸਵੀਕਾਰ ਕਰ ਸਕਦੀਆਂ ਹਨ। ਕਸ਼ਮੀਰ ਦੀਆਂ ਇਨ੍ਹਾਂ 'ਅਰਧ-ਵਿਧਵਾਵਾਂ' ਲਈ ਖ਼ੁਰਮ ਪਰਵੇਜ਼ ਅਤੇ ਉਨ੍ਹਾਂ ਦੀ ਸੰਸਥਾ, ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ, ਨੇ ਮੁਹਿੰਮ ਚਲਾਈ। ਉਨ੍ਹਾਂ ਨੇ ਹਕੂਮਤ ਤੋਂ ਰਾਜਸੀ ਜਵਾਬਦੇਹੀ ਦੀ ਮੰਗ ਕਰਨ ਦੇ ਨਾਲ ਨਾਲ ਇਨ੍ਹਾਂ ਔਰਤਾਂ ਦੇ ਆਰਥਕ-ਸਮਾਜੀ ਮਸਲੇ ਵੀ ਹੱਥ ਲਏ।

ਕੁਲੀਸ਼ਨ ਨੇ ਅਦਾਲਤੀ ਮਿਸਲਾਂ ਅਤੇ ਸਰਕਾਰੀ ਦਸਤਾਵੇਜ਼ਾਂ ਦੀ ਬਾਰੀਕੀ 'ਚ ਛਾਣਬੀਣ ਕੀਤੀ ਅਤੇ ਸੂਚਨਾ ਅਧਿਕਾਰ ਕਾਨੂੰਨ ਰਾਹੀਂ ਰਾਜਕੀ ਸੰਸਥਾਵਾਂ ਨੂੰ ਜਵਾਬਦੇਹ ਬਣਾਇਆ ਅਤੇ ਪੀੜਤਾਂ ਲਈ ਇਨਸਾਫ ਦੀ ਮੰਗ ਕੀਤੀ। ਬਹੁਤ ਸਾਰੇ ਮਾਮਲਿਆਂ 'ਚ ਇਸ ਛਾਣਬੀਣ ਕਾਰਨ ਸਰਕਾਰੀ ਲਸ਼ਕਰਾਂ ਨੂੰ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ। ਕੁਲੀਸ਼ਨ ਨੇ ਭਾਰਤੀ ਫੌਜ ਵੱਲੋਂ 1994 ਦੇ ਕੁਨਨ-ਪੋਸ਼ਪੋਰਾ ਸਮੂਹਿਕ ਜਬਰ ਜਨਾਹ ਕਾਂਡ ਦੀ ਰਿਪੋਰਟ ਛਾਪੀ ਅਤੇ ਮੁਕੱਦਮਾ ਬੰਦ ਕੀਤੇ ਜਾਣ 'ਤੇ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਪਾ ਕੇ ਮੁੜ ਜਾਂਚ ਕੀਤੇ ਜਾਣ ਦੀ ਮੰਗ ਕੀਤੀ। ਇਸੇ ਸਾਲ ਕੁਲੀਸ਼ਨ ਨੇ ਇਕ ਹੋਰ ਮਹੱਤਵਪੂਰਨ ਰਿਪੋਰਟ ਛਾਪ ਕੇ ਫੌਜ ਅਤੇ ਨੀਮ-ਫੌਜੀ ਦਸਤਿਆਂ ਦੇ ਘੱਟੋ-ਘੱਟ 500 ਵਿਅਕਤੀਆਂ ਨੂੰ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ੀ ਠਹਿਰਾਇਆ। 2016 'ਚ ਕੁਲੀਸ਼ਨ ਨੇ ਵੱਡ-ਅਕਾਰੀ ਰਿਪੋਰਟ ਤਿਆਰ ਕਰਕੇ ਜੰਮੂ-ਕਸ਼ਮੀਰ ਵਿਚ "ਹਿੰਸਾ ਦੇ ਢਾਂਚੇ" ਨੂੰ ਤੱਥਾਂ ਸਹਿਤ ਸਾਹਮਣੇ ਲਿਆਂਦਾ। ਇਸ ਨੇ ਦੱਸਿਆ ਕਿ ਕਸ਼ਮੀਰ ਵਿਚ ਸਾਢੇ ਛੇ ਲੱਖ ਤੋਂ ਲੈ ਕੇ ਸਾਢੇ ਸੱਤ ਲੱਖ ਤੱਕ ਫੌਜ ਜਾਂ ਨੀਮ-ਫੌਜ ਤਾਇਨਾਤ ਹੈ ਜਿਸ ਤੋਂ ਕਸ਼ਮੀਰੀ ਅਵਾਮ ਉੱਪਰ ਫੌਜੀ ਰਾਜ ਦੇ ਰੋਜ਼ਮੱਰਾ ਜਬਰ ਨੂੰ ਸਮਝਿਆ ਜਾ ਸਕਦਾ ਹੈ। ਇਸ ਨੇ 972 ਵਿਅਕਤੀਆਂ ਦੇ ਬਾਕਾਇਦਾ ਨਾਮ ਲੈ ਕੇ ਮਨੁੱਖੀ ਹੱਕਾਂ ਦੇ ਘਾਣ 'ਚ ਉਨ੍ਹਾਂ ਦੀ ਭੂਮਿਕਾ ਜੱਗ ਜ਼ਾਹਿਰ ਕੀਤੀ।

ਫੌਜ/ਸੁਰੱਖਿਆ ਤਾਕਤਾਂ ਵਿਰੁੱਧ ਅਦਾਲਤ 'ਚ ਪਟੀਸ਼ਨਾਂ ਦਾ ਕੋਈ ਨਤੀਜਾ ਤਾਂ ਨਹੀਂ ਨਿਕਲਦਾ ਕਿਉਂਕਿ ਅਫਸਪਾ ਤਹਿਤ ਸਰਕਾਰੀ ਲਸ਼ਕਰਾਂ ਨੂੰ ਕਾਨੂੰਨੀ ਕਾਰਵਾਈ ਅਤੇ ਸਜ਼ਾ ਤੋਂ ਮੁਕੰਮਲ ਛੋਟ ਹੈ। ਕਾਨੂੰਨੀ ਕਾਰਵਾਈ ਸਿਰਫ ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਨਾਲ ਹੀ ਸੰਭਵ ਹੈ ਅਤੇ ਲਾਕਾਨੂੰਨੀ ਦੀ ਰਾਜਸੀ ਪੁਸ਼ਤਪਨਾਹੀ ਕਰਨ ਵਾਲੀ ਹਕੂਮਤ ਕਾਨੂੰਨੀ ਕਾਰਵਾਈ ਦੀ ਮਨਜ਼ੂਰੀ ਕਿਉਂ ਦੇਵੇਗੀ? ਪਰ ਕਾਰਕੁੰਨਾਂ ਦੀ ਘਾਲਣਾ ਅਜਾਈਂ ਨਹੀਂ ਜਾਂਦੀ ਕਿਉਂਕਿ ਇਹ ਰਿਪੋਰਟਾਂ ਭਾਰਤੀ ਰਾਜ ਦੀ ਖ਼ੂਨੀ ਹਕੀਕਤ ਦੁਨੀਆ ਨੂੰ ਦਿਖਾਉਂਦੀਆਂ ਹਨ ਅਤੇ ਦਿੱਲੀ ਦਰਬਾਰ ਨੂੰ ਕੌਮਾਂਤਰੀ ਦਬਾਓ ਦਾ ਸਾਹਮਣਾ ਕਰਨਾ ਪੈਂਦਾ ਹੈ। ਜੂਨ 2018 'ਚ ਸੰਯੁਕਤ ਰਾਸ਼ਟਰ ਨੇ ਸਰਹੱਦੀ ਕੰਟਰੋਲ ਰੇਖਾ ਦੇ ਦੋਨੋਂ ਪਾਸੇ ਮਨੁੱਖੀ ਹੱਕਾਂ ਦੇ ਘਾਣ ਬਾਰੇ ਜੋ ਪਲੇਠੀ ਰਿਪੋਰਟ ਅਤੇ ਤੇਰਾਂ ਮਹੀਨੇ ਬਾਦ ਜੋ ਦੂਜੀ ਰਿਪੋਰਟ ਜਾਰੀ ਕੀਤੀ ਉਨ੍ਹਾਂ ਰਿਪੋਰਟਾਂ ਦਾ ਮੁੱਖ ਆਧਾਰ ਵੀ ਕੁਲੀਸ਼ਨ ਦਾ ਦਸਤਾਵੇਜ਼ੀਕਰਨ ਹੀ ਸੀ। ਕੁਲੀਸ਼ਨ ਦੀ ਰਿਪੋਰਟ ਰੌਂਗਟੇ ਖੜ੍ਹੇ ਕਰਨ ਵਾਲਾ ਖ਼ੁਲਾਸਾ ਸੀ ਕਿ ਭਾਰਤੀ ਰਾਜ ਇਸ ਸਰਜ਼ਮੀਨ ਉੱਪਰ ਕੰਟਰੋਲ ਬਣਾਈ ਰੱਖਣ ਲਈ ਕਸ਼ਮੀਰੀਆਂ ਦਾ ਮਨੋਬਲ ਤੋੜਨ ਲਈ 1990 ਤੋਂ ਲੈ ਕੇ ਕਿਸ ਤਰ੍ਹਾਂ ਭਿਆਨਕ ਤਸੀਹਿਆਂ ਦੀ ਵਰਤੋਂ ਕਰ ਰਿਹਾ ਹੈ। ਆਪਣੀ ਹਕੀਕਤ ਤੋਂ ਸਾਫ ਮੁੱਕਰ ਜਾਣ ਦੀ ਆਦਤ ਅਨੁਸਾਰ ਭਾਰਤ ਦੇ ਬਦੇਸ਼ ਮੰਤਰਾਲੇ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ "ਝੂਠੀਆਂ, ਪੱਖਪਾਤੀ ਅਤੇ ਹਿਤਾਂ ਤੋਂ ਪ੍ਰੇਰਿਤ" ਕਹਿ ਕੇ ਰੱਦ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਕੁਲੀਸ਼ਨ ਵੱਲੋਂ ਇੰਟਰਨੈੱਟ ਬੰਦੀ ਬਾਰੇ ਰਿਪੋਰਟ ਜਾਰੀ ਕੀਤੀ ਗਈ ਜੋ 5 ਅਗਸਤ 2019 ਤੋਂ ਬਾਦ ਜੰਮੂ-ਕਸ਼ਮੀਰ ਵਿਚ ਡਿਜੀਟਲ ਸੰਚਾਰ ਬੰਦ ਕੀਤੇ ਜਾਣ ਨਾਲ ਹੋਏ ਨੁਕਸਾਨ, ਉਸ ਦਾ ਕਸ਼ਮੀਰੀ ਸਮਾਜ ਨੂੰ ਜੋ ਮੁੱਲ ਚੁਕਾਉਣਾ ਪਿਆ ਅਤੇ ਉਸ ਦੇ ਨਤੀਜਿਆਂ ਦੀ ਵਿਆਪਕ ਤਸਵੀਰ ਪੇਸ਼ ਕਰਦੀ ਸੀ।

ਭਾਰਤੀ ਹੁਕਮਰਾਨਾਂ ਨੂੰ ਇਹ ਰਿਪੋਰਟਾਂ ਅਤੇ ਸਰਗਰਮੀਆਂ ਬਹੁਤ ਚੁਭਦੀਆਂ ਸਨ। ਮਨੁੱਖੀ ਹੱਕਾਂ ਦੇ ਘਾਣ ਦੀ ਜ਼ਮੀਨੀ ਹਕੀਕਤ ਬਾਬਤ ਦੁਨੀਆ ਨੂੰ ਜਾਣੂੰ ਕਰਾਉਣ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕੌਂਸਲ ਦੇ ਸੈਸ਼ਨ ਵਿਚ ਹਿੱਸਾ ਲੈਣ ਲਈ ਜਦੋਂ ਖ਼ੁਰਮ ਪਰਵੇਜ਼ ਜਨੇਵਾ ਜਾ ਰਿਹਾ ਸੀ ਤਾਂ 14 ਸਤੰਬਰ 2016 ਨੂੰ ਉਸ ਨੂੰ ਦਿੱਲੀ ਹਵਾਈ ਅੱਡੇ 'ਤੇ ਰੋਕ ਲਿਆ ਗਿਆ। ਉਸ ਨੂੰ ਪਬਲਿਕ ਸੇਫਟੀ ਐਕਟ ਤਹਿਤ 76 ਦਿਨ ਜੇਲ੍ਹ 'ਚ ਨਜ਼ਰਬੰਦ ਰੱਖਿਆ ਗਿਆ। ਉਸ ਦੀ ਨਜ਼ਰਬੰਦੀ ਨੂੰ ਗ਼ੈਰਕਾਨੂੰਨੀ ਕਰਾਰ ਦਿੰਦਿਆਂ ਜੰਮੂ-ਕਸ਼ਮੀਰ ਹਾਈਕੋਰਟ ਨੇ ਨਜ਼ਰਬੰਦੀ ਦੇ ਹੁਕਮ ਦੇਣ ਵਾਲੇ ਜ਼ਿਲ੍ਹਾ ਮੈਜਿਸਟ੍ਰੇਟ ਵਿਰੁੱਧ ਸਖ਼ਤ ਟਿੱਪਣੀਆਂ ਕੀਤੀਆਂ ਅਤੇ ਖ਼ੁਰਮ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਨਾਲ ਖ਼ੁਰਮ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਿਲਸਿਲਾ ਬੰਦ ਨਹੀਂ ਹੋਇਆ। 20 ਅਕਤੂਬਰ 2020 'ਚ ਕੌਮੀ ਜਾਂਚ ਏਜੰਸੀ ਨੇ ਜੇ.ਕੇ.ਸੀ.ਸੀ.ਐਸ. ਅਤੇ ਏ.ਪੀ.ਡੀ.ਪੀ. ਦੇ ਦਫਤਰਾਂ 'ਚ ਛਾਪੇਮਾਰੀ ਕੀਤੀ। ਇਨ੍ਹਾਂ ਸੰਸਥਾਵਾਂ ਉੱਪਰ ਚੈਰੀਟੇਬਲ ਕੰਮਾਂ ਲਈ ਦੇਸ਼-ਬਦੇਸ਼ 'ਚੋਂ ਫੰਡ ਇਕੱਠੇ ਕਰਕੇ ਇਨ੍ਹਾਂ ਫੰਡਾਂ ਦੀ ਵਰਤੋਂ ਜੰਮੂ ਕਸ਼ਮੀਰ ਵਿਚ "ਵੱਖਵਾਦੀ ਸਰਗਰਮੀਆਂ" ਲਈ ਕਰਨ ਦਾ ਇਲਜ਼ਾਮ ਲਗਾਏ ਗਏ। ਇਸ ਦਾ ਮਨੋਰਥ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦਾ ਆਧਾਰ ਤਿਆਰ ਕਰਨਾ ਸੀ। ਆਖ਼ਿਰਕਾਰ ਖ਼ੁਰਮ ਨੂੰ ਇਸ ਕੇਸ 'ਚ ਗ੍ਰਿਫਤਾਰ ਕਰਕੇ ਯੂ.ਏ.ਪੀ.ਏ. ਤਹਿਤ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਦੀ ਗ੍ਰਿਫਤਾਰੀ ਪੂਰੀ 'ਸਿਵਲ ਸੁਸਾਇਟੀ' ਲਈ ਸੰਦੇਸ਼ ਹੈ।

ਭਾਰਤੀ ਰਾਜ ਵੱਲੋਂ ਕੀਤੇ ਜਾ ਰਹੇ ਜਬਰ ਦੀ ਕੌਮਾਂਤਰੀ ਪੱਧਰ 'ਤੇ ਨਿਖੇਧੀ ਭਾਰਤੀ ਹਕੂਮਤ ਲਈ ਪ੍ਰੇਸ਼ਾਨੀ ਬਣਦੀ ਹੈ ਜਿਸ ਤੋਂ ਛੁਟਕਾਰਾ ਪਾਉਣ ਲਈ ਪੂਰੇ ਭਾਰਤ ਵਿਚ ਸਿਵਲ ਸੁਸਾਇਟੀ (ਹੱਕਾਂ ਦੇ ਝੰਡਾਬਰਦਾਰਾਂ) ਵਿਰੁੱਧ 'ਜੰਗ ਦਾ ਨਵਾਂ ਮੋਰਚਾ' ਖੋਲ੍ਹਿਆ ਜਾ ਰਿਹਾ ਹੈ, ਜਿਸ ਦੇ ਹੁਣ ਹੋਰ ਵੀ ਬੱਝਵੀਂ ਅਤੇ ਵਧੇਰੇ ਜਾਬਰ ਸ਼ਕਲ ਅਖ਼ਤਿਆਰ ਕਰਨ ਦਾ ਖ਼ਤਰਾ ਹੈ। ਆਉਣ ਵਾਲੇ ਦਿਨਾਂ ਵਿਚ ਖ਼ੁਰਮ ਦੇ ਕੇਸ ਦੁਆਲੇ ਉਸੇ ਤਰ੍ਹਾਂ ਦਾ ਸਨਸਨੀਖ਼ੇਜ਼ ਕੇਸ ਘੜੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸ ਤਰ੍ਹਾਂ ਦਾ ਪੂਰੀ ਤਰ੍ਹਾਂ ਝੂਠਾ ਕੇਸ ਭਾਰਤ ਦੇ 'ਸ਼ਹਿਰੀ ਨਕਸਲੀ' ਬੁੱਧੀਜੀਵੀਆਂ/ਕਾਰਕੁਨਾਂ ਨੂੰ ਜੇਲ੍ਹ ਵਿਚ ਡੱਕਣ ਲਈ 2018 'ਚ ਘੜਿਆ ਗਿਆ ਸੀ। ਸੰਯੁਕਤ ਰਾਸ਼ਟਰ ਨੇ ਖ਼ੁਰਮ ਦੀ ਗ੍ਰਿਫਤਾਰੀ ਦਾ ਗੰਭੀਰ ਨੋਟਿਸ ਲੈਂਦਿਆਂ ਉਸ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਭਾਰਤ ਦੇ ਗ੍ਰਹਿ ਮੰਤਰਾਲੇ ਨੇ ਇਸ ਵਾਰ ਵੀ ਸੰਯੁਕਤ ਰਾਸ਼ਟਰ ਦੇ ਪ੍ਰਤੀਕਰਮ ਦੇ ਜਵਾਬ 'ਚ ਉਸ ਦੀ ਗ੍ਰਿਫਤਾਰੀ ਨੂੰ "ਕਾਨੂੰਨ ਅਨੁਸਾਰ ਸਹੀ" ਠਹਿਰਾਇਆ ਹੈ। ਪਰ ਦੁਨੀਆ ਦੇ ਲੋਕਾਂ ਨੇ ਆਰ.ਐਸ.ਐਸ.-ਬੀ.ਜੇ.ਪੀ. ਵੱਲੋਂ ਅਗਸਤ 2019 'ਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਉਸ ਰਿਆਸਤ ਨੂੰ ਕੇਂਦਰ ਸ਼ਾਸਿਤ ਇਲਾਕਿਆਂ 'ਚ ਟੁਕੜੇ-ਟੁਕੜੇ ਕਰਨ ਦੀ ਫਿਰਕੂ ਧੌਂਸਬਾਜ਼ ਕਾਰਵਾਈ ਰਾਹੀਂ ਇਸ ਦਾ ਅਸਲ ਚਿਹਰਾ ਚੰਗੀ ਤਰ੍ਹਾਂ ਦੇਖ ਲਿਆ ਹੈ। ਕਸ਼ਮੀਰ ਵਿਚ ਲੰਮਾ ਸਮਾਂ ਮੋਬਾਈਲ-ਇੰਟਰਨੈੱਟ ਸੇਵਾ ਨੂੰ ਬੰਦ ਰੱਖਣਾ, ਵਕੀਲਾਂ ਅਤੇ ਹੋਰ ਪੇਸ਼ੇਵਰ ਲੋਕਾਂ ਦੀਆਂ ਗ੍ਰਿਫਤਾਰੀਆਂ, ਪੱਤਰਕਾਰਾਂ ਵਿਰੁੱਧ ਦੇਸ਼ਧ੍ਰੋਹ ਦੇ ਥੋਕ ਤਾਦਾਦ 'ਚ ਪਰਚੇ, ਰਾਜਨੀਤਕ ਜਾਗਰੂਕਤਾ ਵਾਲੇ ਨਵੇਂ ਸਰਕਾਰੀ ਮੁਲਾਜ਼ਮਾਂ ਦੀ ਸੋਸ਼ਲ ਮੀਡੀਆ ਪ੍ਰੋਫਾਈਲ ਬਰਖ਼ਾਸਤਗੀ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਕੁਚਲਣ ਵਾਲੀ ਨਵੀਂ ਮੀਡੀਆ ਨੀਤੀ, ਇਸ ਸਭ ਕਾਸੇ ਨੂੰ ਦੁਨੀਆ ਦੇਖ ਰਹੀ ਹੈ। ਹੁਣ ਭਾਰਤੀ ਹੁਕਮਰਾਨਾਂ ਦੇ ਗੋਇਬਲਜ਼ਵਾਦੀ ਕੂੜ-ਪ੍ਰਚਾਰ ਨੂੰ ਇਸ ਦੇ ਮਨੁੱਖਤਾ ਵਿਰੋਧੀ ਜੋਟੀਦਾਰਾਂ ਹਾਕਮਾਂ ਤੋਂ ਸਿਵਾਏ ਬਾਕੀ ਦੁਨੀਆ ਸ਼ਾਇਦ ਹੀ ਕੋਈ ਮਹੱਤਵ ਦਿੰਦੀ ਹੈ।

ਖ਼ੁਰਮ ਪਰਵੇਜ਼ ਦੀ ਗ੍ਰਿਫਤਾਰੀ ਮਨੁੱਖੀ ਹੱਕਾਂ ਨਾਲ ਸਰੋਕਾਰ ਰੱਖਣ ਵਾਲੇ ਜਾਗਰੂਕ ਹਿੱਸਿਆਂ ਨੂੰ ਮੁੜ ਉਹੀ ਸਵਾਲ ਕਰਦੀ ਹੈ ਜੋ ਅਪ੍ਰੈਲ 2020 'ਚ ਕੌਮੀ ਜਾਂਚ ਏਜੰਸੀ ਅੱਗੇ ਗ੍ਰਿਫਤਾਰੀ ਲਈ ਪੇਸ਼ ਹੋਣ ਤੋਂ ਪਹਿਲਾਂ ਪ੍ਰੋਫੈਸਰ ਆਨੰਦ ਤੇਲਤੁੰਬੜੇ ਨੇ ਭਾਰਤ ਦੇ ਲੋਕਾਂ ਨੂੰ ਕੀਤਾ ਸੀ: "ਮੈਨੂੰ ਉਮੀਦ ਹੈ ਕਿ ਆਪਣੀ ਵਾਰੀ ਆਉਣ ਤੋਂ ਪਹਿਲਾਂ ਤੁਸੀਂ ਲਾਜ਼ਮੀ ਬੋਲੋਗੇ।"

# ਭਾਰਤ ਦਾ ਖੇਤੀ ਸੰਕਟ, ਖੇਤੀ ਮਾਹਰ ਅਤੇ ਕਾਰਪੋਰੇਟ ਸੰਸਾਰ

**ਭਾਰਤ ਵਿਚ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਹੋ ਗਏ ਹਨ। ਹੁਣ ਸਵਾਲ ਇਹ ਹੈ ਕਿ ਕਿਸਾਨੀ ਨੂੰ ਦਰਪੇਸ਼ ਸੰਕਟ ਦਾ ਹੱਲ ਕੀ ਹੋਵੇ। ਇਸ ਵਕਤ ਦੁਨੀਆ ਹਰ ਖੇਤਰ ਵਿਚ ਖੁੱਲ੍ਹੀ ਮੰਡੀ ਦੇ ਰਾਹ 'ਤੇ ਚੱਲ ਰਹੀ ਹੈ ਅਤੇ ਇਸ ਮੰਡੀ ਵਿਚ ਵੱਖ-ਵੱਖ ਕੰਪਨੀਆਂ ਅਤੇ ਕਾਰਪੋਰੇਟਾਂ ਦੀ ਇਜਾਰੇਦਾਰੀ ਹੈ। ਕੀ ਖੇਤੀ ਨੂੰ ਇਸ ਸਮੁੱਚੇ ਸਿਸਟਮ ਤੋਂ ਵੱਖ ਰੱਖਿਆ ਜਾ ਸਕਦਾ ਹੈ? ਇਸ ਤਰ੍ਹਾਂ ਦੀਆਂ ਕੁਝ ਦਲੀਲਾਂ ਬਲਰਾਜ ਦਿਓਲ ਨੇ ਆਪਣੇ ਇਸ ਲੇਖ ਵਿਚ ਦਿੱਤੀਆਂ ਹਨ ਅਤੇ ਕਿਸਾਨ ਅੰਦੋਲਨ ਦੇ ਹੱਕ ਵਿਚ ਲਿਖ ਰਹੇ ਵਿਦਵਾਨਾਂ ਦੀਆਂ ਧਾਰਨਾਵਾਂ ਉਤੇ ਸਵਾਲ ਉਠਾਏ ਹਨ। ਇਸ ਮਸਲੇ 'ਤੇ ਹੁਣ ਸਹਿਮਤੀ ਜਾਂ ਅਸਹਿਮਤੀ ਦਾ ਮਸਲਾ ਨਹੀਂ ਬਲਕਿ ਮਸਲਾ ਇਸ ਸੰਕਟ ਵਿਚੋਂ ਉਭਰਨ ਅਤੇ ਇਸ ਦਾ ਹੱਲ ਕੱਢਣ ਦਾ ਹੈ। 'ਪੰਜਾਬ ਟਾਈਮਜ਼' ਵੱਲੋਂ ਪਾਈਆਂ ਪਿਰਤਾਂ ਅਨੁਸਾਰ ਇਸ ਮਸਲੇ 'ਤੇ ਆਏ ਵੱਖ-ਵੱਖ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਵੇਗੀ।**

ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਸੰਸਦ ਵਿਚ ਬਿੱਲ ਪਾਸ ਕਰਵਾ ਕੇ ਰੱਦ ਕਰ ਦਿੱਤੇ ਹਨ ਅਤੇ ਇਸ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਵੀ ਮਿਲ ਗਈ ਹੈ। ਦਿੱਲੀ ਦੇ ਬਾਰਡਰ ਉੱਤੇ ਬੈਠੇ ਕਿਸਾਨ ਅਜੇ ਵੀ ਬੈਠੇ ਹਨ ਅਤੇ ਕਿਸਾਨ ਆਗੂਆਂ ਨੇ 5-6 ਹੋਰ ਮੰਗਾਂ ਸਰਕਾਰ ਅੱਗੇ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਮੁੱਖ ਮੰਗ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਲਾਗੂ ਕਰਨ ਲਈ ਕਾਨੂੰਨ ਬਣਾਉਣ ਦੀ ਹੈ। ਪਹਿਲਾਂ 23 ਫਸਲਾਂ ਲਈ ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਦੀ ਗਾਰੰਟੀ ਦੀ ਮੰਗ ਕੀਤੀ ਜਾ ਰਹੀ ਸੀ ਪਰ ਹੁਣ 'ਸਾਰੀਆਂ ਫਸਲਾਂ' ਲਈ ਇਹ ਮੰਗ ਕੀਤੀ ਜਾ ਰਹੀ ਹੈ। 'ਸਾਰੀਆਂ ਫਸਲਾਂ' ਦੀ ਗਿਣਤੀ ਕਿੰਨੀ ਹੈ, ਇਸ ਦੀ ਅਜੇ ਕਿਸੇ ਕੋਲ ਕੋਈ ਜਾਣਕਾਰੀ ਨਹੀਂ ਹੈ।

ਪੰਜਾਬ ਦੇ ਅਜੋਕੇ ਖੇਤੀ ਮਾਹਰ ਕਿਸਾਨਾਂ ਨੂੰ ਮੋਰਚਾ ਜਾਰੀ ਰੱਖਣ ਦੀਆਂ ਨਸੀਹਤਾਂ ਦੇ ਰਹੇ ਹਨ। ਇਨ੍ਹਾਂ ਮਾਹਰਾਂ ਨੇ ਆਪਣੇ ਲੇਖਾਂ ਅਤੇ ਟੀ.ਵੀ. ਗੱਲਬਾਤ ਦੀ ਝੜੀ ਲਗਾ ਦਿੱਤੀ ਹੈ ਅਤੇ ਉਹ ਤਿੰਨ ਕਾਨੂੰਨਾਂ ਦੀ ਵਾਪਸੀ ਨੂੰ ਕਿਸਾਨਾਂ ਦੀ ਵੱਡੀ ਜਿੱਤ ਦੱਸ ਰਹੇ ਹਨ। ਕੀ ਇਸ ਨਾਲ ਖੇਤੀ ਖੇਤਰ ਵਿਚ ਜ਼ਰੂਰੀ ਸੁਧਾਰਾਂ ਦਾ ਰਸਤਾ ਸਾਫ ਹੋ ਜਾਵੇਗਾ ਜਾਂ ਹੋਰ ਔਖਾ ਹੋ ਜਾਵੇਗਾ? ਇਸ



**ਬਲਰਾਜ ਦਿਓਲ**
ਫੋਨ: 905-793-5072
balrajdeol@rogers.com

ਬਾਰੇ ਉਹ ਲਗਭਗ ਖਾਮੋਸ਼ ਹਨ। ਜੇ ਪਾਣੀ ਸਮੇਤ ਸੀਮਤ ਸਰੋਤਾਂ ਦੀ ਦੁਰਵਰਤੋਂ, ਵਾਤਾਵਰਨ ਦੀ ਖਰਾਬੀ ਅਤੇ ਬੇਲੋੜੀਆਂ ਫਸਲਾਂ ਦੀ ਵਾਧੂ ਪੈਦਾਵਾਰ ਜਾਰੀ ਰਹਿੰਦੀ ਹੈ ਤਾਂ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਕਿਸੇ ਦੀ ਵੀ ਜਿੱਤ ਨਹੀਂ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਣਾ ਅਤੇ ਪ੍ਰਦੂਸ਼ਣ ਦਾ ਵਧਣਾ ਸਭ ਲਈ ਖਤਰੇ ਦੀ ਘੰਟੀ ਹੈ। ਕਣਕ ਅਤੇ ਝੋਨਾ ਬੀਜਣ ਤੇ ਵੇਚਣ ਦਾ ਸਿਲਸਿਲਾ ਬਹੁਤੀ ਦੇਰ ਜਾਰੀ ਨਹੀਂ ਰੱਖਿਆ ਸਕਦਾ।

### ਅਖੇ ਲੋਕਾਂ ਨੂੰ ਕਾਰਪੋਰੇਟ 'ਬਦਨੀਤ' ਦੀ ਜਾਣਕਾਰੀ ਨਹੀਂ

ਕਾਰਪੋਰੇਸ਼ਨਾਂ ਦੀ ਬਦਨੀਤੀ ਦਾ ਬਹਾਨਾ ਬਣਾ ਕੇ ਖੇਤੀ ਸੁਧਾਰਾਂ ਦਾ ਵਿਰੋਧ ਕਰਨ ਵਾਲੇ ਖੇਤੀ ਮਾਹਰ ਆਖਦੇ ਹਨ ਕਿ ਜੋ ਲੋਕ ਇਨ੍ਹਾਂ ਤਿੰਨ ਕਾਨੂੰਨਾਂ ਦਾ ਸਮਰਥਨ ਕਰਦੇ ਹਨ ਜਾਂ ਸਨ, ਉਨ੍ਹਾਂ ਨੂੰ ਕਾਰਪੋਰੇਸ਼ਨਾਂ ਦੇ ਵਰਤਾਰੇ ਜਾਂ ਕਥਿਤ ਬਦਨੀਅਤ ਦਾ ਗਿਆਨ ਨਹੀਂ। ਅਜਿਹੇ ਮਾਹਰ ਸਮਝਦੇ ਹਨ ਕਿ ਸਾਰਾ ਸੰਸਾਰ, ਕਾਰਪੋਰੇਟ ਬੇਈਮਾਨੀਆਂ ਤੋਂ ਪੂਰੀ ਤਰ੍ਹਾਂ ਅਣਜਾਣ ਹੈ ਅਤੇ ਇਨ੍ਹਾਂ ਨੂੰ ਹੀ 'ਕਾਰਪੋਰੇਟ ਬਦਨੀਤੀ' ਦਾ 'ਇਲਹਾਮ' ਹੁੰਦਾ ਹੈ। ਕਾਰਪੋਰੇਟ ਜਗਤ ਦੁੱਧ ਧੋਤਾ ਨਹੀਂ ਪਰ ਕਾਰਪੋਰੇਟ ਸਿਸਟਮ ਅੱਜ ਦੀ ਖੁੱਲ੍ਹੀ ਆਰਥਕਤਾ ਦਾ ਮੁੱਖ ਅੰਗ ਹੈ। ਜਹਾਦੀ ਤਰੀਕੇ ਅਪਣਾ ਕੇ ਕਾਰਪੋਰੇਟ ਸਿਸਟਮ ਖਤਮ ਨਹੀਂ ਕੀਤਾ ਜਾ ਸਕਣਾ ਸਗੋਂ ਇਸ ਨਾਲ ਆਪਣੀ ਆਰਥਕਤਾ ਦਾ ਨੁਕਸਾਨ ਹੋ ਸਕਦਾ ਹੈ। ਖੁੱਲ੍ਹੀ ਆਰਥਕਤਾ ਵਾਲਾ ਹਰ ਦੇਸ਼, ਹਰ ਸੂਬਾ ਅਤੇ ਸ਼ਹਿਰ ਪੂੰਜੀ ਨਿਵੇਸ਼ ਨੂੰ ਆਵਾਜ਼ਾਂ ਮਾਰਦਾ ਹੈ। ਅਜਿਹੇ ਨਿਵੇਸ਼ ਤੋਂ ਬਿਨਾਂ ਲੋਕਾਂ ਨੂੰ ਵੱਡੀ ਪੱਧਰ ਉੱਤੇ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ। ਬੁਨਿਆਦੀ ਢਾਂਚਾ ਖੜ੍ਹਾ ਕਰਨ ਅਤੇ ਤਕਨੀਕ ਵਿਕਸਿਤ ਕਰਨ ਲਈ ਸਰਕਾਰਾਂ ਨਿਵੇਸ਼ ਲੱਭਦੀਆਂ ਫਿਰਦੀਆਂ ਹਨ। ਖੇਤੀ ਸੈਕਟਰ ਨੂੰ ਇਸ ਤੋਂ ਬਾਹਰ ਰੱਖ ਕੇ ਵਿਕਸਿਤ ਕਰਨਾ ਸੰਭਵ ਨਹੀਂ ਹੈ। ਚੀਨ ਵਰਗੇ ਕਥਿਤ ਸਮਾਜਵਾਦੀ ਦੇਸ਼ ਵੀ ਨਿਵੇਸ਼ ਭਾਲਦੇ ਫਿਰਦੇ ਹਨ ਤੇ ਮੰਡੀ ਲੱਭਣ ਅਤੇ ਪੈਸਾ ਬਣਾਉਣ ਲਈ ਘੱਟ ਵਿਕਸਿਤ ਦੇਸ਼ਾਂ ਵਿਚ ਆਪ ਨਿਵੇਸ਼ ਕਰਦੇ ਹਨ। ਚੀਨ ਵਰਗੇ ਦੇਸ਼ਾਂ ਨੂੰ ਵੀ ਅਜੋਕੇ ਵਪਾਰ ਦੀ ਸਮਝ ਆ ਗਈ ਹੈ ਪਰ ਪੰਜਾਬ ਦੇ ਖੇਤੀ ਮਾਹਰ 'ਮੈਂ ਨਾ ਮਾਨੂੰ' ਵਾਲੀ ਨੀਤੀ ਉੱਤੇ ਚੱਲ ਕੇ ਆਮ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

### ਕਰਤਾਰਪੁਰ ਵਾਲਾ ਖੇਤੀ ਮਾਡਲ?

ਲੋਕਾਂ, ਖਾਸਕਰ ਆਮ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਣ ਲਈ ਕਈ ਖੇਤੀ ਮਾਹਰ ਬਹੁਤ ਗੋਲ ਗੱਲਾਂ ਕਰਦੇ ਹਨ ਜੋ ਤਰਕਹੀਣ ਅਤੇ ਆਪਾ ਵਿਰੋਧੀ ਵੀ ਹੁੰਦੀਆਂ ਹਨ। ਇੱਕ ਪ੍ਰਸਿੱਧ ਮਾਹਰ ਨੇ ਖੇਤੀ ਸੁਧਾਰਾਂ ਲਈ ਗੁਰੂ ਨਾਨਕ ਦੇ ਕਰਤਾਰਪੁਰ ਮਾਡਲ ਦੀ ਉਦਾਹਰਨ ਇੰਜ ਦਿੱਤੀ ਹੈ, "ਸਮੁੱਚੀ ਕਿਸਾਨੀ ਅਤੇ ਖੇਤੀ ਦੇ ਭਵਿੱਖ ਬਾਰੇ ਆਮ ਸਹਿਮਤੀ ਬਣਾਈ ਜਾਵੇ ਜੋ ਸਰਕਾਰ ਦੀ ਸੁਝਾਈ ਨੀਤੀ ਦਾ ਬਦਲ ਹੋਵੇਗੀ। ਇਸ ਨੂੰ ਤਿਆਰ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਚ ਚਲਾਏ ਖੇਤੀ ਮਾਡਲ ਤੋਂ ਸੇਧ ਲਈ ਜਾ ਸਕਦੀ ਹੈ। ਉਨ੍ਹਾਂ ਦੇ 'ਕਿਰਤ ਕਰੋ ਤੇ ਵੰਡ ਛਕਣ' ਦੇ ਸਿਧਾਂਤ ਨਾਲ ਪਿੰਡਾਂ ਵਿਚ ਸਾਂਝੀ ਖੇਤੀ ਬਾਰੇ ਚਰਚਾ ਕੀਤੀ ਜਾ ਸਕਦੀ ਹੈ। ਇਹ ਮਾਡਲ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਸਾਰੇ ਪੇਂਡੂ ਕਿਰਤੀਆਂ ਨੂੰ ਆਰਥਕ ਵਿਕਾਸ ਤੇ ਗਤੀਵਿਧੀਆਂ ਵਿਚ ਸ਼ਾਮਲ ਕਰਨ ਦੀ ਸਮਰੱਥਾ ਰੱਖਦਾ ਹੈ।"

ਮਾਹਰ ਜੀ ਨੇ ਇਹ ਨਹੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਖੇਤੀ ਮਾਡਲ ਕਿਹੜਾ ਸੀ ਅਤੇ ਉਹ ਅਜੋਕੇ ਸਮੇਂ ਦਾ ਹਾਣੀ ਕਿਵੇਂ ਹੈ? ਹਾਂ 'ਕਿਰਤ ਕਰੋ ਤੇ ਵੰਡ ਛਕਣ ਦੇ ਸਿਧਾਂਤ' ਦੀ ਗੱਲ ਕੀਤੀ ਹੈ ਜਿਸ ਨੂੰ ਕਿੰਨੇ ਕੁ ਲੋਕ ਅਜੋਕੇ ਜੀਵਨ ਵਿਚ ਅਪਣਾਈ ਬੈਠੇ ਹਨ? ਕੀ ਇਸ ਮਾਹਰ ਨੇ ਆਪਣੀ ਜ਼ਿੰਦਗੀ ਵਿਚ ਇਸ ਸਿਧਾਂਤ ਨੂੰ ਲਾਗੂ ਕੀਤਾ ਹੋਇਆ ਹੈ? ਇੱਕ ਪਾਸੇ ਤਾਂ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਦਾ ਸਮਰਥਨ ਕੀਤਾ ਜਾ ਰਿਹਾ ਹੈ; ਮੁਫਤ ਬਿਜਲੀ, ਪਾਣੀ ਅਤੇ ਖਾਦਾਂ ਵਗੈਰਾ ਦੀ ਸਬਸਿਡੀ ਦੀ ਵਕਾਲਤ ਕੀਤੀ ਜਾ ਰਹੀ ਹੈ; ਸਰਕਾਰੀ ਮਦਦ (ਪਰਾਲੀ ਮੁਆਵਜ਼ਾ) ਮਿਲਣ ਤਕ ਪਰਾਲੀ ਨੂੰ ਅੱਗ ਲਗਾਉਣ ਦੀ ਖੁੱਲ੍ਹ ਮੰਗ ਕੇ ਵਾਤਾਵਰਨ ਨੂੰ ਪਲੀਤ ਕਰਨ ਦੀ ਖੁੱਲ੍ਹ ਮੰਗੀ ਜਾ ਰਹੀ ਹੈ; ਦੂਜੇ ਪਾਸੇ ਬਿਨਾਂ ਕਿਸੇ ਵਿਸਥਾਰ ਦੇ 'ਕਿਰਤ ਕਰੋ ਤੇ ਵੰਡ ਛਕਣ ਦੇ ਸਿਧਾਂਤ' ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਕੀ ਬਾਬੇ ਦੇ ਵੇਲੇ ਕਣਕ ਅਤੇ ਝੋਨੇ ਦੀ ਬੇਲੋੜੀ ਪੈਦਾਵਾਰ ਸੀ ਜਿਸ ਨੂੰ ਰੱਖਣ ਲਈ ਜਗ੍ਹਾ ਦੀ ਘਾਟ ਸੀ? ਕੀ ਇਨ੍ਹਾਂ ਫਸਲਾਂ ਦੀ ਐਮ.ਐਸ.ਪੀ. ਵਰਗੀ ਕੋਈ ਸ਼ੈਅ ਸੀ? ਕੀ ਵਾਤਾਵਰਨ ਪ੍ਰਦੂਸ਼ਣ ਅਤੇ ਧਰਤੀ ਹੇਠਲੇ ਪਾਣੀ ਦਾ ਲੈਵਲ ਡਿੱਗ ਜਾਣ ਦੀ ਸਮੱਸਿਆ ਸੀ? ਇਹ ਭਾਵੁਕ ਗੱਲਾਂ ਹਨ ਜੋ ਅੱਜ ਦੇ ਸਮੇਂ ਵਿਚ ਪੈਦਾਵਾਰ, ਵਿਤਰਨ ਅਤੇ ਆਰਥਕਤਾ ਚਲਾਉਣ ਦਾ ਨੁਸਖਾ ਨਹੀਂ ਹਨ। ਇਸ ਨੂੰ ਸੇਵਾ ਦੇ ਖੇਤਰ ਵਿਚ ਲਾਗੂ ਕੀਤਾ ਜਾ ਸਕਦਾ ਹੈ ਅਤੇ ਕਈ ਹਾਲਤਾਂ ਵਿਚ ਲਾਗੂ ਕੀਤਾ ਜਾਂਦਾ ਹੈ ਪਰ ਵੱਡੇ-ਵੱਡੇ ਘੁਟਾਲੇ ਵੀ ਸੇਵਾ ਖੇਤਰ ਵਿਚ ਹੀ ਹੁੰਦੇ ਹਨ। ਐਸ.ਜੀ.ਪੀ.ਸੀ. ਸਿੱਖਾਂ ਦੀ ਸਿਰਮੌਰ ਸੰਸਥਾ ਹੈ ਜਿਸ ਵਿਚ ਵੱਡੇ-ਵੱਡੇ ਗਬਨ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਛਾਪਣ ਅਤੇ ਵੇਚਣ ਤਕ ਦੇ ਘੁਟਾਲੇ ਹੋਏ ਹਨ। ਮਾਹਰ ਸੱਜਣੋਂ, ਪ੍ਰੈਕਟੀਕਲ ਗੱਲਾਂ ਕਰੋ।

### ਅਮੂਲ ਡੇਅਰੀ ਦਾ ਮਾਡਲ ਬਹੁਤ ਅਨੋਖਾ ਨਹੀਂ

ਇਸੇ ਖੇਤੀ ਮਾਹਰ ਨੇ ਆਪਣੇ ਤਾਜ਼ਾ ਲੇਖ ਵਿਚ ਗੁਜਰਾਤ ਦੀ ਅਮੂਲ ਡੇਅਰੀ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਇਹ ਮਾਡਲ ਅਪਣਾਇਆ ਜਾ ਸਕਦਾ ਹੈ। ਅਮੂਲ ਡੇਅਰੀ ਵੱਡੀ ਕੋਆਪਰੇਟਿਵ ਸੁਸਾਇਟੀ ਹੈ ਜਿਸ ਨੇ ਸ਼ੁਰੂਆਤ ਤਾਂ 1946 ਵਿਚ ਦੁੱਧ ਤੋਂ ਕੀਤੀ ਸੀ, ਫਿਰ ਦੁੱਧ ਦੇ ਹੋਰ ਕਈ ਉਤਪਾਦ ਜਿਵੇਂ ਘਿਓ, ਪਨੀਰ ਆਦਿ ਬਣਾਉਣ ਲੱਗੀ ਅਤੇ ਹੁਣ ਹੋਰ ਵੀ ਬਹੁਤ ਕੁਝ ਬਣਾਉਣ ਲੱਗ ਪਈ ਹੈ। ਇਸ ਦਾ ਮਾਡਲ ਕਿਸੇ ਪਬਲਿਕ ਲਿਸਟਡ ਕਾਰਪੋਰੇਸ਼ਨ ਨਾਲੋਂ ਬਹੁਤ ਵੱਖਰਾ ਨਹੀਂ। ਅਮੂਲ ਡੇਅਰੀ ਕੋਆਪਰੇਟਿਵ ਆਪਣੇ ਮੈਂਬਰ ਦੁੱਧ ਉਤਪਾਦਕਾਂ ਨੂੰ ਵੱਧ ਤੋਂ ਵੱਧ ਕੀਮਤ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਸ ਦਾ ਢਾਂਚਾ ਇਸ ਤਰ੍ਹਾਂ ਦਾ ਹੈ ਕਿ ਕੰਪਨੀ ਚਲਾਉਣ ਦਾ ਖਰਚਾ ਕੱਢ ਕੇ ਪ੍ਰਤੀ ਲਿਟਰ ਜੋ ਕੀਮਤ ਦੁੱਧ ਉਤਪਾਦਕ ਨੂੰ ਦਿੱਤੀ ਜਾਂਦੀ ਹੈ, ਉਸ ਵਿਚ ਸੰਭਾਵੀ ਲਾਭ ਦਾ ਹਿੱਸਾ ਵੀ ਹੁੰਦਾ ਹੈ। ਅਮੂਲ ਡੇਅਰੀ ਵੀ ਲਾਭ ਲਈ ਹੀ ਕੰਮ ਕਰਦੀ ਹੈ ਪਰ ਇਸ ਦੇ ਦੁੱਧ ਉਤਪਾਦਕ ਇਸ ਦੇ ਇੱਕ ਤਰ੍ਹਾਂ ਨਾਲ ਸ਼ੇਅਰਹੋਲਡਰ ਵਾਲਾ ਦਰਜਾ ਰੱਖਦੇ ਹਨ ਅਤੇ ਲਾਭ ਉਨ੍ਹਾਂ ਵਿਚ ਪ੍ਰਤੀ ਲਿਟਰ ਵੱਧ ਕੀਮਤ ਦੇ ਰੂਪ ਵਿਚ ਨਾਲੋ-ਨਾਲ ਤਕਸੀਮ ਹੁੰਦਾ ਹੈ। ਇਹ ਬਹੁਤ ਅੱਛਾ ਮਾਡਲ ਹੈ ਪਰ ਅਨੋਖਾ ਨਹੀਂ।

ਸਟਾਕ ਐਕਸਚੇਂਜਾਂ ਨਾਲ ਲਿਸਟਡ ਕਾਰਪੋਰੇਟ ਕੰਪਨੀਆਂ ਜਿਨ੍ਹਾਂ ਦੇ ਸ਼ੇਅਰ (ਹਿੱਸੇ) ਹਰ ਰੋਜ਼ ਖਰੀਦੇ ਅਤੇ ਵੇਚੇ ਜਾਂਦੇ ਹਨ, ਵੀ ਹਰ ਸਾਲ ਆਪਣੇ ਹਿੱਸੇਦਾਰਾਂ ਨੂੰ ਲਾਭ ਵੰਡਦੀਆਂ ਹਨ ਜੋ ਪ੍ਰਤੀ ਹਿੱਸੇ ਦੇ ਮੁਤਾਬਕ ਹੁੰਦਾ ਹੈ। ਜੇ ਇਨ੍ਹਾਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਵਧਦੀ ਹੈ ਤਾਂ ਹਿੱਸੇਦਾਰਾਂ ਨੂੰ ਹੋਰ ਵੀ ਲਾਭ ਹੁੰਦਾ ਹੈ ਅਤੇ ਜੇ ਘਟਦੀ ਹੈ ਤਾਂ ਨੁਕਸਾਨ ਵੀ ਹੋ ਸਕਦਾ ਹੈ।

ਉਦਾਹਰਨ ਵਜੋਂ ਹਰ ਦੇਸ਼ ਵਿਚ ਸੈਂਕੜੇ ਅਜਿਹੀਆਂ ਵੱਡੀਆਂ ਕੰਪਨੀਆਂ/ਕਾਰਪੋਰੇਸ਼ਨਾਂ ਹਨ ਜੋ ਸਟਾਕ ਐਕਸਚੇਂਜਾਂ ਨਾਲ ਲਿਸਟ ਕੀਤੀਆਂ ਹੋਈਆਂ ਹਨ। ਕਈ ਕੌਮਾਂਤਰੀ ਪੱਧਰ 'ਤੇ ਵੀ ਲਿਸਟਡ ਹਨ। ਕੈਨੇਡਾ ਵਿਚ ਸਭ ਤੋਂ ਵੱਡੀ ਰਾਇਲ



ਬੈਂਕ ਸਮੇਤ ਸਾਰੀਆਂ ਕਮਰਸ਼ੀਅਲ ਬੈਂਕਾਂ ਦੇ ਸ਼ੇਅਰ ਕੋਈ ਵੀ ਖਰੀਦ ਸਕਦਾ ਹੈ। ਕਈ ਇੰਸ਼ੋਰੈਂਸ ਕੰਪਨੀਆਂ, ਸੀਪੀ ਰੇਲ, ਵੀਆ ਰੇਲ, ਆਟੋ ਕੰਪਨੀਆਂ, ਰੇਲ ਕੋਚ ਕੰਪਨੀਆਂ, ਜਨਰਲ ਇਲੈਕਟ੍ਰਿਕ, ਕਈ ਨਿਵੇਸ਼ ਕੰਪਨੀਆਂ, ਕਈ ਕੰਸਟਰੱਕਸ਼ਨ ਕੰਪਨੀਆਂ, ਮਾਈਨਿੰਗ ਕੰਪਨੀਆਂ ਦੇ ਸ਼ੇਅਰ ਖਰੀਦੇ ਅਤੇ ਵੇਚੇ ਜਾ ਸਕਦੇ ਹਨ। ਇਹ ਸਭ ਆਪਣੇ ਸ਼ਅਰਹੋਲਡਰਾਂ ਨੂੰ ਹਰ ਸਾਲ ਲਾਭ ਦਾ ਹਿੱਸਾ (ਡਿਵੀਡੈਂਟ) ਦਿੰਦੀਆਂ ਹਨ ਅਤੇ ਸ਼ੇਅਰ ਦੀ ਕੀਮਤ ਵਧਣ ਨਾਲ ਹੋਰ ਲਾਭ ਹੋ ਸਕਦਾ ਹੈ।

ਅਮੂਲ ਡੇਅਰੀ ਵਾਲਾ ਮਾਡਲ ਅਪਣਾਉਣ ਦਾ ਕੋਈ ਹਰਜ ਨਹੀਂ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਕਿਸਮ ਦੀ ਹਰ ਕੋਆਪਰੇਟਿਵ ਸੁਸਾਇਟੀ ਕਾਮਯਾਬ ਨਹੀਂ ਹੁੰਦੀ ਅਤੇ ਕਈ ਅੰਦਰੂਨੀ ਧੜੇਬਾਜ਼ੀ ਜਾਂ ਰਾਜਨੀਤੀ ਦੀ ਭੇਟ ਚੜ੍ਹ ਜਾਂਦੀਆਂ ਹਨ। ਹਰ ਕਾਰਪੋਰੇਸ਼ਨ ਵੀ ਕਾਮਯਾਬ ਨਹੀਂ ਹੁੰਦੀ ਅਤੇ ਕਈ ਵੱਡੀਆਂ ਕਾਰਪੋਰੇਟ ਕੰਪਨੀਆਂ ਫੇਲ੍ਹ ਹੋ ਜਾਂਦੀਆਂ ਹਨ ਜਾਂ ਸੁੰਗੜ ਜਾਂਦੀਆਂ ਹਨ।

ਪੰਜਾਬ ਦੀ ਵੇਰਕਾ ਡੇਅਰੀ ਵੀ ਇੱਕ ਤਰ੍ਹਾਂ ਨਾਲ ਕੋਆਪਰੇਟਿਵ ਹੀ ਹੈ ਪਰ ਇਸ ਦਾ ਪ੍ਰਬੰਧਕੀ ਢਾਂਚਾ ਪੰਜਾਬ ਸਰਕਾਰ ਦੇ ਹੱਥ ਹੈ ਜੋ ਇਸ ਦਾ ਬੋਰਡ/ਚੇਅਰਮੈਨ ਵਗੈਰਾ ਨਾਮਜ਼ਦ ਕਰਦੀ ਹੈ ਜਿਸ ਨਾਲ ਸਿਆਸੀ ਦਖ਼ਲ ਵਧ ਜਾਂਦਾ ਹੈ। ਅਮੂਲ ਡੇਅਰੀ ਦਾ ਬੋਰਡ ਆਫ ਡਾਇਰੈਕਟਰ ਜਦ ਚੁਣਿਆ ਜਾਂਦਾ ਹੈ ਤਾਂ ਰਾਜਨੀਤੀ ਉਥੇ ਵੀ ਹੁੰਦੀ ਹੈ ਪਰ ਇਸ ਦੀ ਨੀਂਹ ਅਤੇ ਰਵਾਇਤ ਮਜ਼ਬੂਤ ਹੋਣ ਕਾਰਨ ਪ੍ਰਬੰਧ ਵਿਚ ਗੜਬੜੀ ਨਹੀਂ ਹੁੰਦੀ ਜੋ ਇਸ ਦੀ ਲਗਾਤਾਰ ਕਾਮਯਾਬੀ ਦਾ ਕਾਰਕ ਹੈ।

### ਕਾਰਪੋਰੇਟ ਜਗਤ ਨੂੰ ਨੱਥਣ ਦੇ ਤਰੀਕੇ

ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਵਿਚ ਕਾਰਪੋਰੇਟ ਜਗਤ ਨੂੰ ਨੱਥ ਪਾਈ ਰੱਖਣ ਵਾਸਤੇ ਕਈ ਕਾਨੂੰਨ ਹਨ ਜਿਨ੍ਹਾਂ ਵਿਚ ਲੋੜ ਮੁਤਾਬਕ ਸੋਧਾਂ ਕੀਤੀਆਂ ਜਾਂਦੀਆਂ ਹਨ ਕਿਉਂਕਿ ਤਕਨੀਕ ਅਤੇ ਪੈਦਾਵਾਰ ਦੇ ਢੰਗ ਤਰੀਕੇ ਬਦਲ ਜਾਂਦੇ ਹਨ। ਮੁੱਖ ਰੂਪ ਵਿਚ ਸਾਰੇ ਦੇਸ਼ਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਦੇ ਏਕਾਧਿਕਾਰ ਵਿਰੋਧੀ ਕਾਨੂੰਨ ਬਣਾਏ ਹੋਏ ਹਨ ਤਾਂ ਕਿ ਕੋਈ ਕਾਰਪੋਰੇਸ਼ਨ ਆਪਣੇ ਖੇਤਰ ਦਾ ਏਕਾਧਿਕਾਰ ਨਾ ਬਣਾ ਲਵੇ ਅਤੇ ਹਰ ਖੇਤਰ ਵਿਚ 'ਮੁਕਾਬਲਾ' ਬਣਿਆ ਰਹੇ। ਖੁੱਲ੍ਹੀ ਆਰਥਕਤਾ ਲਈ ਇਸ ਕਿਸਮ ਦਾ 'ਮੁਕਾਬਲਾ' ਜ਼ਰੂਰੀ ਹੁੰਦਾ ਹੈ। ਕੰਪਨੀਆਂ ਚੋਰ ਮੋਰੀਆਂ ਲੱਭਦੀਆਂ ਰਹਿੰਦੀਆਂ ਹਨ। ਬੁੱਧੀਜੀਵੀ ਅਤੇ ਪ੍ਰੈਸ ਇਨ੍ਹਾਂ ਕਮਜ਼ੋਰੀਆਂ ਨੂੰ ਲੋਕਾਂ ਦੇ ਹਿੱਤਾਂ ਲਈ ਉਜਾਗਰ ਕਰਦੇ ਰਹਿੰਦੇ ਹਨ ਜਿਸ ਨਾਲ ਰਾਜਸੀ ਆਗੂਆਂ ਉੱਤੇ ਦਬਾਅ ਵਧਦਾ ਹੈ। ਲੋਕਰਾਜੀ ਪ੍ਰਬੰਧ ਵਿਚ ਵੱਖ-ਵੱਖ ਸਿਆਸੀ ਆਗੂਆਂ ਅਤੇ ਪਾਰਟੀਆਂ ਵਿਚਕਾਰ 'ਮੁਕਾਬਲਾ' ਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਨਵੇਂ ਕਾਨੂੰਨ ਬਣਾਏ ਜਾਂਦੇ ਹਨ ਅਤੇ ਲੋੜ ਮੁਤਾਬਕ ਸੋਧੇ ਵੀ ਜਾਂਦੇ ਹਨ।

### ਕਾਰਪੋਰੇਟ ਜਗਤ ਨੂੰ ਆਵਾਜ਼ਾਂ

ਆਰਥਕ ਤਰੱਕੀ ਲਈ ਸਰਕਾਰਾਂ ਸਦਾ ਕਾਰਪੋਰੇਟ ਜਗਤ ਨੂੰ ਨਿਵੇਸ਼ ਲਈ ਆਵਾਜ਼ਾਂ ਮਾਰਦੀਆਂ ਅਤੇ ਸਹੂਲਤਾਂ ਦੀ ਪੇਸ਼ਕਸ਼ ਕਰਦੀਆਂ ਹਨ। ਕਈ ਵਾਰ ਕਈ ਦੇਸ਼ ਜਾਂ ਸੂਬੇ ਅਜਿਹੇ ਪੂੰਜੀ ਨਿਵੇਸ਼ ਲਈ ਇੱਕ ਦੂਜੇ ਨਾਲ ਮੁਕਾਬਲਾ ਵੀ ਕਰਦੇ ਹਨ। ਚਲਾਕ ਕਾਰਪੋਰੇਸ਼ਨਾਂ ਵੱਧ ਲਾਭ ਲਈ ਵੱਧ ਛੋਟਾਂ ਅਤੇ ਸਹੂਲਤਾਂ ਦੀ ਮੰਗ ਕਰਦੀਆਂ ਹਨ ਅਤੇ ਉਨ੍ਹਾਂ ਵੱਲ ਭੱਜਦੀਆਂ ਹਨ। ਮਾਇਆ ਦੀ ਲਾਲਸਾ ਲਈ ਹੇਰਾ-ਫੇਰੀ ਵੀ ਹੁੰਦੀ ਹੈ ਜਿਸ ਲਈ ਸਖ਼ਤ ਨਿਯਮ ਜ਼ਰੂਰੀ ਹਨ। ਕਈ ਵਾਰ ਵੱਡੇ-ਵੱਡੇ ਆਗੂ ਆਪਣੇ ਦੇਸ਼ਾਂ ਦੇ ਕਾਇਦੇ ਕਾਨੂੰਨ ਨਾਲ ਵੀ ਖੇਡਦੇ ਹਨ। ਅਮਰੀਕਾ ਦੇ ਸਾਬਕਾ ਸਦਰ ਡੋਨਲਡ ਟਰੰਪ ਦੀ ਉਦਾਹਰਨ ਅਕਸਰ ਦਿੱਤੀ ਜਾਂਦੀ ਹੈ ਜੋ ਵੱਡਾ ਕਾਰਪੋਰੇਟਰ ਹੈ ਅਤੇ ਘੱਟੋ-ਘੱਟ ਟੈਕਸ ਲਈ ਖੁੱਲ੍ਹ ਕੇ ਨਿਯਮਾਂ ਨਾਲ ਖੇਡਦਾ ਰਿਹਾ ਹੈ। ਕੈਨੇਡਾ ਦਾ ਬਹੁਤ ਕਾਮਯਾਬ ਸਾਬਕਾ ਖਜ਼ਾਨਾ ਮੰਤਰੀ ਪਾਲ ਮਾਰਟਿਨ ਜੋ ਕੁਝ ਸਮਾਂ ਪ੍ਰਧਾਨ ਮੰਤਰੀ ਵੀ ਬਣਿਆ ਸੀ, ਵੱਡੀ ਸ਼ਿਪਿੰਗ ਕੰਪਨੀ ਦਾ ਮਾਲਕ ਸੀ। ਉਸ ਨੇ ਘੱਟ ਆਮਦਨ ਟੈਕਸ ਦੇਣ ਦੀ ਇੱਛਾ ਨਾਲ ਇਸ ਕੰਪਨੀ ਦਾ ਹੈੱਡ ਆਫਿਸ ਇੱਕ ਕੈਰੇਬੀਅਨ ਟਾਪੂ ਦੇਸ਼ ਵਿਚ ਤਬਦੀਲ ਕਰ ਦਿੱਤਾ ਸੀ ਜਿਸ ਕਾਰਨ ਪ੍ਰੈਸ ਵਿਚ ਉਸ ਦੀ ਸਖ਼ਤ ਨੁਕਤਾਚੀਨੀ ਵੀ ਹੋਈ ਸੀ।

### ਕਾਰਪੋਰੇਟ ਛੋਟਾਂ ਉੱਤੇ ਰੋਕ ਦੀ ਮੰਗ

ਵੱਖ-ਵੱਖ ਦੇਸ਼ਾਂ ਵਲੋਂ ਪੂੰਜੀ ਨਿਵੇਸ਼ ਲਈ ਕਾਰਪੋਰੇਸ਼ਨਾਂ ਨੂੰ ਦਿੱਤੀਆਂ ਜਾਂਦੀਆਂ ਛੋਟਾਂ ਅਤੇ ਟੈਕਸ ਕਟੌਤੀਆਂ ਪ੍ਰਤੀ ਵੀ ਸੰਸਾਰ ਚੌਕਸ ਹੋ ਰਿਹਾ ਹੈ। ਜੇ ਅਮਰੀਕਾ ਕਾਰਪੋਰੇਸ਼ਨਾਂ ਨੂੰ ਟੈਕਸ ਵਿਚ ਕੈਨੇਡਾ ਨਾਲੋਂ 1-2 ਫੀਸਦ ਛੋਟ ਦਿੰਦਾ ਹੈ ਤਾਂ ਨਿਵੇਸ਼ ਦਾ ਰੁਖ ਉਧਰ ਹੋ ਜਾਂਦਾ ਹੈ ਅਤੇ ਇਸ ਦੇ ਟਾਕਰੇ ਲਈ ਕੈਨੇਡਾ ਨੂੰ ਵੀ ਕਾਰਪੋਰੇਟ ਆਮਦਨ ਟੈਕਸ ਘੱਟ ਕਰਨਾ ਪੈਂਦਾ ਹੈ। ਇੰਝ ਸਾਰੇ ਸੰਸਾਰ ਵਿਚ ਕਾਰਪੋਰਟ ਆਮਦਨ ਟੈਕਸ ਘੱਟ ਕਰਨ ਦਾ ਰੁਝਾਨ ਵਧ ਰਿਹਾ ਹੈ। ਕਈ ਦੇਸ਼ 'ਫਰੀ-ਪੋਰਟ' ਸਿਸਟਮ ਵੀ ਦੇ ਰਹੇ ਹਨ। ਸਿੰਗਾਪੁਰ, ਚੀਨ ਅਤੇ ਦੁਬਈ ਇਸ ਵਿਚ ਮੋਹਰੀ ਹਨ। ਇਸ ਨਾਲ ਕਾਰਪੋਰੇਸ਼ਨਾਂ ਘੱਟੋ-ਘੱਟ ਟੈਕਸ ਅਤੇ ਵੱਧ ਤੋਂ ਵੱਧ ਆਮਦਨ ਵੱਲ ਵਧ ਰਹੀਆਂ ਹਨ ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਲਿਸਟਡ ਕੰਪਨੀਆਂ ਦੇ ਸ਼ੇਅਰ ਖੁੱਲ੍ਹੇ ਹਨ ਅਤੇ ਕੋਈ ਵੀ ਚਲੰਤ ਮੁੱਲ ਦੇ ਕੇ ਖਰੀਦ ਸਕਦਾ ਹੈ ਪਰ ਇਹ ਹਰ ਕਿਸੇ ਹਮਾਤੜ ਦੇ ਵੱਸ ਦਾ ਰੋਗ ਨਹੀਂ। ਮੁੱਲ ਪੱਖੋਂ ਵੀ ਅਤੇ ਜਾਣਕਾਰੀ ਦੇ ਪੱਖੋਂ ਵੀ। ਹੁਣ ਸੰਸਾਰ ਵਿਚ ਇੱਕ ਲਹਿਰ ਚੱਲੀ ਹੈ ਕਿ ਵੱਡੀਆਂ ਕਾਰਪੋਰੇਸ਼ਨਾਂ ਨੂੰ ਵੱਡੀਆਂ ਟੈਕਸ ਛੋਟਾਂ ਦੇਣ ਨੂੰ ਨੱਥਿਆ ਜਾਵੇ ਜਿਸ ਲਈ ਘੱਟੋ-ਘੱਟ ਕਾਰਪੋਰੇਟ ਟੈਕਸ ਦੀ ਗੱਲ ਚੱਲੀ ਹੈ। ਜੇ ਇਸ ਨੂੰ ਕਾਮਯਾਬੀ ਮਿਲਦੀ ਹੈ ਤਾਂ ਹਰ ਦੇਸ਼ ਨੂੰ ਇਸ ਘੱਟੋ-ਘੱਟ ਟੈਕਸ ਰੇਟ ਦਾ ਪਾਬੰਦ ਰਹਿਣਾ ਪਵੇਗਾ। ਅਕਤੂਬਰ ਵਿਚ 'ਆਰਗੇਨਾਈਜ਼ੇਸ਼ਨ ਫੌਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ' (ਓ.ਈ.ਸੀ.ਡੀ.) ਦੀ ਇੰਗਲੈਂਡ ਵਿਚ ਹੋਈ ਬੈਠਕ ਵਿਚ ਸੰਸਾਰ ਦੇ 136 ਦੇਸ਼ ਘੱਟੋ-ਘੱਟ ਕਾਰਪੋਰੇਟ ਟੈਕਸ 15% ਰੱਖਣ ਲਈ ਸਹਿਮਤ ਹੋਏ ਹਨ ਤਾਂ ਕਿ ਕੋਈ ਵੀ ਦੇਸ਼ ਇਸ ਤੋਂ ਹੇਠਾਂ ਨਾ ਜਾਵੇ। ਇਹ ਚੰਗੀ ਸ਼ੁਰੂਆਤ ਹੈ ਕਿਉਂਕਿ ਟੈਕਸ ਦਾ ਬੋਝ ਵੰਡਿਆ ਜਾਣਾ ਚਾਹੀਦਾ ਹੈ। ਅਜੇ ਇਹ ਸਿਸਟਮ ਲਾਗੂ ਨਹੀਂ ਹੋਇਆ ਅਤੇ ਹੋਰ ਸਹਿਮਤੀ ਬਣਨੀ ਜ਼ਰੂਰੀ ਹੈ। ਕਈ ਦੇਸ਼ਾਂ ਵਿਚ ਇਹ ਟੈਕਸ 20 ਤੋਂ 25% ਤਕ ਵੀ ਹੈ ਪਰ ਪੂੰਜੀ ਨਿਵੇਸ਼ ਲਈ ਕੱਚਾ ਮਾਲ, ਲੇਬਰ ਅਤੇ ਮੰਡੀ ਵੀ ਵੱਡੇ ਫੈਕਟਰ ਹੁੰਦੇ ਹਨ।

### ਕੋਈ ਰੋਵੇ ਮਾਵਾਂ ਨੂੰ ਕੋਈ ਮਾਸੀਆਂ ਨੂੰ

ਪੰਜਾਬ ਦੇ ਕਥਿਤ ਖੇਤੀ ਮਾਹਰਾਂ ਉੱਤੇ ਪੰਜਾਬੀ ਦੀ ਕਹਾਵਤ 'ਕੋਈ ਰੋਵੇ ਮਾਵਾਂ ਨੂੰ ਕੋਈ ਮਾਸੀਆਂ ਨੂੰ' ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਇਨ੍ਹਾਂ ਨੂੰ ਖੇਤੀ ਸੈਕਟਰ ਵਿਚ ਕਾਰਪੋਰੇਟ ਨਿਵੇਸ਼ ਦਾ ਵੱਡਾ ਡਰ ਹੈ ਜਦਕਿ ਇਸ ਸੈਕਟਰ ਵਿਚ ਨਿਵੇਸ਼ ਕਈ ਹੋਰ ਸੈਕਟਰਾਂ ਨਾਲੋਂ ਜੋਖਮ ਭਰਿਆ ਹੈ। ਇਨ੍ਹਾਂ ਮਾਹਰਾਂ ਨੂੰ ਅਜਿਹੇ ਕਾਰਪੋਰੇਟ ਨਿਵੇਸ਼ ਦਾ ਡਰ ਹੈ ਜੋ ਵਿਕਸਿਤ ਦੇਸ਼ਾਂ ਵਿਚ ਇੱਕ ਸਦੀ ਤੋਂ ਵੱਧ ਸਮੇਂ ਤੋਂ ਆਮ ਹੋ ਰਿਹਾ ਹੈ। ਇਹ ਮਾਹਰ ਆਪਣੇ ਬੱਚਿਆਂ ਨੂੰ ਧੜਾਧੜ ਪੱਛਮੀ ਦੇਸ਼ਾਂ ਵਿਚ ਵਸਾ ਰਹੇ ਹਨ ਅਤੇ ਆਪ ਵੀ ਸਾਲ ਵਿਚ ਦੋ-ਦੋ ਗੇੜੀਆਂ ਮਾਰ ਰਹੇ ਹਨ ਜਦਕਿ ਇਨ੍ਹਾਂ ਦੇਸ਼ਾਂ ਵਿਚ ਸਰਕਾਰਾਂ ਨਿਯਮ ਬਣਾਉਣ ਤਕ ਸੀਮਤ ਹਨ ਅਤੇ ਬਹੁਤੇ ਕੰਮ-ਕਾਰ ਕਾਰਪੋਰੇਟ ਜਗਤ ਹੀ ਕਰਦਾ ਹੈ। ਇਹ ਮਾਹਰ ਇਨ੍ਹਾਂ ਦੇਸ਼ਾਂ ਦੇ ਸਿਸਟਮ ਦੀ ਸਿਫਤ ਵੀ ਕਰਦੇ ਹਨ ਪਰ ਭਾਰਤ ਵਿਚ ਇਸ ਕਿਸਮ ਦਾ ਸਿਸਟਮ ਲਾਗੂ ਕਰਨ ਦਾ ਵਿਰੋਧ ਕਰਦੇ ਹਨ। ਇਹ ਨਹੀਂ ਦੱਸਦੇ ਕਿ ਭਾਰਤ ਵਿਚ ਸਭ ਕੁਝ ਸਰਕਾਰੀ ਕਿਵੇਂ ਰੱਖਿਆ ਜਾ ਸਕਦਾ ਹੈ ਅਤੇ ਕੁਸ਼ਲਤਾ ਕਿਵੇਂ ਆ ਸਕਦੀ ਹੈ?

ਸੰਸਾਰ ਨੂੰ ਅਜਿਹੀਆਂ ਕਾਰਪੋਰੇਸ਼ਨਾਂ ਦੀ ਚਿੰਤਾ ਸ਼ੁਰੂ ਹੋ ਗਈ ਹੈ ਜੋ ਕਈ ਦੇਸ਼ਾਂ ਦੀਆਂ ਸਰਕਾਰਾਂ ਤੋਂ ਵੀ ਵੱਡੀਆਂ ਅਤੇ ਤਾਕਤਵਰ ਬਣ ਗਈਆਂ ਹਨ। ਕਈ ਤਾਂ ਸਰਕਾਰਾਂ ਕੰਟਰੋਲ ਕਰਨ ਦੀ ਸਮਰੱਥਾ ਰੱਖਦੀਆਂ ਹਨ। ਇਨ੍ਹਾਂ ਨੂੰ ਆਕਾਰ ਅਤੇ ਕੰਟਰੋਲ ਵਿਚ ਕਿਵੇਂ ਰੱਖਿਆ ਜਾਵੇ, ਇਹ ਵੱਡਾ ਸਵਾਲ ਹੈ। ਇਸ ਵਿਚ ਚੀਨ ਵਰਗੇ ਦੇਸ਼ ਦੀਆਂ ਕਾਰਪੋਰੇਸ਼ਨਾਂ ਵੀ ਸ਼ਾਮਲ ਹਨ ਜੋ ਸਰਕਾਰ ਦੇ ਹੇਠ ਹਨ ਅਤੇ ਆਪਣੀ ਸਰਕਾਰ ਨਾਲ ਰਲ਼ ਕੇ ਕਈ ਦੇਸ਼ਾਂ 'ਤੇ ਹਾਵੀ ਵੀ ਹੋਣ ਲੱਗ ਪਈਆਂ ਹਨ। ਚੀਨ ਦੀ ਅਜਿਹੀ ਕਾਰਪੋਰੇਸ਼ਨ ਦਾ ਨਾਮ 'ਵਾਹਵੇ' ਹੈ ਜੋ ਸੰਸਾਰ ਵਿਚ ਜੀ-5 ਨੈਟਵਰਕ ਖੜ੍ਹੇ ਕਰ ਰਹੀ ਹੈ। ਜਾਸੂਸੀ ਅਤੇ ਆਰਥਕ ਤਾਕਤ ਦੇ ਡਰੋਂ ਅਮਰੀਕਾ ਸਮੇਤ ਕਈ ਦੇਸ਼ ਇਸ ਦਾ ਰਸਤਾ ਰੋਕ ਰਹੇ ਹਨ।

ਪੰਜਾਬ ਦੇ ਇਨ੍ਹਾਂ ਖੇਤੀ ਮਾਹਰਾਂ ਦੀ ਨਿਗ੍ਹਾ ਵਿਚ ਵੱਡੀਆਂ ਆਨਲਾਈਨ ਕੰਪਨੀਆਂ, ਸੋਸ਼ਲ ਮੀਡੀਆ ਪਲੇਟਫਾਰਮ ਜਿਵੇਂ ਐਮੇਜ਼ੌਨ, ਗੂਗਲ, ਫੇਸਬੁੱਕ, *(ਬਾਕੀ ਅਗਲੇ ਸਫੇ 'ਤੇ)*

# ਆਜ਼ਾਦੀ ਕੀ ਔਰ ਚਲੋ: ਕਿਸਾਨ ਅੰਦੋਲਨ ਦਾ ਭਵਿੱਖ

## ਇਕ ਲੜਾਈ ਜਿੱਤੀ ਜਾਪਦੀ ਹੈ ਪ੍ਰੰਤੂ ਭਾਰਤ ਦੀ ਆਤਮਾ ਲਈ ਲੜਾਈ ਜਾਰੀ ਹੈ

**ਪੀਟਰ ਫਰੈਡਰਿਕ ਫਰੀਲਾਂਸਰ ਪੱਤਰਕਾਰ ਹੈ। ਉਹ ਦੱਖਣੀ ਏਸ਼ੀਆ ਦੇ ਮਾਮਲਿਆਂ ਬਾਰੇ ਲਗਾਤਾਰ ਲਿਖ ਰਿਹਾ ਹੈ। ਉਸ ਦੇ 46 ਸਫਿਆਂ ਦੇ ਪੈਂਫਲਿਟ 'ਗਾਂਧੀ: ਨਸਲਪ੍ਰਸਤ ਜਾਂ ਇਨਕਲਾਬੀ' ਨੇ ਸਭ ਦਾ ਧਿਆਨ ਖਿੱਚਿਆ ਸੀ। ਇਸ ਤੋਂ ਇਲਾਵਾ ਉਹ 'ਸਿੱਖ ਕੌਕਸ: ਸੀਜ਼ ਇਨ ਦਿੱਲੀ-ਸਰੈਂਡਰ ਇਨ ਵਾਸ਼ਿੰਗਟਨ', 'ਸੈਫਰਨ ਫਾਸਿਸਟਸ: ਇੰਡੀਆ'ਜ਼ ਹਿੰਦੂ ਨੈਸ਼ਨਲਿਸਟ ਰੂਲਰਜ਼' ਦਾ ਲੇਖਕ ਹੈ ਅਤੇ 'ਕੈਪਟੀਵੇਟਿੰਗ ਦਾ ਸਿੰਪਲ-ਹਾਰਟਡ: ਏ ਸਟਰਗਲ ਫਾਰ ਹਿਊਮਨ ਡਿਗਨਿਟੀ ਇਨ ਸਬ-ਕਾਂਟੀਨੈਂਟ' ਦਾ ਸਹਿ-ਲੇਖਕ ਹੈ। ਨਵੰਬਰ 2018 ਵਿਚ ਦੁਨੀਆ ਭਰ ਵਿਚ ਚੱਲੀ 'ਮੀ ਟੂ' ਮੁਹਿੰਮ ਤਹਿਤ ਉਸ ਦਾ ਲੇਖ 'ਜਬਰ ਜਨਾਹ ਅਤੇ ਸੱਤਾ' ਸਾਡੇ ਕਾਲਮਨਵੀਸ ਡਾ. ਗੁਰਨਾਮ ਕੌਰ ਨੇ ਅਨੁਵਾਦ ਕੀਤਾ ਸੀ ਜੋ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕੀਤਾ ਸੀ। ਹੁਣ ਛਾਪਿਆ ਜਾ ਰਿਹਾ ਲੇਖ ਮੂਲ ਰੂਪ ਵਿਚ 22 ਨਵੰਬਰ, 2021 ਨੂੰ 'ਗਲੋਬਲ ਫਾਰਮਰਜ਼ ਮੂਵਮੈਂਟ' ਅਤੇ 'ਕੌਰ ਫਾਰਮਰਜ਼' ਵੱਲੋਂ ਕਰਵਾਏ ਵੈਬਿਨਾਰ 'ਤੇ ਦਿੱਤਾ ਗਿਆ ਲੈਕਚਰ ਸੀ। ਇਸ ਦਾ ਅਨੁਵਾਦ ਵੀ ਡਾ. ਗੁਰਨਾਮ ਕੌਰ ਨੇ ਕੀਤਾ ਹੈ।**

ਜਦੋਂ ਇਕ ਸਾਲ ਪਹਿਲਾਂ ਕਿਸਾਨ ਮੋਰਚਾ ਸ਼ੁਰੂ ਕੀਤਾ ਗਿਆ ਸੀ, ਕੌਣ ਭਵਿੱਖਵਾਣੀ ਕਰ ਸਕਦਾ ਸੀ ਕਿ ਇਹ ਸਿਰਫ ਮੋਦੀ ਸ਼ਾਸਨ ਦੀ ਵੱਖੀ ਵਿਚ ਦ੍ਰਿੜ ਅਤੇ ਅਸਰਪਾਊ ਕੰਡਾ ਹੀ ਨਹੀਂ ਹੋਵੇਗਾ, ਸਗੋਂ ਭਾਰਤ ਵਿਚ ਅਜਿਹਾ ਪਹਿਲਾ ਜਨ-ਅੰਦੋਲਨ ਹੋਵੇਗਾ, ਜੋ ਪੂਰਬ ਵਿਚਲੇ ਤਾਨਾਸ਼ਾਹ ਨੂੰ ਪਹਿਲਾ ਕਦਮ ਵਾਪਸ ਲੈਣ ਲਈ ਮਜਬੂਰ ਕਰ ਦੇਵੇਗਾ।

ਇਹ ਇੱਕ ਜਿੱਤ ਸੀ, ਜੋ ਉਨ੍ਹਾਂ ਸੈਂਕੜੇ ਕਿਸਾਨਾਂ ਦੇ ਖ਼ੂਨ ਦਾ ਬਲੀਦਾਨ ਦੇਣ ਨਾਲ ਮਿਲੀ ਹੈ, ਜਿਨ੍ਹਾਂ ਨੇ ਇਸ ਉਦੇਸ਼ ਲਈ ਆਪਣੀਆਂ ਜਿੰਦੜੀਆਂ ਵਾਰ ਦਿੱਤੀਆਂ। ਇੱਕ ਉਦੇਸ਼ ਜਿਸ ਨੇ ਉਨ੍ਹਾਂ ਨੂੰ ਭਾਰਤੀ ਖੇਤੀਬਾੜੀ ਪ੍ਰਬੰਧ ਦੇ ਤਥਾਕਥਿਤ ਸੁਧਾਰਾਂ ਦੇ ਵਿਰੋਧ ਵਿਚ ਖੜ੍ਹਨ ਲਈ ਆਵਾਜ਼ ਮਾਰੀ, ਜਿਹੜੇ ਉਸ ਸਾਸ਼ਨ ਦੁਆਰਾ ਜ਼ਬਰਦਸਤੀ ਥੋਪੇ ਗਏ ਸਨ, ਜਿਸ ਨੇ



**ਡਾ. ਗੁਰਨਾਮ ਕੌਰ, ਕੈਨੇਡਾ**

ਇਨ੍ਹਾਂ ਨਵੇਂ ਕਾਨੂੰਨਾਂ ਦੀ ਪ੍ਰਵਾਨਗੀ ਨੂੰ ਧੱਕੇ ਨਾਲ ਕਿਸਾਨਾਂ ਦੇ ਸੰਘੋਂ ਉਤਾਰਨਾ ਚਾਹਿਆ, ਜਿਨ੍ਹਾਂ ਵੱਲੋਂ ਇਸ ਦੀ ਪ੍ਰਤੀਕਿਰਿਆ ਸਾਹ ਘੁੱਟਣ ਅਤੇ ਉਲਟੀ ਕਰ ਕੇ ਬਾਹਰ ਉਂਗਲ ਦੇਣ ਵਾਲੀ ਸੀ, ਜਿਵੇਂ ਜ਼ਬਰਦਸਤੀ ਜ਼ਹਿਰ ਦੇ ਦਿੱਤੀ ਗਈ ਹੋਵੇ। ਕਿਸਾਨਾਂ ਦਾ ਵਿਰੋਧ ਇੱਕ ਸਾਲ ਤਕ ਚੱਲਿਆ। ਸਾਰੀਆਂ ਮੁਸੀਬਤਾਂ, ਮੌਤਾਂ, ਸ਼ਾਸਨ ਵੱਲੋਂ ਉਨ੍ਹਾਂ ਖ਼ਿਲਾਫ ਉਗਲੀ ਗਈ ਨਫ਼ਰਤ, ਕੈਬਨਿਟ ਮੰਤਰੀਆਂ ਵੱਲੋਂ ਸੁਜੱਗ ਹਿੰਸਾ ਦੇ ਖੁੱਲ੍ਹੇ-ਮ-ਖੁੱਲ੍ਹੇ ਸੱਦੇ ਦਿੱਤੇ ਜਾਣੇ ਅਤੇ ਕੇਵਲ ਪਿਛਲੇ ਮਹੀਨੇ ਹੀ ਇਨ੍ਹਾਂ ਘਾਤਕ ਸੱਦਿਆਂ 'ਤੇ ਅਮਲ ਕਰਨ ਦੇ ਬਾਵਜੂਦ ਇਹ ਇੱਕ ਵਸੀਅਤਨਾਮਾ ਹੈ, ਕੇਵਲ ਭਾਰਤੀ ਕਿਸਾਨਾਂ ਦੀ ਪੁਨਰ-ਸੁਰਜੀਤੀ/ਮੁੜ ਉਸਰਨ ਦੀ ਸ਼ਕਤੀ ਦਾ ਹੀ ਨਹੀਂ ਸਗੋਂ ਉਨ੍ਹਾਂ ਸਿੱਖਾਂ ਦਾ ਵੀ, ਜਿਨ੍ਹਾਂ ਨੇ ਇਸ ਅੰਦੋਲਨ ਦੀ ਰੀੜ੍ਹ ਦੀ ਹੱਡੀ ਦਾ ਕੰਮ ਕੀਤਾ।

ਸਾਰੇ ਕਿਸਾਨ ਮੋਰਚੇ ਦੌਰਾਨ ਚੜ੍ਹਦੀ ਕਲਾ ਦਾ ਉਤਸ਼ਾਹ ਕਾਇਮ ਰਿਹਾ। ਚੜ੍ਹਦੀ ਕਲਾ-ਅੰਤਰੀਵੀ ਆਸ਼ਾਵਾਦ ਦੇ ਸਿੱਖ ਸਿਧਾਂਤ ਨੇ ਨਿਰਾਸ਼ਾ, ਹਾਰ ਮੰਨ ਲੈਣ ਜਾਂ ਛੱਡ ਦੇਣ, ਜਾਂ ਈਨ ਮੰਨ ਲੈਣ ਦੇ ਵਿਦਰੋਹੀ ਇਨਕਾਰ ਨੂੰ ਈਂਧਣ ਦਾ ਕੰਮ ਦਿੱਤਾ। ਹੁਣ, ਆਖ਼ਰਕਾਰ, ਜਦੋਂ ਲੜਾਈ ਅੰਤਹੀਣ ਜਾਪਦੀ ਸੀ, ਸ਼ਾਸਨ ਝੁਕ ਗਿਆ ਹੈ ਅਤੇ ਇਨ੍ਹਾਂ ਕਾਨੂੰਨਾਂ ਨੂੰ ਜਿਹੜੇ ਕਿਸਾਨਾਂ ਨੂੰ ਬਹੁਤ ਘਿਨਾਉਣੇ ਲੱਗਦੇ ਸਨ, ਵਾਪਸ ਲੈਣ ਦਾ ਵਾਅਦਾ ਕਰ ਲਿਆ ਹੈ।

ਫਿਰ ਵੀ ਕਿਸਾਨਾਂ ਦਾ ਇਹ ਅੰਦੋਲਨ ਸਿਰਫ ਇੱਕ ਉਪਕਥਾ (ਐਪੀਸੋਡ) ਹੈ, ਹਾਲਾਂਕਿ ਬਹੁਤ ਹੀ ਮਹੱਤਵਪੂਰਨ ਵਿਚੋਂ ਇੱਕ ਲੰਬੇ, ਦੇਰ ਸਮੇਂ ਤਕ ਚੱਲਣ ਵਾਲੇ ਅਤੇ ਅਜੇ ਵੀ ਚੱਲ ਰਹੇ ਉਸ ਡਰਾਮੇ ਵਿਚਲੀ ਜਿਹੜਾ ਭਾਰਤ ਵਿਚ ਆਜ਼ਾਦੀ ਅਤੇ ਸ਼ਾਂਤੀ ਲਈ ਯੁੱਧ ਹੈ। ਕਹਾਣੀ ਦੇ ਖਲਨਾਇਕਾਂ ਨੇ ਤਾਕਤ ਦੀਆਂ ਵਾਗਾਂ ਹਾਲੇ ਵੀ ਆਪਣੇ ਹੱਥਾਂ ਵਿਚ ਫੜੀਆਂ ਹੋਈਆਂ ਹਨ। ਜਾਪਦਾ ਇੰਜ ਹੈ ਕਿ ਵੱਡੀ ਲੜਾਈ ਜਿੱਤੀ ਜਾਣ ਵਾਲੀ ਹੈ, ਪਰ ਲੜਾਈ ਅਜੇ ਜਾਰੀ ਹੈ।

ਹੋ ਸਕਦਾ ਹੈ ਕਿ ਤ੍ਰਿਸਕਾਰੇ ਖੇਤੀਬਾੜੀ 'ਸੁਧਾਰਾਂ' ਨੂੰ ਵਾਪਸ ਲੈਣ ਦਾ ਵਾਅਦਾ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸਿਆਸੀ ਲੇਖਾ-ਜੋਖਾ ਕਰਦਿਆਂ ਜਿਨ੍ਹਾਂ ਇਲਾਕਿਆਂ ਵਿਚ ਕਿਸਾਨਾਂ ਦਾ ਬਹੁਤ ਜ਼ਿਆਦਾ ਅਸਰ-ਰਸੂਖ ਹੈ, ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੋਵੇ, ਫਿਰ ਵੀ ਇਹ ਸ਼ਾਸਨ ਦੇ ਜ਼ਰਾਬਖਤਰ ਵਿਚ ਦਰਾੜ ਪਾਉਣ ਵੱਲ ਇਸ਼ਾਰਾ ਹੈ ਅਤੇ ਹੁਣ ਤਕ ਉਭਰਦੀ ਹੋਈ ਫੋਰਥ ਰੇਚ (ਗੁਪਤ ਸ਼ਕਤੀਆਂ) ਨੇ ਕੇਵਲ ਵਕਤੀ ਕਮਜ਼ੋਰੀ ਦੀ ਝਲਕ ਇਸ ਆਸ ਨਾਲ ਦਿਖਾਈ



ਹੋਵੇ ਤਾਂ ਕਿ ਭਾਰਤ ਦੀ ਆਤਮਾ 'ਤੇ ਛੇੜੇ ਆਪਣੇ ਇਸ ਮਹਾਂਕਾਵਿਕ ਯੁੱਧ ਵਿਚ ਅੱਤਿਆਚਾਰ ਦੀ ਵਸੂਲੀ ਦੇ ਨਵੀਨੀਕਰਨ ਤੋਂ ਪਹਿਲਾਂ ਆਪਣੇ ਪ੍ਰਮੁੱਖ ਆਧਾਰ ਲਈ ਕੁੱਝ ਵਕਤ ਬਟੋਰ ਸਕੇ।

ਤਦ, ਇੱਥੋਂ ਕਿਸਾਨਾਂ ਦੇ ਟਰੈਕਟਰ ਕਿੱਥੇ ਜਾਣਗੇ?

ਜਿਸ ਤਰ੍ਹਾਂ ਚੜ੍ਹਦੀ ਕਲਾ ਨੇ ਕਿਸਾਨਾਂ ਦੇ ਅੰਦੋਲਨ ਨੂੰ ਖੰਭ ਦਿੱਤੇ, ਉਸੇ ਤਰ੍ਹਾਂ ਸਿੱਖ ਵਿਸ਼ਵਾਸ 'ਸਰਬੱਤ ਦਾ ਭਲਾ' ਵੀ ਭਵਿੱਖ ਨੂੰ ਮਜ਼ਬੂਤ ਕਰਨ ਲਈ ਹੈ। ਕਿਸਾਨਾਂ ਨੂੰ ਭਾਵੇਂ ਰਾਹਤ ਮਿਲ ਗਈ ਹੋਵੇ, ਪ੍ਰੰਤੂ ਮੋਦੀ ਸ਼ਾਸਨ ਦਾ ਤਾਨਾਸ਼ਾਹੀ ਵੱਲ ਦਇਆਹੀਣ ਮਾਰਚ ਸਮਾਜ ਦੇ ਹਰ ਦੂਸਰੇ ਹਿੱਸੇ ਵਿਚ ਜਾਰੀ ਹੈ।

ਇੱਕ ਵਾਰ ਜਿਉਂ ਹੀ ਕਿਸਾਨਾਂ ਦੇ ਕਾਨੂੰਨ ਵਾਪਸ ਹੁੰਦੇ ਹਨ ਜਿਵੇਂ ਕਿ ਵਾਅਦਾ ਕੀਤਾ ਗਿਆ ਹੈ, ਕੀ ਕਿਸਾਨ ਆਪਣੇ ਟਰੈਕਟਰ ਵਾਪਸ ਮੋੜ ਲੈਣਗੇ ਜਾਂ ਕੀ ਉਹ ਆਪਣੀਆਂ ਆਤਮਾਵਾਂ ਨੂੰ ਤਕੜਾ ਕਰਨਗੇ ਅਤੇ ਆਪਣੇ ਇਰਾਦੇ ਨੂੰ ਮਜ਼ਬੂਤ ਕਰਨਗੇ ਅਤੇ ਵਹਾਈ ਕਰਨ ਲਈ ਅੱਗੇ ਵਧਣਾ ਜਾਰੀ ਰੱਖਣਗੇ? ਜਿਵੇਂ ਭੀੜਾਂ ਗਲੀਆਂ ਵਿਚ ਹੁੱਲੜਬਾਜ਼ੀ ਕਰਦੀਆਂ ਮੁਸਲਮਾਨਾਂ ਦਾ ਨਸਲਘਾਤ ਕਰਨ ਲਈ ਕਹਿੰਦੀਆਂ ਅਤੇ ਉਨ੍ਹਾਂ ਦੀ ਲਿਚਿੰਗ ਕਰ ਕੇ ਇਸ 'ਤੇ ਅਮਲ ਕਰਦੀਆਂ ਹਨ, ਜਿਵੇਂ ਈਸਾਈਆਂ ਨੂੰ ਕੁੱਟਿਆ ਜਾਂਦਾ ਹੈ ਅਤੇ ਗਿਰਜਿਆਂ ਵਿਚ ਸੇਵਾ ਕਰਦਿਆਂ ਨੂੰ ਧੂਹਿਆ ਜਾਂਦਾ ਹੈ ਜਦਕਿ ਸਿਆਸੀ ਆਗੂ ਉਨ੍ਹਾਂ ਦੇ ਸਿਰ ਲਾਹੁਣ ਦੀ ਮੰਗ ਕਰਦੇ ਹਨ, ਅਗਰ ਕੋਈ ਅਕਾਦਮੀਸ਼ਨ ਜਾਂ ਬੁੱਧੀਜੀਵੀ ਜਾਂ ਕੋਈ ਵੀ ਸਰਗਰਮ ਕਾਰਕਨ ਜਿਹੜਾ ਥੋੜੀ-ਬਹੁਤ ਵੀ ਆਲੋਚਨਾ ਕਰਨ ਦਾ ਹੌਸਲਾ ਕਰਦਾ ਹੈ ਜਾਂ ਸ਼ਾਸਨ ਦਾ ਵਿਰੋਧ ਕਰਦਾ ਹੈ, ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੜਨ ਲਈ ਸੁੱਟ ਦਿੱਤਾ ਜਾਂਦਾ ਹੈ, ਕੀ ਟਰੈਕਟਰ ਉਨ੍ਹਾਂ ਦੁਆਲੇ ਰੈਲੀ ਕਰਨਗੇ? ਹੁਣ ਜਦੋਂ ਕਿਸਾਨਾਂ ਨੂੰ ਜਿੱਤ ਦਿਖਾਈ ਦੇ ਰਹੀ ਹੈ,ਕੀ ਉਹ ਗੁਰੂ ਗੋਬਿੰਦ ਸਿੰਘ ਜੀ ਦੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਸਾਰੀ ਮਾਨਵਤਾ ਨੂੰ ਇੱਕੋ ਜਾਤ ਪਛਾਣਨ ਦੇ ਐਲਾਨ ਨਾਲ ਅੱਗੇ ਵਧਣਾ ਜਾਰੀ ਰੱਖਣਗੇ ਅਤੇ ਉਨ੍ਹਾਂ ਦੂਸਰੇ ਸਾਰਿਆਂ ਨਾਲ ਇੱਕਜੁਟਤਾ ਨਾਲ ਖੜ੍ਹਨਗੇ ਜਿਹੜੇ ਹਾਲੇ ਵੀ ਆਰ.ਐਸ.ਐਸ. ਅਤੇ ਭਾਜਪਾ ਦੇ ਬੂਟਾਂ ਥੱਲੇ ਰੌਂਦੇ ਜਾ ਰਹੇ ਹਨ?

ਕੋਈ ਵੀ ਭਾਰਤੀ ਕਦੇ ਬਚਿਆ ਹੋਇਆ, ਸੁਰੱਖਿਅਤ ਅਤੇ ਅਮਨ ਵਿਚ ਨਹੀਂ ਰਹੇਗਾ ਜਦੋਂ ਤਕ ਤਾਨਾਸ਼ਾਹੀ ਦਾ ਦਰੱਖਤ ਜਿਹੜਾ ਹੁਣ ਭਾਰਤ ਵਿਚ ਵਧ-ਫੁਲ ਰਿਹਾ ਹੈ, ਜੜ੍ਹਾਂ ਤੋਂ ਚੀਰ ਨਹੀਂ ਦਿੱਤਾ ਜਾਂਦਾ, ਲਪਟਾਂ ਵਿਚ ਸੁੱਟ ਕੇ ਜਲਾ ਨਹੀਂ ਦਿੱਤਾ ਜਾਂਦਾ ਅਤੇ ਉਸ ਦੀ ਸੁਆਹ ਅਸਲੀਅਤ ਵਿਚ ਆਜ਼ਾਦ ਕੌਮ ਦੀ ਧਰਤੀ ਨੂੰ ਉਪਜਾਊ ਬਣਾਉਣ ਲਈ ਖਿਲਾਰ ਨਹੀਂ ਦਿੱਤੀ ਜਾਂਦੀ।

ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਬੀਜ ਬੀਜਿਆ ਜਾ ਰਿਹਾ ਹੈ। ਫਸਲ ਤਿਆਰ ਹੋ ਸਕਦੀ ਹੈ, ਪ੍ਰੰਤੂ ਵਾਢੇ ਨੂੰ ਇਸ ਨੂੰ ਵੱਢਣ ਲਈ ਤਿਆਰ ਖੜ੍ਹੇ ਹੋਣਾ ਚਾਹੀਦਾ ਹੈ।

ਆਜ਼ਾਦੀ ਕੀ ਔਰ ਚਲੋ।

ਆਉ ਆਜ਼ਾਦੀ ਵੱਲ ਕਦਮ ਵਧਾਈਏ।

---

## ਭਾਰਤ ਦਾ ਖੇਤੀ ਸੰਕਟ, ਖੇਤੀ ਮਾਹਰ ਅਤੇ ਕਾਰਪੋਰੇਟ ਸੰਸਾਰ

ਊਬਰ ਆਦਿ ਵੀ ਨਹੀਂ ਹਨ ਜੋ ਸੰਸਾਰ ਪੱਧਰ 'ਤੇ ਕੰਮ ਕਰਦੀਆਂ ਹਨ ਅਤੇ ਤਕਰੀਬਨ ਕਈ ਦੇਸ਼ਾਂ ਦੇ ਕਾਨੂੰਨਾਂ ਤੋਂ ਉੱਤੇ ਹਨ। ਇਹ ਆਪਣਾ ਸੌਦਾ ਜਾਂ ਸਰਵਿਸ ਇੱਕ ਦੇਸ਼ ਵਿਚ ਵੇਚਦੀਆਂ ਹਨ ਅਤੇ ਵਸੂਲੀ ਕਰਦੀਆਂ ਹਨ ਪਰ ਡਲਿਵਰੀ ਕਿਸੇ ਹੋਰ ਦੇਸ਼ ਵਿਚ ਕਰਦੀਆਂ ਹਨ ਜਿੱਥੇ ਗਾਹਕ ਨੂੰ ਲੋੜ ਹੁੰਦੀ ਹੈ। ਅਜੇ ਤਕ ਸਪਸ਼ਟ ਹੀ ਨਹੀਂ ਕਿ ਇਨ੍ਹਾਂ ਦੇ ਆਮਦਨ ਟੈਕਸ ਦਾ ਮਾਜਰਾ ਕੀ ਹੈ? ਇਹ ਕੰਪਨੀਆਂ ਆਨਲਾਈਨ ਮਸ਼ਹੂਰੀ ਵੀ ਕਰਦੀਆਂ ਹਨ ਅਤੇ ਇਕ ਦੇਸ਼ ਵਿਚ ਬੈਠਾ ਗਾਹਕ (ਜਾਂ ਕੰਪਨੀ) ਦੂਜੇ ਦੇਸ਼ ਵਿਚ ਮਸ਼ਹੂਰੀ ਵੀ ਕਰਵਾ ਸਕਦਾ ਹੈ ਅਤੇ ਉਤਪਾਦ ਜਾਂ ਸੇਵਾ ਵੀ ਵੇਚਦਾ ਹੈ।

ਬਿੱਲ ਗੇਟਸ ਅਤੇ ਈਲੋਨ ਮਸਕ ਵਰਗੇ ਵੱਡੇ-ਵੱਡੇ ਕਾਰਪੋਰੇਟਰ ਦਿਨਾਂ ਵਿਚ ਪੈਦਾ ਹੋ ਗਏ ਹਨ ਜੋ ਸੰਸਾਰ ਦੇ 100 ਕੁ ਤੋਂ ਵੱਧ ਦੇਸ਼ਾਂ ਨਾਲੋਂ ਵੀ ਵੱਧ ਦੌਲਤ ਦੇ ਮਾਲਕ ਹਨ। ਟੈਸਲਾ ਕਾਰ ਕੰਪਨੀ ਅਤੇ ਸਪੇਸ ਐਕਸ ਵਰਗੀਆਂ ਕੰਪਨੀਆਂ ਦਾ ਮਾਲਕ ਈਲੋਨ ਮਸਕ ਏਡਾ ਅਮੀਰ ਹੈ ਕਿ ਮਹੀਨਾ ਕੁ ਪਹਿਲਾਂ ਉਸ ਨੇ ਯੂ.ਐਨ. ਨੂੰ ਆਖਿਆ ਸੀ ਕਿ ਜੇ ਸੰਸਾਰ ਵਿਚ ਭੁੱਖਮਰੀ ਖ਼ਤਮ ਕਰਨ ਲਈ $6 ਬਿਲੀਅਨ ਲਗਦਾ ਹੈ ਤਾਂ ਉਹ ਇਕੱਲਾ ਹੀ ਦੇਣ ਨੂੰ ਤਿਆਰ ਹੈ। ਖੇਤੀ ਸੈਕਟਰ ਵਿਚ ਆਟਾ, ਚੌਲ, ਦਾਲਾਂ, ਤੇਲ, ਫਲ, ਸਬਜ਼ੀਆਂ ਆਦਿ ਪ੍ਰੋਸੈਸ ਕਰਨ ਅਤੇ ਪੈਕ ਕਰਨ ਲਈ ਨਿਵੇਸ਼ ਕਰਨ ਉੱਤੇ ਰੱਫੜ ਖੜ੍ਹਾ ਕਰਨਾ ਮੂਰਖਤਾ ਹੈ।

### ਨਵੀਂ ਬਲਾ ਕ੍ਰਿਪਟੋ ਕਰੰਸੀਆਂ

ਸੰਸਾਰ ਵਿਚ ਕ੍ਰਿਪਟੋ ਕਰੰਸੀਆਂ ਨਾਮ ਦੀ ਨਵੀਂ ਬਲਾ ਆ ਗਈ ਹੈ ਜਿਸ ਬਾਰੇ ਇਨ੍ਹਾਂ ਖੇਤੀ ਵਿਦਵਾਨਾਂ ਨੇ ਕਦੇ ਜ਼ਿਕਰ ਤਕ ਨਹੀਂ ਕੀਤਾ। ਇਹ ਕਿਸੇ ਦੇਸ਼ ਜਾਂ ਸਰਕਾਰ ਵਲੋਂ ਜਾਰੀ ਨਹੀਂ ਕੀਤੀਆਂ ਜਾਂਦੀਆਂ ਅਤੇ ਨਾ ਇਹ ਕਰੰਸੀ ਨੋਟਾਂ ਵਾਂਗ ਹਨ ਤੇ ਨਾ ਸਿੱਕਿਆਂ ਵਾਂਗ ਹਨ। ਇਹ ਨਾ ਦੇਖੀਆਂ ਤੇ ਨਾ ਹੀ ਛੂਹੀਆਂ ਜਾ ਸਕਦੀਆਂ ਪਰ ਇਨ੍ਹਾਂ ਨਾਲ ਕੁਝ ਵੀ ਖਰੀਦਿਆ ਜਾ ਸਕਦਾ ਹੈ। ਇਨ੍ਹਾਂ ਦਾ ਵਪਾਰ ਕਰਨ ਵਾਲੇ ਦਿਨਾਂ ਵਿਚ ਕਰੋੜਪਤੀ ਹੋ ਰਹੇ ਹਨ। ਸੰਸਾਰ ਕਿਸ ਦਿਸ਼ਾ ਵਿਚ ਜਾ ਰਿਹਾ ਹੈ ਅਤੇ ਕੰਟਰੋਲ ਕੌਣ ਕਰ ਰਿਹਾ ਹੈ, ਇਹ ਜਾਣਨਾ ਔਖਾ ਹੋ ਰਿਹਾ ਹੈ। ਅੱਜ ਕਈ ਕ੍ਰਿਪਟੋ ਕਰੰਸੀਆਂ ਹਨ ਅਤੇ ਕਈ ਦੇਸ਼ ਇਨ੍ਹਾਂ ਦੀ ਵਰਤੋਂ ਪ੍ਰਵਾਨ ਕਰ ਰਹੇ ਹਨ, ਕਈ ਆਪਣੀਆਂ ਅਜਿਹੀਆਂ ਕਰੰਸੀਆਂ ਜਾਰੀ ਕਰਨ ਦੀ ਸੋਚ ਰਹੇ ਹਨ, ਕਈ ਇਨ੍ਹਾਂ ਨੂੰ ਰੈਗੂਲੇਟ ਜਾਂ ਪਾਬੰਦੀ ਲਾਉਣ ਬਾਰੇ ਸੋਚ ਰਹੇ ਹਨ।

ਸਭ ਤੋਂ ਪਹਿਲਾਂ ਬਿੱਟਕੁਆਇਨ ਨਾਮ ਦੀ ਕ੍ਰਿਪਟੋ ਕਰੰਸੀ ਜਨਵਰੀ 2009 ਵਿਚ ਸ਼ੁਰੂ ਹੋਈ ਸੀ ਅਤੇ ਜੁਲਾਈ 2010 ਵਿਚ ਇਸ ਦਾ ਜਦ ਵਪਾਰ (ਖਰੀਦੋ-ਫਰੋਖਤ) ਸ਼ੁਰੂ ਹੋਇਆ ਤਾਂ ਇੱਕ ਬਿੱਟਕੁਆਇਨ ਦੀ ਕੀਮਤ ਅਮਰੀਕੀ ਡਾਲਰ ਵਿਚ 0.08 ਸੀ। ਲੰਘੀ 2 ਦਸੰਬਰ ਨੂੰ ਇਸ ਦੀ ਕੀਮਤ 57,000 ਅਮਰੀਕੀ ਡਾਲਰ ਦੇ ਕਰੀਬ ਹੈ ਅਤੇ ਇਹ ਕਈ ਵਾਰ 60,000 ਡਾਲਰ ਤੋਂ ਉੱਤੇ ਵੀ ਜਾ ਚੁੱਕਾ ਹੈ। ਹੋਰ ਦੇਸ਼ਾਂ ਵਾਂਗ ਭਾਰਤ ਸਰਕਾਰ ਵੀ ਕ੍ਰਿਪਟੋ ਕਰੰਸੀਆਂ ਤੋਂ ਚਿੰਤਾ ਵਿਚ ਹੈ ਅਤੇ ਇਨ੍ਹਾਂ ਨਾਲ ਨਜਿੱਠਣ ਲਈ ਬਿੱਲ ਸੰਸਦ ਵਿਚ ਪੇਸ਼ ਕਰ ਰਹੀ ਹੈ।

### ਖੇਤੀ ਮਾਹਰ ਅੰਮ੍ਰਿਤ ਸਾਗਰ ਮਿੱਤਲ

ਪੰਜਾਬ ਦੇ ਖੇਤੀ ਮਾਹਰ ਅੰਮ੍ਰਿਤ ਸਾਗਰ ਮਿੱਤਲ ਨੇ ਦਰਜਨਾਂ ਲੇਖ ਲਿਖੇ ਹਨ ਅਤੇ ਹੋਰਾਂ ਵਾਂਗ ਕਿਸਾਨ ਮੋਰਚੇ ਦੀ ਹਮਾਇਤ ਕੀਤੀ ਹੈ। ਉਹ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ, ਕੈਬਨਿਟ ਮੰਤਰੀ ਰੈਂਕ ਵਿਚ ਪੰਜਾਬ ਰਾਜ ਯੋਜਨਾ ਬੋਰਡ ਦੇ ਉਪ ਚੇਅਰਮੈਨ ਹਨ। ਮਿੱਤਲ ਨੇ ਅਕਸਰ ਹੋਰਾਂ ਨਾਲੋਂ ਨਰਮ ਢੰਗ ਨਾਲ ਕਿਸਾਨ ਮੋਰਚੇ ਦੀ ਹਮਾਇਤ ਕੀਤੀ ਹੈ। ਕਈ ਤਾਂ ਇਸ ਨੂੰ ਇਨਕਲਾਬ ਅਤੇ ਸਿਆਸੀ ਬਦਲਾਓ ਦਾ ਆਗਾਜ਼ ਵੀ ਆਖਦੇ ਹਨ। 30 ਨਵੰਬਰ ਨੂੰ ਮਿੱਤਲ ਦਾ ਇੱਕ ਹੋਰ ਲੇਖ 'ਕਿਸਾਨ ਦੀ ਆਮਦਨ ਵਿਚ ਵਾਧਾ ਕਿਵੇਂ ਹੋਵੇ' ਪੜ੍ਹਨ ਨੂੰ ਮਿਲਿਆ ਜਿਸ ਵਿਚ ਉਨ੍ਹਾਂ ਨੇ ਅੰਤ ਵਿਚ ਕੁਝ ਸੁਝਾਅ ਦਿੱਤੇ ਹਨ। ਇਨ੍ਹਾਂ ਵਿਚ ਖੇਤੀ ਉਦਪਾਦ ਕੱਚੇ ਵੇਚਣ ਦੀ ਥਾਂ ਪਕਾ ਕੇ ਵੇਚਣ, ਬਰਾਮਦ ਕਰਨ, ਪੈਕਿੰਗ, ਪ੍ਰੋਸੈਸ ਕਰਨ, ਬੁਨਿਆਦੀ ਢਾਂਚਾ ਗੁਦਾਮ, ਬੰਦਰਗਾਹਾਂ, ਹਵਾਈ ਅੱਡਿਆਂ ਨਾਲ ਜੋੜਨ ਅਤੇ ਫਸਲੀ ਵੰਨ-ਸਵੰਨਤਾ ਲਿਆਉਣ ਦੀਆਂ ਗੱਲਾਂ ਕੀਤੀਆਂ ਹਨ। ਉਨ੍ਹਾਂ ਇਹ ਵੀ ਕਿਹਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਡਬਲਿਊ.ਟੀ.ਓ. ਮੁਤਾਬਕ ਖੇਤੀ ਉਤਪਾਦ ਬਰਾਮਦ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇੰਟਰਨੈੱਟ ਦੇ ਪ੍ਰਯੋਗ ਨਾਲ ਖੋਜ ਅਤੇ ਵਿਕਾਸ ਅਤੇ ਬਰਾਮਦ ਕਰਨ ਵਿਚ ਦੂਜਿਆਂ ਨਾਲ ਮੁਕਾਬਲਾ ਕਰਨ ਦੇ ਸਮਰੱਥ ਬਣਾਉਣ ਦੀ ਗੱਲ ਵੀ ਆਖੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਰੱਦ ਕਰਵਾਏ ਤਿੰਨ ਖੇਤੀ ਕਾਨੂੰਨ ਵੀ ਇਸੇ ਆਸ਼ੇ ਦੀ ਗੱਲ ਨਹੀਂ ਸਨ ਕਰਦੇ?

### ਵਿਚਾਰ ਤਰਕ ਅਤੇ ਜ਼ਮੀਨੀ ਹਕੀਕਤਾਂ ਦੇ ਅਨੁਕੂਲ ਹੋਣ

ਵਿਦਵਾਨਾਂ ਵੱਲੋਂ ਭਾਵੁਕਤਾ ਨਾਲ ਅਤੇ ਪੀੜਤ ਸਮਝੇ ਜਾਂਦੇ ਵਰਗ ਨੂੰ ਖੁਸ਼ ਕਰਨ ਦੀ ਇੱਛਾ ਨਾਲ ਵਿਚਾਰ ਦੇਣੇ ਨਿਰੀ ਮੂਰਖਤਾ ਹੈ। ਇਹ ਲੋਕਾਂ ਨਾਲ ਧੋਖਾ ਕਰਨ ਦੇ ਤੁਲ ਹੈ; ਉਨ੍ਹਾਂ ਲੋਕਾਂ ਨਾਲ ਵੀ ਜੋ ਵਿਦਵਾਨਾਂ ਦੇ ਵਿਚਾਰ ਜਾਣਨਾ ਚਾਹੁੰਦੇ ਹਨ ਅਤੇ ਜਾਣਨ ਪਿੱਛੋਂ ਆਪਣੀਆਂ ਜਾਨਾਂ ਤਲੀ ਉੱਤੇ ਰੱਖਣ ਲਈ ਤਿਆਰ ਹੁੰਦੇ ਹਨ। ਇਸ ਕਿਸਮ ਦਾ ਕੰਮ ਮੌਕਾਪ੍ਰਸਤ ਸਿਆਸੀ ਆਗੂ ਤਾਂ ਅਕਸਰ ਕਰਦੇ ਹਨ, ਜਿਵੇਂ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਹੈ ਪਰ ਮਾਹਰਾਂ ਅਤੇ ਵਿਦਵਾਨਾਂ ਨੂੰ ਸੂਝ-ਬੂਝ ਤੋਂ ਕੰਮ ਲੈਣਾ ਚਾਹੀਦਾ ਹੈ।

---

## 'ਗਜ਼ਲ'

ਕਿਸ 'ਤੇ ਆਪਾ ਵਾਰ ਕੇ ਵੇਖ,
ਇਸ਼ਕ 'ਚ ਬਾਜ਼ੀ ਹਾਰ ਕੇ ਵੇਖ।
ਉਸਦੇ ਵਲ ਨੂੰ ਸਿੱਧਾ ਝਾਕ,
ਨਾ ਤੂੰ ਕੰਧ ਉਸਾਰ ਕੇ ਵੇਖ।
ਹੈ ਜੇਕਰ ਕੁਰਸੀ ਦੀ ਭੁੱਖ
ਅਣਖ ਤੂੰ ਆਪਣੀ ਮਾਰ ਕੇ ਵੇਖ
ਹਿਜ਼ਰ 'ਚ ਉਸ ਦੇ ਦੁੱਖ ਨਾ ਝੱਲ,
ਕਦੀ ਤੇ ਉਸ ਨੂੰ ਵਿਸਾਰ ਕੇ ਵੇਖ।

ਉਂਗਲ ਕਰ ਨਾ ਹੋਰਾਂ ਵੱਲ
ਅੰਦਰ ਝਾਤੀ ਮਾਰ ਕੇ ਵੇਖ,
ਸਾਰਾ ਜਗ ਏ ਨਈਂ ਬੇ-ਤਰਤੀਬ,
ਆਪਣੀ ਸੋਚ ਉਭਾਰ ਕੇ ਵੇਖ।
ਦੂਜੇ ਵਿਚ ਨਾ ਕਮੀਆਂ ਲੱਭ
ਥੋੜ੍ਹਾ ਸੋਚ ਵਿਚਾਰ ਕੇ ਵੇਖ,
ਕੁਦਰਤ ਚੋਂ ਜੀਵਨ ਨੂੰ ਲੱਭ
ਖੁਦ ਨੂੰ ਨਾ ਸ਼ਿੰਗਾਰ ਕੇ ਵੇਖ,
ਜੱਗ ਦੇ ਕੰਮ ਸੰਵਾਰ ਕੇ ਵੇਖ।

ਸ਼ਬਦਾਂ ਦਾ ਭਰਿਐ ਆਕਾਸ਼ ,
ਸੋਚ ਉਡਾਰੀ ਮਾਰ ਕੇ ਵੇਖ।
ਜੇ ਤਰਨਾ ਚਾਹੁੰਦੇ ਅੱਬਾਸ,
ਹੋਰ ਕਿਸੇ ਨੂੰ ਤਾਰ ਕੇ ਵੇਖ।

***-ਅੱਬਾਸ ਧਾਲੀਵਾਲ, ਮਲੇਰਕੋਟਲਾ***
***ਫੋਨ: 98552-59650***

## ਗੁਰੂ ਦੀਆਂ ਫੌਜਾਂ

ਯਾਦ ਹੈ ਵਿਰਾਸਤੀ,ਪੰਜਾਬ ਖੇਤ ਪੈਲੀਆਂ।
ਗੁਰੂ ਦੀਆਂ ਫੌਜਾਂ ਸਾਰੇ ਜੱਗ ਵਿਚ ਫੈਲੀਆਂ।
ਸਾਰੇ ਦੇਸ਼ਾਂ 'ਚ ਜਾ ਕੇ,
ਖਾਤਾ ਅਸੀਂ ਖੋਲ੍ਹਿਆ
ਲਹੂ ਵਾਂਗ ਮੁੜਕਾ ਹੈ,
ਰੱਜ ਰੱਜ ਡੋਲ੍ਹਿਆ।
ਕੇਸਰੀ ਨਿਸ਼ਾਨ ਸਾਰੇ ਜੱਗ ਵਿਚ ਝੂਲਦੇ
ਭੁੱਲੇ ਨਾ ਕਿ ਸਿੱਖ ਅਸੀਂ
ਕੇਸਗੜ੍ਹ ਮੂਲ ਦੇ।
ਆਸਾਂ ਤੇ ਉਮੀਦਾਂ ਕਦੀ
ਪਈਆਂ ਨਹੀਓਂ ਢੈਲੀਆਂ,
ਗੁਰੂ ਦੀਆਂ ਫੌਜਾਂ ਸਾਰੇ ਜੱਗ ਵਿਚ ਫੈਲੀਆਂ।

ਕੌਮ ਨੂੰ ਚੁਣੌਤੀਆਂ ਵੀ
ਨਹੀਓਂ ਅਸੀਂ ਭੁੱਲਦੇ
ਨਿੱਤ ਈ ਪਹਾੜ ਪਏ ਨੇ ਕਸ਼ਟਾਂ ਦੇ ਝੁਲਦੇ।
ਅਠੱਤਰ ਚੁਰਾਸੀ ਵਾਲੇ
ਸਾਕੇ ਸਾਨੂੰ ਯਾਦ ਨੇ
ਖਾਲਸਾਈ ਰਾਜ ਲਈ ਵੀ
ਸੁਫਨੇ ਅਬਾਦ ਨੇ।
ਦਿੱਲੀ ਦੀਆਂ ਸਾਡੇ ਉਤੇ ਨਜ਼ਰਾਂ ਨੇ ਮੈਲੀਆਂ
ਗੁਰੂ ਦੀਆਂ ਫੌਜਾਂ ਸਾਰੇ ਜੱਗ ਵਿਚ ਫੈਲੀਆਂ।

ਦੁਨੀਆਂ 'ਚ ਸਾਡੀ ਵੱਖਰੀ ਪਛਾਣ ਏ,
ਸਾਡੇ ਲਈ ਤਾਂ ਇੱਕੋ ਜਿਹਾ
ਹਰ ਇਨਸਾਨ ਏ।
ਹੱਕਾਂ ਲਈ ਕਿਸਾਨ-ਮਜ਼ਦੂਰ ਸਾਡੇ ਜੂਝਦੇ,
ਹੰਝੂ ਅਸੀਂ ਪੂੰਝੀਏ ਗਰੀਬ ਮਜਬੂਰ ਦੇ।
ਪੂੰਜੀਵਾਦੀ ਸਾਡੇ ਉਤੇ ਸਾਜ਼ਿਸ਼ਾਂ ਨੇ ਕੈਲ੍ਹੀਆਂ
ਗੁਰੂ ਦੀਆਂ ਫੌਜਾਂ ਸਾਰੇ ਜੱਗ ਵਿਚ ਫੈਲੀਆਂ।

ਕਿਰਤ ਕਰ, ਨਾਮ ਜਪ, ਵੰਡ ਕੇ ਜੀ ਛਕੀਏ,
ਸਤਨਾਮ ਵਾਹਿਗੁਰੂ ਮੁੱਖੋਂ ਸਦਾ ਜਪੀਏ।
ਭਲਾ ਸਰਬੱਤ ਦਾ ਤਾਂ ਸਦਾ ਅਸੀਂ ਲੋੜੀਏ
ਪਾਵੇ ਕੋਈ ਭਾਜੀ ਫੇਰ ਦੂਣੀ ਕਰ ਮੋੜੀਏ।
ਹੋਏ ਪ੍ਰਵਾਸੀ ਪਰ ਨੀਅਤਾਂ ਨਹੀਓਂ ਰੈਲੀਆਂ
ਯਾਦ ਹੈ ਵਿਰਾਸਤੀ, ਪੰਜਾਬ ਖੇਤ ਪੈਲੀਆਂ
ਗੁਰੂ ਦੀਆਂ ਫੌਜਾਂ ਸਾਰ ਜੱਗ ਵਿਚ ਫੈਲੀਆਂ।

***-ਕੁਲਵੰਤ ਸਿੰਘ ਢੇਸੀ***

# ਪੰਜਾਬੀ ਖੇਡ ਸਾਹਿਤ: ਵਰਿਆਮ ਸਿੰਘ ਸੰਧੂ ਦੀ ਖੇਡ ਭੂਮਿਕਾ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪੰਜਾਬੀ ਖੇਡ ਸਾਹਿਤ ਬਾਰੇ ਛਪੀ ਪਹਿਲੀ ਪੋਥੀ 'ਸ਼ਬਦਾਂ ਦੇ ਖਿਡਾਰੀ' ਦੀ ਭੂਮਿਕਾ ਵਰਿਆਮ ਸਿੰਘ ਸੰਧੂ ਨੇ ਲਿਖੀ ਹੈ। ਇਸ ਪੁਸਤਕ ਵਿਚ ਵੰਨ-ਸੁਵੰਨੀਆਂ ਖੇਡ ਲਿਖਤਾਂ ਹਨ ਜੋ ਖੇਡ ਸਾਹਿਤ ਦੀਆਂ ਬਾਤਾਂ ਕਹੀਆਂ ਜਾ ਸਕਦੀਆਂ ਹਨ। ਬਾਤਾਂ ਪਾਉਣ ਵਾਲੇ ਹਨ ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਡਾ. ਹਰਿਭਜਨ ਸਿੰਘ, ਬਲਬੀਰ ਸਿੰਘ ਕੰਵਲ, ਸੂਬਾ ਸਿੰਘ, ਪਾਸ਼, ਪਹਿਲਵਾਨ ਦਾਰਾ ਸਿੰਘ, ਪ੍ਰੋ. ਕਰਮ ਸਿੰਘ, ਸ਼ਮਸ਼ੇਰ ਸਿੰਘ ਸੰਧੂ, ਡਾ. ਜਸਪਾਲ ਸਿੰਘ ਤੇ ਦਰਜਨ ਕੁ ਹੋਰ ਖੇਡ ਲੇਖਕ। ਪੰਜਾਬੀ ਵਿਚ ਖੇਡਾਂ ਖਿਡਾਰੀਆਂ ਬਾਰੇ ਸਵਾ ਸੌ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਖੇਡ ਸਾਹਿਤ ਹੁਣ ਵੱਖਰੀ ਵਿਧਾ ਬਣ ਚੁੱਕੈ। ਇਸ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਲਿਖੇ ਜਾ ਰਹੇ ਹਨ। ਐੱਮ.ਫਿਲ ਤੇ ਪੀ.ਐੱਚਡੀ. ਦੀਆਂ ਡਿਗਰੀਆਂ ਹੋ ਰਹੀਆਂ ਹਨ।

ਪੰਜਾਬੀ ਖੇਡ ਅਦਬ ਵਿਚ ਨਾਮਵਰ ਖਿਡਾਰੀਆਂ ਦੀਆਂ ਜੀਵਨੀਆਂ, ਸਵੈ-ਜੀਵਨੀਆਂ, ਰੇਖਾ-ਚਿੱਤਰ, ਕਹਾਣੀਆਂ, ਨਾਵਲ, ਖੇਡ ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਚਿੰਤਨ, ਖੇਡਾਂ ਦੀ ਜਾਣ-ਪਛਾਣ, ਖੇਡ ਕਵਿਤਾਵਾਂ, ਗੀਤ, ਸਿਅਰ, ਦੋਹੇ, ਬੈਂਤ, ਖੇਡ ਸਾਹਿਤ ਦੇ ਅਧਿਐਨ ਬਾਰੇ ਖੋਜ ਨਿਬੰਧ, ਖੋਜ ਪ੍ਰਬੰਧ ਤੇ ਲੋਪ ਹੋ ਰਹੀਆਂ ਦੇਸੀ ਖੇਡਾਂ ਅਤੇ ਪ੍ਰਚੱਲਿਤ ਪੱਛਮੀ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਛਪ ਚੁੱਕੀਆਂ ਹਨ।

ਮੇਰੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਖੇਡਾਂ ਖਿਡਾਰੀਆਂ ਨਾਲ ਸਬੰਧਤ ਹਨ। ਖੇਡ ਸਾਹਿਤ ਦੀ ਇਸ ਨਿਵੇਕਲੀ ਪੁਸਤਕ ਦਾ ਨਾਂ ਵੀ ਉਨ੍ਹਾਂ ਨਾਲ ਮਿਲਦਾ-ਜੁਲਦਾ 'ਸ਼ਬਦਾਂ ਦੇ ਖਿਡਾਰੀ' ਰੱਖ ਦਿੱਤਾ ਹੈ। ਧੰਨਵਾਦੀ ਹਾਂ ਖੇਡ ਲੇਖਕਾਂ ਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਵਰਾਜਬੀਰ ਸਿੰਘ ਹੋਰਾਂ ਦਾ ਜਿਨ੍ਹਾਂ ਮੈਨੂੰ 'ਪੰਜਾਬੀ ਖੇਡ ਸਾਹਿਤ' ਕਾਲਮ ਲਿਖਣ ਲਾਇਆ। ਉਹੀ ਕਾਲਮ ਇਹ ਸੰਗ੍ਰਹਿ ਤਿਆਰ ਕਰਨ ਵਿਚ ਸਹਾਈ ਹੋਇਆ ਹੈ। ਪੰਜਾਬੀ ਖੇਡ ਸਾਹਿਤ ਬਾਰੇ ਇਹ ਪਹਿਲੀ ਪੋਥੀ ਹੈ। ਉਮੀਦ ਹੈ ਇਸ ਦੇ ਅਗਲੇ ਭਾਗ ਵੀ ਛੇਤੀ ਪ੍ਰਕਾਸ਼ਿਤ ਹੋਣਗੇ।

ਵਰਿਆਮ ਸਿੰਘ ਸੰਧੂ ਲੰਮੀਆਂ ਕਹਾਣੀਆਂ ਦਾ ਨੈਸ਼ਨਲ ਚੈਂਪੀਅਨ ਹੈ। ਉਸ ਦੀ ਕਹਾਣੀ 'ਚੌਥੀਕੂਟ' ਭਾਰਤੀ ਭਾਸ਼ਾਵਾਂ 'ਚੋਂ ਚੋਟੀ ਦੀਆਂ ਬਾਰਾਂ ਕਹਾਣੀਆਂ ਦੇ ਅੰਗਰੇਜ਼ੀ ਕਹਾਣੀ-ਸੰਗ੍ਰਹਿ 'ਮੈਮੋਰੇਬਲ ਸਟੋਰੀਜ਼ ਆਫ਼ ਇੰਡੀਆ: ਟੈਲਮੀ ਏ ਲੌਂਗ ਸਟੋਰੀ' ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਡਾ. ਅਤਰ ਸਿੰਘ ਨੇ ਕਦੇ ਦਹਿਸ਼ਤੀ ਦੌਰ ਦੀ ਸਾਹਿਤਕ ਰਚਨਾ ਬਾਰੇ ਲਿਖਿਆ ਸੀ, 'ਪੰਜਾਬ ਜਿਸ ਘੋਰ ਸੰਕਟ ਵਿਚੋਂ ਲੰਘਿਆ ਹੈ ਉਸ ਦੀ ਥਾਹ ਅਜੇ ਕਿਸੇ ਨੇ ਨਹੀਂ ਪਾਈ। ਇਸ ਖੇਤਰ ਵਿਚ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਮੈਂ ਹੁਣ ਠੀਕ ਠਾਕ ਹਾਂ' ਪੰਜਾਬੀ ਕਹਾਣੀ ਦੀ ਵਡਮੁੱਲੀ ਪ੍ਰਾਪਤੀ ਹਨ। ਮੇਰੀ ਜਾਚੇ ਇਹ ਦੋਵੇਂ ਕਹਾਣੀਆਂ ਮਾਡਰਨ ਵਰਲਡ ਕਲਾਸਿਕਸ ਵਿਚ ਆਪਣਾ ਸਥਾਨ ਹਾਸਲ ਕਰਨ ਦੇ ਸਮਰੱਥ ਹਨ।'

ਪੇਸ਼ ਹੈ ਪੁਸਤਕ 'ਸ਼ਬਦਾਂ ਦੇ ਖਿਡਾਰੀ' ਦੀ ਵਰਿਆਮ ਸਿੰਘ ਸੰਧੂ ਵੱਲੋਂ ਲਿਖੀ ਭੂਮਿਕਾ:

**ਚੇਤੇ ਦੀ ਲਿਸ਼ਕੋਰ**

ਸਰਵਣ ਸਿੰਘ ਦੀ ਨਵੀਂ ਪੁਸਤਕ 'ਸ਼ਬਦਾਂ ਦੇ ਖਿਡਾਰੀ' ਬਾਰੇ ਕੁਝ ਸ਼ਬਦ ਲਿਖਣ ਲੱਗਿਆਂ ਗੱਲ ਤਾਂ ਸਰਵਣ ਸਿੰਘ ਤੋਂ ਹੀ ਸ਼ੁਰੂ ਤੇ ਓਸੇ 'ਤੇ ਹੀ ਖ਼ਤਮ ਹੋਣੀ ਹੈ, ਕਿਉਂਕਿ, ਸ਼ਬਦਾਂ ਦਾ ਸਭ ਤੋਂ ਵੱਡਾ ਖਿਡਾਰੀ ਤਾਂ ਉਹ ਆਪ ਹੈ। ਪੰਜਾਬੀ ਵਾਰਤਕ ਦਾ ਉੱਚਾ ਬੁਰਜ। ਅਨੇਕਾਂ ਖੇਡ ਲੇਖਕਾਂ ਦਾ ਚਾਨਣ ਮੁਨਾਰਾ। ਅਸਲ ਵਿਚ ਸਰਵਣ ਸਿੰਘ ਪੰਜਾਬੀ ਖੇਡ ਸਾਹਿਤ ਦਾ ਸ਼ਹਿਨਸ਼ਾਹ ਹੈ। ਲਿਖਣ ਨੂੰ ਤਾਂ ਉਹਨੇ ਕਹਾਣੀਆਂ ਵੀ ਲਿਖੀਆਂ ਨੇ, ਜੀਵਨੀਆਂ ਲਿਖੀਆਂ ਨੇ, ਰੇਖਾ ਚਿੱਤਰ ਲਿਖੇ ਨੇ, ਸਵੈ-ਜੀਵਨੀ ਲਿਖੀ ਹੈ, ਸਫ਼ਰਨਾਮੇ ਲਿਖੇ ਹਨ, ਹਾਸ-ਵਿਅੰਗ ਲਿਖਿਆ ਹੈ, ਖੇਡ ਪੱਤਰਕਾਰੀ ਤੇ ਖੇਡ ਕੁਮੈਂਟਰੀ ਕੀਤੀ ਹੈ ਅਤੇ ਇਨ੍ਹਾਂ ਸਭਨਾਂ ਖੇਤਰਾਂ ਵਿਚ ਹੀ ਕਮਾਲ ਕੀਤਾ ਹੈ ਪਰ ਖੇਡ-ਲੇਖਨ ਦੇ ਖੇਤਰ ਵਿਚ ਤਾਂ ਉਸ ਨੇ ਅਜਿਹੀਆਂ ਮੱਲਾਂ ਮਾਰੀਆਂ ਨੇ ਕਿ ਅੱਧੀ ਸਦੀ ਤੋਂ ਉਹਦਾ ਮਾਊਂਟ-ਐਵਰੈਸਟੀ ਝੰਡਾ ਸਭਨਾਂ ਤੋਂ ਉੱਚਾ ਅਸਮਾਨੀ ਝੂਲ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਬਾਰੇ ਸ਼ਾਹ ਮੁਹੰਮਦ ਨੇ ਲਿਖਿਆ ਸੀ, 'ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਇਆ।' ਸਰਵਣ ਸਿੰਘ ਬਾਰੇ ਇਹ ਬੰਦ ਬਦਲਣਾ ਪਊ। 'ਪਚਾਸ ਬਰਸਾਂ' ਤਾਂ ਉਹਦਾ ਰਾਜ ਚੱਲ ਹੀ ਗਿਆ ਹੈ, ਪਰ, ਅਸੀਂ ਦੁਆ-ਗੋ ਹਾਂ ਕਿ ਉਹਦਾ ਰਾਜ ਘੱਟੋ-ਘੱਟ ਤੀਹ ਵਰ੍ਹੇ ਤਾਂ ਹੋਰ ਚੱਲੇ ਹੀ। ਉਂਜ ਤੀਹ ਵਰ੍ਹਿਆਂ ਤੋਂ ਬਾਅਦ ਵੀ ਪੰਜਾਬੀ ਖੇਡ ਸਾਹਿਤ ਦੇ ਇਤਿਹਾਸ ਵਿਚ ਉਹਦਾ ਰਾਜ ਇੰਜ ਹੀ ਚੱਲਦਾ ਰਹਿਣਾ ਏ ਕਿਉਂਕਿ ਪੰਜਾਬੀ ਦੇ ਖੇਡ ਸਾਹਿਤ ਵਿਚ ਏਡਾ ਬੁਲੰਦ ਮੁਕਾਮ ਸ਼ਾਇਦ ਹੀ ਕਿਸੇ ਹੋਰ ਲੇਖਕ ਨੂੰ ਪ੍ਰਾਪਤ ਹੋ ਸਕੇ। ਉਸ ਨੇ ਪੰਜਾਬ ਦੇ ਖਿਡਾਰੀਆਂ ਬਾਰੇ ਲਿਖ ਕੇ ਉਨ੍ਹਾਂ ਨੂੰ ਅਮਰ ਕਰ ਦਿੱਤਾ ਤੇ ਉਸ ਦੀਆਂ ਲਿਖਤਾਂ ਨੇ ਬਦਲੇ ਵਿਚ ਉਸ ਨੂੰ ਅਮਰ-ਪਦ ਪਰਦਾਨ ਕਰ ਦੇਣਾ ਹੈ।




ਪ੍ਰਿੰ. ਸਰਵਣ ਸਿੰਘ ਤੇ ਵਰਿਆਮ ਸਿੰਘ ਸੰਧੂ

ਮੈਂ 1965-66 ਤੋਂ ਉਹਦੀ ਲਿਖਤ ਦਾ ਆਸ਼ਕ ਹਾਂ। ਉਸ ਨੇ ਉਦੋਂ ਕੁ ਹੀ 'ਆਰਸੀ' ਵਿਚ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣੇ ਸ਼ੁਰੂ ਕੀਤੇ ਸਨ ਤੇ ਅਸੀਂ ਮਹੀਨੇ ਦੀਆਂ ਪਹਿਲੀਆਂ ਤਰੀਕਾਂ ਵਿਚ 'ਆਰਸੀ' ਦਾ ਪਰਚਾ ਖ਼ਰੀਦਣ ਲਈ, ਕਿਰਾਇਆ ਖ਼ਰਚ ਕੇ, ਵੀਹ ਮੀਲ ਦੂਰ ਅੰਬਰਸਰ ਜਾਂਦੇ ਸਾਂ। ਉਸ ਤੋਂ ਪਹਿਲਾਂ ਮੈਂ ਕੇਵਲ ਬਲਬੀਰ ਸਿੰਘ ਕੰਵਲ ਦੀ ਭਲਵਾਨਾਂ ਬਾਰੇ ਲਿਖੀ ਕਿਤਾਬ ਹੀ ਪੜ੍ਹੀ ਸੀ। ਬਹੁਤ ਸਾਰੇ ਹੋਰਨਾਂ ਲੇਖਕਾਂ ਨੇ ਵੀ ਖੇਡਾਂ ਤੇ ਖਿਡਾਰੀਆਂ ਬਾਰੇ ਕਿਤਾਬਾਂ ਲਿਖੀਆਂ ਨੇ, ਪਰ ਸਰਵਣ ਸਿੰਘ ਦਾ ਕੋਈ ਸਾਨੀ ਨਹੀਂ। ਗੁਣ ਅਤੇ ਗਿਣਤੀ ਵਿਚ ਉਹਨੇ ਪੰਜਾਬੀ ਖੇਡ ਸਾਹਿਤ ਨੂੰ ਏਨੀਆਂ ਮਾਣਮੱਤੀਆਂ ਤੇ ਏਨੀਆਂ ਰੱਜੀਆਂ-ਪੁੱਜੀਆਂ ਲਿਖਤਾਂ ਦਿੱਤੀਆਂ ਕਿ ਪੰਜਾਬੀ ਖੇਡ ਸਾਹਿਤ ਨੂੰ ਰੰਗ ਭਾਗ ਲੱਗਣ ਲਾ ਦਿੱਤੇ।

ਸਰਵਣ ਸਿੰਘ ਆਪਣੇ ਪਾਠਕਾਂ ਨੂੰ ਖੇਡਾਂ ਵਿਖਾਉਣਾ ਤੇ ਖਿਡਾਉਣਾ ਜਾਣਦਾ ਸੀ। ਉਹਦੀ ਵਾਰਤਕ ਵਿਚ ਲੋਹੜੇ ਦਾ ਹੁਸਨ ਤੇ ਗ਼ਜ਼ਬ ਦਾ ਜ਼ੋਰ ਸੀ। ਉਹ ਪਹਿਲੇ ਫ਼ਿਕਰੇ ਤੋਂ ਪੈਂਦੀ ਸੱਟੇ ਹੀ ਪੜ੍ਹਨ ਵਾਲੇ ਨੂੰ ਐਸਾ ਜਕੜਦਾ ਕਿ ਪਾਠਕ ਕਿਸੇ ਹੋਰ ਪਾਸੇ ਸੋਚਣ ਜੋਗੀ ਜਾਣ ਦੀ ਤਾਕਤ ਗਵਾ ਬਹਿੰਦਾ। ਪਹਿਲੇ ਪੈਰੇ ਵਿਚ ਹੀ ਸਰਵਣ ਸਿੰਘ ਕਲਮ ਦੀ ਇੱਕੋ ਅਤੇਸ ਨਾਲ ਖਿਡਾਰੀ ਬਾਰੇ ਜਾਣਕਾਰੀ ਦਾ ਭਰਿਆ ਭਰਾਇਆ ਗੱਡਾ ਉਲੱਦ ਸੁੱਟਦਾ। ਇਸ ਗੱਡੇ ਤੋਂ 'ਬੋਰੀਆਂ' ਦੀ ਥਾਂ ਸੋਨ ਰੰਗੇ ਸ਼ਬਦਾਂ ਦੀਆਂ ਮੋਹਰਾਂ ਡਿੱਗਦੀਆਂ। ਉਹ ਖਿਡਾਰੀ ਦੇ ਕੱਦ-ਕਾਠ, ਭਾਰ, ਰੰਗ-ਰੂਪ, ਖੇਡੇ ਟੂਰਨਾਮੈਂਟਾਂ, ਬਣਾਏ ਰਿਕਾਰਡਾਂ, ਘੁੰਮੇ ਦੇਸ਼ਾਂ, ਜਿੱਤਾਂ-ਹਾਰਾਂ, ਰੁਚੀਆਂ ਤੇ ਸਵਾਦਾਂ ਦੀਆਂ ਗਿਣਤੀਆਂ-ਮਿਣਤੀਆਂ, ਪ੍ਰਾਪਤੀਆਂ, ਤਮਗਿਆਂ ਅਤੇ ਹੋਰ ਜੁੜਵੇਂ ਵੇਰਵਿਆਂ ਦੀ ਝੜੀ ਲਾ ਦਿੰਦਾ। ਉਹਦੇ ਫ਼ਿਕਰਿਆਂ ਦੀ ਲਿਸ਼ਕ ਵਿਚ ਖਿਡਾਰੀ ਦਾ ਮਾਣਮੱਤਾ ਆਪਾ ਹੱਸਦਾ ਮੁਸਕਰਾਉਂਦਾ ਸਾਡੀਆਂ ਅੱਖਾਂ 'ਚੋਂ ਲੰਘ ਕੇ ਸਾਡੇ ਮਨ-ਮਸਤਕ ਵਿਚ ਆਣ ਬਹਿੰਦਾ। ਖਿਡਾਰੀ ਦੀਆਂ ਰਗ਼ਾਂ ਵਿਚ ਦੌੜ ਰਿਹਾ ਗਰਮ ਖ਼ੂਨ ਪਾਠਕਾਂ ਦੀਆਂ ਰਗ਼ਾਂ ਵਿਚ ਉਬਾਲੇ ਲੈਣ ਲੱਗਦਾ। ਉਹ ਖਿਡਾਰੀ ਨਾਲ ਜੁੜੇ ਸਾਰੇ ਜੀਵਨ-ਵੇਰਵੇ ਅਜਿਹੀ ਸੁਹਜੀਲੀ-ਜੁਗਤ ਵਿਚ ਪੇਸ਼ ਕਰਦਾ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ।

ਉਹ ਨਹਾਇਤ ਉਮਦਾ ਕਾਰਾਗਰੀ ਨਾਲ ਸ਼ਬਦਾਂ ਤੇ ਵਾਕਾਂ ਨੂੰ ਸੰਜੋਂਦਾ-ਬੀੜਦਾ ਕਿ ਖਿਡਾਰੀ ਸਾਮਰਤੱਖ ਜ਼ਿੰਦਗੀ ਤੇ ਖੇਡ ਦੇ ਮੈਦਾਨ ਵਿਚਕਾਰ ਜਸ਼ੀਲ ਹੋਇਆ ਦਿਸਣ ਲੱਗਦਾ। ਖੇਡ ਜਾਂ ਖਿਡਾਰੀ ਮੈਦਾਨ ਵਿਚ ਜਿੱਤਣ ਲਈ ਸਿਖ਼ਰਲਾ ਜ਼ੋਰ ਲਾਉਂਦੇ ਤਾਂ ਪੜ੍ਹਨ ਵਾਲੇ ਦੀਆਂ ਭਵਾਂ ਤਣ ਜਾਂਦੀਆਂ, ਮੱਥੇ ਦੇ ਵੱਟ ਕਸੇ ਜਾਂਦੇ, ਦਿਲ ਦੀ ਧੜਕਣ ਤੇਜ਼ ਹੋ ਜਾਂਦੀ, ਜਿਸਮ ਉਤਸੁਕਤਾ ਵਿਚ ਸੂਤਿਆ ਜਾਂਦਾ। ਸਰਵਣ ਸਿੰਘ ਪਾਠਕ ਨੂੰ ਮੈਦਾਨ ਵਿਚ ਭਜਾਈ ਸਾਹੋ-ਸਾਹ ਕਰ ਦਿੰਦਾ। ਗੋਲ ਹੁੰਦਾ ਜਾਂ ਕਿਸੇ ਈਵੈਂਟ ਵਿਚ ਖਿਡਾਰੀ ਜਿੱਤ ਜਾਂਦਾ ਤਾਂ ਅਜਿਹੇ ਸਿਖ਼ਰਲੇ ਪਲਾਂ ਨੂੰ ਉਹ ਅਜਿਹੀ ਪਰਵੀਨਤਾ ਨਾਲ ਪੇਸ਼ ਕਰਦਾ ਕਿ ਪਾਠਕ ਦਾ ਬਾਹਵਾਂ ਉੱਚੀਆਂ ਕਰ ਕੇ ਬਦੋਬਦੀ ਲਲਕਾਰਾ ਮਾਰਨ ਨੂੰ ਜੀ ਕਰ ਆਉਂਦਾ। ਜੇ ਅਥਲੀਟ ਜਾਂ ਟੀਮ ਹਾਰ ਜਾਂਦੀ ਤਾਂ ਉਹ ਮੈਦਾਨ ਵਿਚ ਢੱਠੇ, ਹਾਰੇ, ਅੱਥਰੂ ਕੇਰਦੇ ਖਿਡਾਰੀਆਂ ਦਾ ਅਜਿਹਾ ਮਾਰਮਿਕ ਦ੍ਰਿਸ਼ ਬੰਨ੍ਹਦਾ ਕਿ ਲਿਖਤ ਪੜ੍ਹਨ ਤੋਂ ਬਾਅਦ ਵੀ ਪਾਠਕ ਕਈ ਚਿਰ ਉਸ ਹਾਰ ਦਾ ਦੁੱਖ, ਪੀੜ ਤੇ ਨਮੋਸ਼ੀ ਆਪਣੇ ਨਾਲ-ਨਾਲ ਚੁੱਕੀ ਫਿਰਦਾ। ਉਸ ਦੇ ਏਸੇ ਲਿਖਣ-ਅੰਦਾਜ਼ ਨੂੰ ਡਾ. ਹਰਿਭਜਨ ਸਿੰਘ ਨੇ 'ਅਥਲੈਟਿਕ ਸ਼ੈਲੀ' ਨਾਲ ਤੁਲਨਾਇਆ ਸੀ ਤੇ ਸਰਵਣ ਸਿੰਘ ਨੂੰ 'ਸ਼ਬਦਾਂ ਦਾ ਓਲਿੰਪੀਅਨ' ਲਿਖਿਆ ਸੀ।

ਸਰਵਣ ਸਿੰਘ ਦੀ ਕਲਾ ਦਾ ਜਾਦੂ ਹੈ ਕਿ ਜਿਹੜੇ ਲੇਖਕ/ਆਲੋਚਕ ਖੇਡਾਂ ਬਾਰੇ ਲਿਖਣ ਵਾਲਿਆਂ ਨੂੰ ਸਾਹਿਤਕਾਰ ਮੰਨਣੋਂ ਇਨਕਾਰੀ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਅੱਜ 'ਖੇਡ-ਸਾਹਿਤ' ਨੂੰ ਸਾਹਿਤ ਦਾ ਮਾਣਮੱਤਾ ਅੰਗ ਸਮਝਣ ਲੱਗੇ ਨੇ। ਮੰਨਣ ਨੂੰ ਤਾਂ ਪਹਿਲਾਂ ਸਾਡੇ ਮਹਾਨ ਨਾਵਲਕਾਰ ਸੋਹਣ ਸਿੰਘ ਸੀਤਲ ਨੂੰ ਵੀ 'ਵੱਡੇ ਆਲੋਚਕ' ਨਾਵਲਕਾਰ ਮੰਨਣੋਂ ਇਨਕਾਰੀ ਸਨ ਪਰ ਆਖ਼ਰਕਾਰ ਉਨ੍ਹਾਂ ਨੂੰ ਵੀ ਸੀਤਲ ਨੂੰ ਵੱਡਾ ਨਾਵਲਕਾਰ ਮੰਨਣਾ ਹੀ ਪਿਆ। ਇਹੋ ਕੁੱਝ ਪਹਿਲਾਂ ਸਰਵਣ ਸਿੰਘ ਨਾਲ ਵੀ ਹੋਇਆ, ਪਰ ਅੱਜ ਕੌਣ ਹੈ ਜੋ ਸਰਵਣ ਸਿੰਘ ਦੀ ਖੇਡ ਸਾਹਿਤ ਨੂੰ ਮਹਾਨ ਦੇਣ ਤੇ ਪੰਜਾਬੀ ਵਾਰਤਕ ਨੂੰ ਉਸ ਵੱਲੋਂ ਚਾੜ੍ਹੇ ਗੁਲਾਬੀ ਰੰਗ ਤੋਂ ਮੁਨਕਰ ਹੋ ਸਕੇ!

ਸਰਵਣ ਸਿੰਘ ਨੇ ਆਪਹੀ ਖੇਡਾਂ ਤੇ ਖਿਡਾਰੀਆਂ ਬਾਰੇ ਨਹੀਂ ਲਿਖਿਆ ਸਗੋਂ ਉਹ ਬਹੁਤ ਸਾਰੇ ਨਵੇਂ ਖੇਡ ਲੇਖਕਾਂ ਦਾ ਪ੍ਰੇਰਨਾ ਸਰੋਤ ਵੀ ਹੋ ਨਿੱਬੜਿਆ। ਸਰਵਣ ਸਿੰਘ ਨੂੰ ਮਿਲਦੇ ਮਾਣ-ਸਨਮਾਨ ਨੇ ਬਹੁਤ ਸਾਰੇ ਹੋਰ ਲੇਖਕਾਂ ਅੰਦਰ ਵੀ ਖੇਡ ਸਾਹਿਤ ਰਚਣ ਦੀ ਲਲ੍ਹਕਤੇ ਇੱਛਾ ਪੈਦਾ ਕਰ ਦਿੱਤੀ ਹੈ। ਜੇ ਉਹ ਕਰਤਾਰ ਭਲਵਾਨ ਹੁਰਾਂ ਨੂੰ ਇਸ ਗੱਲ ਲਈ ਜ਼ੋਰ ਨਾ ਪਾਉਂਦਾ ਕਿ ਉਹ ਆਪਣੀ ਜੀਵਨੀ ਉਸ (ਸਰਵਣ ਸਿੰਘ) ਕੋਲੋਂ ਨਹੀਂ ਸਗੋਂ ਮੇਰੇ (ਵਰਿਆਮ ਸਿੰਘ ਸੰਧੂ) ਕੋਲੋਂ ਲਿਖਵਾਉਣ ਤਾਂ ਸ਼ਾਇਦ ਮੈਂ ਇਹ ਜੀਵਨੀ ਲਿਖਦਾ ਹੀ ਨਾ। ਇੰਜ ਸਿੱਧੇ-ਅਸਿੱਧੇ ਤਰੀਕੇ ਨਾਲ ਮੇਰੇ ਕੋਲੋਂ ਕਰਤਾਰ ਦੀ ਜੀਵਨੀ ਲਿਖਾਉਣ ਦਾ ਪ੍ਰੇਰਕ ਵੀ ਸਰਵਣ ਸਿੰਘ ਹੀ ਹੈ।

ਸਰਵਣ ਸਿੰਘ ਦਰਿਆ ਦਿਲ ਬੰਦਾ ਹੈ। ਉਹ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲੇ ਨਵੇਂ ਲੇਖਕਾਂ ਦੀ ਦਿਲ ਖੋਲ੍ਹ ਕੇ ਤਾਰੀਫ਼ ਕਰਦਾ ਹੈ। ਨਵੀਂ ਖੇਡ ਰਚਨਾ ਜਾਂ ਨਵੇਂ ਖੇਡ ਲੇਖਕ ਦੀ ਆਮਦ ਉਹਨੂੰ ਆਪਣੇ ਵਿਹੜੇ ਵਿਚ ਖੇਡਦੇ ਨਵੇਂ ਬਾਲ ਵਾਂਗ ਪਿਆਰੀ ਲੱਗਦੀ ਹੈ। ਉਹ ਉਹਨੂੰ ਲਡਿਆਉਂਦਾ ਹੈ, ਵਡਿਆਉਂਦਾ ਹੈ ਤੇ ਅੱਗੇ ਵਧਣ ਦੀ ਹਿੰਮਤ ਤੇ ਹੌਸਲਾ ਦਿੰਦਾ ਹੈ। ਦਾਲ 'ਚੋਂ ਦਾਣਾ ਟੋਹਣ ਵਾਂਗ ਚੰਦ ਕੁ ਖੇਡ ਲੇਖਕਾਂ ਬਾਰੇ ਉਹਦੀਆਂ ਟਿੱਪਣੀਆਂ ਵਿਚੋਂ ਛਲਕਦੀ ਮੁਹੱਬਤ ਵੇਖੋ:

'ਨਵਦੀਪ ਸਿੰਘ ਗਿੱਲ ਪੰਜਾਬੀ ਖੇਡ ਪੱਤਰਕਾਰੀ ਦਾ ਹੀਰਾ ਹੈ।'

'ਪ੍ਰਿੰ. ਬਲਕਾਰ ਸਿੰਘ ਬਾਜਵਾ ਪੰਜਾਬੀ ਖੇਡ ਸਾਹਿਤ ਦਾ ਸ਼ਿੰਗਾਰ ਹੈ।'

'ਬਲਬੀਰ ਸਿੰਘ ਕੰਵਲ ਖੋਜੀ ਲੇਖਕ ਹੈ। 'ਬੱਲੇ ਬੱਲੇ' ਉਹਦਾ ਤਕੀਆ ਕਲਾਮ। ਬੱਲੇ ਬੱਲੇ ਕਰੇ ਬਿਨਾਂ ਉਹ ਤੋਂ ਰਹਿ ਨਹੀਂ ਹੁੰਦਾ।'

ਸੱਚੀ ਗੱਲ ਤਾਂ ਇਹ ਹੈ ਕਿ ਸਰਵਣ ਸਿੰਘ ਖ਼ੁਦ ਪੰਜਾਬੀ ਖੇਡ ਸਾਹਿਤ ਦਾ ਹੀਰਾ ਹੈ, ਪੰਜਾਬੀ ਖੇਡ ਸਾਹਿਤ ਦਾ ਸ਼ਿੰਗਾਰ ਹੈ ਅਤੇ ਹੋਰਨਾਂ ਦੀ 'ਬੱਲੇ! ਬੱਲੇ!' ਕਰਨੋਂ ਉਹਤੋਂ ਰਹਿ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਅੱਜ ਖੇਡ ਲੇਖਕਾਂ ਦਾ, ਉਹਦਾ ਵੱਡਾ ਬਾਗ਼-ਪਰਿਵਾਰ ਹੈ। ਸਰਵਣ ਸਿੰਘ ਆਪਣੀ ਵੱਡੀ ਟੀਮ ਦੇ ਅੱਗੇ-ਅੱਗੇ ਝੰਡਾ ਚੁੱਕੀ ਰਵਾਂ-ਚਾਲ ਚੱਲਦਾ ਜਾ ਰਿਹਾ ਹੈ। ਦਰਜਨਾਂ ਨਵੇਂ ਲੇਖਕ ਉਹਦੇ ਪਿੱਛੇ-ਪਿੱਛੇ ਚੱਲਦੇ ਜਾ ਰਹੇ ਨੇ।


ਪੰਜਾਬੀ ਦੇ ਗਿਆਨ ਸਾਹਿਤ ਵਿਚ 'ਖੇਡ ਸਾਹਿਤ' ਦੀ ਨਵੀਂ ਵੰਨਗੀ ਦਾ ਸ਼ੁਮਾਰ ਸਰਵਣ ਸਿੰਘ ਦੀਆਂ ਲਿਖਤਾਂ ਦੀ ਬਦੌਲਤ ਹੀ ਹੋ ਸਕਿਆ ਹੈ। ਅੱਜ ਖੇਡ ਸਾਹਿਤ ਬਾਰੇ ਖੋਜ-ਕਾਰਜ ਆਰੰਭ ਹੋ ਚੁੱਕੇ ਨੇ। ਐਮ ਫ਼ਿਲ ਤੇ ਪੀਐੱਚ ਡੀ ਦੀਆਂ ਡਿਗਰੀਆਂ ਮਿਲਣ ਲੱਗੀਆਂ ਹਨ। ਪਾਠ-ਕ੍ਰਮਾਂ ਵਿਚ ਖੇਡ ਸਾਹਿਤ ਪੜ੍ਹਾਇਆ ਜਾਣ ਲੱਗਾ ਹੈ। ਖੇਡ ਸਾਹਿਤ ਵਿਚ ਉਹਦੇ ਬੁਲੰਦ ਰੁਤਬੇ ਵੱਲ ਵੇਖ ਕੇ ਬਹੁਤ ਸਾਰੇ ਨਵੇਂ ਲੇਖਕ ਵੀ ਖੇਡ-ਲੇਖਨ ਦੇ ਮੈਦਾਨ ਵਿਚ ਨਿੱਤਰੇ ਹਨ। ਸਰਵਣ ਸਿੰਘ ਇਨ੍ਹਾਂ ਲੇਖਕਾਂ ਦਾ 'ਗੁਰੂ ਦ੍ਰੋਣਾਚਾਰੀਆ' ਵੀ ਹੈ ਅਤੇ ਖੇਡ ਲੇਖਣੀ ਦੀ ਮੈਰਾਥਨ ਦੌੜ ਦਾ 'ਭੀਸ਼ਮ ਪਿਤਾਮਾ' ਵੀ। ਸੋਭਾ ਸਿੰਘ ਨੇ ਇਕ ਵਾਰ ਨੌਜਵਾਨਾਂ ਦੀਆਂ 'ਕਿਸਮਾਂ' ਗਿਣਾਉਂਦਿਆਂ ਇੱਕ ਕਿਸਮ 'ਨੌ (?) ਜਵਾਨਾਂ' ਦੀ ਦੱਸੀ ਸੀ। ਇਹ ਅਜਿਹੇ 'ਜਵਾਨ' ਹੁੰਦੇ ਨੇ ਜਿਨ੍ਹਾਂ 'ਤੇ ਕਦੀ ਜਵਾਨੀ ਆਉਂਦੀ ਹੀ ਨਹੀਂ। ਇਹ ਹਰ ਵੇਲੇ ਥੱਕੇ, ਉਦਾਸ, ਨਿਰਾਸ਼ ਤੇ ਉਤਸ਼ਾਹ-ਹੀਣ ਹੀ ਦਿਖਾਈ ਦਿੰਦੇ ਹਨ। ਕੁੱਝ ਵੀ ਨਵਾਂ ਕਰਨ ਜਾਂ ਸਿਰਜਣ ਦੀ ਉਨ੍ਹਾਂ ਵਿਚ ਨਾ ਸਮਰੱਥਾ ਹੁੰਦੀ ਹੈ ਨਾ ਚਾਹਤ ਤੇ ਨਾ ਊਰਜਾ। ਸੋ ਖੇਡਾਂ ਬਾਰੇ ਲਿਖੇ ਸਾਹਿਤ ਨੂੰ ਦੋਮ ਦਰਜੇ ਦਾ ਸਮਝਣ ਤੇ ਆਖਣ ਵਾਲੇ ਅਜਿਹੇ ਲੇਖਕ/ਆਲੋਚਕ ਜਾਂ ਪਾਠਕ 'ਨੌਜਵਾਨਾਂ' ਦੀ ਸ਼੍ਰੇਣੀ ਵਿਚ ਹੀ ਆਉਂਦੇ ਨੇ, ਜਿਨ੍ਹਾਂ ਵਿਚ ਜ਼ਿੰਦਗੀ ਜਿਊਣ ਦਾ ਚਾਅ, ਉਤਸ਼ਾਹ ਅਤੇ ਖੇੜਾ ਹੈ, ਉਹੋ ਹੀ ਖੇਡ ਸਾਹਿਤ ਦੇ ਕਦਰਦਾਨ ਹੋ ਸਕਦੇ ਨੇ।

ਸਰਵਣ ਸਿੰਘ ਤੇ ਉਹਦੀ ਟੀਮ ਦੀ ਬਦੌਲਤ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਿਆਂ ਦੀ ਕਦਰ ਪੈਣ ਲੱਗੀ ਹੈ। ਅੱਜ ਅਖ਼ਬਾਰਾਂ ਵਿਚ 'ਖੇਡ-ਸਾਹਿਤ' ਨੂੰ ਮਾਣਯੋਗ ਥਾਂ ਮਿਲਣ ਲੱਗੀ ਹੈ। ਪੰਜਾਬੀ ਵਿਚ ਖੇਡ-ਪੱਤਰਕਾਰਤਾ ਸਰਵਣ ਸਿੰਘ ਵਰਗੇ ਲੇਖਕਾਂ ਦੀ ਬਦੌਲਤ ਹੋਂਦ ਵਿਚ ਆਈ। ਉਸਨੇ ਬਤੌਰ ਪੰਜਾਬੀ ਪੱਤਰਕਾਰ ਵਰਲਡ ਹਾਕੀ ਕੱਪ, ਏਸ਼ੀਅਨ ਖੇਡਾਂ ਤੇ ਓਲੰਪਿਕ ਖੇਡਾਂ ਦੀ ਰਿਪੋਰਟਿੰਗ ਕਰਨ ਦੀ ਪਿਰਤ ਪਾ ਕੇ ਇਸ ਖੇਤਰ ਵਿਚ ਵੀ ਨਵੀਆਂ ਪੈੜਾਂ ਪਾਈਆਂ। ਨਵਦੀਪ ਗਿੱਲ ਤੇ ਸੰਤੋਖ ਮੰਡੇਰ ਵਰਗਿਆਂ ਨੇ ਦੋਹਾ ਦੀਆਂ ਏਸ਼ਿਆਈ ਖੇਡਾਂ ਤੇ ਨਵੀਂ ਦਿੱਲੀ ਦੀਆਂ ਕਾਮਨਵੈੱਲਥ ਖੇਡਾਂ ਤੋਂ ਲੈ ਕੇ ਬੀਜਿੰਗ ਦੀਆਂ ਓਲੰਪਿਕ ਖੇਡਾਂ ਤਕ ਦੀ ਕਵਰੇਜ ਕੀਤੀ ਹੈ। ਇਹ ਸਭ ਖੇਡ ਲੇਖਕ ਤੇ ਖੇਡ ਪੱਤਰਕਾਰ ਸਰਵਣ ਸਿੰਘ ਦੀ ਆਪਣੀ ਆਲ-ਔਲਾਦ ਹਨ।

ਸਰਵਣ ਸਿੰਘ ਦੀ ਪਹਿਲਕਦਮੀ ਸਦਕਾ ਪੰਜਾਬੀ ਅਖ਼ਬਾਰਾਂ ਵਿਚ ਖੇਡਾਂ ਤੇ ਖਿਡਾਰੀਆਂ ਲਈ ਵੱਖਰੇ ਕਾਲਮ ਛਪਣ ਲੱਗੇ ਹਨ। ਨਵੇਂ ਖੇਡ-ਸੰਕਲਪਾਂ ਤੇ ਖੇਡ-ਸ਼ਬਦਾਵਲੀ ਦੀ ਸਿਰਜਣਾ ਹੋਈ ਹੈ। ਖੇਡ-ਲੇਖਕ, ਖੇਡ-ਪੱਤਰਕਾਰ, ਖੇਡ-ਪਰਿਕਰਮਾ, ਖੇਡ-ਸਮਾਚਾਰ, ਖੇਡ-ਦਰਸ਼ਨ, ਖੇਡ-ਚਰਚਾ, ਖੇਡ-ਵਾਰਤਾ, ਖੇਡ-ਮੇਲੇ, ਖੇਡ-ਬੁਲਾਰੇ ਜਿਹੇ ਅਨੇਕਾਂ ਸ਼ਬਦ-ਜੁੱਟ ਹੋਂਦ ਵਿਚ ਆ ਚੁੱਕੇ ਨੇ। ਸਰਵਣ ਸਿੰਘ ਖ਼ੁਦ ਕਬੱਡੀ ਦਾ ਕੁਮੈਂਟੇਟਰ ਰਿਹਾ ਜਿਸ ਨੇ ਦਰਜਨਾਂ ਖੇਡ ਬੁਲਾਰਿਆਂ ਨੂੰ ਕਬੱਡੀ ਦੀ ਕਲਾਮਈ ਕੁਮੈਂਟਰੀ ਕਰਨ ਵੱਲ ਪ੍ਰੇਰਿਆ। ਉਸ ਨੇ ਖੇਡਾਂ ਨਾਲ ਜੁੜੀ ਸ਼ਬਦਾਵਲੀ ਨੂੰ ਆਪਣੀ ਗੱਲ ਕਹਿਣ ਦੇ ਅੰਦਾਜ਼ ਨਾਲ ਜੋੜ ਕੇ ਅਜਿਹਾ ਰੰਗ ਬੰਨ੍ਹਿਆ ਕਿ ਪੰਜਾਬੀ ਵਾਰਤਕ ਦਾ ਹੁਸਨ ਦੋਬਾਲਾ ਹੋ ਉਠਿਆ।

ਖੇਡਾਂ ਤੇ ਖਿਡਾਰੀਆਂ ਦਾ ਸਾਡੀ ਜ਼ਿੰਦਗੀ ਤੇ ਸਾਡੇ ਸਾਹਿਤ ਵਿਚ ਕਿੱਡਾ ਵੱਡਾ ਯੋਗਦਾਨ ਹੈ, ਉਸ ਦੀਆਂ ਅਨੇਕਾਂ ਮਿਸਾਲਾਂ ਸਾਡੇ ਸਿਰਜਣਾਤਮਕ ਸਾਹਿਤ ਵਿਚ ਮਿਲਦੀਆਂ ਹਨ। ਹਥਲੀ ਪੁਸਤਕ ਵਿਚ ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਸੂਬਾ ਸਿੰਘ, ਪਾਸ਼ ਤੇ ਹੋਰ ਕਈਆਂ ਦਾ ਜ਼ਿਕਰ ਹੋਇਆ ਹੈ। ਇਹ ਸਾਰੇ ਲੇਖਕ ਸ਼ਬਦ ਦੇ ਸਹੀ ਅਰਥਾਂ ਵਿਚ 'ਸ਼ਬਦਾਂ ਦੇ ਖਿਡਾਰੀ' ਹਨ ਕਿਉਂਕਿ ਖੇਡਾਂ ਤੇ ਖਿਡਾਰੀਆਂ ਬਾਰੇ ਲਿਖੀ ਓਹੋ ਲਿਖਤ ਹੀ ਪਰਵਾਣੀ ਜਾਵੇਗੀ,

(ਬਾਕੀ ਅਗਲੇ ਸਫੇ 'ਤੇ)




ਪ੍ਰਿੰ. ਸਰਵਣ ਸਿੰਘ ਦੀ ਕਿਤਾਬ 'ਸ਼ਬਦਾਂ ਦੇ ਖਿਡਾਰੀ'

# ਭਾਜਪਾ ਤੋਂ ਸੱਟ ਖਾਧੀ ਅਕਾਲੀ ਦਲ (ਬਾਦਲ) ਨੇ, ਪਰ ਹਾਲਾਤ ਕਿਸ ਨੇ ਬਣਾਏ ਸਨ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਗਲੇ ਸਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਸਰਪਟ ਦੌੜਾਂ ਲਾ ਰਹੇ ਸੁਖਬੀਰ ਸਿੰਘ ਬਾਦਲ ਨੂੰ ਦਿੱਲੀ ਵਾਲੇ ਪ੍ਰਮੁੱਖ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੀ ਦਲਬਦਲੀ ਕਰਨ ਅਤੇ ਭਾਜਪਾ ਵਿਚ ਸ਼ਾਮਲ ਹੋਣ ਨਾਲ ਵੱਡਾ ਝਟਕਾ ਲੱਗਾ ਹੈ। ਮਨਜਿੰਦਰ ਸਿੰਘ ਸਿਰਸਾ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ, ਪਰ ਬੀਤੇ ਅਗਸਤ ਮਹੀਨੇ ਹੋਈਆਂ ਚੋਣਾਂ ਵਿਚ ਪਾਰਟੀ ਜਿੱਤ ਗਈ, ਸਿਰਸਾ ਆਪਣੇ ਵਾਲੀ ਸੀਟ ਤੋਂ ਹਾਰ ਗਿਆ ਸੀ।

ਬਾਅਦ ਵਿਚ ਉਹ ਕਈ ਕੇਸਾਂ ਵਿਚ ਉਲਝਦਾ ਗਿਆ ਅਤੇ ਇਕ ਦਿਨ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ। ਦਿੱਲੀ ਗੁਰਦੁਆਰਾ ਕਮੇਟੀ ਦੀ ਨਵੀਂ ਟੀਮ ਕਾਨੂੰਨੀ ਤੌਰ ਉੱਤੇ ਹਾਲੇ ਬਣੀ ਨਹੀਂ ਸੀ ਤੇ ਸਿਰਸਾ ਉਸ ਕਮੇਟੀ ਦਾ ਕਾਰਜਕਾਰੀ ਪ੍ਰਧਾਨ ਸੀ। ਜਾਣ ਲੱਗਾ ਉਹ ਇਸ ਅਹੁਦੇ ਤੋਂ ਅਸਤੀਫਾ ਦੇ ਗਿਆ ਤੇ ਭਾਜਪਾ ਲੀਡਰਾਂ ਦੀ ਬੁੱਕਲ ਵਿਚ ਖੜੋ ਕੇ ਉਸ ਨੇ ਕਹਿ ਦਿੱਤਾ ਕਿ ਉਹ ਸਾਰੇ ਭਾਰਤ ਵਿਚਲੇ ਸਿੱਖਾਂ ਦੇ ਹਿੱਤਾਂ ਵਾਸਤੇ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿਚ ਆਇਆ ਹੈ। ਅਕਾਲੀ ਲੀਡਰਸ਼ਿਪ ਨੇ ਇਸ ਤੋਂ ਉਲਟ ਸਟੈਂਡ ਲੈ ਲਿਆ। ਪਹਿਲਾਂ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਇਹ ਕਿਹਾ ਕਿ ਸਿਰਸਾ ਨੂੰ ਕੇਸਾਂ ਵਿਚ ਗ੍ਰਿਫਤਾਰ ਕਰਨ ਦਾ ਡਰਾਵਾ ਦੇ ਕੇ ਭਾਜਪਾ ਨੇ ਆਪਣੇ ਵੱਲ ਖਿੱਚਿਆ ਹੈ। ਫਿਰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਤੋਂ ਕਹਾਇਆ ਕਿ ਜਿੱਦਾਂ ਮੁਗਲ ਬਾਦਸ਼ਾਹ ਧਰਮ ਬਦਲੀ ਜਾਂ ਮੌਤ ਵਿਚੋਂ ਇੱਕ ਪਾਸਾ ਚੁਣਨ ਨੂੰ ਆਖਦੇ ਸਨ, ਕੇਂਦਰ ਸਰਕਾਰ ਨੇ ਸਿਰਸੇ ਨੂੰ ਜੇਲ੍ਹ ਜਾਂ ਭਾਜਪਾ ਵਿਚੋਂ ਇੱਕ ਦੀ ਚੋਣ ਕਰਨ ਲਈ ਕਹਿ ਕੇ ਦਲਬਦਲੀ ਕਰਵਾਈ ਹੈ। ਜਥੇਦਾਰ ਨੇ ਇਹ ਵੀ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਨੇ ਉਸ ਨੂੰ ਫੋਨ ਉੱਤੇ ਅਗੇਤਾ ਹੀ ਦੱਸ ਦਿੱਤਾ ਸੀ ਕਿ ਕੇਂਦਰ ਸਰਕਾਰ ਆਹ ਦਬਾਅ ਪਾ ਰਹੀ ਹੈ।

ਸਾਰਿਆਂ ਤੋਂ ਪਿੱਛੋਂ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੋਲਿਆ ਕਿ ਮਨਜਿੰਦਰ ਸਿੰਘ ਸਿਰਸਾ ਨੇ ਦੋ ਦਿਨ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਭਾਜਪਾ ਜੇਲ੍ਹ ਜਾਣ ਦਾ ਡਰਾਵਾ ਦੇ ਕੇ ਆਪਣੇ ਨਾਲ ਆਉਣ ਨੂੰ ਕਹਿੰਦੀ ਹੈ ਤੇ ਇਸ ਬਾਰੇ ਵ੍ਹਟਸਐਪ ਮੈਸੇਜ ਵੀ ਕਰ ਦਿੱਤਾ ਸੀ। ਜੇ ਸੁਖਬੀਰ ਸਿੰਘ ਬਾਦਲ ਦਾ ਇਹ ਕਹਿਣਾ ਸਹੀ ਹੈ ਤਾਂ ਮਨਜਿੰਦਰ ਸਿੰਘ ਸਿਰਸਾ ਦੀ ਸਾਰੇ ਦੇਸ਼ ਦੇ ਸਿੱਖਾਂ ਦੇ ਭਲੇ ਲਈ ਦਲਬਦਲੀ ਦੀ ਗੱਲ ਕੱਟਣ ਲਈ ਉਸ ਨੂੰ ਸਿਰਸੇ ਦਾ ਵ੍ਹਟਸਐਪ ਮੈਸੇਜ ਲੋਕਾਂ ਨੂੰ ਦਿਖਾ ਦੇਣਾ ਚਾਹੀਦਾ ਸੀ। ਉਸ ਨੇ ਇਹ ਕੰਮ ਨਹੀਂ ਕੀਤਾ। ਇਸ ਦੀ ਥਾਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਉਂਕਿ ਕਿਸਾਨ ਅੰਦੋਲਨ ਵਿਚ ਪੰਜਾਬ ਨੇ ਸਭ ਤੋਂ ਵੱਧ ਹਿੱਸਾ ਪਾਇਆ ਹੈ, ਭਾਜਪਾ ਲੀਡਰਸ਼ਿਪ ਉਸੇ ਕੌੜ ਕਾਰਨ ਸਿੱਖਾਂ ਦੀ ਸੰਸਥਾ ਅਕਾਲੀ ਦਲ ਨੂੰ ਖਤਮ ਕਰਨ ਤੇ ਦਿੱਲੀ ਦੇ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਦੀ ਸਾਜ਼ਿਸ਼ ਕਰ ਰਹੀ ਹੈ। ਉਸ ਦਾ ਕਹਿਣ ਦਾ ਢੰਗ ਏਦਾਂ ਦਾ ਹੈ, ਜਿਵੇਂ ਭਾਜਪਾ ਨਾਲ ਬੜੀ ਕੌੜ ਰੱਖੀ ਬੈਠਾ ਹੋਵੇ ਤੇ ਭਾਵੇਂ ਇਹ ਵੀ ਕਹਿੰਦਾ ਹੈ ਕਿ ਅਕਾਲੀ ਦਲ ਇਨ੍ਹਾਂ ਸਾਜ਼ਿਸ਼ਾਂ ਤੋਂ ਘਬਰਾਉਣ ਵਾਲਾ ਨਹੀਂ, ਪਰ ਨਾਲ ਹੀ ਇਹ ਗੱਲ ਵੀ ਕਹੀ ਜਾਂਦਾ ਹੈ ਕਿ ਭਾਜਪਾ ਸਾਡੇ ਦਿੱਲੀ ਦੇ ਆਗੂਆਂ ਨੂੰ ਤੋੜਨ ਲਈ ਕੇਂਦਰ ਦੀਆਂ ਜਾਂਚ ਏਜੰਸੀਆਂ ਵੀ ਵਰਤਣ ਲੱਗ ਪਈ ਹੈ।

ਕਿਸੇ ਵੀ ਸੂਬੇ ਦੀ ਚੋਣ ਵਿਚ ਭਾਜਪਾ ਜਿਸ ਤਰ੍ਹਾਂ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ, ਲੋਕ ਪੱਛਮੀ ਬੰਗਾਲ ਵਿਚ ਉਸ ਦੀ ਵੱਡੀ ਵੰਨਗੀ ਵੇਖ ਚੁੱਕੇ ਹਨ। ਭਾਜਪਾ ਪੰਜਾਬ ਵਿਚ ਵੀ ਇਹੋ ਕਰਨਾ ਚਾਹੇਗੀ। ਸੁਖਬੀਰ ਸਿੰਘ ਬਾਦਲ ਨੂੰ ਜਿਹੜੀ ਗੱਲ ਮੰਨਣੀ ਮੁਸ਼ਕਲ ਜਾਪਦੀ ਹੈ, ਉਹ ਇਹ ਹੈ ਕਿ ਜਿਹੜੇ ਦਿੱਲੀ ਦੇ ਆਗੂ ਇਨ੍ਹਾਂ ਨੂੰ ਆਪਣੇ ਪੱਕੇ ਸਾਥੀ ਲੱਗਦੇ ਹਨ, ਉਹ ਭਾਜਪਾ ਦੇ ਨਿਸ਼ਾਨ ਉੱਤੇ ਚੋਣਾਂ ਲੜ ਚੁੱਕੇ ਹੋਣ ਕਾਰਨ ਪਹਿਲਾਂ ਹੀ ਉਨ੍ਹਾਂ ਦੇ ਸੰਪਰਕ ਵਿਚ ਸਨ। ਮਨਜਿੰਦਰ ਸਿੰਘ ਸਿਰਸਾ ਨੂੰ ਸਿਆਸੀ ਆਗੂ ਵਜੋਂ ਜਦੋਂ ਲੋਕ ਜਾਣਦੇ ਨਹੀਂ ਸਨ, ਓਦੋਂ ਉਸ ਨੇ ਦਿੱਲੀ ਅਸੈਂਬਲੀ ਦੇ ਜੰਗਪੁਰਾ ਹਲਕੇ ਤੋਂ ਸਾਲ 2008 ਵਿਚ ਭਾਜਪਾ ਦੇ ਨਿਸ਼ਾਨ ਕਮਲ ਦੇ ਫੁੱਲ ਨਾਲ ਚੋਣ ਲੜੀ ਤੇ ਕਾਂਗਰਸ ਪਾਰਟੀ ਦੇ ਤਰਵਿੰਦਰ ਸਿੰਘ ਮਰਵਾਹਾ ਤੋਂ ਹਾਰਿਆ ਸੀ। ਫਿਰ ਸਾਲ 2012 ਵਿਚ ਉਸ ਦੀ ਪਤਨੀ ਸਤਵਿੰਦਰ ਕੌਰ ਸਿਰਸਾ ਦੱਖਣੀ ਦਿੱਲੀ ਨਗਰ ਨਿਗਮ ਦੇ ਪੰਜਾਬੀ ਬਾਗ ਵਾਰਡ ਤੋਂ ਭਾਜਪਾ ਦੇ ਹੀ ਚੋਣ ਨਿਸ਼ਾਨ ਨਾਲ ਚੋਣ ਲੜੀ ਤੇ ਜਿੱਤੀ ਸੀ। ਬਾਅਦ ਵਿਚ ਉਹ ਅਕਾਲੀ ਦਲ ਵਿਚ ਆਇਆ ਅਤੇ ਰਾਕੇਟ ਵਾਂਗ ਚੜ੍ਹਦਾ ਹੋਇਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਕਰਨ ਤਕ ਵੀ ਪਹੁੰਚ ਗਿਆ ਸੀ।

ਇਸ ਦੌਰਾਨ ਸਾਲ 2017 ਵਿਚ ਜਰਨੈਲ ਸਿੰਘ ਵੱਲੋਂ ਵਿਹਲੀ ਕੀਤੀ ਰਾਜੌਰੀ ਗਾਰਡਨ ਵਿਧਾਨ ਸਭਾ ਸੀਟ ਤੋਂ ਉਪ ਚੋਣ ਲੜਨ ਲਈ ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਲਾਹ ਨਾਲ ਭਾਜਪਾ ਦੇ ਚੋਣ ਨਿਸ਼ਾਨ ਵਾਲਾ ਉਮੀਦਵਾਰ ਬਣਿਆ ਤੇ ਜਿੱਤਿਆ ਸੀ। ਅੱਜ ਵਾਲੀਆਂ ਗੱਲਾਂ ਛੋਟੇ ਬਾਦਲ ਨੂੰ ਉਦੋਂ ਸੋਚਣੀਆਂ ਚਾਹੀਦੀਆਂ ਸਨ ਕਿ ਇਹ ਬੰਦਾ ਭਾਜਪਾ ਵੱਲ ਨੂੰ ਛੜੱਪਾ ਵੀ ਮਾਰ ਸਕਦਾ ਹੈ।

ਮਨਜਿੰਦਰ ਸਿੰਘ ਸਿਰਸਾ ਦੀ ਦਲਬਦਲੀ ਦੇ ਬਾਅਦ ਸੁਖਬੀਰ ਸਿੰਘ ਬਾਦਲ ਵੀ ਕਹਿੰਦਾ ਹੈ ਅਤੇ ਉਸ ਦੇ ਕਹਿਣ ਉੱਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਕਹਿ ਦਿੱਤਾ ਹੈ ਕਿ ਭਾਜਪਾ ਸਿੱਖਾਂ ਦੇ ਧਾਰਮਿਕ ਅਸਥਾਨਾਂ ਉੱਤੇ ਕਬਜ਼ੇ ਕਰਨ ਲਈ ਯਤਨ ਕਰ ਰਹੀ ਹੈ। ਜਦੋਂ ਭਾਜਪਾ ਵੱਲੋਂ ਵਾਰ-ਵਾਰ ਚੋਣਾਂ ਲੜ ਚੁੱਕੇ ਮਨਜਿੰਦਰ ਸਿੰਘ ਸਿਰਸਾ ਨੂੰ ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਿੱਤੀ ਸੀ, ਭਾਜਪਾ ਦਾ ਪੈਰ-ਧਰਾਵਾ ਤਾਂ ਉਦੋਂ ਹੀ ਹੋ ਗਿਆ ਸੀ। ਸਿਰਸਾ ਦੇ ਜਾਣ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਟੇਕ ਹਰਮੀਤ ਸਿੰਘ ਕਾਲਕਾ ਉੱਤੇ ਹੈ, ਪਰ ਉਹ ਵੀ 2015 ਵਿਚ ਵਿਧਾਨ ਸਭਾ ਲਈ ਕਾਲਕਾਜੀ ਹਲਕੇ ਤੋਂ ਭਾਜਪਾ ਟਿਕਟ ਉੱਤੇ ਚੋਣ ਲੜ ਚੁੱਕਾ ਹੈ। ਇੱਕ ਜਣਾ ਭਾਜਪਾ ਵਿਚ ਹੈ, ਉਸ ਪਿੱਛੋਂ ਫਿਰ ਉਹ ਹਰਮੀਤ ਸਿੰਘ ਕਾਲਕਾ ਅਕਾਲੀ ਆਗੂ ਵਜੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਭ ਤੋਂ ਵੱਡਾ ਪ੍ਰਬੰਧਕ ਹੈ, ਜਿਹੜਾ ਚੋਣਾਂ ਵਿਚ ਭਾਜਪਾ ਉਮੀਦਵਾਰ ਬਣਦਾ ਰਿਹਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਾਦਲ ਅਕਾਲੀ ਦਲ ਦੇ ਮੈਂਬਰਾਂ ਵਿਚੋਂ ਸਾਡੀ ਜਾਣਕਾਰੀ ਮੁਤਾਬਕ ਅੱਜ ਵੀ ਚਾਰ ਜਣੇ ਉਹ ਹਨ, ਜਿਹੜੇ ਉਥੇ ਤਾਂ ਅਕਾਲੀ ਦਲ ਦੇ ਆਗੂ ਹਨ ਅਤੇ ਦਿੱਲੀ ਨਗਰ ਨਿਗਮ ਵਿਚ ਭਾਜਪਾ ਦੇ ਕੌਂਸਲਰ ਹਨ। ਸੰਸਾਰ ਦੇ ਸਿੱਖਾਂ ਦੀ ਸ਼ਰਧਾ ਵਾਲੇ ਧਾਰਮਿਕ ਸਥਾਨਾਂ ਵਿਚ ਸਭ ਤੋਂ ਪਹਿਲਾ ਨਾਂ ਪੰਜ ਤਖਤ ਸਾਹਿਬਾਨ ਦਾ ਹੁੰਦਾ ਹੈ। ਬਿਹਾਰ ਦੀ ਰਾਜਧਾਨੀ ਪਟਨਾ ਵਿਚ ਦਸਵੇਂ ਗੁਰੂ ਸਾਹਿਬ ਦੇ ਜਨਮ ਸਥਾਨ ਵਾਲੇ ਤਖਤ ਸਾਹਿਬ ਦਾ ਪ੍ਰਧਾਨ ਅੱਜ-ਕੱਲ੍ਹ ਅਵਤਾਰ ਸਿੰਘ ਹਿੱਤ ਹੈ। ਉਸ ਨੂੰ ਵੀ ਇਹ ਪ੍ਰਧਾਨਗੀ ਸੁਖਬੀਰ ਸਿੰਘ ਬਾਦਲ ਨੇ ਦਿੱਤੀ ਹੈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਾਲਾ ਰਿਕਾਰਡ ਹੋਰ ਫੋਲਿਆ ਜਾਵੇ ਤਾਂ ਅਵਤਾਰ ਸਿੰਘ ਹਿੱਤ ਵੀ ਸਾਲ 2015 ਵਿਚ ਹਰੀ ਨਗਰ ਹਲਕੇ ਤੋਂ ਭਾਜਪਾ ਦੇ ਚੋਣ ਨਿਸ਼ਾਨ ਕਮਲ ਦੇ ਫੁੱਲ 'ਤੇ ਚੋਣ ਲੜ ਅਤੇ ਹਾਰ ਚੁੱਕਾ ਹੈ। ਕਹਿਣ ਨੂੰ ਉਹ ਵੀ ਅਕਾਲੀ ਦਲ ਦਾ ਆਗੂ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦਾ ਪ੍ਰਧਾਨ ਹੈ, ਪਰ ਚੋਣ ਕਮਿਸ਼ਨ ਦੇ ਰਿਕਾਰਡ ਮੁਤਾਬਕ ਉਹ ਭਾਜਪਾ ਆਗੂ ਹੈ।



ਹੈਰਾਨੀ ਇਸ ਗੱਲ ਦੀ ਨਹੀਂ ਕਿ ਅਕਾਲੀ ਦਲ ਬਾਦਲ ਦੇ ਆਗੂ ਵਾਰੀ-ਵਾਰ ਇਸ ਨੂੰ ਛੱਡ ਕੇ ਭਾਜਪਾ ਵੱਲ ਤੁਰੇ ਜਾਂਦੇ ਹਨ, ਸਗੋਂ ਇਸ ਗੱਲ ਕਰਕੇ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਨੂੰ ਆਪਣੇ ਮੰਨੀ ਜਾਂਦਾ ਹੈ। ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਸ਼ ਲਾਉਂਦਾ ਹੈ ਕਿ ਭਾਜਪਾ ਸਿੱਖ ਧਰਮ ਅਸਥਾਨਾਂ ਉੱਤੇ ਕਬਜ਼ਾ ਕਰਨਾ ਚਾਹੁੰਦੀ ਹੈ, ਪਰ ਸੱਚਾਈ ਇਹ ਹੈ ਕਿ ਭਾਜਪਾ ਉਮੀਦਵਾਰ ਬਣ ਚੁੱਕੇ ਬੰਦਿਆਂ ਨੂੰ ਆਪਣੇ ਬੰਦੇ ਮੰਨ ਕੇ ਦਿੱਲੀ ਤੋਂ ਪਟਨਾ ਸਾਹਿਬ ਤਕ ਉਨ੍ਹਾਂ ਦਾ ਕਬਜ਼ਾ ਬਾਦਲ ਦਲ ਖੁਦ ਕਰਵਾ ਚੁੱਕਾ ਹੈ। ਸਾਰਾ ਕੁਝ ਭਾਜਪਾ ਦੀ ਝੋਲੀ ਖੁਦ ਪਾਉਣ ਮਗਰੋਂ ਅਜਿਹੀ ਚਿੰਤਾ ਦਾ ਕੋਈ ਫਾਇਦਾ ਨਹੀਂ ਹੋਣਾ ਤੇ ਅਗਲੇ ਸਾਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਰਪਟ ਦੌੜਾਂ ਲਾਉਣ ਦਾ ਭਰਮ ਪਾਉਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਨੂੰ ਇਹ ਸੱਚਾਈ ਮੰਨਣੀ ਔਖੀ ਹੋ ਰਹੀ ਹੈ ਕਿ ਉਸ ਦੀਆਂ ਤਿਕੜਮਾਂ ਪੁੱਠੀਆਂ ਪਈਆਂ ਹਨ। ਏਨੀ ਵੱਡੀ ਸੱਟ ਖਾਣ ਪਿੱਛੋਂ ਆਮ ਆਦਮੀ ਇਹ ਸੋਚਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਤੋਂ ਗਲਤੀ ਕਿੱਥੇ ਰਹੀ ਹੈ ਤੇ ਅੱਗੇ ਤੋਂ ਬਚਣ ਦਾ ਯਤਨ ਕਰਦਾ ਹੈ, ਪਰ ਸੁਖਬੀਰ ਸਿੰਘ ਬਾਦਲ ਇਹ ਵੀ ਕਰਨ ਨੂੰ ਤਿਆਰ ਨਹੀਂ। ਇਸ ਦਾ ਅਸਰ ਸ਼ਾਇਦ ਉਸ ਨੂੰ ਪੰਜਾਬ ਦੀਆਂ ਵਿਧਾਨ ਸਭਾ ਚੋਣ ਦੌਰਾਨ ਦਿਸੇਗਾ।

---

# ਪੰਜਾਬੀ ਖੇਡ ਸਾਹਿਤ: ਵਰਿਆਮ ਸਿੰਘ ਸੰਧੂ ਦੀ ਖੇਡ ਭੂਮਿਕਾ

*(ਪਿਛਲੇ ਸਫੇ ਦਾ ਬਾਕੀ)*

ਜਿਸ ਵਿਚ ਸ਼ਬਦਾਂ ਦਾ ਹੁਸਨ ਡਲ੍ਹਕਾਂ ਮਾਰਦਾ ਦਿਖਾਈ ਦੇਵੇਗਾ। ਜੇ ਲੇਖਕ ਦੀ ਲਿਖਤ ਵਿਚ ਸ਼ਬਦਾਂ ਦਾ ਤੇਜ ਨਹੀਂ ਤਾਂ ਉਹ ਖੇਡ ਲੇਖਕ ਬਣਨ ਦੇ ਯੋਗ ਨਹੀਂ। ਸਰਵਣ ਸਿੰਘ ਨੇ ਇਸ ਪੁਸਤਕ ਵਿਚ ਸੱਚਮੁੱਚ ਅਜਿਹੀਆਂ ਲਿਖਤਾਂ ਦੀ ਚੋਣ ਕੀਤੀ ਹੈ, ਜਿਨ੍ਹਾਂ ਦੇ ਲੇਖਕਾਂ ਨੇ ਆਪਣੇ-ਆਪਣੇ ਅੰਦਾਜ਼ ਵਿਚ ਸ਼ਬਦਾਂ ਨਾਲ ਖੇਡਾਂ ਖੇਡੀਆਂ ਹਨ।

ਜਸਵੰਤ ਸਿੰਘ ਕੰਵਲ ਦੇ ਅਨੇਕਾਂ ਨਾਵਲਾਂ ਦੇ ਨਾਇਕ ਵਧੀਆ ਖਿਡਾਰੀ ਵੀ ਹਨ। 'ਰਾਤ ਬਾਕੀ ਹੈ' ਦਾ ਚਰਨ ਕਬੱਡੀ ਦਾ ਖਿਡਾਰੀ ਹੈ, 'ਰੂਪ ਧਾਰਾ' ਵਿਚ ਫਿਰੋਜ਼ਪੁਰ ਛਾਉਣੀ ਵਿਚ ਨਾਇਕ ਦੀ ਸ਼ਮੂਲੀਅਤ ਵਾਲੇ ਹਾਕੀ-ਮੈਚ ਦਾ ਜਾਨਦਾਰ ਚਿਤਰ ਪਾਠਕਾਂ ਦੇ ਮਨਾਂ ਵਿਚ ਉਕਰਿਆ ਹੋਇਆ ਹੈ। ਹਥਲੇ ਸੰਗ੍ਰਹਿ ਵਿਚ ਬਲਵੰਤ ਗਾਰਗੀ ਦੀ ਕਹਾਣੀ 'ਸੌ ਮੀਲ ਦੀ ਦੌੜ' ਤੇ ਸ਼ਮਸ਼ੇਰ ਸੰਧੂ ਦੀ ਕਹਾਣੀ 'ਚੈਂਪੀਅਨ' ਦੇ ਨਾਇਕ, ਖਿਡਾਰੀ ਹੀ ਹਨ। ਬਲਵੰਤ ਸਿੰਘ ਸੰਧੂ ਨੇ ਤਾਂ ਦਾਰਾ ਸਿੰਘ ਦੁਲਚੀਪੁਰੀਏ ਬਾਰੇ 'ਗੁੰਮਨਾਮ ਚੈਂਪੀਅਨ' ਨਾਂ ਦਾ ਨਾਵਲ ਹੀ ਲਿਖ ਦਿੱਤਾ ਹੈ। ਨਾਮਵਰ ਸ਼ਾਇਰ ਪਾਸ਼ ਨੇ ਮਿਲਖਾ ਸਿੰਘ ਦੀ ਕਮਾਲ ਦੀ ਜੀਵਨ ਗਾਥਾ ਲਿਖੀ ਹੈ ਜਿਸਦੀ ਵਾਰਤਕ ਏਨੀ ਸ਼ਾਨਦਾਰ ਹੈ ਕਿ ਪਾਠਕ ਮਿਲਖਾ ਸਿੰਘ ਨਾਲ ਸਾਹੋ-ਸਾਹ ਹੋਇਆ ਦੌੜਨ ਲੱਗਦਾ ਹੈ। ਗੁਰਮੇਲ ਮਡਾਹੜ ਨੇ ਖੇਡ-ਕਹਾਣੀਆਂ ਲਿਖੀਆਂ ਹਨ ਤੇ ਸੰਸਾਰ ਦੀਆਂ ਪ੍ਰਸਿੱਧ ਖੇਡ ਕਹਾਣੀਆਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ। ਮੈਂ ਖ਼ੁਦ ਕਰਤਾਰ ਪਹਿਲਵਾਨ ਬਾਰੇ 'ਕੁਸ਼ਤੀ ਦਾ ਧਰੂਤਾਰਾ-ਕਰਤਾਰ ਸਿੰਘ' ਪੁਸਤਕ ਲਿਖੀ ਹੈ।

ਖਿਡਾਰੀਆਂ ਦਾ ਸਾਡੇ ਸਮਾਜ ਵਿਚ ਕਿੰਨਾ ਮਾਣ-ਸਤਿਕਾਰ ਹੈ, ਸਿਰਜਣਾਤਮਕ ਸਾਹਿਤ ਵਿਚੋਂ ਇਸਦਾ ਹਵਾਲਾ ਦੇਣ ਲਈ ਮੈਨੂੰ ਆਪਣੀ ਕਹਾਣੀ 'ਹੁਣ ਮੈਂ ਠੀਕ ਠਾਕ ਹਾਂ' ਦਾ ਹਵਾਲਾ ਦੇਣ ਦਾ ਲਾਲਚ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਦੋ-ਧਿਰੇ ਅਤਿਵਾਦ ਦੇ ਸਿਖਰਲੇ ਦਿਨ ਸਨ। 'ਖਾੜਕੂ ਮੁੰਡੇ' ਬਹਿਕ 'ਤੇ ਰਹਿੰਦੇ ਕਹਾਣੀ ਦੇ ਨਾਇਕ ਜੋਗਿੰਦਰ ਨੂੰ ਇਸ ਲਈ ਕਤਲ ਕਰਨ ਆਉਂਦੇ ਹਨ ਕਿ ਉਹ ਨੇ 'ਸਿੰਘਾਂ ਦਾ' ਕੁੱਤਾ ਮਾਰਨ ਦਾ 'ਹੁਕਮ ਨਹੀਂ ਸੀ ਮੰਨਿਆ।' ਪਰ ਉਹਨਾਂ ਦਾ ਆਗੂ ਪਛਾਣ ਜਾਂਦਾ ਹੈ ਕਿ ਜੋਗਿੰਦਰ ਤਾਂ ਕਬੱਡੀ ਦਾ ਉਹ ਮੰਨਿਆ-ਪ੍ਰਮੰਨਿਆ ਖਿਡਾਰੀ ਰਿਹਾ ਏ, ਜਿਸਨੂੰ ਉਹਨੇ ਬਚਪਨ ਵਿਚ ਖੇਡਦੇ ਵੇਖਿਆਸੀ ਤੇ ਉਹ ਬਚਪਨ ਤੋਂ ਹੀ ਦਿਲੋਂ ਜੋਗਿੰਦਰ ਨੂੰ ਆਪਣਾ ਨਾਇਕ ਸਮਝਦਾ ਰਿਹਾ ਸੀ। ਆਪਣੇ ਨਾਇਕ ਨੂੰ ਸਾਹਮਣੇ ਵੇਖ ਕੇ ਉਸ ਅੰਦਰੋਂ ਆਦਰ ਤੇ ਮੋਹ ਦਾ ਉਛਾਲ ਆਉਂਦਾ ਹੈ ਕਿ ਉਹ ਉਹਦੀ ਜਾਨ ਬਖ਼ਸ਼ਣ ਲਈ ਮਜਬੂਰ ਹੋ ਜਾਂਦੇ ਹਨ। ਖੇਡ ਦੇ ਮੈਦਾਨ ਦਾ ਨਾਇਕ, ਵੇਲੇ ਦੇ 'ਨਾਇਕ' ਬਣੇ ਫਿਰਦੇ ਮੁੰਡਿਆਂ ਦੀ ਸੋਚ 'ਤੇ ਭਾਰੀ ਪੈ ਗਿਆ ਸੀ।

ਸ਼ਹੀਦਾਂ-ਸੂਰਮਿਆਂ ਤੋਂ ਪਿੱਛੋਂ ਅਸਲ ਵਿਚ ਖੇਡਾਂ ਦੇ ਨਾਇਕ ਹੀ ਵੱਡੇ ਪੱਧਰ 'ਤੇ ਪੰਜਾਬੀ ਮਾਨਸਿਕਤਾ ਵਿਚ ਵੱਸੇ ਨਾਇਕਤਵ ਦਾ ਹਿੱਸਾ ਹਨ। ਸਾਡੇ ਰਾਹ ਦਰਸਾਵੇ ਤੇ ਸਾਡੇ ਪ੍ਰੇਰਨਾ-ਸਰੋਤ ਹਨ।

ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਸਾਡੇ ਸਿਰਜਣਾਤਮਕ ਸਾਹਿਤ (ਨਾਵਲ, ਨਾਟਕ, ਕਹਾਣੀ ਆਦਿ) ਵਿਚੋਂ ਬਹੁਤਾ ਸਾਹਿਤ ਜੀਵਨ ਵਿਚ ਵਿਆਪਕ ਉਦਾਸੀ ਤੇ ਨਿਰਾਸ਼ਾ ਨੂੰ ਜ਼ਬਾਨ ਦੇਣ ਵਾਲਾ ਹੈ। ਜ਼ਿੰਦਗੀ ਦੀ ਹਕੀਕਤ ਵੀ ਏਹੋ ਹੈ। ਹਾਲਾਤ ਹੀ ਅਜਿਹੇ ਹਨ ਕਿ ਦੁਖਾਂਤ ਬੰਦੇ ਦੀ ਜ਼ਿੰਦਗੀ ਦੀ ਹੋਣੀ ਹੋ ਨਿੱਬੜਦਾ ਹੈ। ਵਿਰੋਧੀ ਸਥਿਤੀਆਂ ਸਾਹਵੇਂ ਬੰਦੇ ਦੀ ਹਾਰ ਉਹਦਾ ਨਸੀਬ ਬਣ ਜਾਂਦੀ ਹੈ। ਜੇ ਕਿਤੇ ਸਿਰਜਣਾਤਮਕ ਸਾਹਿਤ ਵਿਚ ਪਾਤਰ ਦੇ ਸੁਪਨਿਆਂ ਦੀ ਜਿੱਤ ਦਾ ਬਿਰਤਾਂਤ ਸਿਰਜਿਆ ਦਿਖਾਈ ਵੀ ਦੇਵੇ ਤਾਂ ਉਸ ਰਚਨਾ 'ਤੇ ਹਕੀਕਤ ਤੋਂ ਦੂਰ 'ਪਰਚਾਰ ਕਰਨ ਵਾਲੀ' ਲਿਖਤ ਦਾ ਦੋਸ਼ ਲੱਗ ਜਾਂਦਾ ਹੈ। ਪਰ ਸਰਵਣ ਸਿੰਘ ਤੇ ਉਸਦੇ ਪੈਰੋਕਾਰਾਂ ਦੀ ਬਦੌਲਤ ਪੰਜਾਬੀ ਵਾਰਤਕ ਨੂੰ ਨਵਾਂ ਤੇਜ ਤੇ ਨਵੀਂ ਊਰਜਾ ਮਿਲੀ ਹੈ। 'ਖੇਡ ਸਾਹਿਤ' ਰਾਹੀਂ ਸਿਰਜੀ ਗਈ ਵਾਰਤਕ ਵਿਚ ਖੇਡ-ਨਾਇਕ ਜਿੱਤਦੇ ਵੀ ਹਨ, ਹਾਰਦੇ ਵੀ ਹਨ ਪਰ ਇਨ੍ਹਾਂ ਲਿਖਤਾਂ ਨੂੰ ਪੜ੍ਹਦਿਆਂ ਪਾਠਕ ਉਦਾਸ ਜਾਂ ਨਿਰਾਸ਼ ਨਹੀਂ ਹੁੰਦਾ। ਢੇਰੀ ਢਾਹ ਕੇ ਨਹੀਂ ਬਹਿੰਦਾ। ਉਹ ਖੇਡ-ਨਾਇਕ ਨਾਲ ਜੇ ਇਕ ਪਲ ਡਿੱਗਦਾ ਹੈ ਤਾਂ ਦੂਜੇ ਪਲ ਦੂਣੇ ਜ਼ੋਰ ਅਤੇ ਜੋਸ਼ ਨਾਲ ਨਵੀਂ ਲੜਾਈ ਲੜਨ ਲਈ ਮੁੜ ਉੱਠਦਾ ਵੀ ਹੈ। ਜੇ ਇੱਕ ਵਾਰ ਹਾਰ ਜਾਂਦਾ ਹੈ ਤਾਂ ਦੂਜੀ ਵਾਰ ਜਿੱਤਣ ਲਈ ਕਮਰਕੱਸੇ ਕਰ ਲੈਂਦਾ ਹੈ। ਪੰਜਾਬੀ ਦੇ ਸਿਰਜਣਾਤਮਕ ਸਾਹਿਤ ਦੇ ਸਮਾਨੰਤਰ ਖੇਡ-ਸਾਹਿਤ ਆਸ ਅਤੇ ਉਤਸ਼ਾਹ ਦਾ ਸਾਹਿਤ ਹੈ। ਇੰਜ ਖੇਡ-ਨਾਇਕ ਜ਼ਿੰਦਗੀ ਦੇ ਅਸਲ ਪ੍ਰੇਰਨਾ-ਸਰੋਤ ਬਣ ਕੇ ਨਾਇਕਤਵ ਦਾ ਇੱਕ ਨਵਾਂ ਆਭਾ-ਮੰਡਲ ਸਿਰਜਦੇ ਹਨ ਤੇ ਪਾਠਕ ਨੂੰ ਜ਼ਿੰਦਗੀ ਦੇ ਹੁਸਨ ਤੇ ਹਕੀਕਤ ਨਾਲ ਜੋੜੀ ਰੱਖਦੇ ਹਨ।

ਚੰਗਾ ਸਾਹਿਤ ਜਿੱਥੇ ਮਨੁੱਖ ਨੂੰ ਸਥਿਤੀਆਂ ਦੀ ਸਮਝ ਦਿੰਦਾ ਹੈ, ਪ੍ਰਤੀਕੂਲ ਹਾਲਾਤ ਨਾਲ ਲੜਨ ਦੀ ਪ੍ਰੇਰਨਾ ਦਿੰਦਾ ਹੈ, ਓਥੇ ਪਾਠਕ ਦਾ ਮਨੋਰੰਜਨ ਵੀ ਕਰਦਾ ਹੈ। ਖੇਡ-ਸਾਹਿਤ ਦੀ ਵਿਸ਼ੇਸ਼ਤਾ ਹੈ ਕਿ ਇਸ ਰਾਹੀਂ ਕੀਤਾ ਜਾਣ ਵਾਲਾ ਮਨੋਰੰਜਨ ਬੜਾ ਸਿਹਤਮੰਦ ਹੁੰਦਾ ਹੈ।


ਸਰਵਣ ਸਿੰਘ ਰੌਸ਼ਨੀ ਦਾ ਆਸ਼ਕ ਹੈ, ਕਾਲਖ ਦਾ ਵਣਜਾਰਾ ਨਹੀਂ। ਉਹ ਕਲਮ ਦੀ ਬੁਰਸ਼-ਛੁਹ ਨਾਲ ਮਨਾਂ ਨੂੰ ਲਬੇੜਨ ਵਾਲਾ ਨਹੀਂ ਸਗੋਂ ਮਨਾਂ ਦੀ ਮੈਲ ਧੋਣ ਵਾਲਾ ਲੇਖਕ ਹੈ। ਪਾਠਕ ਨੂੰ ਚਸਕਾ ਦੇਣ ਲਈ ਉਹ ਬਹੁਤ ਸਾਰੇ ਲੇਖਕਾਂ ਵਾਂਗ ਸ਼ਬਦਾਂ ਨੂੰ ਵਾਸ਼ਨਾ ਦੀ ਚਾਸ਼ਨੀ ਵਿਚ ਨਹੀਂ ਲਬੇੜਦਾ; ਸਸਤਾ ਤੇ ਸਤਹੀ ਮਨੋਰੰਜਨ ਕਰਨ ਲਈ ਕਾਮ-ਉਤੇਜਨਾ ਵਾਲੇ ਵਾਕ ਤੇ ਦ੍ਰਿਸ਼ ਨਹੀਂ ਸਿਰਜਦਾ। 'ਬਿਮਾਰ' ਦ੍ਰਿਸ਼ਟੀ ਦੀ ਥਾਂ ਉਸ ਨੇ 'ਸਿਹਤਮੰਦ' ਨਜ਼ਰ ਨਾਲ ਜੀਵਨ ਨੂੰ ਵੇਖਿਆ ਹੈ। ਉਹਦੀ ਇਸ ਨਜ਼ਰ ਤੇ ਕਲਮ ਦਾ ਕਮਾਲ ਹੀ ਹੈ ਕਿ ਉਸ ਤੋਂ ਪ੍ਰਭਾਵਤ ਹੋ ਕੇ ਦਰਜਨਾਂ ਨਵੇਂ ਖੇਡ ਲੇਖਕਾਂ ਦੀ ਹਸੰਦੜੀ-ਖਿਲੰਦੜੀ ਟੋਲੀ ਆਪਣੀਆਂ ਲਿਖਤਾਂ ਤੇ ਬੋਲਾਂ ਰਾਹੀਂ ਸਰਵਣ ਸਿੰਘ ਦੀਅਗਵਾਈ ਵਿਚ ਖੇਡੇ, ਖੁਸ਼ੀ, ਉਤਸ਼ਾਹ, ਉੱਦਮ ਤੇ ਚੜ੍ਹਦੀਕਲਾ ਦੇ ਗੀਤ ਗਾ ਰਹੀ ਹੈ ਜਦਕਿ ਪਿਛਲੇ ਕਈ ਸਾਲਾਂ ਤੋਂ ਸਾਡੇ ਲੇਖਕਾਂ ਦੀ ਇੱਕ ਟੋਲੀ 'ਦੇਹ-ਵਾਦ' ਅਤੇ ਮਨੁੱਖੀ ਅੰਦਰਲੇ ਨੂੰ 'ਫੋਲਣ' ਦੇ ਨਾਂ 'ਤੇ ਕੇਵਲ ਕਾਮ-ਕਿਰਿਆਵਾਂ ਦੇ ਦ੍ਰਿਸ਼ ਸਿਰਜ ਰਹੀ ਹੈ; ਸਨਸਨੀ ਪੈਦਾ ਕਰਨ ਲਈ ਕਾਮ-ਲਿੱਬੜੇ ਵਾਕ, ਵਾਕ-ਅੰਸ਼, ਅਵੈਧ ਲਿੰਗ-ਸਬੰਧਾਂ ਤੇ ਲਿੰਗ-ਅੰਗਾਂ ਦਾ ਖੁੱਲ੍ਹਾ ਜ਼ਿਕਰ-ਜ਼ਕਾਰ ਕਰਨ ਨੂੰ ਵੱਡੀ ਸਾਹਿਤਕਾਰੀ ਸਮਝ ਰਹੀ ਹੈ। ਅੰਦਰਲੇ ਗੰਦ ਨੂੰ ਫਰੋਲ ਕੇ 'ਬਾਹਰ ਸੁੱਟਣ' ਦੀ ਥਾਂ ਪਾਠਕਾਂ ਦੀ ਰੂਹ ਅਤੇ ਮੂੰਹ-ਮੱਥੇ 'ਤੇ ਮਲ਼ ਰਹੀ ਹੈ। ਪਰ ਸਰਵਣ ਸਿੰਘ ਤੇ ਉਹਦੇ ਸਾਥੀ ਲੇਖਕ 'ਕਾਗ' ਨਹੀਂ 'ਹੰਸ' ਹਨ। ਉਹ ਕੂੜਾ ਤੇ ਗੰਦ ਨਹੀਂ ਫੋਲਦੇ।

ਸਰਵਣ ਸਿੰਘ ਬਾਰੇ ਮੈਂ ਕਦੀ ਲਿਖਿਆ ਸੀ, ਉਹਦੀ ਹੰਸ-ਬੁੱਧ ਮੋਤੀਆਂ ਦੀ ਮੁਤਲਾਸ਼ੀ ਹੈ। ਗਾਰਗੀ ਦੀ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਵੀ ਉਹ ਗਾਰਗੀ ਤੋਂ ਕਿਤੇ ਵੱਖਰਅਤੇ ਵਿੱਥ 'ਤੇ ਖਲੋਤਾ ਹੈ; ਲਾਹੌਰ ਦੇ ਉੱਚੇ ਬੁਰਜ ਵਾਂਗ; ਜਿਸ ਦੇ ਹੇਠੋਂ ਸਿਰਜਣਾ ਦੇ ਭਰ-ਵਹਿੰਦੇ ਦਰਿਆ ਵਗਦੇ ਹਨ, ਜਿਨ੍ਹਾਂ ਦਾ ਪਾਣੀ ਰੂਹਾਂ ਨੂੰ ਸਿੰਜਦਾ, ਮਨਾਂ ਦੀਆਂ ਹਰਿਆਵਲਾਂ ਨੂੰ ਹੋਰ ਹਰੀਆਂ-ਭਰੀਆਂ ਕਰਦਾ, ਆਸਾਂ-ਉਮੀਦਾਂ ਦੇ ਬੂਟਿਆਂ ਨੂੰ ਨਵੇਂ-ਨਵੇਂ ਫਲ-ਫੁੱਲ ਲਾਉਂਦਾ, ਜ਼ਿੰਦਗੀ ਦੀ ਫ਼ਸਲ ਨੂੰ ਲਹਿਲਹਾਉਣ ਲਾ ਦਿੰਦਾ ਹੈ।

ਸਰਵਣ ਸਿੰਘ ਨੇ ਖੋਜੀ-ਬਿਰਤੀ ਨਾਲ ਦਰਜਨਾਂ ਖੇਡ-ਲੇਖਕਾਂ ਅਤੇ ਖੇਡ-ਲਿਖਤਾਂ ਨੂੰ ਲੱਭ ਕੇ, ਉਨ੍ਹਾਂ 'ਤੇ ਜੰਮੀ ਧੂੜ ਸਾਫ਼ ਕਰ ਕੇ ਉਨ੍ਹਾਂ ਨੂੰ ਮੁੜ ਤੋਂ ਸਾਡੇ ਚੇਤਿਆਂ ਵਿਚ ਲਿਸ਼ਕਣ ਲਾ ਦਿੱਤਾ ਹੈ। ਉਹਦਾ ਇਹ ਉੱਦਮ ਲਗਾਤਾਰ ਜਾਰੀ ਹੈ। ਪਹਿਲਾ ਪਰਾਗਾ 'ਸ਼ਬਦਾਂ ਦੇ ਖਿਡਾਰੀ' ਦੇ ਰੂਪ ਵਿਚ ਪਾਠਕਾਂ ਦੀ ਪਰ੍ਹੇ ਵਿਚ ਹਾਜ਼ਰ ਹੈ। ਦੂਜਾ ਤਿਆਰੀ ਅਧੀਨ ਹੈ ਤੇ ਫਿਰ ਸ਼ਾਇਦ ਤੀਜਾ ਤੇ ਚੌਥਾ ਵੀ। ਅਜਿਹੇ ਮੁੱਲਵਾਨ ਯਤਨ ਦੀ ਬਦੌਲਤ ਪੰਜਾਬੀ ਵਿਚ ਹੁਣ ਤਕ ਲਿਖਿਆ ਸਮੁੱਚਾ ਖੇਡ ਸਾਹਿਤ ਸੰਖੇਪ ਤੇ ਸੰਕੇਤਕ ਝਲਕਾਰਿਆਂ ਦੀ ਸ਼ਕਲ ਵਿਚ ਸਾਡੇ ਸਾਹਮਣੇ ਸੰਗਠਤ ਰੂਪ ਵਿਚ ਦੀਦਾਰ ਦੇਣ ਲੱਗੇਗਾ। ਸਾਡੀ ਅਰਦਾਸ ਹੈ ਕਿ ਸਰਵਣ ਸਿੰਘ ਦਾ ਇਹ ਉੱਦਮ ਜਾਰੀ ਰਹੇਤੇ ਉਹਦੀ ਕਲਮ ਦੀ ਦਰਿਆਈ ਰਵਾਨੀ ਹਮੇਸ਼ਾ ਰਵਾਂ ਰਹੇ।

# ਪਰਦੇਸਾਂ ਵਿਚ ਪੰਜਾਬੀ ਰੰਗਮੰਚ ਅਤੇ ਅਵਾਮ

ਕਲਾ ਪਰਿਕਰਮਾ



ਰੰਗਮੰਚ ਦੀ ਪਹੁੰਚ ਵੱਖਰੀ ਹੁੰਦੀ ਹੈ। ਰੰਗਮੰਚ ਇਹ ਦਾਅਵਾ ਵੀ ਕਰਦਾ ਹੈ ਕਿ ਇਹ ਖਿੱਤੇ, ਬੋਲੀ, ਪਹਿਰਾਵੇ ਤੋਂ ਉੱਪਰ ਉੱਠ ਕੇ ਵੀ ਆਪਣੇ ਦਰਸ਼ਕਾਂ ਨਾਲ ਜੁੜ ਸਕਦਾ ਹੈ ਕਿਉਂਕਿ ਕੋਈ ਦਰਸ਼ਕ ਭਾਸ਼ਾ ਨਾ ਸਮਝਦਾ ਹੋਇਆ ਵੀ ਰੰਗਮੰਚ ਨਾਲ ਜੁੜ ਜਾਂਦਾ ਹੈ। ਇਸ ਦਾ ਅਨੁਭਵ ਮੈਂ ਆਪਣੀ ਇੰਗਲੈਂਡ ਫੇਰੀ ਦੌਰਾਨ ਕਰ ਰਿਹਾ ਹਾਂ। ਅਦਾਕਾਰ ਦੀ ਸਰੀਰਕ ਭਾਸ਼ਾ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਬਿਆਨ ਕਰ ਜਾਂਦੀ ਹੈ ਜੋ ਸ਼ਬਦ ਵੀ ਸ਼ਾਇਦ ਬਿਆਨ ਨਾ ਕਰ ਸਕਣ। ਦਰਸ਼ਕ ਨੇ ਕੋਈ ਪ੍ਰਵਚਨ ਨਹੀਂ ਸੁਣਨਾ ਬਲਕਿ ਸ਼ਬਦਾਂ ਨੂੰ ਅਰਥਾਂ ਸਮੇਤ ਉਸ ਦ੍ਰਿਸ਼ ਦਾ ਸਾਰ ਪੇਸ਼ ਕਰਦਿਆਂ ਦੇਖਣਾ ਹੈ। ਅਦਾਕਾਰ ਦੇ ਹਾਵ ਭਾਵ ਉਸ ਕੋਲ ਵੱਡਾ ਹਥਿਆਰ ਹਨ। ਅਦਾਕਾਰ ਇਸ ਗੱਲ ਦੀ ਗਾਰੰਟੀ ਨਹੀਂ ਲੈ ਸਕਦਾ ਕਿ ਸਾਹਮਣੇ ਬੈਠੇ ਸਾਰੇ ਦਰਸ਼ਕ ਉਸ ਵੱਲੋਂ ਬੋਲੇ ਸ਼ਬਦ ਸਮਝਦੇ ਹੋਣ (ਭਾਵੇਂ ਬੋਲੀ ਆਪਣੀ ਹੀ ਹੋਵੇ!)... ਇੱਥੇ ਪੇਸ਼ ਕੀਤੇ ਨਾਟਕ ਦੇ ਅੰਤਿਮ ਦ੍ਰਿਸ਼ ਵਿਚ ਅਦਾਕਾਰ ਇੱਕ ਕਿੱਸਾ ਸੁਣਾਉਂਦਾ ਹੈ, 'ਸੱਪ ਕਈ ਦਿਨ ਮੈਨੂੰ ਕਣਤਾਉਂਦਾ ਰਿਹਾ... ਕਦੇ ਤੂੜੀ ਵਾਲੇ ਕੋਠੇ 'ਚ... ਕਦੀ ਡੰਗਰਾਂ ਵਾਲੇ ਵਾੜੇ 'ਚ... ਇੱਕ ਦਿਨ ਸੱਪ ਸਬਾਤ 'ਚ ਆ ਵੜਿਆ ਤੇ ਮੈਂ ਸੰਮਾਂ ਵਾਲੀ ਡਾਂਗ ਚੁੱਕ ਲਈ... ਸੱਪ ਦੀ ਸਿਰੀ ਫੇਂਹ ਦਿੱਤੀ।' ਉਸ ਤੋਂ ਬਾਅਦ ਸ਼ਬਦ ਨਹੀਂ ਹਨ, ਸਿਰਫ਼ ਦ੍ਰਿਸ਼ ਹੈ, ਸਰੀਰਕ ਕਿਰਿਆਵਾਂ ਤੇ ਹਾਵ ਭਾਵ ਹਨ। ਮੈਂ ਡਾਂਗ ਨਾਲ ਮਰਿਆ ਸੱਪ ਚੁੱਕਣ ਦਾ ਅਭਿਨੈ ਕਰਦਾ ਹਾਂ। ਦਰਸ਼ਕਾਂ ਵੱਲ ਦੇਖਦਾ ਹਾਂ। ਕਲਪਿਤ ਸੱਪ ਮੇਰੀਆਂ ਅੱਖਾਂ ਅਤੇ ਦਰਸ਼ਕਾਂ ਦੇ ਵਿਚਾਲੇ ਲਟਕ ਰਿਹਾ ਹੈ। ਲੈਸਟਰ ਦੇ ਸ਼ੋਅ ਦੌਰਾਨ ਉੱਥੋਂ ਦੀ ਐਮ.ਪੀ. ਕਲੌਡੀਆ ਸੱਪ ਦੇ ਡਰ ਨਾਲ ਆਉਣ ਵਾਲੇ ਸੁਭਾਵਿਕ ਪ੍ਰਤੀਕਰਮ ਦੇ ਤੌਰ 'ਤੇ ਝਟਕੇ ਨਾਲ ਆਪਣੀ ਬਾਂਹ ਚਿਹਰੇ ਅੱਗੇ ਲਿਆਉਂਦੀ ਹੈ ਤੇ ਅੱਖਾਂ ਢਕ ਲੈਂਦੀ ਹੈ। ਉਸ ਤੱਕਣੀ ਤੋਂ ਬਾਅਦ ਮੈਂ ਕਹਿਰ ਭਰੀਆਂ ਅੱਖਾਂ ਨਾਲ ਉਸ ਕੁਰਸੀ ਵੱਲ ਦੇਖਦਾ ਹਾਂ ਜਿਸ ਨੂੰ ਕਿਸਾਨ ਸਾਰੇ ਨਾਟਕ ਵਿਚ ਸੰਬੋਧਤ ਹੋ ਰਿਹਾ ਹੈ, ਫਿਰ ਦਰਸ਼ਕਾਂ ਵੱਲ ਦੇਖਦਾ ਹਾਂ, ਉਹ ਅੱਖਾਂ ਅੱਖਾਂ ਵਿਚ ਸਹਿਮਤੀ ਦਿੰਦੇ ਹਨ ਕਿ ਜੋ ਤੂੰ ਸੋਚ ਰਿਹਾ ਹੈ, ਸਹੀ ਹੈ!.. ਤੇ ਮੈਂ ਡਾਂਗ ਨੂੰ ਝਟਕਾ ਦਿੰਦਾ ਹਾਂ, ਜਿਵੇਂ ਸੱਪ ਕੁਰਸੀ ਵੱਲ ਵਗਾਹ ਕੇ ਮਾਰਿਆ ਹੋਵੇ। ਦਰਸ਼ਕ ਨੱਚ ਉੱਠਦੇ ਹਨ।



**ਡਾ. ਸਾਹਿਬ ਸਿੰਘ**
ਫੋਨ: +91-98880-11096

ਕਿਸਾਨ ਸੰਘਰਸ਼ ਕੌਮਾਂਤਰੀ ਪੱਧਰ 'ਤੇ ਪਛਾਣ ਕਾਇਮ ਕਰ ਚੁੱਕਾ ਹੈ। ਟਰੈਕਟਰ, ਟਰਾਲੀਆਂ, ਡਾਂਗਾਂ, ਪੱਗਾਂ, ਕੁੜਤੇ ਸੰਸਾਰ ਭਰ ਦੇ ਲੋਕਾਂ ਲਈ ਗੌਰਵਮਈ ਚਿੰਨ੍ਹ ਬਣ ਗਏ ਹਨ। ਜਦੋਂ ਰੰਗਮੰਚ ਉਸ ਚਿੰਨ੍ਹ ਨੂੰ ਆਪਣੀ ਕਲਾਤਮਕ ਤਾਕਤ ਸੰਗ ਗੁੰਨ੍ਹ ਕੇ ਪੇਸ਼ ਕਰਦਾ ਹੈ ਤਾਂ ਦਰਸ਼ਕ ਦੀ ਉਤਸੁਕਤਾ ਵਧ ਜਾਂਦੀ ਹੈ। ਇਸੇ ਲਈ ਅਫਰੀਕਨ ਮੂਲ ਦੀ ਕਲਾਡੀਆ ਨਾਟ ਪੇਸ਼ਕਾਰੀ ਮੌਕੇ ਦਸ ਮਿੰਟ ਦਾ ਭਰਪੂਰ ਭਾਸ਼ਨ ਦਿੰਦੀ ਹੈ, ਉਹ ਕਿਸਾਨ ਸੰਘਰਸ਼ ਨੂੰ ਇਤਿਹਾਸਕ ਦੱਸਦੀ ਹੈ, ਸੰਸਾਰ ਭਰ ਦੇ ਮਿਹਨਤਕਸ਼ ਲੋਕਾਂ ਲਈ ਪ੍ਰੇਰਨਾ ਸਰੋਤ ਦੱਸਦੀ ਹੈ ਤੇ ਨਾਟਕ ਦੌਰਾਨ ਹੰਝੂ ਵਹਾਉਂਦੀ ਹੈ।

ਵਿਦੇਸ਼ ਵਿਚ ਬੈਠੇ ਪੰਜਾਬੀਆਂ ਦੀ ਤੰਦ ਆਪਣੇ ਮੁਲਕ ਨਾਲ ਜੁੜੀ ਰਹਿੰਦੀ ਹੈ। ਉੱਥੇ ਵਾਪਰਦੀ ਹਰ ਘਟਨਾ ਨੂੰ ਉਹ ਗਹੁ ਨਾਲ ਵਾਚਦੇ ਹਨ ਤੇ ਉਹਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ। ਜਦੋਂ ਰੰਗਮੰਚ ਉਨ੍ਹਾਂ ਵਿਚਾਰਾਂ ਦੀ ਧੂਣੀ ਧੁਖਾਉਂਦਾ ਹੈ ਤਾਂ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਨਾਟਕ ਸਾਡੀ ਆਵਾਜ਼ ਬਣ ਕੇ ਗਰਜਿਆ ਹੈ। ਇਹ ਉਹ ਲੋਕ ਹਨ ਜਿਨ੍ਹਾਂ ਜ਼ਿੰਦਗੀ ਦਾ ਬੜਾ ਮੁਸ਼ਕਿਲ ਸੰਘਰਸ਼ ਕੀਤਾ ਹੈ। ਇਹ ਲੋਕ ਜਦੋਂ ਨਾਟਕ ਵੇਖਣ ਆਉਂਦੇ ਹਨ ਤਾਂ ਇਨ੍ਹਾਂ ਦੀ ਮਾਨਸਿਕ ਭੁੱਖ ਵੇਖਣ ਵਾਲੀ ਹੁੰਦੀ ਹੈ। ਇਹ ਕਾਹਲ ਨਹੀਂ ਕਰਦੇ, ਨਾਟਕ ਦੀ ਪੇਸ਼ਕਾਰੀ ਤੋਂ ਕਾਫ਼ੀ ਪਹਿਲਾਂ ਸਮੇਂ ਸਿਰ ਪਹੁੰਚਦੇ ਹਨ ਤੇ ਬਾਅਦ ਵਿਚ ਇਹ ਯਕੀਨੀ ਬਣਾਉਂਦੇ ਹਨ ਕਿ ਅਦਾਕਾਰ ਨੂੰ ਜੱਫੀ ਪਾ ਕੇ ਕੁਝ ਗੱਲਾਂ ਕਰਕੇ ਜਾਈਏ। ਉਹ ਪੰਜਾਬ ਬਾਰੇ ਪੁੱਛਦੇ ਹਨ, ਕਿਸਾਨ ਮੋਰਚੇ ਬਾਰੇ ਪੁੱਛਦੇ ਹਨ। ਸਰਕਾਰਾਂ ਬਾਰੇ ਪੁੱਛਦੇ ਹਨ। ਉਨ੍ਹਾਂ ਦੇ ਸਵਾਲਾਂ ਨੂੰ ਸੁਣਦਿਆਂ ਮੈਂ ਵੀ ਸਵਾਲ ਕਰਦਾ ਹਾਂ। ਰੰਗਮੰਚ ਸਵਾਲਾਂ ਦੇ ਆਦਾਨ ਪ੍ਰਦਾਨ ਦੀ ਕੜੀ ਬਣਦਾ ਹੈ।

ਨਾਟਕ 'ਸੰਮਾਂ ਵਾਲੀ ਡਾਂਗ' 2019 ਵਿਚ ਲਿਖਿਆ ਸੀ। ਵਿਚਾਰ ਸੀ ਕਿ ਕਿਸਾਨ ਦੀ ਜ਼ਿੰਦਗੀ ਦੇ ਵੱਖੋ ਵੱਖਰੇ ਪੱਖ ਉਜਾਗਰ ਕੀਤੇ ਜਾਣ। ਖ਼ੁਦਕੁਸ਼ੀਆਂ ਦੀ ਰੁੱਤੇ ਸੰਘਰਸ਼ ਵੀ ਨਾਲੋ-ਨਾਲ ਕਿਵੇਂ ਚੱਲ ਰਿਹਾ ਹੈ, ਇਸ ਦੀ ਥਾਹ ਪਾਈ ਜਾਵੇ। ਉਹ ਖ਼ੁਸ਼ੀਆਂ ਕਿਵੇਂ ਮਾਣਦਾ ਹੈ, ਦੁੱਖਾਂ ਦੇ ਪਹਾੜ ਕਿਵੇਂ ਜਰਦਾ ਹੈ, ਅੱਗੇ ਕਿਵੇਂ ਵਧਦਾ ਹੈ। ਸਮਾਜਕ, ਆਰਥਕ, ਸਿਆਸੀ ਤਬਦੀਲੀਆਂ ਨੂੰ ਆਤਮਸਾਤ ਕਿਵੇਂ ਕਰਦਾ ਹੈ। ਕਿਰਤ ਕਰਦਿਆਂ ਕਿਰਤ ਦੀ ਪਾਕੀਜ਼ਗੀ ਨੂੰ ਕਿੰਨਾ ਕੁ ਸਮਝਦਾ ਹੈ। ਮਸਲਿਆਂ ਦਾ ਹੱਲ ਕਿਵੇਂ ਕੱਢਦਾ ਹੈ। ਖੇਤਾਂ ਵਿਚ ਬੀਜੀ ਫ਼ਸਲ ਨੂੰ ਜੇ ਧੀਆਂ ਪੁੱਤ ਸਮਝਦਾ ਹੈ ਤਾਂ ਕਿਵੇਂ, ਇਹਦੇ ਪਿੱਛੇ ਸੱਚ ਕੀ ਹੈ। ਉਹਦਾ ਹਠ, ਸਿਰੜ, ਲਗਾਤਾਰਤਾ ਦਾ ਕੀ ਰਾਜ਼ ਹੈ, ਉਹ ਛੇਤੀ ਹਾਰਦਾ ਕਿਉਂ ਨਹੀਂ, ਪਰ ਫਿਰ ਵੀ ਪੀਂਘ ਪਾਉਣ ਵਾਲਾ ਰੱਸਾ ਗਲ ਵਿਚ ਕਿਉਂ ਤੇ ਕਦੋਂ ਪਾ ਲੈਂਦਾ ਹੈ... ਸੱਪਾਂ ਦੀਆਂ ਸਿਰੀਆਂ ਮਿੱਧਦਾ ਹੋਇਆ ਵੀ ਉਨ੍ਹਾਂ ਸੱਪਾਂ ਨੂੰ ਰੱਬ ਦਾ ਜੀਅ ਸਮਝ ਮੁਆਫ਼ੀ ਕਿਵੇਂ ਦਿੰਦਾ ਹੈ। ਜਦ ਸੱਪ ਉਸੇ ਨੂੰ ਡੱਸਣ ਆ ਜਾਵੇ ਤੇ ਘਰ (ਸਾਵੀਂ ਜ਼ਿੰਦਗੀ) ਵਿਚ ਆ ਵੜੇ ਤਾਂ ਉਸ ਦੀ ਸਿਰੀ ਫੇਹਣ ਲਈ ਡਾਂਗ ਕਿਵੇਂ ਚੁੱਕ ਲੈਂਦਾ ਹੈ। ਇਸ ਤਰ੍ਹਾਂ ਦੇ ਅਨੇਕਾਂ ਸਵਾਲਾਂ ਦੇ ਜਵਾਬ ਲੱਭਣ ਲਈ ਮੈਂ ਇਹ ਨਾਟਕ ਲਿਖਿਆ ਸੀ। ਸਵਾਲ ਕਰੜੇ ਸਨ। ਇਸੇ ਲਈ ਨਾਟਕ ਦਾ ਨਾਮ ਡਾਂਗ ਵਰਗਾ ਮਜ਼ਬੂਤ ਰੱਖਿਆ, ਪਰ ਨਾਟਕ ਦਾ ਪਿੰਡਾ ਕਦੇ ਸਖ਼ਤ, ਕਦੇ ਨਰਮ, ਕਦੇ ਡੋਲਦਾ, ਕਦੇ ਅੜਦਾ ਖੜ੍ਹਦਾ ਤੇ ਲਲਕਾਰਦਾ ਰੱਖਿਆ। ਨਤੀਜਾ ਸੁਆਦਲਾ ਤੇ ਤਸੱਲੀ ਵਾਲਾ ਨਿਕਲਿਆ। ਦਰਸ਼ਕ ਤੇ ਰੰਗਮੰਚ ਇਕਮਿਕ ਹੋ ਗਏ, ਫਿਰ ਦਰਸ਼ਕ ਪੰਜਾਬ ਵਿਚ ਵਸਦੇ ਹੋਣ ਜਾਂ ਸਮੁੰਦਰੋਂ ਪਾਰ। ਇਹ ਸਾਂਝ ਬਣੀ ਰਹੇ।



## ਅਫਰੀਕੀ ਆਗੂ ਕਲੌਡੀਆ ਅਤੇ ਪੰਜਾਬੀ ਨਾਟਕ

*ਕਿਸਾਨ ਸੰਘਰਸ਼ ਕੌਮਾਂਤਰੀ ਪੱਧਰ 'ਤੇ ਪਛਾਣ ਕਾਇਮ ਕਰ ਚੁੱਕਾ ਹੈ। ਟਰੈਕਟਰ, ਟਰਾਲੀਆਂ, ਡਾਂਗਾਂ, ਪੱਗਾਂ, ਕੁੜਤੇ ਸੰਸਾਰ ਭਰ ਦੇ ਲੋਕਾਂ ਲਈ ਗੌਰਵਮਈ ਚਿੰਨ੍ਹ ਬਣ ਗਏ ਹਨ। ਜਦੋਂ ਰੰਗਮੰਚ ਉਸ ਚਿੰਨ੍ਹ ਨੂੰ ਆਪਣੀ ਕਲਾਤਮਕ ਤਾਕਤ ਸੰਗ ਗੁੰਨ੍ਹ ਕੇ ਪੇਸ਼ ਕਰਦਾ ਹੈ ਤਾਂ ਦਰਸ਼ਕ ਦੀ ਉਤਸੁਕਤਾ ਵਧ ਜਾਂਦੀ ਹੈ। ਇਸੇ ਲਈ ਅਫਰੀਕਨ ਮੂਲ ਦੀ ਕਲਾਡੀਆ ਨਾਟ ਪੇਸ਼ਕਾਰੀ ਮੌਕੇ ਦਸ ਮਿੰਟ ਦਾ ਭਰਪੂਰ ਭਾਸ਼ਨ ਦਿੰਦੀ ਹੈ, ਉਹ ਕਿਸਾਨ ਸੰਘਰਸ਼ ਨੂੰ ਇਤਿਹਾਸਕ ਦੱਸਦੀ ਹੈ, ਸੰਸਾਰ ਭਰ ਦੇ ਮਿਹਨਤਕਸ਼ ਲੋਕਾਂ ਲਈ ਪ੍ਰੇਰਨਾ ਸਰੋਤ ਦੱਸਦੀ ਹੈ ਤੇ ਨਾਟਕ ਦੌਰਾਨ ਹੰਝੂ ਵਹਾਉਂਦੀ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਦਸੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-512



**ਮਦਰ ਆਫ਼ ਇੰਡੀਆ ਦੀ ਹੈ, ਸਹੀ ਪੇਸ਼ ਤਸਵੀਰ,**
**ਸਿਆਸੀ ਝੂਠੇ ਲਾਰੇ ਵਾਅਦੇ, ਨਾ ਬਦਲੀ ਤਕਦੀਰ।**
**ਤਾ-ਉਮਰ ਮੁਸ਼ੱਕਤਾਂ ਕਰ ਕੇ, ਰੋਟੀ ਤੋਂ ਪੇਟ ਹੈ ਖਾਲੀ,**
**ਗਰੀਬੀ ਮਾਰੇ ਆਦੀ ਵਾਸੀ, ਹੰਢਾਉਂਦੇ ਨੇ ਬਦਹਾਲੀ।**

## ਕੈਪਸ਼ਨ ਮੁਕਾਬਲਾ-510



ਬਥੇਰੇ ਖੇਡੇ ਨਾਲ ਬੰਟਿਆਂ,
ਹੁਣ ਇਹ ਕੰਮ ਮੁਕਾ ਦਿੱਤਾ।
ਰੰਗ-ਬਿਰੰਗੇ ਕਰ ਇਕੱਠੇ,
'ਊੜਾ' ਅਸਾਂ ਨੇ ਪਾ ਦਿੱਤਾ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਵਿਚ ਵਿਹੜੇ ਦੇ ਬੈਠਾ ਕਾਕਾ,
ਪੜ੍ਹਨ ਦਾ ਪੋਜ਼ ਬਣਾਇਆ,
ਹੱਥ ਜੋੜ ਕਰੇ ਅਰਦਾਸ ਉਹ,
ਬੰਟਿਆਂ ਦਾ ਊੜਾ ਪਾਇਆ।
ਹੇ ਬਾਬਾ ਜੀ! ਵਿੱਦਿਆ ਬਖਸ਼ੋ,
ਪੜ੍ਹ ਕੇ ਮੈਂ ਬਣਾ ਸਿਆਣਾ,
ਕਰੋ ਚੰਗੇ ਗੁਣਾਂ ਭਰਪੂਰ ਵੀ,
ਹੋਈਆਂ ਭੁੱਲਾਂ ਬਖਸ਼ਾਉਣਾ।
***-ਸੇਵਾ ਸਿੰਘ 'ਨੂਰਪੁਰੀ'***

---

ਮਾਤ ਭਾਸ਼ਾ 'ਚ ਸਿੱਖਿਆ ਦੇ ਮਹੱਤਵ ਨੂੰ
ਜਾਣੇ ਕੁਲ ਜਹਾਨ
ਅੰਗਰੇਜ਼ੀ ਸਕੂਲਾਂ ਦੇ ਲਾਣੇ ਨੇ,
ਸਾਡੀ ਮਾਂ ਬੋਲੀ ਦਾ ਕੀਤਾ ਬਹੁਤ ਨੁਕਸਾਨ,
ਹੋਰ ਭਾਸ਼ਾਵਾਂ ਸਿੱਖਣ ਤੋਂ ਨਹੀਂ ਮੁਨਕਰ,
ਵਿਚਾਰਾਂ ਦਾ ਸੌਖਾ ਹੋਵੇ ਆਦਾਨ-ਪ੍ਰਦਾਨ,
ਭੋਲੇ-ਭਾਲੇ ਬੱਚੇ ਕਹਿਣ
ਸਿਸਟਮ ਹੱਕਾਂ 'ਤੇ ਮਾਰੇ ਡਾਕਾ,
ਮਾਪਿਆਂ ਉਤੇ ਲਾਉਂਦੇ
ਸਵਾਲੀਆ ਨਿਸ਼ਾਨ।
ਪੰਜਾਬੀ ਮਾਂ ਬੋਲੀ 'ਚ ਸਿੱਖਿਆ,
ਪੰਜਾਬੀ ਪ੍ਰੇਮੀਆਂ ਦੀ,
ਰੂਹ ਵਿਚ ਪਾਉਂਦਾ ਜਾਨ।
***-ਅਮਰਜੀਤ ਸਿੰਘ ਤੂਰ,***
***ਕੁਲਬੁਰਛਾ***
***ਫੋਨ: 98784-69639***

---

ਜੰਮਦਿਆਂ ਬੱਚੇ ਦੇ ਦਿਮਾਗ 'ਚ
ਵਾੜ ਦਿਓ ਲਗਨ,
ਜ਼ਿਦ ਕਰੇ ਸਕੂਲੇ ਜਾ ਕੇ
ਪੰਜਾਬੀ ਸਿੱਖਣ ਦੀ।
ਦਾਬ ਦੱਬਣੀ ਪੈਂਦੀ ਬੂਟੇ ਲਈ,
ਪੀਡੀ ਜਕੜ ਹੋ ਸ਼ੁਰੂ ਊੜੇ-ਐੜੇ ਤੋਂ
ਪੋਚ ਪੋਚ ਫੱਟੀ, ਲਾ ਗਾਚਣੀ
ਖੁਸ਼ਖਤ ਇਮਲਾਹ ਲਿਖ ਕਲਮ ਨਾਲ,
ਸਵੈਮਾਣ ਪੈਦਾ ਹੁੰਦਿਆਂ
ਤਾਜ ਸਿਰ 'ਤੇ ਸਜ ਜਾਂਦਾ
ਘਰ ਘਰ ਪੂਰੇ ਸਮਾਜ 'ਚ
ਹੋ ਜਾਵੇ ਸ਼ੁਰੂ ਜੇ,
ਪੰਜ ਆਬਾਂ ਦੀ ਇਹ ਮਿੱਠੀ ਜ਼ਬਾਨ,
ਰਹੇਗੀ ਜ਼ਿੰਦਾ ਜਦ ਤਕ ਇਨਸਾਨ।
***-ਦਰਸ਼ਨ ਪਾਲ ਦੁਸਾਂਝ***

---

ਭੁਜੰਗੀ ਕਹਿੰਦਾ ਕੱਲ੍ਹ ਤੇ ਜ਼ਰੂਰ ਆਏਗਾ,
ਪਤਾ ਨਹੀਂ ਕੀ ਲਿਆਏਗਾ,
ਪਰ ਅੱਜ ਜੋ ਮਿਲਿਆ ਸਕੂਲ ਦਾ ਬਸਤਾ,
ਹੈ ਮੋਢਿਆਂ 'ਤੇ ਕਿਤਾਬਾਂ ਦਾ ਬੋਝ,
ਹੱਸਦੇ-ਹੱਸਦੇ ਜਾਵਾਂਗਾ ਪਰ
ਹੈ ਨਾ ਪਹਿਲਾ ਰੋਜ਼।
***-ਬੱਲਾ ਲਬਾਣਾ***
***ਫੋਨ: 848-235-8344***

---

ਊੜਾ ਤੇ ਜੂੜਾ, ਦੋਵੇਂ ਮੇਰੀ ਪਛਾਣ
ਜੇ ਨਾ ਸਾਂਭੇ ਦੋਵੇਂ,
ਫੇਰ ਹੋ ਜਾਣੈ ਨੁਕਸਾਨ।
ਇਨ੍ਹਾਂ ਦੀ ਖਾਤਰ, ਜੋ ਨੇ ਲੜਦੇ,
ਉਹ ਬੰਦੇ ਬੜੇ ਮਹਾਨ।
ਰੱਬ ਕਰੇ ਬਣੀ ਰਹੇ ਹਮੇਸ਼ਾ
ਊੜੇ ਤੇ ਜੂੜੇ ਦੀ ਸ਼ਾਨ
***-ਅੰਮ੍ਰਿਤ ਰੰਧਾਵਾ***

# ਜੂਝਦੇ ਪੰਜਾਬ ਦਾ ਜਾਬਰਾਂ ਨੂੰ ਜਵਾਬ...

***ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਨੇ ਬੜੇ ਉਤਰਾਅ-ਚੜ੍ਹਾਅ ਦੇਖੇ ਹਨ। ਇਸ ਦੇ ਨਾਲ ਹੀ ਇਸ ਨੇ ਬੜਾ ਕੁਝ ਬਦਲਿਆ ਵੀ ਹੈ। ਸਭ ਤੋਂ ਵੱਡੀ ਗੱਲ, ਇਸ ਨੇ ਮੋਦੀ ਸਰਕਾਰ ਦੀ ਹੈਂਕੜ ਭੰਨੀ ਹੈ ਅਤੇ ਮਿਸਾਲ ਪੈਦਾ ਕੀਤੀ ਹੈ ਕਿ ਏਕੇ ਦੀ ਕੰਧ ਉਸਾਰ ਕੇ ਸਿਰ 'ਤੇ ਚੜ੍ਹੀ ਆ ਰਹੀ ਹਨੇਰੀ ਨੂੰ ਵੀ ਡੱਕਿਆ ਜਾ ਸਕਦਾ ਹੈ। ਉਘੇ ਨਾਟਕਕਾਰ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਇਹ ਜ਼ਿਕਰ ਛੇੜਿਆ ਹੈ ਕਿ ਇਸ ਅੰਦੋਲਨ ਨੇ ਕਿਸ ਤਰ੍ਹਾਂ ਪੰਜਾਬ ਨੂੰ ਆਪਣੀ ਸ਼ਾਨ ਬਹਾਲ ਕਰਨ ਦਾ ਮੌਕਾ ਬਣਾਇਆ ਹੈ।***

ਵੱਡੀ ਇਤਿਹਾਸਕ ਜਿੱਤ ਪ੍ਰਾਪਤ ਕਰਨ ਵਾਲੇ ਕਿਸਾਨ ਸੰਘਰਸ਼ ਨੇ ਪੰਜਾਬ ਨੂੰ ਨਵੀਂ ਪਛਾਣ ਦਿੱਤੀ ਹੈ; ਪੰਜਾਬੀਆਂ ਦੀ ਉਹ ਪਛਾਣ ਜਿਸ ਨੂੰ ਪੰਜਾਬੀਆਂ ਦਾ ਦਿਲ ਕਈ ਦਹਾਕਿਆਂ ਤੋਂ ਤਾਂਘਦਾ ਅਤੇ ਉਸ ਦੀ ਕਲਪਨਾ ਕਰਦਾ ਸੀ ਪਰ ਜਿਹੜੀ ਪੰਜਾਬ ਦੇ ਦਿਸਹੱਦਿਆਂ ਤੋਂ ਬਹੁਤ ਦੂਰ ਦਿਸਦੀ ਸੀ। ਪੰਜਾਬੀ ਸਦੀਆਂ ਤੋਂ ਬਾਹਰ ਦੇ ਹਮਲਾਵਰਾਂ ਅਤੇ ਜਾਬਰਾਂ ਨਾਲ ਲੜਦੇ ਆਏ ਹਨ। ਸਿੱਖ ਗੁਰੂਆਂ ਨੇ ਪੰਜਾਬੀ ਸਮਾਜ ਨੂੰ ਸਮਾਜਕ ਬਰਾਬਰੀ ਅਤੇ ਅਨਿਆਂ ਨਾ ਸਹਿਣ ਦਾ ਅਜਿਹਾ ਸੰਦੇਸ਼ ਦਿੱਤਾ ਜਿਸ ਵਿਚ ਸਾਂਝੀਵਾਲਤਾ ਅਤੇ ਨਾਬਰੀ ਦੇ ਜਜ਼ਬੇ ਇਕਮਿੱਕ ਹੋ ਕੇ ਪੰਜਾਬੀਆਂ ਦੀ ਸਮੂਹਿਕ ਪਛਾਣ ਬਣ ਗਏ। ਬਸਤੀਵਾਦ ਦਾ ਲਿਤਾੜਿਆ ਪੰਜਾਬ 1947 ਵਿਚ ਵੰਡਿਆ ਗਿਆ। ਚੜ੍ਹਦਾ ਪੰਜਾਬ 1980ਵਿਆਂ ਦੇ ਸੰਤਾਪ ਵਿਚੋਂ ਲੰਘਦਿਆਂ



**ਸਵਰਾਜਬੀਰ**

ਉਦਾਸੀਨਤਾ ਦੇ ਅਜਿਹੇ ਦੌਰ ਵਿਚ ਦਾਖ਼ਲ ਹੋਇਆ ਜਿਸ ਵਿਚ ਨਸ਼ਿਆਂ ਦੇ ਫੈਲਾਉ, ਬੇਰੁਜ਼ਗਾਰੀ, ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਅਤੇ ਰਿਸ਼ਵਤਖੋਰੀ ਨੇ ਉਸ (ਪੰਜਾਬ) ਦੇ ਸਰੀਰ 'ਤੇ ਡੂੰਘੇ ਪੱਛ ਲਾਏ।

2020 ਦੇ ਸ਼ੁਰੂਆਤੀ ਮਹੀਨਿਆਂ ਵਿਚ ਕੋਵਿਡ ਦੀ ਮਹਾਮਾਰੀ ਅਤੇ ਅਚਾਨਕ ਹੋਈ ਤਾਲਾਬੰਦੀ ਨੇ ਲੋਕਾਂ ਨੂੰ ਮਾਯੂਸੀ ਦੇ ਡੂੰਘੇ ਆਲਮ ਵਿਚ ਧੱਕ ਦਿੱਤਾ ਸੀ। ਮਾਯੂਸੀ ਦਾ ਇਹ ਆਲਮ ਸਿਰਫ਼ ਪੰਜਾਬੀਆਂ ਦੇ ਸਿਰ ਨਹੀਂ ਸੀ ਢੁੱਕਿਆ ਸਗੋਂ ਸਾਰੇ ਦੇਸ਼ ਦਾ ਨਸੀਬ ਬਣ ਗਿਆ। ਇਹ ਉਹ ਸਮਾਂ ਸੀ ਜਦ ਦੇਸ਼ ਵਾਸੀਆਂ ਨੂੰ ਹਜੂਮੀ ਹਿੰਸਾ ਦੀਆਂ ਖ਼ਬਰਾਂ ਹੈਰਾਨ ਨਹੀਂ ਸਨ ਕਰਦੀਆਂ ਅਤੇ ਦੇਸ਼ ਦੀਆਂ ਵੱਡੀਆਂ ਯੂਨੀਵਰਸਿਟੀਆਂ (ਜਵਾਹਰਲਾਲ ਨਹਿਰੂ ਯੂਨੀਵਰਸਿਟੀ, ਜਾਮੀਆ ਮਿਲੀਆ ਯੂਨੀਵਰਸਿਟੀ ਆਦਿ) ਵਿਚ ਗੁੰਡਿਆਂ ਅਤੇ ਪੁਲਿਸ ਦਾ ਆਤੰਕ ਆਪਣੇ ਪੰਜੇ ਫੈਲਾ ਚੁੱਕਾ ਸੀ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ ਤੋਂ ਉੱਠੇ ਅੰਦੋਲਨ ਨੂੰ ਕੁਚਲ ਦਿੱਤਾ ਗਿਆ ਸੀ ਅਤੇ ਇਸ ਅੰਦੋਲਨ ਦੇ ਆਗੂਆਂ ਨੂੰ ਫਰਵਰੀ 2020 ਵਿਚ ਦਿੱਲੀ ਵਿਚ ਹੋਈ ਹਿੰਸਾ ਲਈ ਜ਼ੁੰਮੇਵਾਰ ਠਹਿਰਾਉਂਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਸਮਿਆਂ ਦਾ ਮਾਹੌਲ ਕੁਝ ਇਸ ਤਰ੍ਹਾਂ ਦਾ ਸੀ :

ਹੁਣ ਦੁਮੇਲਾਂ ਤੋਂ ਕੁਝ ਨਾ ਉਦੈ ਹੁੰਦਾ  
ਜਾਦੂ ਸ਼ਾਮਾਂ 'ਤੇ ਕਿਸੇ ਦਾ ਛਾਉਂਦਾ ਨਾ  
ਚਿਹਰਿਆਂ ਉੱਤੇ ਰਾਜ ਪੱਤਝੜਾਂ ਦਾ  
ਫ਼ਸਲ ਹਾਸਿਆਂ ਦੀ ਕੋਈ ਲਾਉਂਦਾ ਨਾ  
ਤੁਰਦੇ ਬੱਦਲਾਂ ਦੀ ਸੱਜਰੀ ਛਾਂ ਹੇਠਾਂ  
ਮੰਜਾ ਸੱਜਣ ਕੋਈ ਆਪਣਾ ਡਾਹੁੰਦਾ ਨਾ

ਉਨ੍ਹਾਂ ਸਮਿਆਂ ਵਿਚ ਹੀ ਸਿਆਸੀ ਜਮਾਤ ਨੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਵਰਗਾਂ ਦੇ ਲੋਕਾਂ 'ਤੇ ਹਮਲੇ ਤੇਜ਼ ਕੀਤੇ। ਚਾਰ ਕਿਰਤ ਕੋਡ ਬਣਾ ਕੇ ਸਨਅਤੀ ਮਜ਼ਦੂਰਾਂ ਦੇ ਹੱਕ ਸੀਮਤ ਕਰ ਦਿੱਤੇ ਗਏ ਅਤੇ 5 ਜੂਨ 2020 ਨੂੰ ਆਰਡੀਨੈਂਸ ਜਾਰੀ ਕਰਕੇ ਖੇਤੀ ਖੇਤਰ ਨੂੰ ਕਾਰਪੋਰੇਟ ਅਦਾਰਿਆਂ ਨੂੰ ਸੌਂਪਣ ਦਾ ਰਾਹ ਪੱਧਰਾ ਕੀਤਾ ਗਿਆ। ਉਪਰਾਮਤਾ ਸਮੇਂ ਦਾ ਚਿੰਨ੍ਹ ਬਣ ਗਈ:

ਹੁਣ ਰਾਤ ਹੈ ਹੈਂਕੜੀ ਤੁਰੀ ਫਿਰਦੀ  
ਪੱਲੇ ਚਾਂਦਨੀ ਦੀ ਨਾ ਚਿੱਪ ਹੁੰਦੀ  
ਹੁਣ ਤਾਰਿਆਂ ਕੋਲੋਂ ਨਾ ਹੱਸ ਹੁੰਦਾ  
ਬੁੱਲ੍ਹਾਂ 'ਤੇ ਮੁਸਕਾਨ ਨਾ ਲਿੱਪ ਹੁੰਦੀ  
ਜਿੱਥੇ ਛਾਂ ਮੰਗੀਏ, ਉਥੇ ਨਾ ਛਾਂ ਮਿਲਦੀ  
ਡਾਢੇ ਅੰਬਰਾਂ ਕੋਲ ਨਾ ਧੁੱਪ ਹੁੰਦੀ  
ਬੋਲ ਭਰੇ ਨੇ ਗਿੱਦੜ-ਰੌਲਿਆਂ ਨਾਲ  
ਸੰਸਿਆਂ ਨਾਲ ਪਈ ਭਾਰੀ ਚੁੱਪ ਹੁੰਦੀ।

ਬੋਲਣਾ ਤੇ ਚੁੱਪ ਰਹਿਣਾ ਦੋਵੇਂ ਮੁਸ਼ਕਿਲ ਹੋ ਗਏ ਸਨ। ਉਸ ਸਮੇਂ ਇਉਂ ਲੱਗਦਾ ਸੀ ਜਿਉਂ ਵੇਲੇ ਦੇ ਪੈਰ ਥਿੜਕ ਰਹੇ ਹੋਣ; ਲੋਕਾਈ ਦੀ ਆਤਮਾ ਕੋਹੀ ਜਾ ਰਹੀ ਸੀ, ਪ੍ਰੇਸ਼ਾਨ ਸੀ; ਇਉਂ ਲੱਗਦਾ ਸੀ ਜਿਵੇਂ ਉਹ ਸਮਿਆਂ ਨੂੰ ਇਹ ਸਵਾਲ ਕਰ ਰਹੀ ਹੋਵੇ:

ਦਰਦ ਕੀਹਦੀਆਂ ਅੱਖਾਂ ਦੀ ਲਾਲੀ ਹੈ  
ਪਿਆਰ ਕੀਹਦੇ ਹੋਠਾਂ ਤੇ ਜੜ੍ਹਾਂ ਲੈਂਦਾ ਸਾਗਰ  
ਗਰਦਿਸ਼ ਦੀ ਪੈੜ ਦਾ ਕੀਹਨੂੰ ਪਤਾ ਹੈ  
ਭੁੱਖ ਨਾਲ ਜ਼ਖ਼ਮੀ ਖੇਤਾਂ ਲਈ  
ਕੀਹਦੇ ਕੋਲ ਹੈ  
ਉਮੰਗਾਂ ਦੀ ਮਲ੍ਹਮ  
ਕੀਹਨੂੰ ਆਉਂਦਾ ਹੈ  
ਝੱਖੜ ਦੀਆਂ ਨੀਹਾਂ 'ਤੇ  
ਘਰ ਬਣਾਉਣ ਦਾ ਵੱਲ?

ਝੱਖੜਾਂ ਦੀਆਂ ਨੀਹਾਂ 'ਤੇ ਘਰ ਬਣਾਉਣਾ ਜਾਣਦੇ ਪੰਜਾਬ ਦੇ ਕਿਸਾਨਾਂ ਨੇ ਖੇਤੀ ਆਰਡੀਨੈਂਸਾਂ (ਜੋ ਬਾਅਦ ਵਿਚ ਕਾਨੂੰਨ ਬਣ ਗਏ) ਦੇ ਕਿਸਾਨ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਖ਼ਾਸੇ ਨੂੰ ਪਛਾਣਿਆ ਅਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਆਰਡੀਨੈਂਸਾਂ ਵਿਰੁੱਧ ਲੜਾਈ ਦਾ ਬਿਗਲ ਵਜਾਇਆ। ਪੰਜਾਬ ਦੇ ਕਿਸਾਨਾਂ ਦੀ ਆਵਾਜ਼ ਨੇ ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ ਅਤੇ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਨੂੰ ਜਾਗਰੂਕ ਕੀਤਾ ਅਤੇ ਕਿਸਾਨ ਜਥੇਬੰਦੀਆਂ ਨੇ 26 ਨਵੰਬਰ 2020 ਨੂੰ ਦਿੱਲੀ ਜਾਣ ਦਾ ਸੱਦਾ ਦਿੱਤਾ। ਉਸ ਵੇਲੇ ਮੌਜੂਦਾ ਕੇਂਦਰ ਸਰਕਾਰ ਨਾਲ ਖੁੱਲ੍ਹੀ ਟੱਕਰ ਲੈਣ ਬਾਰੇ ਸੋਚਣਾ ਬਹੁਤ ਮੁਸ਼ਕਿਲ ਸੀ ਪਰ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੀਆਂ ਰੂਹਾਂ ਵਿਚ ਆਇਆ ਤੂਫ਼ਾਨ ਸਭ ਹੱਦਾਂ-ਬੰਨੇ ਤੋੜ ਕੇ ਦਿੱਲੀ ਦੀਆਂ ਹੱਦਾਂ 'ਤੇ ਪਹੁੰਚ ਗਿਆ ਅਤੇ ਉਨ੍ਹਾਂ ਨੇ ਸਿੰਘੂ ਅਤੇ ਟਿੱਕਰੀ ਵਿਚ ਜਾ ਡੇਰੇ ਲਾਏ:



ਏਥੇ ਗਗਨ ਦਮਾਮਾ ਵੱਜਿਆ ਜਦ  
ਉਸ ਵੇਲੇ ਪਏ ਉਹ ਪੰਧ ਮੀਆਂ।  
ਚਿੜੀਆਂ ਚੂਕੀਆਂ ਰੂਹ ਦੇ ਅੰਬਰਾਂ ਵਿਚ  
ਟੱਪ ਗਏ ਹਰ ਫਾਹੀ ਤੇ ਫੰਦ ਮੀਆਂ।  
ਡੇਰੇ ਟਿੱਕਰੀ ਸਿੰਘੂ 'ਤੇ ਜਾ ਲਾਏ  
ਤੁਰੀਆਂ ਮਾਵਾਂ-ਭੈਣਾਂ ਭਾਈਬੰਦ ਮੀਆਂ।  
ਚਾਦਰ ਹਿੰਦ ਦੀ ਮੁੜ ਬੁਣਨੇ ਨੂੰ  
ਕੱਢੀ ਤੰਦਾਂ 'ਚੋਂ ਉਨ੍ਹਾਂ ਨੇ ਤੰਦ ਮੀਆਂ।  
ਥਾਂ ਥਾਂ 'ਤੇ ਸਾਂਝ ਦੀ ਰੁੱਤ ਮੌਲੀ  
ਵਣ ਕੰਬਿਆ ਚਮਕਿਆ ਚੰਦ ਮੀਆਂ।  
ਉਨ੍ਹਾਂ ਜਾ ਵੰਗਾਰਿਆ ਜਾਬਰਾਂ ਨੂੰ  
ਮੂੰਹੋਂ ਬੋਲ ਕੇ ਪ੍ਰੇਮ ਦੇ ਛੰਦ ਮੀਆਂ।

ਇਹ ਸਫ਼ਰ ਪ੍ਰੇਮ ਦਾ ਸਫ਼ਰ ਸੀ ਜਿਸ ਵਿਚ ਸਾਂਝੀਵਾਲਤਾ ਅਤੇ ਭਾਈਚਾਰੇ ਦੇ ਜਜ਼ਬੇ ਮੌਲੇ। ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ; ਇਨ੍ਹਾਂ ਸ਼ਬਦਾਂ ਦੇ ਅਰਥ ਬਹੁਤ ਵੱਡੇ ਹਨ; ਗੁਰੂ ਨਾਨਕ ਦੇਵ ਜੀ ਦੁਆਰਾ ਬਾਬਰ ਦੇ ਹਮਲੇ ਦੌਰਾਨ ਬੋਲੇ ਗਏ ਸ਼ਬਦਾਂ ''ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ''॥ ਨਾਲ ਜੁੜਦੇ ਹੋਏ। ਲੋਕਾਈ ਦੀ ਚਾਦਰ ਨੂੰ ਬੁਣਨ ਲਈ ਜਾਬਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਅੰਦੋਲਨ ਨੇ ਵੀ ਇਹੀ ਕੀਤਾ। ਇਸ ਅੰਦੋਲਨ ਵਿਚ ਪੰਜਾਬ ਦੇ ਕਲਾਕਾਰਾਂ, ਗਾਇਕਾਂ, ਰੰਗਕਰਮੀਆਂ, ਲੇਖਕਾਂ, ਵਿਦਿਆਰਥੀਆਂ ਤੇ ਨੌਜਵਾਨਾਂ ਨੇ ਵੱਡਾ ਹਿੱਸਾ ਪਾਇਆ। ਕਿਸਾਨਾਂ ਨੂੰ ਹੋਰ ਵਰਗਾਂ ਦੇ ਲੋਕਾਂ ਤੋਂ ਹਮਾਇਤ ਹਾਸਲ ਹੋਈ ਪਰ ਮੁੱਖ ਤੌਰ 'ਤੇ ਇਹ ਅੰਦੋਲਨ ਕਿਸਾਨਾਂ ਦੀ ਹਿੰਮਤ, ਹੌਸਲੇ, ਸਬਰ, ਸਿਦਕ, ਸਿਰੜ ਤੇ ਜੇਰੇ ਦੀ ਬੁਨਿਆਦ 'ਤੇ ਉੱਸਰਿਆ। ਔਰਤਾਂ ਨੇ ਇਸ ਅੰਦੋਲਨ ਵਿਚ ਬੇਮਿਸਾਲ ਭੂਮਿਕਾ ਨਿਭਾਈ। ਇਨ੍ਹਾਂ ਸਭ ਨੇ ਕੁਝ ਇਸ ਤਰ੍ਹਾਂ ਦਾ ਕੀਤਾ:

ਉਨ੍ਹਾਂ ਬੰਨ੍ਹ ਲਿਆ ਖੱਫ਼ਣ ਪਾਣੀਆਂ ਦਾ  
ਮਿੱਟੀ ਆਪਣੀ ਸ੍ਵਾਵੇਂ ਜਾ ਖੜ੍ਹੇ ਹੋਏ  
ਲੀਰੋ ਲੀਰ ਝੱਗੇ ਪੱਗਾਂ ਪਾਟੀਆਂ ਸਨ  
ਨਗੀਨੇ ਪਰ ਜਾਂਬਾਜ਼ੀ ਤੇ ਜੜੇ ਹੋਏ  
ਲਿਆ ਚੁੱਲ੍ਹਿਆਂ ਤੋਂ ਸੇਕ ਤੇ ਤਾਅ ਸਾਰਾ  
ਤੂਫ਼ਾਨ ਸਨ ਸਾਹਵਾਂ ਦੇ ਚੜ੍ਹੇ ਹੋਏ  
ਉਹ ਅੱਗ ਦੇ ਹਰਫ਼ਾਂ ਦਾ ਹਲਫ਼ ਹੈ ਸਨ  
ਤੇ ਇਬਾਰਤ ਖੇਤਾਂ ਦੀ ਪੜ੍ਹੇ ਹੋਏ।

ਖੇਤਾਂ ਦੀ ਇਬਾਰਤ ਪੜ੍ਹੇ ਹੋਏ ਕਿਸਾਨਾਂ ਦੇ ਇਸ ਅੰਦੋਲਨ ਸਦਕਾ ਪੰਜਾਬ ਵਿਚ ਜਿਊਣ ਵਿਚ ਯਕੀਨ ਕਰਨ ਤੇ ਸੁਪਨੇ ਲੈਣ ਦਾ ਚੰਬਾ ਫਿਰ ਮਹਿਕਿਆ। ਪਰਵਾਸ ਅਜੇ ਵੀ ਪੰਜਾਬੀਆਂ ਦਾ ਸੁਪਨਾ ਹੈ ਪਰ ਹੁਣ ਪੰਜਾਬੀਆਂ ਨੂੰ ਇਹ ਵੀ ਪਤਾ ਹੈ ਕਿ ਅਸਲੀ ਲੜਾਈ ਆਪਣੀ ਧਰਤੀ 'ਤੇ ਲੜਨੀ ਪੈਣੀ ਹੈ। ਉਹ ਜਾਣਦੇ ਹਨ ਕਿ:

ਝਨਾਂ ਹੋਵੇ ਜਾਂ ਸਤਲੁਜ ਦਾ ਕੰਢਾ  
ਕਈ ਵਾਰ ਯਾਰੋ ਮਰਨਾ ਪੈਂਵਦਾ ਏ  
ਮੰਗਣੀ ਪੈਂਦੀ ਅੱਗ ਚੇਤਿਆਂ ਤੋਂ  
ਭਲਕ ਦੀ ਚੁੱਪ ਵਿਚ ਸੜਨਾ ਪੈਂਵਦਾ ਏ  
ਰਾਹ ਰਣਭੂਮੀ ਦਾ ਕੋਈ ਦੱਸਦਾ ਨਾ  
ਰਾਹ ਆਪੇ ਉਹ ਫੜਨਾ ਪੈਂਵਦਾ ਏ  
ਰਾਹ ਫੜ ਲਈਏ ਤੋਰ ਮਟਕਾਅ ਲਈਏ  
ਰਾਹਵਾਂ ਵਿਚ ਰਾਤਾਂ ਨੂੰ ਤਰਨਾ ਪੈਂਵਦਾ ਏ

ਆਪਣੀਆਂ ਮੰਜ਼ਿਲਾਂ ਤਕ ਪਹੁੰਚਣ ਲਈ ਪੰਜਾਬੀ ਮੁਸ਼ਕਿਲਾਂ ਤੇ ਤਕਲੀਫ਼ਾਂ ਦੀਆਂ ਝਨਾਵਾਂ ਤਰਦੇ ਆਏ ਹਨ। ਉਨ੍ਹਾਂ ਨੂੰ ਆਪਣੇ ਅਕੀਦੇ 'ਤੇ ਯਕੀਨ ਹੋਵੇ ਤਾਂ ਉਹ ਕੱਚੇ ਘੜਿਆਂ 'ਤੇ ਵੀ ਦਰਿਆਵਾਂ ਵਿਚ ਕੁੱਦ ਜਾਂਦੇ ਹਨ। ਰਾਹ ਤੇ ਮੰਜ਼ਿਲ ਦੇ ਸਹੀ ਹੋਣ ਦੇ ਯਕੀਨ ਦੀ ਅੱਗ ਕੱਚੇ ਘੜਿਆਂ ਨੂੰ ਵੀ ਪੱਕੇ ਕਰ ਦਿੰਦੀ ਹੈ ਤੇ ਕੁਝ ਅਜਿਹਾ ਹੀ ਇਸ ਅੰਦੋਲਨ ਨਾਲ ਵਾਪਰਿਆ।

***ਕਿਸਾਨ ਸੰਘਰਸ਼ ਜੇਤੂ ਹੋਇਆ ਹੈ। ਇਸ ਦੀਆਂ ਪ੍ਰਾਪਤੀਆਂ ਵੱਡੀਆਂ, ਬਹੁਪਰਤੀ ਅਤੇ ਅਰਥ-ਭਰਪੂਰ ਹਨ ਪਰ ਦੇਸ਼ ਦੇ ਮਿਹਨਤਕਸ਼ਾਂ ਦੀ ਵੱਡੀ ਲੜਾਈ ਅਜੇ ਬਾਕੀ ਹੈ; ਇਹ ਸੰਘਰਸ਼ ਉਸ ਜਮਹੂਰੀ ਲੜਾਈ ਦੀ ਭੂਮਿਕਾ ਹੈ। ਦੇਸ਼ ਦੀਆਂ ਜਮਹੂਰੀ ਸ਼ਕਤੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਨੇ ਇਸ ਸੰਘਰਸ਼ ਦੀ ਲੋਅ ਵਿਚ ਆਪਣੇ ਭਵਿੱਖ ਦੀ ਲੜਾਈ ਲੜਨੀ ਹੈ।***

ਇਸ ਅੰਦੋਲਨ ਨੂੰ ਕਈ ਪੱਖਾਂ ਤੋਂ ਭੰਡਣ ਦੀ ਕੋਸ਼ਿਸ਼ ਕੀਤੀ ਗਈ। ਇਸ ਨੂੰ ਕਦੇ ਖਾਲਿਸਤਾਨੀ, ਕਦੇ ਅਤਿਵਾਦੀ ਅਤੇ ਕਦੇ ਨਕਸਲਵਾਦੀ ਕਿਹਾ ਗਿਆ। 26 ਜਨਵਰੀ 2021 ਨੂੰ ਵੀ ਕੁਝ ਤੱਤਾਂ ਨੇ ਇਸ ਸ਼ਾਂਤਮਈ ਅੰਦੋਲਨ ਨੂੰ ਲੀਹਾਂ ਤੋਂ ਲਾਹੁਣ ਦੀ ਕੋਸ਼ਿਸ਼ ਕੀਤੀ। ਫ਼ਿਰਕਾਪ੍ਰਸਤ ਅਤੇ ਵੰਡ-ਪਾਊ ਸਿਆਸਤ ਕਿਸਾਨ ਅੰਦੋਲਨ ਨੂੰ ਜ਼ਰਬ ਇਸ ਲਈ ਨਹੀਂ ਪਹੁੰਚਾ ਸਕੀ ਕਿਉਂਕਿ:

ਜੇਸ ਕੋਲ ਹੋਵੇ ਜਿਹੋ ਜਿਹਾ ਸੂਰਜ  
ਓਹੋ ਜਿਹਾ ਹੀ ਓਸ ਦਾ ਸੁਫ਼ਨ ਹੁੰਦਾ  
ਓਨੇ ਲੰਮੇ ਹੀ ਓਸ ਦੇ ਸਫ਼ਰ ਹੁੰਦੇ  
ਜੇਰਾ ਓਸਦਾ ਕਦੇ ਨਾ ਦਫ਼ਨ ਹੁੰਦਾ  
ਰਣਭੂਮੀ 'ਚੋਂ ਕੋਈ ਨਾ ਪਰਤ ਸਕਦਾ  
ਪਾਣੀ ਪੀਣ ਲਈ ਵੀ ਨਾ ਰੁਕਣ ਹੁੰਦਾ  
ਅੱਗ ਜੀਣ ਦੀ ਜੇ ਸਹੇੜ ਲਈਏ  
ਸਾਰੀ ਉਮਰ ਫੇਰ ਓਸ 'ਚ ਧੁਖਣ ਹੁੰਦਾ।

ਸਿਰ ਉੱਚਾ ਕਰ ਕੇ ਜਿਊਣ ਦੀ ਅੱਗ ਵਿਚ ਧੁਖ਼ ਰਹੇ ਇਨ੍ਹਾਂ ਕਿਸਾਨਾਂ ਨੂੰ ਪਰਿੰਦੇ ਤੇ ਉਨ੍ਹਾਂ ਦੇ ਸੰਘਰਸ਼ ਨੂੰ ਪਰਵਾਜ਼ ਦੇ ਬਿੰਬਾਂ ਰਾਹੀਂ ਚਿਤਰਿਆ ਗਿਆ ਤਾਂ ਇਸ ਸੰਘਰਸ਼ ਦੇ ਨਕਸ਼ ਕੁਝ ਏਦਾਂ ਦੇ ਬਣੇ:

ਪਰਿੰਦੇ  
ਤਲੀਆਂ ਤੋਂ ਚੁਗ਼ਦੇ ਨੇ ਚੋਗ  
ਦਰਿਆਵਾਂ ਤੋਂ ਲੈਂਦੇ ਦੁੱਖਾਂ ਦੀ ਸਾਰ  
ਖੇਤਾਂ 'ਚੋਂ ਧਾਰਦੇ ਨੇ ਜੋਗ  
ਉੱਡਣਾ ਕੀ ਹੈ  
ਅੰਬਰ ਨੂੰ ਜਾਗਦੇ ਰੱਖਣਾ  
ਧਰਤੀ ਦੀ ਨੀਂਦ ਨੂੰ ਸੁਫ਼ਨੇ ਦੇਣਾ  
ਮਸ਼ਾਲ ਮਸ਼ਾਲ ਹੋਇਆ ਜਨੂੰਨ ਹੈ  
ਜਾਂ ਲੜਦਾ ਹੋਇਆ ਸਕੂਨ ਹੈ?  
ਉੱਡਣਾ ਆਰੰਭ ਹੈ,  
ਇਨ੍ਹਾਂ ਦਾ।  
ਉੱਡਣਾ ਅਖ਼ੀਰ ਹੈ  
ਉੱਡਣ ਦੀਆਂ ਛੈਣੀਆਂ ਨਾਲ  
ਘੜਦੇ ਨੇ ਇਹ  
ਦਸਤਕਾਂ ਦੀ ਪਹੁ ਦਾ ਚਿਹਰਾ  
ਸਧਰਾਏ ਨੈਣਾਂ ਦੀ ਨੀਝ ਨਾਲ  
ਪੜ੍ਹਦੇ ਨੇ ਇਹ  
ਪਾਣੀਆਂ ਨੇ ਮਿੱਟੀ 'ਤੇ  
ਲਿਖਿਐ ਹੁੰਦੈ ਜੋ  
ਇਹੀ ਤਾਂ ਬਣਾਉਂਦੇ ਨੇ  
ਅੱਗ ਵਿਚ ਪਰ ਤੋਲਦੀ ਚਾਂਦਨੀ 'ਚ ਘਰ  
ਇਹੀ ਤਾਂ ਹੱਸਦੇ ਨੇ  
ਤੂਫ਼ਾਨਾਂ ਦਾ ਆਖ਼ਰੀ ਹਾਸਾ  
ਇਹੀ ਤਾਂ ਵੱਸਦੇ ਨੇ  
ਆਸਾਂ ਦੇ ਅੰਬਰਾਂ ਵਿਚ  
ਉਮਰ ਦੇ ਹੱਠ ਦੀ ਹਰ ਸ਼ਾਖ 'ਤੇ  
ਇਨ੍ਹਾਂ ਦਾ ਆਲ੍ਹਣਾ ਹੈ

ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਵਿਚ ਪਏ ਉਨ੍ਹਾਂ ਦੇ ਹਠ ਦੇ ਆਲ੍ਹਣਿਆਂ ਨੇ ਸਾਰੀ ਦੁਨੀਆ ਨੂੰ ਰੌਸ਼ਨੀ ਦਿਖਾਈ। ਦਿੱਲੀ ਦੀਆਂ ਹੱਦਾਂ 'ਤੇ ਵੱਸੇ ਇਹ ਨਿੱਕੇ ਨਿੱਕੇ ਪਿੰਡ ਕਿਸਾਨਾਂ ਦੇ ਅਨਿਆਂ ਵਿਰੁੱਧ ਯੁੱਧ ਦੇ ਠਿਕਾਣੇ ਬਣੇ। ਮੁਕਤਸਰ ਯੁੱਧਾਂ ਵਿਚ ਹੀ ਵਸਦੇ ਹਨ।

ਇਸ ਸੰਘਰਸ਼ ਦੌਰਾਨ ਮਹਾਨ ਦੁਖਾਂਤ ਵਾਪਰੇ। 670 ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਗਈਆਂ। ਇਸੇ ਦੌਰਾਨ ਲਖੀਮਪੁਰ ਖੀਰੀ ਦਾ ਦੁਖਾਂਤ ਵਾਪਰਿਆ ਅਤੇ ਤਿੰਨ ਕਿਸਾਨ ਅਤੇ ਇਕ ਪੱਤਰਕਾਰ ਤੇਜ਼ ਰਫ਼ਤਾਰ ਗੱਡੀਆਂ ਹੇਠ ਦਰੜੇ ਗਏ। ਕਿਸਾਨਾਂ ਦੇ ਸਬਰ ਦੀ ਪ੍ਰੀਖਿਆ ਹੋਈ ਪਰ ਉਨ੍ਹਾਂ ਨੇ ਕਿਸਾਨ ਵੀਰਾਂ ਦੀ ਸ਼ਹਾਦਤ ਦੇ ਦੁੱਖ ਨੂੰ ਸਹਾਰਦਿਆਂ ਆਪਣੇ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਤਹੱਈਆ ਕੀਤਾ:

ਯਾਦ ਮੋਇਆਂ ਨੂੰ ਕਰਨਾ ਹੈ  
ਦੁੱਖ ਆਪਣਾ ਏਦਾਂ ਜਰਨਾ ਹੈ  
ਯਾਦ ਦੀ ਚੰਡੀ ਚੰਡਣੀ ਹੈ  
ਜੋ ਟੁੱਟੀ ਹੈ, ਉਹ ਗੰਢਣੀ ਹੈ  
ਸਵਾਲ ਜਾਬਰ ਨੂੰ ਕਰਨਾ ਹੈ  
ਦਰਿਆ ਅਗਨ ਦਾ ਤਰਨਾ ਹੈ  
ਤੰਦ ਤਾਂਘ ਦੀ ਫੜਨੀ ਹੈ  
ਇਹ ਜੰਗ ਅਸਾਂ ਨੇ ਲੜਨੀ ਹੈ  
ਲੋਅ ਸ਼ਬਦ ਦੀ ਕਰਨੀ ਹੈ  
ਨੀਂਹ ਵਿਸਾਹ ਦੀ ਧਰਨੀ ਹੈ।

ਕਿਸਾਨਾਂ ਨੇ ਕਾਰਪੋਰੇਟੀ ਅਤੇ ਸੱਤਾਧਾਰੀਆਂ ਦੇ ਬਿਰਤਾਂਤ ਵਿਰੁੱਧ ਆਪਣੇ ਸ਼ਬਦਾਂ ਦੀ ਲੋਅ ਕੀਤੀ; ਮਨੁੱਖਤਾ ਵਿਚ ਵਿਸ਼ਵਾਸ ਨੂੰ ਮੁੜ ਦ੍ਰਿੜ੍ਹ ਕੀਤਾ। 19 ਨਵੰਬਰ ਨੂੰ ਸ਼ਾਸਕ ਨੇ ਹਾਰ ਮੰਨੀ ਅਤੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ। ਕਿਸਾਨਾਂ ਦੀ ਜਿੱਤ ਹੋਈ; ਇਹ ਮਾਨਵਤਾ, ਸਾਂਝੀਵਾਲਤਾ ਅਤੇ ਜਮਹੂਰੀਅਤ ਦੀ ਜਿੱਤ ਹੈ; ਪੰਜਾਬੀਆਂ, ਹਰਿਆਣਵੀਆਂ, ਉੱਤਰ ਪ੍ਰਦੇਸ਼ ਅਤੇ ਹੋਰ ਦੇਸ਼ ਵਾਸੀਆਂ ਦੀ ਜਿੱਤ ਹੈ। ਪੰਜਾਬ ਲਈ ਇਸ ਦੇ ਮਾਅਨੇ ਖ਼ਾਸ ਅਤੇ ਅਰਥ-ਭਰਪੂਰ ਹਨ ਕਿਉਂਕਿ ਇਸ ਸੰਘਰਸ਼ ਦੀ ਰੀੜ੍ਹ ਦੀ ਹੱਡੀ ਪੰਜਾਬ ਸੀ। ਕਿਸਾਨਾਂ ਦੇ ਦਿਨ-ਰਾਤ ਕੀਤੇ ਸੰਘਰਸ਼ ਦੀਆਂ ਵੱਖ ਵੱਖ ਪਰਤਾਂ ਅਤੇ ਉਨ੍ਹਾਂ ਦੇ ਪੰਜਾਬ ਨਾਲ ਰਿਸ਼ਤੇ ਨੂੰ ਕੁਝ ਏਦਾਂ ਚਿਤਰਿਆ ਜਾ ਸਕਦਾ ਹੈ:

ਰਾਤੀਂ ਕੀਤੀਆਂ ਗੱਲਾਂ ਤਾਰਿਆਂ ਨਾਲ  
ਦਿਨੇ ਜਾਬਰਾਂ ਨੂੰ ਨਿੱਤ ਜਵਾਬ ਦਿੱਤਾ।  
ਦਿਲਾਂ ਆਪਣਿਆਂ 'ਚੋਂ ਪ੍ਰੇਮ ਦਾ ਚੀਰ ਕੱਢਿਆ  
ਨੇਕ ਲੋਕਾਈ ਨੂੰ ਸੁਰ ਸਵਾਬ ਦਿੱਤਾ।  
ਲੱਭੀ ਇਸ ਹਯਾਤ ਦੀ ਰਮਜ਼ ਡੂੰਘੀ  
ਬੇਖ਼ਾਬ ਹੋਇਆਂ ਨੂੰ ਆਸ ਦਾ ਖ਼ਾਬ ਦਿੱਤਾ।  
ਬੇਉਮੀਦੀ ਦੀ ਕੱਲਰੀ ਕੰਧ ਤੋੜੀ  
ਦੇਸ਼ ਪੰਜਾਬ ਨੂੰ ਫਿਰ ਪੰਜਾਬ ਦਿੱਤਾ।

ਹਾਂ, ਇਸ ਸੰਘਰਸ਼ ਨੇ ਪੰਜਾਬ ਨੂੰ ਪੰਜਾਬ ਵਾਪਸ ਕੀਤਾ ਹੈ। ਬੇਉਮੀਦੀ ਦੀ ਕੱਲਰੀ ਕੰਧ ਤੋੜ ਕੇ ਬੇਉਮੀਦ ਹੋਏ ਲੋਕਾਂ ਨੂੰ ਆਸਾਂ ਦਾ ਸੰਸਾਰ ਵਾਪਸ ਕੀਤਾ ਹੈ ਅਤੇ ਵਾਪਸ ਕੀਤਾ ਹੈ ਇਹ ਯਕੀਨ ਕਿ ਆਪਣੇ ਹੱਕਾਂ ਲਈ ਲੜਿਆ ਜਾ ਸਕਦਾ ਹੈ।

ਜ਼ਿੰਦਗੀ ਸੁੱਖ-ਦੁੱਖ, ਧੁੱਪ-ਛਾਂ ਦਾ ਮੇਲਾ ਹੈ ਅਤੇ ਇਸ ਮੇਲੇ ਵਿਚ ਕਿਸਾਨਾਂ ਨੇ ਮਨੁੱਖਤਾ ਦੀ ਲੋਅ ਨੂੰ ਉੱਚੀ ਰੱਖਿਆ। ਉਨ੍ਹਾਂ ਅਤੇ ਉਨ੍ਹਾਂ ਦੀ ਹਮਾਇਤ ਵਿਚ ਨਿੱਤਰੇ ਲੋਕਾਂ ਨੂੰ ਪਤਾ ਸੀ ਕਿ ਉਹ ਇਕ ਬਹੁਤ ਵੱਡੀ ਲੜਾਈ ਲੜ ਰਹੇ ਹਨ; ਇਹ ਮਨੁੱਖ ਦੀ ਮਨੁੱਖ ਹੋਣ ਦੀ ਲੜਾਈ ਹੈ, ਸਾਡੇ ਦੇਸ਼ ਦੀ ਚਾਦਰ 'ਤੇ ਲਾਏ ਜਾ ਰਹੇ ਅਮਾਨਵਤਾ ਦੇ ਦਾਗਾਂ ਨੂੰ ਧੋਣ ਦੀ ਲੜਾਈ ਲੜਦੇ ਹੋਏ ਉਹ ਜਾਣਦੇ ਸਨ/ਹਨ:

ਦੁਨੀਆ, ਧੁੱਪ ਤੇ ਛਾਂ ਦਾ ਬਲੇ ਦੀਵਾ  
ਰੌਸ਼ਨ ਅਸਾਂ ਨੇ ਏਸ ਨੂੰ ਰੱਖਣਾ ਏ  
ਪਿੰਡਾਂ ਵਿਚ ਵੱਸਣਗੇ ਧੀਆਂ ਪੁੱਤ ਸਾਡੇ  
ਮਾਣ ਅਸਾਂ ਉਮਰਾਂ ਦਾ ਦੱਸਣਾ ਏ  
ਜ਼ਹਿਰ ਜਿਹਨੂੰ ਸ਼ੌਕ ਦਾ ਤੱਤ ਕਹਿੰਦੇ  
ਜ਼ਹਿਰ ਅਸਾਂ ਉਹ ਜੀਭ 'ਤੇ ਚੱਖਣਾ ਏ  
ਸਾਡੇ ਨਾਲ ਹੀ ਹੈ ਤੋਰ ਵੇਲਿਆਂ ਦੀ  
ਸਾਡੇ ਬਿਨਾ ਜਹਾਨ ਇਹ ਸੱਖਣਾ ਏ।  
ਬੰਦਾ ਹੋਣਾ ਹੈ ਇਕ ਜਨੂੰਨ ਯਾਰੋ  
ਬੰਦਾ ਹੋਣ ਲਈ ਬੰਦੇ ਨੇ ਮਰਦੇ ਰਹੇ  
ਜਿਹੜੇ ਬੈਠ ਸਹੇੜ ਰਾਹ ਦੁਸ਼ਮਣਾਂ ਨੂੰ  
ਬੈਠ ਫ਼ਸੀਲਾਂ 'ਤੇ ਰਾਤਾਂ ਨੂੰ ਜਰਦੇ ਰਹੇ  
ਜਿਸਮਾਂ ਆਪਣਿਆਂ ਤੀਕ ਨਾ ਰਹੇ ਬਾਕੀ  
ਨਕਸ਼ਾਂ, ਖੇਤਾਂ, ਪਹਾੜਾਂ ਲਈ ਲੜਦੇ ਰਹੇ  
ਡੁੱਬ ਗਈ ਬਾਤ ਲੰਬੀ ਉਹ ਨਫ਼ਰਤਾਂ ਦੀ  
ਪੱਤ ਪ੍ਰੇਮ ਪਰਵਾਜ਼ ਦੇ ਪਰ ਤਰਦੇ ਰਹੇ।

ਕਿਸਾਨ ਸੰਘਰਸ਼ ਜੇਤੂ ਹੋਇਆ ਹੈ। ਇਸ ਦੀਆਂ ਪ੍ਰਾਪਤੀਆਂ ਵੱਡੀਆਂ, ਬਹੁਪਰਤੀ ਅਤੇ ਅਰਥ-ਭਰਪੂਰ ਹਨ ਪਰ ਦੇਸ਼ ਦੇ ਮਿਹਨਤਕਸ਼ਾਂ ਦੀ ਵੱਡੀ ਲੜਾਈ ਅਜੇ ਬਾਕੀ ਹੈ; ਇਹ ਸੰਘਰਸ਼ ਉਸ ਜਮਹੂਰੀ ਲੜਾਈ ਦੀ ਭੂਮਿਕਾ ਹੈ। ਦੇਸ਼ ਦੀਆਂ ਜਮਹੂਰੀ ਸ਼ਕਤੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਨੇ ਇਸ ਸੰਘਰਸ਼ ਦੀ ਲੋਅ ਵਿਚ ਆਪਣੇ ਭਵਿੱਖ ਦੀ ਲੜਾਈ ਲੜਨੀ ਹੈ।

# ਕੁਲਵੰਤ ਸਿੰਘ ਵਿਰਕ ਦੀ ਪੰਜਾਬੀ ਤੇ ਪੰਜਾਬੀਅਤ ਨੂੰ ਦੇਣ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com


ਮਾਤਾ ਸੁੰਦਰੀ ਮਹਿਲਾ ਕਾਲਜ ਨਵੀਂ ਦਿੱਲੀ ਵਲੋਂ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਪ੍ਰਸੰਗ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਨੂੰ ਤਿੰਨ ਦਿਨਾ ਕੌਮਾਂਤਰੀ ਕਾਨਫਰੰਸ ਦਾ ਧੁਰਾ ਬਣਾਉਣਾ ਇਕ ਪ੍ਰਮਾਣਿਕ ਯੋਜਨਾ ਸੀ। ਕਾਨਫਰੰਸ ਦਾ ਆਗਾਜ਼ ਸ੍ਰੀ ਐਨ.ਐਨ. ਵੋਹਰਾ ਦੇ ਉਨ੍ਹਾਂ ਬੋਲਾਂ ਨਾਲ ਹੋਇਆ, ਜਿਨ੍ਹਾਂ ਵਿਚ ਉਨ੍ਹਾਂ ਨੇ ਕੁਲਵੰਤ ਸਿੰਘ ਵਿਰਕ ਵਰਗੇ ਉੱਤਮ ਕਹਾਣੀਕਾਰਾਂ ਦੀਆਂ ਰਚਨਾਵਾਂ ਨੂੰ ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਉਲਥਾ ਕੇ ਸੱਤ ਸਮੁੰਦਰ ਪਾਰ ਪੁੱਜਦੀਆਂ ਕਰਨ ਦੀ ਚਾਹਨਾ ਜਤਾਈ। ਆਪਣੀਆਂ ਪਰਿਵਾਰਕ ਜੜ੍ਹਾਂ ਦੇ ਪਾਕਿਸਤਾਨ ਵਿਚ ਹੋਣ ਦਾ ਹਵਾਲਾ ਦਿੰਦਿਆਂ ਸ੍ਰੀ ਵੋਹਰਾ ਨੇ ਸਾਹਿਤਕਾਰਾਂ ਤੇ ਕਲਾਕਾਰਾਂ ਤੋਂ ਆਸ ਰੱਖੀ ਕਿ ਉਹ ਦੋਵਾਂ ਦੇਸ਼ਾਂ ਵਿਚ ਸ਼ਾਂਤੀ ਬਣਾਈ ਰੱਖਣ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਉਦਘਾਟਨੀ ਸੈਸ਼ਨ ਵਿਚ ਸ੍ਰੀ ਵੋਹਰਾ ਤੋਂ ਬਿਨਾਂ ਵਿਰਕ ਦੀ ਅਮਰੀਕਾ ਵਸਦੀ ਧੀ ਸਵੀਰਾ ਸਿੱਧੂ, ਪਾਕਿਸਤਾਨੀ ਅਦੀਬ ਅਫਜ਼ਲ ਸਾਹਿਰ, ਲਾਹੌਰ ਦੇ ਅਧਿਆਪਕ ਪ੍ਰੋ. ਕਲਿਆਣ ਸਿੰਘ ਕਲਿਆਣ ਤੇ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੀ ਸ਼ਿਰਕਤ ਇਸ ਕਾਨਫਰੰਸ ਦੀ ਵਡਿੱਤਣ ਉੱਤੇ ਮੋਹਰ ਲਾਉਂਦੀ ਹੈ।

ਚੇਤੇ ਰਹੇ ਕਿ ਕਾਨਫਰੰਸ ਦੇ ਅੱਧੀ ਦਰਜਨ ਤਕਨੀਕੀ ਸੈਸ਼ਨਾਂ ਦੀ ਸਦਾਰਤ ਬਲਬੀਰ ਮਾਧੋਪੁਰੀ, ਪੰਜਾਬੀ ਭਵਨ ਨਵੀਂ ਦਿੱਲੀ, ਡਾ. ਕ੍ਰਾਂਤੀਪਾਲ ਮੁਸਲਿਮ ਯੂਨੀਵਰਸਟੀ ਅਲੀਗੜ੍ਹ, ਡਾ. ਪ੍ਰਵੀਨ ਕੁਮਾਰ ਪੰਜਾਬ ਯੂਨੀਵਰਸਟੀ, ਚੰਡੀਗੜ੍ਹ, ਪ੍ਰੋ. ਰਾਵਿੰਦਰ ਸਿੰਘ ਦਿਆਲ ਸਿੰਘ ਕਾਲਜ ਦਿੱਲੀ ਯੂਨੀਵਰਸਟੀ, ਡਾ. ਕੁਲਦੀਪ ਸਿੰਘ ਕੁਰੂਕਸ਼ੇਤਰ ਯੂਨੀਵਰਸਟੀ, ਪ੍ਰੋ. ਅਸਗ਼ਰ ਵਜਾਹਤ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਟੀ, ਪ੍ਰੋ. ਸੁਖਦੇਵ ਸਿੰਘ ਸਿਰਸਾ ਪੰਜਾਬ ਯੂਨੀਵਰਸਟੀ, ਇਕਬਾਲ ਕੈਸਰ, ਪੰਜਾਬੀ ਖੋਜ ਘਰ ਕਸੂਰ ਨੇ ਕੀਤੀ। ਸਾਰੇ ਵਿਦਵਾਨਾਂ ਤੇ ਚਿੰਤਕਾਂ ਨੇ ਸੰਤਾਲੀ ਦੀ ਵੰਡ ਨੂੰ ਅਖੰਡ ਹਿੰਦੁਸਤਾਨ ਦੇ ਇਤਿਹਾਸ ਦਾ ਦੁਖਦਾਈ ਕਾਂਡ ਗਰਦਾਨਿਆ ਤੇ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀਆਂ ਰਚਨਾਵਾਂ ਤੇ ਬੋਲ ਧਰਤੀ ਉੱਤੇ ਪਈਆਂ ਲਕੀਰਾਂ ਨੂੰ ਮਨਾਂ ਤੋਂ ਮੇਟਣ ਵਿਚ ਸਹਾਈ ਹੋਣਗੇ। ਬਲਦੇਵ ਸਿੰਘ ਧਾਲੀਵਾਲ ਦਾ ਭਾਸ਼ਣ ਇਸ ਧਾਰਨਾ ਦੀ ਨੀਂਹ ਰੱਖ ਚੁੱਕਿਆ ਸੀ।

ਪ੍ਰਬੰਧਕਾਂ ਵਲੋਂ ਵਿਚਕਾਰਲੇ ਦਿਨ ਦੀ ਸ਼ਾਮ ਨੂੰ ਕਵੀ ਦਰਬਾਰ ਵੀ ਕੀਤਾ ਗਿਆ, ਜਿਸ ਨੂੰ 'ਦਰਦ ਵਿਛੋੜੇ ਦਾ' ਨਾਂ ਦਿੱਤਾ ਗਿਆ। ਇਸ ਦਾ ਮੁੱਖ ਮਹਿਮਾਨ ਪਾਕਿਸਤਾਨ ਦਾ ਮਸ਼ਹੂਰ ਕਵੀ ਬਾਬਾ ਨਜ਼ਮੀ ਸੀ। ਕਵਿਤਾਵਾਂ ਪੇਸ਼ ਕਰਨ ਵਾਲਿਆਂ ਵਿਚ ਸੁਰਜੀਤ ਪਾਤਰ, ਗੁਰਭਜਨ ਗਿੱਲ, ਅਮਰ ਸੂਫੀ, ਗੁਰਦਿਆਲ ਰੌਸ਼ਨ, ਧਰਮ ਕੰਮੇਆਣਾ, ਅਮਨਜੀਤ ਵੜੈਚ, ਬਾਬਾ ਨਜ਼ਮੀ, ਸ਼ਾਹਿਦਾ ਸ਼ਾਹ, ਜੀਅਤ ਸੁਰਜੀਅਤ ਬੈਲਜੀਅਮ, ਇਕਬਾਲ ਕੈਸਰ ਤੇ ਦਰਜਨ ਕੁ ਹੋਰ ਕਵੀ ਸਨ। ਇਨ੍ਹਾਂ ਨੇ ਵੀ ਆਪਣੀਆਂ ਉਹ ਨਜ਼ਮਾਂ, ਗਜ਼ਲਾਂ ਤੇ ਗੀਤ ਪੇਸ਼ ਕੀਤੇ, ਜਿਨ੍ਹਾਂ ਵਿਚ ਦੇਸ਼ ਵੰਡ ਦਾ ਡੂੰਘਾ ਦਰਦ ਸੀ।



ਤੇਜਵੰਤ ਗਿੱਲ



ਗੁਰਭਜਨ ਗਿੱਲ

ਇਸ ਨਿਵੇਕਲੀ ਕਾਨਫਰੰਸ ਨੇ ਇਹ ਵੀ ਸਿੱਧ ਕੀਤਾ ਕਿ ਕਰੋਨਾ ਵਰਗੀ ਕਰੋਪੀ ਦਾ ਟਾਕਰਾ ਕਰਨ ਲਈ ਮਨੁੱਖੀ ਮਨ ਏਨਾ ਸ਼ਕਤੀਸ਼ਾਲੀ ਹੈ ਕਿ ਹਜ਼ਾਰਾਂ ਕਿਲੋਮੀਟਰਾਂ ਦਾ ਸਫਰ ਕੀਤੇ ਬਿਨਾਂ ਇਕ-ਦੂਜੇ ਨੂੰ ਦੇਖ ਹੀ ਨਹੀਂ ਸਕਦਾ, ਗੱਲਾਂ ਵੀ ਕਰ ਸਕਦਾ ਹੈ। ਵਿਰਕ ਪਰਿਵਾਰ ਦੇ ਬੱਚੇ ਰੁਬੀਨਾ ਵਿਰਕ ਉਰਫ ਮੰਜੂ, ਸਰਬਜੀਤ ਸਿੰਘ ਵਿਰਕ ਉਰਫ ਸਰਬੀ, ਸ਼ਦੀਪ ਭੰਗੂ ਉਰਫ ਦੀਪੀ, ਸਵੀਰਾ ਵਿਰਕ ਸਿੱਧੂ ਉਰਫ ਸਵੀਰਾ ਤੇ ਸੰਦੀਪ ਸਿੰਘ ਵਿਰਕ ਉਰਫ ਰਾਜੂ ਯੂਪੀ, ਕੈਨੇਡਾ, ਯੂ.ਐਸ.ਏ. ਤੇ ਚੰਡੀਗੜ੍ਹ ਬੈਠੇ ਇਕ-ਦੂਜੇ ਨੂੰ ਮਿਲੇ। ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਮੈਂ ਕਈ ਦਹਾਕਿਆਂ ਪਿੱਛੋਂ ਸਭਨਾਂ ਨੂੰ ਮਿਲਿਆ ਹਾਂ। ਇਸ ਵਿਉਂਤਬੰਦੀ ਲਈ ਮੈਂ ਕਾਲਜ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਕਾਨਫਰੰਸ ਦੇ ਕਨਵੀਨਰ ਵੀਨਾਕਸ਼ੀ ਸ਼ਰਮਾ ਦਾ ਸ਼ੁਕਰਗੁਜ਼ਾਰ ਹਾਂ। ਮਨੁੱਖੀ ਮਨ ਦੀ ਕਾਢ ਅਮਰ ਰਹੇ।

**ਮੋਹਨ ਭੰਡਾਰੀ ਦਾ ਤੁਰ ਜਾਣਾ**

ਇਹ ਸਬੱਬ ਦੀ ਗੱਲ ਹੈ ਕਿ ਇਨ੍ਹਾਂ ਦਿਨਾਂ ਵਿਚ ਪੰਜਾਬੀ ਕਹਾਣੀਕਾਰ ਮੋਹਨ ਭੰਡਾਰੀ ਵੀ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ। ਉਸ ਦੀਆਂ ਕਹਾਣੀਆਂ ਵਿਚ ਵੀ ਵਿਰਕ ਦੀਆਂ ਕਹਾਣੀਆਂ ਵਰਗਾ ਦਮਖਮ ਸੀ। ਵਿਰਕ ਵਾਂਗ ਪ੍ਰਗਤੀਵਾਦੀ ਲਹਿਰਾਂ ਦੀ ਪੈੜ ਨੱਪੇ ਬਿਨਾਂ ਉਸ ਨੇ ਵੀ ਮਨੁੱਖੀ ਮਨ ਤੇ ਮਾਨਵਤਾ ਨੂੰ ਉਜਾਗਰ ਕਰਨ ਵਾਲੀਆਂ ਕਹਾਣੀਆਂ ਲਿਖੀਆਂ ਤੇ ਉੱਤਮਤਾ ਕਮਾਈ।

**ਤੇਜਵੰਤ ਗਿੱਲ ਤੇ ਗੁਰਭਜਨ ਗਿੱਲ ਨੂੰ ਟੌਹੜਾ ਪੁਰਸਕਾਰ**

ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਵਲੋਂ ਮੇਰੇ ਮਿੱਤਰਾਂ ਗੁਰਭਜਨ ਸਿੰਘ ਤੇ ਤੇਜਵੰਤ ਨੂੰ 'ਜਥੇਦਾਰ ਟੌਹੜਾ ਯਾਦਗਾਰੀ ਪੁਰਸਕਾਰ' ਲਈ ਚੁਣਨਾ ਮੇਰੇ ਲਈ ਨਿੱਜੀ ਪ੍ਰਸੰਨਤਾ ਦਾ ਸੋਮਾ ਹੈ। ਇਨ੍ਹਾਂ ਦੋਵਾਂ ਦਾ ਸਿੱਖ ਜੱਟ ਹੋਣਾ ਮੇਰੀ ਜਟਕੀ ਧਾਰਨਾ ਉੱਤੇ ਮੋਹਰ ਲਾਉਂਦਾ ਹੈ। ਇਸ ਸਮਾਗਮ ਵਿਚ ਪ੍ਰੋ. ਅਮਰੀਕ ਸਿੰਘ ਆਹਲੂਵਾਲੀਆ ਇਟਰਨਲ ਯੂਨੀਵਰਸਟੀ ਬੜੂ ਸਾਹਿਬ ਤੇ ਪ੍ਰੋ. ਕਰਮਜੀਤ ਸਿੰਘ ਜਗਤ ਗੁਰੂ ਨਾਨਕ ਓਪਨ ਯੂਨੀਵਰਸਟੀ ਦੇ ਵਾਈਸ ਚਾਂਸਲਰਾਂ ਦਾ ਸ਼ਾਮਲ ਹੋਣਾ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੀ ਸੋਚ ਅਤੇ ਦੇਣ ਉੱਤੇ ਫੁੱਲ ਚੜ੍ਹਾਉਣਾ ਸੀ। ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਬਰਾੜ ਤੇ ਸਕੱਤਰ ਜਨਰਲ ਕਰਨਲ ਜਸਮੇਰ ਸਿੰਘ ਬਾਲਾ ਇਸ ਢੁਕਵੀਂ ਚੋਣ ਲਈ ਧੰਨਵਾਦ ਦੇ ਪਾਤਰ ਹਨ। ਇਸ ਮੌਕੇ ਜਿਹੜੀਆਂ ਤਿੰਨ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਉਨ੍ਹਾਂ ਵਿਚੋਂ ਇਕ ਦਾ ਵਿਸ਼ਾ-ਵਸਤੂ 'ਸਿੱਖ ਨੈਸ਼ਨਲ ਕਾਲਜ ਲਾਹੌਰ ਦੀ ਸਥਾਪਨਾ ਤੇ ਵਿਕਾਸ' ਹੈ, ਜਿਹੜਾ ਪੰਜਾਬੀ ਪਿਆਰਿਆਂ ਨੂੰ ਉਸ ਲਾਹੌਰ ਦਾ ਚੇਤਾ ਕਰਾਉਂਦਾ ਹੈ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਜਿਸ ਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ। ਛੋਟਾ ਸਮਾਗਮ ਵੱਡੀਆਂ ਗੱਲਾਂ। ਸਿੱਖ ਐਜੂਕੇਸ਼ਨਲ ਸੁਸਾਇਟੀ ਜ਼ਿੰਦਾਬਾਦ!

**ਪੇਂਡੂ ਪੰਜਾਬੀਆਂ ਦੇ ਨਾਨਕੇ-ਦਾਦਕੇ**

ਆਮ ਤੌਰ 'ਤੇ ਸ਼ਹਿਰੀ ਪੰਜਾਬਣਾਂ ਦੇ ਬੱਚੇ ਹਸਪਤਾਲਾਂ ਵਿਚ ਜਨਮ ਲੈਂਦੇ ਹਨ ਤੇ ਪੇਂਡੂ ਪੰਜਾਬਣਾਂ ਦੇ ਆਪਣੇ ਨਾਨਕੇ ਘਰ। ਖਾਸ ਕਰਕੇ ਏਸ ਲਈ ਕਿ ਪੇਂਡੂ ਕੁੜੀ ਆਪਣੇ ਸਹੁਰੇ ਘਰ ਨਾਲੋਂ ਆਪਣੀ ਮਾਂ ਕੋਲ ਵਧੇਰੇ ਸੁਰੱਖਿਅਤ ਮਹਿਸੂਸ ਕਰਦੀ ਹੈ। ਨਾਨਕਿਆਂ ਨਾਲ ਚਲੇ ਆ ਰਹੇ ਮੋਹ ਦਾ ਸਬੂਤ ਉਜਾਗਰ ਸਿੰਘ ਰਚਿਤ ਸੱਜਰੀ ਪੁਸਤਕ 'ਵਰਿਆਮ ਸਿੰਘ ਸੇਖੋਂ: ਪੁਸਤਕਾਂ ਤੇ ਪਤਵੰਤੇ' ਹੈ, ਜਿਹੜੀ ਦਲਜੀਤ ਸਿੰਘ ਭੰਗੂ ਨੇ ਆਪਣੇ ਨਾਨਕਿਆਂ ਬਾਰੇ ਲਿਖਵਾਈ ਹੈ। ਇਹ ਦੱਸਦੀ ਹੈ ਕਿ ਦਲਜੀਤ ਦੇ ਨਾਨੇ ਵਰਿਆਮ ਸਿੰਘ ਸੇਖੋਂ ਤੇ ਨਾਨੀ ਗੁਲਾਬ ਕੌਰ ਨੇ ਮੁੱਲਾਂਪੁਰ ਦਾਖਾ ਪਿੰਡ ਦੇ ਅੱਡੇ ਦੀ ਉਸਾਰੀ ਤੇ ਵਿਕਾਸ ਵਿਚ ਅਜਿਹਾ ਯੋਗਦਾਨ ਪਾਇਆ ਕਿ ਅੱਜ ਦੇ ਦਿਨ ਇਹ ਨਗਰ ਦਾ ਰੂਪ ਧਾਰ ਚੁੱਕਿਆ ਹੈ। ਅੱਜ-ਕੱਲ੍ਹ ਰਾਤ ਵੇਲੇ ਜਗ-ਮਗ ਕਰਦੀ ਰੋਸ਼ਨੀ ਵਿਚ ਇਸ ਦਾ ਜਲਵਾ ਵੇਖਣ ਵਾਲਾ ਹੁੰਦਾ ਹੈ। ਵਰਿਆਮ ਸਿੰਘ ਨੇ ਉਥੇ ਇੱਟਾਂ ਦੇ ਅੱਠ ਭੱਠੇ ਲਗਵਾਏ, ਜਿਨ੍ਹਾਂ ਦੇ ਪਿੰਡ ਵਾਲਿਆਂ ਦੇ ਘਰ ਕੱਚੇ ਤੋਂ ਪੱਕੇ ਹੋਏ ਤੇ ਪਿੰਡ ਵਾਸੀਆਂ ਨੂੰ ਰੁਜ਼ਗਾਰ ਮਿਲਿਆ। ਪਿਛਲੀ ਸਦੀ ਦੇ ਪੰਜਵੇਂ ਦਹਾਕੇ ਵਿਚ ਪਿੰਡ ਦੀਆਂ ਕੁੜੀਆਂ ਨੂੰ ਸਿਧਵਾਂ ਦੇ ਕਾਲਜ ਭੇਜਣ ਲਈ ਮੁਫਤ ਬੱਸ ਸੇਵਾ ਪ੍ਰਦਾਨ ਕਰਨੀ ਵੀ ਉਨ੍ਹਾਂ ਦੀ ਜੁਗਤ ਸੀ, ਜਿਸ ਸਦਕਾ ਸੈਂਕੜੇ ਕੁੜੀਆਂ ਚੰਗੀ ਵਿਦਿਆ ਦੇ ਯੋਗ ਹੋਈਆਂ। ਇਕੱਲੇ ਵਰਿਆਮ ਸਿੰਘ ਦੇ ਪਰਿਵਾਰ ਵਿਚੋਂ 21 ਨੂੰਹਾਂ-ਧੀਆਂ ਨੇ ਵਿਦਿਆ ਗ੍ਰਹਿਣ ਕੀਤੀ ਤੇ ਵਧੀਆ ਕਾਰੋਬਾਰਾਂ ਦੁਆਰਾ ਨਾਮਣਾ ਖੱਟਿਆ।

ਮੇਰਾ ਆਪਣਾ ਜਨਮ ਮੇਰੇ ਨਾਨਕੇ ਘਰ ਹੋਇਆ, ਜਿਹੜਾ ਦਲਜੀਤ ਸਿੰਘ ਦਾ ਦਾਦਕਾ ਪਿੰਡ ਹੈ। ਮੈਂ ਜਾਣਦਾ ਹਾਂ ਕਿ ਜੇ ਮੇਰੇ ਨਾਨਕਿਆਂ ਤੋਂ ਪੜ੍ਹਨ ਦੀ ਸੁਵਿਧਾ ਨਾ ਮਿਲਦੀ ਤਾਂ ਮੈਂ ਹਲ-ਵਾਹਕ ਹੋ ਕੇ ਰਹਿ ਜਾਣਾ ਸੀ। ਦਲਜੀਤ ਦਾ ਕਜ਼ਨ ਹੋਣ ਦੇ ਨਾਤੇ ਮੈਨੂੰ ਇਸ ਪੁਸਤਕ ਦੇ ਲੋਕ ਅਰਪਣ ਸਮਾਗਮ ਵਿਚ ਸ਼ਿਰਕਤ ਕਰਨ ਦਾ ਸੁਭਾਗ ਵੀ ਮਿਲਿਆ। ਉਸ ਖੇਤਰ ਵਿਚ ਦਲਜੀਤ ਦੇ ਨਾਨਾ ਵਰਿਆਮ ਸਿੰਘ ਸੇਖੋਂ ਦੀ ਆਭਾ ਏਨੀ ਹੈ ਕਿ ਇਸ ਸਮਾਗਮ ਵਿਚ ਪੰਜਾਬ ਦੇ ਸਾਬਕਾ ਮੰਤਰੀ ਤੇਜ ਪ੍ਰਕਾਸ਼ ਸਿੰਘ ਹੀ ਨਹੀਂ, ਵਰਤਮਾਨ ਉਦਯੋਗ ਮੰਤਰੀ ਗੁਰਕੀਰਤ ਸਿੰਘ ਕੋਟਲੀ, ਗਰਭਜਨ ਗਿੱਲ ਤੇ ਉਜਾਗਰ ਸਿੰਘ ਵਰਗੇ ਜਾਣੇ-ਪਛਾਣੇ ਅਨੇਕਾਂ ਸੱਜਣਾਂ ਨੇ ਹਾਜ਼ਰੀ ਭਰੀ। ਸਮਾਗਮ ਦਾ ਤੋੜਾ ਏਸ ਗੱਲ ਉੱਤੇ ਟੁੱਟਿਆ ਕਿ ਵਰਿਆਮ ਸਿੰਘ ਵਰਗੇ ਸੰਗਠਿਤ ਪਰਿਵਾਰਾਂ ਬਾਰੇ ਦਸਤਾਵੇਜ਼ੀ ਰਚਨਾਵਾਂ ਤਿਆਰ ਕਰ ਕੇ ਆਉਣ ਵਾਲੀ ਪੀੜ੍ਹੀ ਨੂੰ ਪੜ੍ਹਾਈਆਂ ਜਾਣ ਤਾਂ ਇਸ ਨਾਲ ਖਿੱਲਰ ਰਹੇ ਸਮਾਜਿਕ ਤਾਣੇ-ਬਾਣੇ ਨੂੰ ਜੋੜੀ ਰੱਖਣ ਵਿਚ ਸਹਾਇਤਾ ਮਿਲ ਸਕਦੀ ਹੈ।

ਇਹ ਪਹਿਲੀ ਵਾਰ ਹੈ ਕਿ ਕਿਸੇ ਪਰਿਵਾਰ ਦੇ ਦੋਹਤਰੇ ਨੇ ਨਾਨਕਿਆਂ ਦੀ ਦੇਣ ਨੂੰ ਉਜਾਗਰ ਕੀਤਾ ਹੈ। ਪੇਂਡੂ ਪੰਜਾਬੀਆਂ ਦੇ ਮਨਾਂ ਵਿਚ ਨਾਨਕਿਆਂ ਦਾ ਮੋਹ ਉਨ੍ਹਾਂ ਦੇ ਅਸਲੀ ਪੰਜਾਬੀ ਹੋਣ ਉੱਤੇ ਮੋਹਰ ਲਾਉਂਦਾ ਹੈ। ਪੇਂਡੂ ਨਾਨਕੇ ਜ਼ਿੰਦਾਬਾਦ!

**ਅੰਤਿਕਾ**

ਜਤਿੰਦਰ ਲਸਾੜਾ

ਯਾਦਾਂ ਦੇ ਪਰਛਾਵੇਂ ਰੁੱਤਾਂ ਢਲ ਗਈਆਂ,
**ਕਿੰਨੀਆਂ ਰੁੱਤਾਂ ਆ ਕੇ ਰੰਗ ਬਦਲ ਗਈਆਂ।**

# ਕੀ ਮੇਰੀ ਯਾਦ-ਸ਼ਕਤੀ ਕਮਜ਼ੋਰ ਹੋ ਸਕਦੀ ਹੈ?


ਡਾ: ਹਰਸ਼ਿੰਦਰ ਕੌਰ
ਫ਼ੋਨ : 0175-2216783


85 ਸਾਲਾਂ ਦੀ ਉਮਰ ਤੋਂ ਵੱਧ ਦੇ ਇੱਕ ਤਿਹਾਈ ਲੋਕਾਂ ਨੂੰ ਭੁੱਲ ਜਾਣ ਦੀ ਬਿਮਾਰੀ ਹੋ ਹੀ ਜਾਂਦੀ ਹੈ। ਬਹੁਤਿਆਂ ਦੀ ਇਹ ਬਿਮਾਰੀ ਜੀਨ ਆਧਾਰਤ ਹੁੰਦੀ ਹੈ। ਇਸ ਤੋਂ ਇਲਾਵਾ ਵੀ ਅਨੇਕ ਕਾਰਨ ਲੱਭ ਚੁੱਕੇ ਹੋਏ ਹਨ, ਜਿਨ੍ਹਾਂ ਦਾ ਪਰਹੇਜ਼ ਕਰਨ ਨਾਲ ਵਡੇਰੀ ਉਮਰ ਵਿਚ ਭੁੱਲ ਜਾਣ ਦੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਸ ਵਾਸਤੇ ਜਵਾਨੀ ਵਿਚ ਹੀ ਕੁੱਝ ਸਾਵਧਾਨੀਆਂ ਵਰਤਣ ਦੀ ਲੋੜ ਹੁੰਦੀ ਹੈ। ਯਾਦ-ਸ਼ਕਤੀ ਉੱਤੇ ਜੀਊਣ ਦਾ ਢੰਗ, ਕਸਰਤ, ਖਾਣ-ਪੀਣ ਆਦਿ ਅਨੇਕ ਗੱਲਾਂ ਦਾ ਅਸਰ ਪੈਂਦਾ ਹੈ। ਦਿਲ ਦੇ ਰੋਗ, ਜਿਨ੍ਹਾਂ ਵਿਚ ਲਹੂ ਦੀਆਂ ਨਾੜੀਆਂ ਵਿਚ ਝੱਪੇ ਜੰਮ ਜਾਣ, ਜਿੱਥੇ ਹਾਰਟ ਅਟੈਕ ਕਰ ਸਕਦੀਆਂ ਹਨ, ਉੱਥੇ ਦਿਮਾਗ਼ ਦੀਆਂ ਨਸਾਂ ਵਿਚ ਵੀ ਰੋਕਾ ਪਾ ਸਕਦੀਆਂ ਹਨ। ਇਸ ਨਾਲ ਦਿਮਾਗ਼ ਦੇ ਵੱਖੋ-ਵੱਖ ਹਿੱਸਿਆਂ ਵੱਲ ਜਾਂਦਾ ਲਹੂ ਤੇ ਆਕਸੀਜਨ ਘਟ ਜਾਂਦੇ ਹਨ, ਜੋ ਭੁੱਲ ਜਾਣ ਦੀ ਬਿਮਾਰੀ ਲਈ ਰਾਹ ਪੱਧਰਾ ਕਰ ਦਿੰਦੇ ਹਨ।

ਇਸੇ ਲਈ ਸਹੀ ਤੇ ਸੰਤੁਲਿਤ ਖ਼ੁਰਾਕ ਦੀ ਬਹੁਤ ਮਹੱਤਤਾ ਹੈ ਅਤੇ ਕਸਰਤ ਦੀ ਵੀ।

ਇਹ ਵੇਖਣ ਵਿਚ ਆਇਆ ਹੈ ਕਿ ਸ਼ੱਕਰ ਰੋਗੀਆਂ ਨੂੰ ਵੀ ਇਹ ਬਿਮਾਰੀ ਵੱਧ ਹੁੰਦੀ ਹੈ ਕਿਉਂਕਿ ਉਨ੍ਹਾਂ ਦੀਆਂ ਨਸਾਂ ਵਿਚ ਰੋਕਾ ਪੈਣ ਤੇ ਲਹੂ ਦੇ ਵਹਾਓ ਵਿਚ ਸੁਸਤੀ ਹੋਣ ਦੇ ਆਸਾਰ ਵੱਧ ਹੁੰਦੇ ਹਨ। ਜੇ ਸ਼ੂਗਰ ਦੀ ਬਿਮਾਰੀ ਦਾ ਸਹੀ ਇਲਾਜ ਕੀਤਾ ਜਾਵੇ ਤਾਂ ਭੁੱਲ ਜਾਣ ਵਾਲੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

ਕੋਲੈਸਟਰੋਲ ਦਾ ਵਾਧਾ, ਮੋਟਾਪੇ ਦੇ ਨਾਲ-ਨਾਲ ਬਲੱਡ ਪ੍ਰੈਸ਼ਰ ਤੇ ਦਿਲ ਦੇ ਰੋਗਾਂ ਨਾਲ ਵੀ ਡੂੰਘਾ ਸਬੰਧ ਰੱਖਦਾ ਹੈ, ਜਿਸ ਸਦਕਾ ਵਡੇਰੀ ਉਮਰ ਵਿਚ ਯਾਦਾਸ਼ਤ ਕਮਜ਼ੋਰ ਹੋ ਸਕਦੀ ਹੈ। ਬਲੱਡ ਪ੍ਰੈਸ਼ਰ ਦਾ ਵਾਧਾ ਨਸਾਂ ਦੀ ਅੰਦਰਲੀ ਪਰਤ ਖ਼ਰਾਬ ਕਰ ਦਿੰਦਾ ਹੈ। ਢਹਿੰਦੀ ਕਲਾ ਨਾਲ ਅਨੇਕ ਦਿਮਾਗ਼ੀ ਬਿਮਾਰੀਆਂ ਦੀ ਸ਼ੁਰੂਆਤ ਹੋ ਸਕਦੀ ਹੈ। ਇਸੇ ਲਈ ਜੇ ਦੋ ਹਫ਼ਤੇ ਤੋਂ ਵੱਧ ਢਹਿੰਦੀ ਕਲਾ ਮਹਿਸੂਸ ਹੁੰਦੀ ਰਹੇ ਤਾਂ ਤੁਰੰਤ ਡਾਕਟਰੀ ਇਲਾਜ ਕਰਵਾ ਲੈਣਾ ਚਾਹੀਦਾ ਹੈ। ਸਿਰ ਦੀ ਹਲਕੀ ਸੱਟ ਵੀ ਕਈ ਭੁੱਲ ਜਾਣ ਦੀ ਬਿਮਾਰੀ ਦਾ ਖ਼ਤਰਾ ਚਾਰ ਗੁਣਾ ਵਧਾ ਦਿੰਦੀ ਹੈ। ਇਸੇ ਲਈ ਸਿਰ ਦੀ ਸੱਟ ਦਾ ਹਮੇਸ਼ਾ ਪੂਰਾ ਇਲਾਜ ਕਰਵਾਉਣਾ ਜ਼ਰੂਰੀ ਹੁੰਦਾ ਹੈ।

ਜਵਾਨੀ ਵਿਚ ਮੋਟਾਪਾ ਬਹੁਤ ਮਾੜਾ ਗਿਣਿਆ ਜਾਂਦਾ ਹੈ। ਇਸ ਨਾਲ ਜਿੱਥੇ ਅਨੇਕ ਬਿਮਾਰੀਆਂ ਦਾ ਬੀਜ ਬੋਇਆ ਜਾਂਦਾ ਹੈ, ਉੱਥੇ ਯਾਦਾਸ਼ਤ ਦੀ ਕਮਜ਼ੋਰੀ ਹੋਣ ਦਾ ਖ਼ਤਰਾ ਵੀ ਕਈ ਗੁਣਾ ਵਧ ਜਾਂਦਾ ਹੈ।

ਸਿਗਰਟਨੋਸ਼ੀ ਅਤੇ ਨਸ਼ੇ ਦੀ ਵਰਤੋਂ ਕਰਨ ਵਾਲਿਆਂ ਵਿਚ ਭੁੱਲ ਜਾਣ ਦੀ ਬਿਮਾਰੀ ਕਾਫ਼ੀ ਵੱਧ ਵੇਖਣ ਵਿਚ ਆਉਂਦੀ ਹੈ। ਇਸੇ ਹੀ ਤਰ੍ਹਾਂ ਰੈਗੂਲਰ ਸ਼ਰਾਬ ਪੀਣ ਵਾਲਿਆਂ ਵਿਚ ਵੀ ਯਾਦਾਸ਼ਤ ਦੀ ਕਾਫ਼ੀ ਕਮੀ ਵੇਖੀ ਗਈ ਹੈ।

ਜੇ ਨੀਂਦਰ ਪੂਰੀ ਨਾ ਆ ਰਹੀ ਹੋਵੇ ਤੇ ਦਵਾਈਆਂ ਲੈ ਕੇ ਸੌਣਾ ਪਵੇ ਤਾਂ ਤੁਰੰਤ ਡਾਕਟਰੀ ਸਲਾਹ ਲੈ ਲੈਣੀ ਚਾਹੀਦੀ ਹੈ ਕਿਉਂਕਿ ਨੀਂਦਰ ਪੂਰੀ ਨਾ ਆਉਣ ਨਾਲ ਦਿਮਾਗ਼ ਨੂੰ ਆਰਾਮ ਕਰਨ ਦਾ ਸਮਾਂ ਨਹੀਂ ਮਿਲਦਾ ਤੇ ਉਹ ਅਨੇਕ ਗੱਲਾਂ ਨੂੰ ਹੇਠਾਂ ਦੱਬ ਦਿੰਦਾ ਹੈ, ਜਿਸ ਸਦਕਾ ਬਹੁਤ ਸਾਰੀਆਂ ਗੱਲਾਂ ਭੁੱਲ ਜਾਂਦੀਆਂ ਹਨ। ਸੌਣ ਦਾ ਸਮਾਂ ਹਮੇਸ਼ਾ ਇੱਕੋ ਰੱਖਣਾ ਚਾਹੀਦਾ ਹੈ ਤੇ ਸੌਣ ਤੋਂ ਕੁੱਝ ਸਮਾਂ ਪਹਿਲਾਂ ਕੌਫ਼ੀ, ਚਾਹ ਜਾਂ ਸ਼ਰਾਬ ਨਹੀਂ ਪੀਣੀ ਚਾਹੀਦੀ।

ਕੁੱਝ ਨੂੰ ਅਜੀਬ-ਅਜੀਬ ਆਵਾਜ਼ਾਂ ਸੁਣਨ ਜਾਂ ਚੀਜ਼ਾਂ ਦਿਸਣ ਲੱਗ ਪੈਂਦੀਆਂ ਹਨ ਜੋ ਅਸਲ ਵਿਚ ਨਹੀਂ ਹੁੰਦੀਆਂ। ਇਸ ਦਿਮਾਗ਼ੀ ਨੁਕਸ ਦਾ ਵੀ ਤੁਰੰਤ ਇਲਾਜ ਕਰਵਾ ਲੈਣਾ ਚਾਹੀਦਾ ਹੈ।

**ਲੰਮੇ ਸਮੇਂ ਤੱਕ ਯਾਦਾਸ਼ਤ ਕਿਵੇਂ ਠੀਕ ਰੱਖੀ ਜਾਵੇ:**

1) ਛਾਣਬੂਰੇ ਵਾਲੀ ਕਣਕ, ਰਾਗੀ ਦਾ ਆਟਾ, ਫਲ, ਸਬਜ਼ੀਆਂ, ਮੱਛੀ, ਦਾਲਾਂ, ਆਲਿਵ ਤੇਲ, ਸੁੱਕੇ ਮੇਵੇ, ਐਵੋਕੈਡੋ, ਹਰੀਆਂ ਫਲੀਆਂ ਆਦਿ ਦਿਮਾਗ਼ ਨੂੰ ਲੰਮੇ ਸਮੇਂ ਤੱਕ ਤਰੋਤਾਜ਼ਾ ਅਤੇ ਚੁਸਤ-



ਦਰੁਸਤ ਰੱਖਣ ਵਿਚ ਮਦਦ ਕਰਦੇ ਹਨ।

2) ਰੈਗੂਲਰ ਕਸਰਤ, ਨੱਚਣਾ, ਟੱਪਣਾ, ਦੌੜਨਾ, ਤੇਜ਼ ਤੁਰਨਾ, ਤੈਰਨਾ, ਸਾਈਕਲ ਚਲਾਉਣਾ ਆਦਿ ਹਫ਼ਤੇ ਵਿਚ ਘੱਟੋ-ਘੱਟ ਪੰਜ ਦਿਨ, 40 ਮਿੰਟ ਰੋਜ਼ ਕਰਨ ਨਾਲ ਦਿਮਾਗ਼ ਅਤੇ ਸਰੀਰ ਲੰਮੇ ਸਮੇਂ ਤਕ ਚੁਸਤ ਅਤੇ ਸਿਹਤਮੰਦ ਰੱਖੇ ਜਾ ਸਕਦੇ ਹਨ।

3) ਬਹੁਤਾ ਸਮਾਂ ਇਕੱਲੇ ਨਹੀਂ ਬਿਤਾਉਣਾ ਚਾਹੀਦਾ। ਇਕੱਲੇ ਰਹਿਣ ਵਾਲਿਆਂ ਦੇ ਦਿਮਾਗ਼ ਛੇਤੀ ਸੁੰਗੜਨ ਲੱਗ ਪੈਂਦੇ ਹਨ। ਦੋਸਤਾਂ ਨਾਲ ਜਾਂ ਰਿਸ਼ਤੇਦਾਰੀ ਵਿਚ ਮਿਲਣਾ- ਗਿਲਣਾ ਜਾਰੀ ਰੱਖਣਾ ਚਾਹੀਦਾ ਹੈ।

4) ਡੱਬਾ ਬੰਦ ਚੀਜ਼ਾਂ, ਹੈਮਬਰਗਰ, ਪੀਜ਼ਾ, ਚਿਪਸ, ਆਦਿ ਹੌਲੀ-ਹੌਲੀ ਦਿਮਾਗ਼ ਤੇ ਸਰੀਰ ਨੂੰ ਖੋਖਲਾ ਕਰ ਦਿੰਦੇ ਹਨ। ਇਸੇ ਲਈ ਦਿਮਾਗ਼ ਚੁਸਤ ਰੱਖਣ ਲਈ ਤਾਜ਼ੀਆਂ ਸਬਜ਼ੀਆਂ, ਫਲ ਤੇ ਸੁੱਕੇ ਮੇਵੇ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ।

5) ਹੈੱਡਫੋਨ ਕੰਨਾਂ ਨਾਲ ਲਾ ਕੇ ਉੱਚੀ ਆਵਾਜ਼ ਵਿਚ ਸੁਣਨ ਨਾਲ ਜਿੱਥੇ ਹੌਲੀ-ਹੌਲੀ ਸੁਣਨ ਦੀ ਸਮਰਥਾ ਘਟ ਜਾਂਦੀ ਹੈ, ਉੱਥੇ ਦਿਮਾਗ਼ ਦੇ ਸੁੰਗੜਨ ਦੇ ਆਸਾਰ ਵਧ ਜਾਂਦੇ ਹਨ। ਯਾਦਾਸ਼ਤ ਦੇ ਸੈਂਟਰ ਦੇ ਸੈੱਲਾਂ ਦੀ ਵੀ ਟੁੱਟ-ਫੁੱਟ ਵੱਧ ਹੋ ਜਾਂਦੀ ਹੈ ਤੇ ਜੋੜ ਟੁੱਟ ਜਾਂਦੇ ਹਨ। ਇਸੇ ਲਈ ਫ਼ੋਨ ਜਾਂ ਸੰਗੀਤ ਹਮੇਸ਼ਾ ਮੱਧਮ ਆਵਾਜ਼ ਵਿਚ ਹੀ ਸੁਣਨਾ ਚਾਹੀਦਾ ਹੈ।

6) ਸਿਗਰਟ, ਬੀੜੀ, ਸ਼ਰਾਬ ਜ਼ਰੂਰ ਛੱਡਣੇ ਚਾਹੀਦੇ ਹਨ। ਭਾਰ ਕਾਬੂ ਵਿਚ ਰੱਖਣਾ ਚਾਹੀਦਾ ਹੈ। ਇੰਜ ਅਨੇਕ ਬਿਮਾਰੀਆਂ ਤੋਂ ਬਚਾਅ ਹੋ ਸਕਦਾ ਹੈ।

7) ਜ਼ਿਆਦਾ ਹਨ੍ਹੇਰੇ ਵਿਚ ਨਹੀਂ ਰਹਿਣਾ ਚਾਹੀਦਾ। ਹਨ੍ਹੇਰਾ ਜਿੱਥੇ ਸਾਨੂੰ ਢਹਿੰਦੀ ਕਲਾ ਵੱਲ ਲੈ ਜਾਂਦਾ ਹੈ, ਉੱਥੇ ਦਿਮਾਗ਼ ਨੂੰ ਵੀ ਸੁਸਤ ਕਰ ਦਿੰਦਾ ਹੈ। ਇਸੇ ਲਈ ਰੋਜ਼ ਬਾਹਰ ਸੂਰਜ ਦੀ ਰੋਸ਼ਨੀ ਵਿਚ ਜ਼ਰੂਰ ਤੁਰਨਾ-ਫਿਰਨਾ ਜਾਂ ਬੈਠਣਾ ਚਾਹੀਦਾ ਹੈ।

8) ਰੋਜ਼ ਦਾ ਰੂਟੀਨ ਜ਼ਰੂਰ ਬਣਾਉਣਾ ਚਾਹੀਦਾ ਹੈ ਕਿ ਏਨੇ ਵਜੇ ਪੜ੍ਹਨਾ, ਏਨੇ ਵਜੇ ਖਾਣਾ ਖਾਣਾ, ਏਨੇ ਵਜੇ ਸੈਰ ਕਰਨੀ ਆਦਿ, ਜਿਸ ਨਾਲ ਦਿਮਾਗ਼ ਅੰਦਰਲੀ ਘੜੀ ਚੁਸਤ ਰਹਿੰਦੀ ਹੈ।

9) ਘਰ ਵਿਚ ਕੋਈ ਨਾ ਕੋਈ ਕੰਮ ਜ਼ਰੂਰ ਕਰਨਾ ਚਾਹੀਦਾ ਹੈ, ਜਿਸ ਨਾਲ ਹੱਥ ਪੈਰ ਤਾਂ ਚੱਲਦੇ ਹੀ ਰਹਿੰਦੇ ਹਨ ਪਰ ਦਿਮਾਗ਼ ਤੇ ਸਰੀਰ ਦਾ ਸੰਤੁਲਨ ਵੀ ਬਣਿਆ ਰਹਿੰਦਾ ਹੈ।

10) ਪਾਣੀ ਜ਼ਰੂਰ ਪੀਂਦੇ ਰਹਿਣਾ ਚਾਹੀਦਾ ਹੈ। ਇੰਜ ਸਰੀਰ ਵੀ ਚੁਸਤ ਰਹਿੰਦਾ ਹੈ, ਘਬਰਾਹਟ ਵੀ ਘੱਟ ਹੁੰਦੀ ਹੈ ਤੇ ਦਿਮਾਗ ਵੀ ਚਿੜਚਿੜੇਪਨ ਤੋਂ ਪਰ੍ਹਾਂ ਰਹਿੰਦਾ ਹੈ।

11) ਪੁਰਾਣੀਆਂ ਤਸਵੀਰਾਂ ਤੇ ਐਲਬਮਾਂ ਜ਼ਰੂਰ ਵੇਖਣੀਆਂ ਚਾਹੀਦੀਆਂ ਹਨ। ਇੰਜ ਦਿਮਾਗ਼ ਵਿਚ ਦੱਬੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ ਅਤੇ ਸੈੱਲ ਰਵਾਂ ਹੋ ਜਾਂਦੇ ਹਨ।

12) ਵਡੇਰੀ ਉਮਰ ਵਾਲਿਆਂ ਨੂੰ "ਕੀ ਕਰੀਏ", "ਕੀ ਪਾਉਣਾ ਹੈ", "ਕੀ ਖਾਣਾ ਹੈ" ਪੁੱਛਣ ਨਾਲੋਂ "ਕੀ ਇਹ ਕਰ ਲਈਏ", ਕੀ ਅੱਜ ਪੀਲਾ ਸਵੈਟਰ ਪਾਓਗੇ", "ਅੱਜ ਖੀਰ ਖਾਈਏ", ਵਰਗੇ ਸਵਾਲ ਜ਼ਿਆਦਾ ਸਹਿਜ ਕਰਦੇ ਹਨ।

13) ਦਿਨ ਵੇਲੇ ਘੱਟ ਸੌਣਾ ਚਾਹੀਦਾ ਹੈ ਤਾਂ ਜੋ ਰਾਤ ਦੀ ਨੀਂਦਰ ਪੂਰੀ ਲਈ ਜਾ ਸਕੇ, ਜੋ ਦਿਮਾਗ਼ ਦੀ ਟੁੱਟ ਫੁੱਟ ਦੀ ਰਿਪੇਅਰ ਲਈ ਲੋੜੀਂਦੀ ਹੈ।

14) ਹਰ ਰੋਜ਼ ਕੁੱਝ ਸਮੇਂ ਲਈ ਮਧੁਰ ਸੰਗੀਤ ਜ਼ਰੂਰ ਸੁਣਨਾ ਚਾਹੀਦਾ ਹੈ।

15) ਵਿਟਾਮਿਨ ਬੀ-12, ਲੋਹ ਕਣ, ਵਿਟਾਮਿਨ ਡੀ ਆਦਿ ਲੋੜ ਅਨੁਸਾਰ ਡਾਕਟਰੀ ਸਲਾਹ ਨਾਲ ਖਾ ਲੈਣੇ ਚਾਹੀਦੇ ਹਨ।

16) ਠੇਡਾ ਖਾ ਕੇ ਡਿੱਗਣ ਤੋਂ ਬਚਣ ਲਈ ਫਰਸ਼ ਉੱਤੇ ਕਾਲੀਨ ਜ਼ਰੂਰ ਵਿਛਾ ਲੈਣੇ ਚਾਹੀਦੇ ਹਨ। ਇੰਜ ਹੀ ਗੁਸਲਖ਼ਾਨਿਆਂ ਵਿਚ ਨਾ ਫਿਸਲਣ ਵਾਲੀਆਂ ਟਾਈਲਾਂ ਤੇ ਪਾਸੇ ਉੱਤੇ ਫੜ ਕੇ ਖਲੋਣ ਲਈ ਹੈਂਡਲ ਜ਼ਰੂਰ ਲਾਉਣੇ ਚਾਹੀਦੇ ਹਨ। ਸਵਿੱਚਾਂ ਉੱਤੇ 'ਬਿਜਲੀ', 'ਪੱਖਾ' ਆਦਿ ਲੇਬਲ ਲਾਉਣੇ ਚੰਗੇ ਰਹਿੰਦੇ ਹਨ।

17) ਰੋਜ਼ ਕੋਈ ਨਾ ਕੋਈ ਬੁਝਾਰਤ ਜ਼ਰੂਰ ਬੁੱਝਣੀ ਚਾਹੀਦੀ ਹੈ, ਜਿਸ ਨਾਲ ਦਿਮਾਗ਼ ਦੇ ਜੋੜ ਹਿੱਲਦੇ ਰਹਿੰਦੇ ਹਨ।

18) ਜੇ ਕੋਈ ਪਾਸਾ ਕਮਜ਼ੋਰ ਹੁੰਦਾ ਜਾਪੇ, ਚੱਕਰ ਆਉਣ ਜਾਂ ਜ਼ਬਾਨ ਲੜਖੜਾਏ ਤਾਂ ਤੁਰੰਤ ਡਾਕਟਰ ਕੋਲ ਜਾਣ ਦੀ ਲੋੜ ਹੁੰਦੀ ਹੈ।

20) ਜੇ ਭੁੱਲ ਜਾਣ ਦੀ ਬਿਮਾਰੀ ਸ਼ੁਰੂ ਹੋ ਚੁੱਕੀ ਹੈ ਤਾਂ ਰੈਗੂਲਰ ਚੈਕਅੱਪ ਤੇ ਦਵਾਈ ਖਾਣੀ ਜ਼ਰੂਰੀ ਹੋ ਜਾਂਦੀ ਹੈ। ਆਪਣੀ ਜੇਬ ਵਿਚ ਪਛਾਣ ਪੱਤਰ ਰੱਖਣਾ ਚਾਹੀਦਾ ਹੈ ਤੇ ਘਰ ਦਾ ਪਤਾ ਵੀ।

# ਇੱਕੀਵੀਂ ਸਦੀ ਵਿਚ ਸਰਮਾਇਆ

***ਥਾਮਸ ਪਿੱਕਟੀ ਕੁਝ ਅਸਾਧਾਰਨ ਕਿਸਮ ਦਾ ਅਰਥ ਸ਼ਾਸਤਰੀ ਹੈ ਜੋ ਆਪਣੀ ਖੋਜ ਨੂੰ ਰਾਜਨੀਤਕ ਆਰਥਿਕਤਾ ਅਤੇ ਅਰਥ ਸ਼ਾਸਤਰ ਨੂੰ ਸਮਾਜ ਵਿਗਿਆਨ ਦੀ ਪਰੰਪਰਾ 'ਚ ਰੱਖ ਕੇ ਦੇਖਦਾ ਹੈ। ਉਸ ਦੀ ਕਿਤਾਬ 'ਕੈਪੀਟਲ: ਇੰਨ ਦਿ ਟਵੈਂਟੀ-ਫਸਟ ਸੈਂਚਰੀ' ਬਾਰੇ ਵਿਸਥਾਰ ਸਹਿਤ ਚਰਚਾ ਉਘੇ ਲਿਖਾਰੀ ਡਾ. ਮਨਮੋਹਨ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪੈਰਿਸ ਦੇ ਅਰਥ ਸ਼ਾਸਤਰ ਸਕੂਲ ਦੇ ਪ੍ਰੋਫੈਸਰ ਥਾਮਸ ਪਿੱਕਟੀ ਦੀ 2017 'ਚ ਛਪੀ ਕਿਤਾਬ 'ਕੈਪੀਟਲ: ਇੰਨ ਦਿ ਟਵੈਂਟੀ-ਫਰਸਟ ਸੈਂਚਰੀ' ਦਾ ਫਰਾਂਸੀਸੀ ਤੋਂ ਅੰਗਰੇਜ਼ੀ 'ਚ ਅਨੁਵਾਦ ਆਰਥਰ ਗੋਲਡਹੈਮਰ ਨੇ ਕੀਤਾ। ਇਹ ਕਿਤਾਬ ਆਰਥਿਕ ਨਾਬਰਾਬਰੀ ਦੇ ਵਿਕਾਸ ਦੇ ਲੰਮੇਰੇ ਇਤਿਹਾਸ, ਧਨ ਦੇ ਇਕੱਤਰੀਕਰਨ ਅਤੇ ਅਸਾਵੇਂ ਆਰਥਿਕ ਵਿਕਾਸ ਜਿਹੇ ਸਵਾਲਾਂ ਨਾਲ ਨਜਿੱਠਦੀ ਹੈ। ਇਹ ਸਵਾਲ ਸਦਾ ਹੀ ਰਾਜਨੀਤਕ ਆਰਥਿਕਤਾ ਦੇ ਖੇਤਰ 'ਤੇ ਛਾਏ ਰਹੇ ਹਨ ਪਰ ਇਨ੍ਹਾਂ ਦੇ ਢੁਕਵੇਂ ਅਤੇ ਸਪਸ਼ਟ ਜਵਾਬ ਨਹੀਂ ਮਿਲ ਸਕੇ। ਪਿੱਕਟੀ ਨੇ ਇਸ ਕਿਤਾਬ 'ਚ ਅਠਾਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਦੀ ਆਰਥਿਕਤਾ ਦਾ ਵਿਲੱਖਣ ਅਤੇ ਮਹੱਤਵਪੂਰਨ ਡਾਟਾ ਇਕੱਠਾ ਕਰ ਕੇ ਵਿਸ਼ਲੇਸ਼ਣ ਕੀਤਾ ਹੈ। ਇਸ ਵਿਸ਼ਲੇਸ਼ਣ 'ਚ ਪਿੱਕਟੀ ਨਾ ਮਹਾਨ ਅਰਥ ਸ਼ਾਸਤਰੀ ਦੇ ਨਾਲ ਨਾਲ ਨਿਪੁੰਨ ਰਾਜਨੀਤੀਵਾਨ ਵਾਂਗ ਆਪਣੀ ਹੋਂਦ ਜਤਾਉਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੁੰਦਾ ਕਿ ਇਸੇ ਕਾਰਨ ਹੀ ਉਸ ਦੇ ਵਿਚਾਰਾਂ ਦੀ ਗੂੰਜ ਸਰਬਉੱਚ ਰਾਜਨੀਤਕ ਪੱਧਰ 'ਤੇ ਸੁਣਾਈ ਦਿੰਦੀ ਹੈ। ਸਿਰਫ



**ਡਾ. ਮਨਮੋਹਨ**
ਫੋਨ: +91-82839-48811


ਆਸ ਕੀਤੀ ਜਾ ਸਕਦੀ ਹੈ ਕਿ ਉਸ ਦੀ ਖੋਜ ਅਸਲ 'ਚ ਨੀਤੀਘਾੜਿਆਂ ਦੀਆਂ ਆਰਥਿਕ ਸਿਫਾਰਸ਼ਾਂ ਨੂੰ ਵੀ ਪ੍ਰਭਾਵਿਤ ਕਰ ਸਕੇ।

ਪਿੱਕਟੀ ਕੁਝ ਅਸਾਧਾਰਨ ਕਿਸਮ ਦਾ ਅਰਥ ਸ਼ਾਸਤਰੀ ਹੈ ਜੋ ਆਪਣੀ ਖੋਜ ਨੂੰ ਰਾਜਨੀਤਕ ਆਰਥਿਕਤਾ ਅਤੇ ਅਰਥ ਸ਼ਾਸਤਰ ਨੂੰ ਸਮਾਜ ਵਿਗਿਆਨ ਦੀ ਪਰੰਪਰਾ 'ਚ ਰੱਖ ਕੇ ਵੇਖਦਾ ਹੈ। ਇਸ ਕਿਤਾਬ ਦਾ ਮਾਡਲ ਕਾਰਤੇਸੀਅਨ ਗਣਿਤ ਨਹੀਂ। ਪਿੱਕਟੀ ਇਸ ਨੁਕਤੇ ਤੋਂ ਹਮੇਸ਼ਾ ਚੇਤੰਨ ਹੈ ਕਿ ਗਿਣਾਤਮਕ ਅੰਦਾਜ਼ਿਆਂ ਦੀ ਆਪਣੀ ਸੀਮਾ ਹੁੰਦੀ ਹੈ। ਇਸ ਲਈ ਉਹ ਕਿਸੇ ਸਿੱਟੇ 'ਤੇ ਪਹੁੰਚਣ ਤੋਂ ਸਦਾ ਸਾਵਧਾਨ ਰਹਿੰਦਾ ਹੈ। ਇਸ ਗੱਲ ਦੀ ਪ੍ਰਸ਼ੰਸਾ ਇਸ ਕਿਤਾਬ ਦਾ ਅਨੁਵਾਦਕ ਵੀ ਕਰਦਾ ਹੈ। ਕਿਤਾਬ ਇਸ ਗੱਲੋਂ ਹੈਰਾਨ ਕਰਦੀ ਹੈ ਕਿ ਕਿਸੇ ਅਰਥ ਸ਼ਾਸਤਰੀ ਦੀ ਖੋਜ 'ਚ ਉੱਘੇ ਸਾਹਿਤਕਾਰਾਂ ਦਾ ਸਿੱਧਾ ਜ਼ਿਕਰ ਮਿਲਦਾ ਹੋਵੇ।

ਇਸ ਕਿਤਾਬ ਦਾ ਨਾਮ ਕਾਰਲ ਮਾਰਕਸ ਦੀ ਮਹਾਨ ਕਿਰਤ 'ਸਰਮਾਇਆ' ਵੱਲ ਗੁੱਝਾ ਇਸ਼ਾਰਾ ਕਰਦਾ ਹੈ। ਪਿੱਕਟੀ ਦੀ ਇਹ ਕਿਤਾਬ ਵਿਸਤ੍ਰਿਤ ਆਰਥਿਕ ਇਤਿਹਾਸ ਹੈ ਜਿਸਦਾ ਉਦੇਸ਼ ਪੱਛਮੀ ਸਮਾਜਾਂ ਦੇ ਕਾਰ ਵਿਹਾਰ ਦੇ ਆਰਥਿਕ ਪ੍ਰਤੀਮਾਨਾਂ ਅਤੇ ਨਿਯਮਾਂ ਦੀ ਪੁਸ਼ਟੀ ਕਰਨਾ ਹੈ। ਪਿੱਕਟੀ ਦੀ ਦਸ ਸਾਲ ਦੀ ਖੋਜ ਦਾ ਇਹ ਨਤੀਜਾ ਸਾਡੇ ਸਮਿਆਂ ਦੇ ਸਭ ਤੋਂ ਵਧੇਰੇ ਸੰਵੇਦਨਸ਼ੀਲ ਮਸਲੇ ਨੂੰ ਸੰਬੋਧਿਤ ਹੈ। ਇਹ ਮਸਲਾ ਹੈ: ਨਾਬਰਾਬਰੀ। ਪਿਛਲੇ ਸਮਿਆਂ 'ਚ ਆਰਥਿਕ ਪਾੜੇ ਦੇ ਵਿਸ਼ੇ 'ਤੇ 2015 'ਚ ਜੌਸਫ ਸਟਿੱਗਲਜ਼ ਦੀ ਕਿਤਾਬ ਆਈ ਸੀ ਜਿਸ ਵਿਚ ਵੀ ਆਰਥਿਕ ਨਾਬਰਾਬਰੀ 'ਤੇ ਚਰਚਾ ਹੋਈ। ਇਸ ਕਿਤਾਬ ਲਈ ਸਟਿੱਗਲਿਜ਼ ਨੂੰ ਅਰਥ ਸ਼ਾਸਤਰ ਦਾ ਨੋਰੇਲ ਪੁਰਸਕਾਰ ਵੀ ਮਿਲਿਆ।

ਪਿੱਕਟੀ ਆਪਣੀ ਕਿਤਾਬ 'ਚ ਵਿਸ਼ਲੇਸ਼ਣ ਕਰਦਾ ਹੈ ਕਿ ਕਿਵੇਂ ਹੁਣ ਦੀਆਂ ਸਦੀਆਂ 'ਚ ਪੱਛਮੀ ਸਮਾਜ ਆਮਦਨ ਅਤੇ ਸਰਮਾਏ/ਧਨ ਦੇ ਨੁਕਤਾ ਨਿਗ਼ਾਹ ਤੋਂ ਵਿਕਸਤ ਹੋਏ। ਉਹ ਨਾਲ ਹੀ ਉਦਯੋਗਿਕ ਇਨਕਲਾਬ ਤੋਂ ਲੈ ਕੇ ਹੁਣ ਤੱਕ ਨਬਰਾਬਰੀ ਦੀ ਰੂਪ ਰੇਖਾ ਦਾ ਖਾਕਾ ਖਿੱਚਦਾ ਹੈ। ਉਹ ਸਰਮਾਏ ਨੂੰ ਪਰਿਭਾਸ਼ਿਤ ਕਰਦਿਆਂ ਇਸ ਵਿਚ ਮੁੱਖ ਰੂਪ 'ਚ ਸ਼ੇਅਰਜ਼, ਪੈਸਾ ਅਤੇ ਅਚੱਲ ਜਾਇਦਾਦ ਨੂੰ ਸ਼ਾਮਿਲ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਸਰਮਾਏ ਦੀ ਵੰਡ ਆਮਦਨ ਨਾਲੋਂ ਕਿਤੇ ਵੱਧ ਨਾ-ਬਰਾਬਰੀ ਢੰਗ ਨਾਲ ਹੋਈ ਹੈ। ਉਦਾਹਰਨ ਵਜੋਂ ਅਮਰੀਕਾ 'ਚ ਪੰਜ ਫੀਸਦੀ ਘਰਾਣਿਆਂ ਕੋਲ ਬਹੁਗਿਣਤੀ ਸ਼ੇਅਰਜ਼ ਜਾਂ ਹੁੰਡੀਆਂ ਹਨ। ਪਿੱਕਟੀ ਦਾ ਅਧਿਐਨ ਪਿਛਲੇ ਸਮਿਆਂ 'ਚ ਮੁੱਖ ਪੱਛਮੀ ਆਰਥਿਕਤਾਵਾਂ 'ਚ ਧਨ ਦੀ ਅਸਾਵੀਂ ਵੰਡ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ। ਸਮਾਜ 'ਚ ਆਮਦਨ ਦੀ ਨਾਬਰਾਬਰੀ 'ਤੇ ਖਾਸਾ ਵਾਦ-ਵਿਵਾਦ ਹੁੰਦਾ ਰਹਿੰਦਾ ਹੈ, ਪਰ ਸਰਮਾਏ ਬਾਰੇ ਪਿੱਕਟੀ ਵੱਲੋਂ ਇਕੱਤਰ ਕੀਤਾ ਡਾਟਾ ਸੰਕੇਤ ਕਰਦਾ ਹੈ ਕਿ ਸਰਮਾਏ ਦੇ ਸੰਦਰਭ ਵਿਚ ਆਮਦਨ ਤੋਂ ਕਿਤੇ ਵੱਧ ਨਾ-ਬਰਾਬਰੀ ਹੈ। ਅਮਰੀਕਾ 'ਚ ਆਬਾਦੀ ਦਾ ਇਕ ਫੀਸਦੀ ਹਿੱਸਾ ਧਨ ਸੰਪਤੀ ਦਾ ਮਾਲਕ ਹੈ। ਯੂਰਪ 'ਚ ਇਕ ਫੀਸਦੀ ਧਨਾਢਾਂ ਕੋਲ ਇਸ ਮਹਾਦੀਪ ਦੇ 25 ਫੀਸਦੀ ਸਰਮਾਏ ਦੀ ਮਲਕੀਅਤ ਹੈ।

ਅਠ੍ਹਾਰਵੀਂ ਅਤੇ ਉਨ੍ਹੀਵੀਂ ਸਦੀ 'ਚ ਪੱਛਮੀ ਯੂਰਪ ਦੀਆਂ ਕੰਪਨੀਆਂ 'ਚ ਬਹੁਤ ਵੱਡੇ ਪੱਧਰ ਦੀ ਨਾਬਰਾਬਰੀ ਸੀ। ਕੌਮੀ ਆਮਦਨ ਤੋਂ ਕਿਤੇ ਵੱਧ ਧਨ ਉਨ੍ਹਾਂ ਕੁਝ ਧਨਾਢ ਪਰਿਵਾਰਾਂ ਸੀ ਜੋ ਸਮਾਜ ਸੰਰਚਨਾ ਦੇ ਉੱਚ ਵਰਗ 'ਚ ਸ਼ਾਮਲ ਸਨ। ਇਸ ਤੱਥ ਦੇ ਬਾਵਜੂਦ ਕਿ ਉਦਯੋਗੀਕਰਨ ਨਾਲ ਕਿਰਤੀਆਂ ਤੇ ਮਜ਼ਦੂਰਾਂ ਦੀਆਂ ਤਨਖਾਹਾਂ 'ਚ ਹੌਲ਼ੀ-ਹੌਲ਼ੀ ਵਾਧਾ ਹੋਇਆ ਅਤੇ ਇਸ ਪ੍ਰਣਾਲੀ ਨੂੰ ਬਰਕਰਾਰ ਰੱਖਿਆ ਗਿਆ, ਪਰ ਨਾਬਰਾਬਰੀ ਸਿਰਫ ਦੋ ਸੰਸਾਰ ਜੰਗਾਂ ਅਤੇ ਮਹਾਂਮੰਦੀ ਤੋਂ ਬਾਅਦ ਹੀ ਘੱਟ ਹੋਈ। ਇਨ੍ਹਾਂ ਸੰਕਟਾਂ 'ਚੋਂ ਪੈਦਾ ਹੋਈ ਜਾਇਦਾਦਾਂ ਦੀ ਵੱਡੇ ਪੱਧਰ 'ਤੇ ਤਬਾਹੀ, ਮੁਦਰਾ ਸਫੀਤੀ ਅਤੇ ਸੀਮਾਂਤ ਉੱਚ ਕਰ ਦਰਾਂ ਨੇ ਧਨ 'ਚ ਮਹੱਤਵਪੂਰਨ ਗਿਰਾਵਟ ਲਿਆਂਦੀ। ਇਸ ਸਮੇਂ ਨੂੰ ਸਾਪੇਖਕ ਰੂਪ 'ਚ ਧਨ ਅਤੇ ਆਮਦਨ 'ਚ ਬਰਾਬਰ ਤੇ ਸਾਵੀਂ ਵੰਡ ਦਾ ਸਮਾਂ ਕਿਹਾ ਜਾ ਸਕਦਾ ਹੈ। ਹੁਣ ਭਾਵੇਂ ਪਿੱਕਟੀ ਦਾ ਤਰਕ ਹੈ ਕਿ ਆਧੁਨਿਕ ਆਰਥਿਕਤਾਵਾਂ 'ਚ ਧਨ ਤੇ ਸਰਮਾਇਆ ਸਰਦਾਰੀ ਅਤੇ ਪ੍ਰਮੁੱਖਤਾ ਮੁੜ ਗ੍ਰਹਿਣ ਕਰ ਰਿਹਾ ਹੈ ਅਤੇ ਉਸੇ ਹੀ ਪੱਧਰ 'ਤੇ ਪਹੁੰਚ ਰਿਹਾ ਹੈ ਜਿਹੜਾ ਪੱਧਰ ਪਹਿਲੀ ਸੰਸਾਰ ਜੰਗ ਤੋਂ ਕੁਝ ਵਰ੍ਹੇ ਪਹਿਲਾਂ ਸੀ।




*ਪ੍ਰੋਫੈਸਰ ਥਾਮਸ ਪਿੱਕਟੀ ਅਤੇ ਉਨ੍ਹਾਂ ਦੀ ਕਿਤਾਬ 'ਕੈਪੀਟਲ: ਇੰਨ ਦਿ ਟਵੈਂਟੀ-ਫਰਸਟ ਸੈਂਚਰੀ' ਦਾ ਟਾਈਟਲ।*

ਇਤਿਹਾਸਕ ਅੰਕੜਿਆਂ ਤੇ ਤੱਥਾਂ ਦੇ ਆਧਾਰ 'ਤੇ ਪਿੱਕਟੀ ਨੇ ਸਰਮਾਏ ਅਤੇ ਨਾਬਰਾਬਰੀ ਦੇ ਸਿਧਾਂਤ ਦੀ ਸ਼ੁਰੂਆਤ ਕੀਤੀ ਹੈ। ਇਸ ਫਰਾਂਸੀਸੀ ਅਰਥ ਸ਼ਾਸਤਰੀ ਚਿੰਤਕ ਦਾ ਕਹਿਣਾ ਹੈ ਕਿ ਧਨ ਸੰਪਤੀ ਦਾ ਵਾਧਾ ਆਰਥਿਕਤਾ 'ਚ ਵਾਧੇ ਦਰ ਤੋਂ ਕਿਤੇ ਵੱਧ ਤੇਜ਼ ਹੁੰਦਾ ਹੈ। ਪਹਿਲਾਂ ਤੋਂ ਹੀ ਅਮੀਰ ਦੇਸ਼ ਆਪਣੀ ਆਰਥਿਕਤਾ ਦੀ ਦਰ ਤੋਂ ਕਿਤੇ ਵੱਧ ਤੇਜ਼ੀ ਨਾਲ ਹੋਰ ਅਮੀਰ ਹੋਏ। ਅਮੀਰ ਹੋਰ ਅਮੀਰ ਹੋਏ ਜਿਸ ਕਾਰਨ ਨਾਬਰਾਬਰੀ 'ਚ ਹੋਰ ਵਾਧਾ ਹੋਇਆ। ਉਸ ਦਾ ਡਾਟਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਸ ਸਥਿਤੀ 'ਚ ਦੋ ਹੀ ਅਪਵਾਦੀ ਸਮੇਂ ਸਨ, ਪਹਿਲੀ ਸੰਸਾਰ ਜੰਗ ਦਾ ਸਮਾਂ ਅਤੇ 1970ਵਿਆਂ ਦਾ ਦਹਾਕਾ। ਮੱਧ ਵਰਗੀ ਲੋਕਾਂ ਦੇ ਇਹ ਜੋਬਨ ਦਿਨਾਂ ਦੇ ਵਾਧੇ ਦੇ ਖਿਣਾਂ ਦਾ ਕਾਰਨ ਸੰਸਾਰ ਜੰਗ ਦੀ ਵਜ੍ਹਾ ਵਜੋਂ ਵਿਰਾਸਤ 'ਚ ਮਿਲ਼ੀ ਧਨ ਸੰਪਤੀ ਦੀ ਤਬਾਹੀ, ਮੁਦਰਾ ਸਫੀਤੀ, ਕੌਮੀਕਰਨ ਅਤੇ ਪ੍ਰਗਤੀਸ਼ੀਲ ਕਰ ਨੀਤੀਆਂ ਸਨ। ਅੱਜ ਕੱਲ੍ਹ ਕਾਰਪੋਰੇਟ ਕੰਪਨੀਆਂ ਪਿਤਰੀ ਰੂਪ 'ਚ ਉਨ੍ਹੀਵੀਂ ਸਦੀ ਦੇ ਅੰਤਲੇ ਸਮਿਆਂ ਦੇ ਸਰਮਾਏ ਦਾ ਜਗਤ ਮੁੜ ਸਿਰਜਦੀਆਂ ਦਿਖਾਈ ਦੇ ਰਹੀਆਂ ਹਨ ਜਿਸ ਵਿਚ ਅਮੀਰ ਵਿਰਾਸਤ ਪ੍ਰਬਲ ਰੂਪ 'ਚ ਕਾਰਜਸ਼ੀਲ ਹੈ।

ਪਿੱਕਟੀ ਇਹ ਸਿੱਟਾ ਕੱਢਦਾ ਹੈ ਕਿ ਸਿੱਧੀ ਦਖਲਅੰਦਾਜ਼ੀ ਦੀ ਗ਼ੈਰਹਾਜ਼ਰੀ 'ਚ ਬਾਜ਼ਾਰ ਆਰਥਿਕਤਾ ਹਮੇਸ਼ਾ ਦੇ ਖਤਰਨਾਕ ਚੱਕਰ 'ਚ ਫਸ ਜਾਂਦੀ ਹੈ ਜਿਸ ਵਿਚ ਮੌਜੂਦਾ ਧਨ ਸੰਪਤੀ ਆਪਣੀ ਕੀਮਤ 'ਚ ਤਨਖਾਹਾਂ/ਉਜਰਤ ਅਤੇ ਫਰੋਖਤ ਸ਼ਕਤੀ ਤੋਂ ਵੱਧ ਤੇਜ਼ੀ ਨਾਲ ਵਧਦੀ ਹੈ। ਇਸ ਕਾਰਨ ਉਨ੍ਹਾਂ ਸਾਰੇ ਲੋਕਾਂ ਜੋ ਅਮੀਰ ਨਹੀਂ, ਦਾ ਜੀਵਨ ਪੱਧਰ ਖੜੋਤ ਦਾ ਸ਼ਿਕਾਰ ਹੋ ਜਾਣ ਕਾਰਨ ਡਿੱਗਣ ਲੱਗਦਾ ਹੈ।

ਪਿੱਕਟੀ ਦਾ ਤਰਕ ਹੈ ਕਿ ਧਨ ਦੇ ਪ੍ਰਕਿਰਤਕ ਅਤੇ ਹੌਲ਼ੀ ਹੌਲ਼ੀ ਇਕੱਤਰੀਕਰਨ ਜਾਂ ਸੰਘਣੀਕਰਨ ਨੂੰ ਰੋਕਣ ਦਾ ਕੋਈ ਉਪਾਅ ਨਹੀਂ। ਇਹ ਜਾਂ ਤਾਂ ਤੇਜ਼ ਆਰਥਿਕ ਵਿਕਾਸ ਨਾਲ ਰੋਕਿਆ ਜਾ ਸਕਦਾ ਹੈ ਜੋ ਤਕਨੀਕੀ ਪ੍ਰਗਤੀ ਨਾਲ ਜਾਂ ਜਨਸੰਖਿਆ ਦੇ ਵਾਧੇ ਨਾਲ ਹੀ ਸੰਭਵ ਹੈ ਜਾਂ ਫਿਰ ਰਾਜ ਸੱਤਾ ਦੀ ਦਖਲਅੰਦਾਜ਼ੀ ਰਾਹੀਂ। ਇਸ ਕਾਰਨ ਸੰਸਾਰ 'ਚ ਸਰਕਾਰਾਂ ਹੀ ਸਰਮਾਏ 'ਤੇ ਵਿਸ਼ਵੀ ਟੈਕਸ ਲਾ ਕੇ ਨਾਬਰਾਬਰੀ ਨੂੰ ਰੋਕਣ ਦਾ ਹੀਲਾ ਸਕਦੀਆਂ ਹਨ।

ਪਿੱਕਟੀ ਧਨ ਵਿਤਰਨ ਦੀ ਗਤੀਸ਼ੀਲਤਾ ਨੂੰ ਨਿਸ਼ਚਿਤ ਕਰਦੀ ਮਕਾਨਕੀ ਨੂੰ ਦੋ ਪ੍ਰਮੁੱਖ ਸ਼ਕਤੀਆਂ ਦੇ ਵਰਗਾਂ 'ਚ ਵੰਡਦਾ ਹੈ। ਪਹਿਲੀ ਹੈ: ਕੇਂਦਰਿਤ ਜਾਂ ਮਿਲਣ ਸ਼ਕਤੀ ਅਤੇ ਦੂਜੀ ਹੈ: ਵਿਚਲਨ ਜਾਂ ਭਿੰਨ ਦਿਸ਼ਾਵੀ ਸ਼ਕਤੀ। ਪਹਿਲੇ ਵਰਗ ਦਾ ਝੁਕਾਅ ਸੰਕੁਚਿਤ ਸਰੋਤਾਂ ਦੀ ਉੱਚ ਵੰਡ ਵੱਲ ਹੁੰਦਾ ਹੈ ਜਿੱਥੇ ਦੇਸ਼ ਦੇ ਹਰ ਬਾਸ਼ਿੰਦੇ ਕੋਲ ਧਨ ਸੰਪਤੀ ਦੇ ਕਿਸੇ ਇਕ ਟੁਕੜੇ ਦੀ ਮਲਕੀਅਤ ਹੁੰਦੀ ਹੈ ਜਦੋਂਕਿ ਦੂਜਾ ਵਰਗ ਨਾ-ਬਰਾਬਰ ਢੰਗ ਨਾਲ ਵੰਡ ਕਰਦਾ ਹੈ। ਇਸ 'ਚ ਜਨਸੰਖਿਆ ਦੇ ਵੱਡੇ ਹਿੱਸੇ ਕੋਲ ਕੋਈ ਮਲਕੀਅਤੀ ਜਾਇਦਾਦ ਨਹੀਂ ਹੁੰਦੀ ਅਤੇ ਬਹੁਤ ਹੀ ਥੋੜ੍ਹੇ ਹੱਥਾਂ 'ਚ ਸਰਮਾਏ ਦੇ ਬਹੁਤ ਵੱਡੇ ਭਾਗ ਦਾ ਕਬਜ਼ਾ ਹੁੰਦਾ ਹੈ।

ਪਿੱਕਟੀ ਅਨੁਸਾਰ ਉਨ੍ਹਾਂ ਕੇਂਦਰੀਕਰਨ ਦੀਆਂ ਸ਼ਕਤੀਆਂ ਦੀ ਪਛਾਣ ਹੋਣੀ ਚਾਹੀਦੀ ਹੈ ਜਿਸ ਨਾਲ ਸੂਚਨਾ ਦੀ ਵੰਡ ਅਤੇ ਸਹੀ ਵਿਤਰਨ ਹੋਣ ਦੇ ਨਾਲ ਨਾਲ ਸਿੱਖਿਆ ਬਣਤਰਾਂ 'ਚ ਨਿਵੇਸ਼ ਹੋਣਾ ਚਾਹੀਦਾ ਹੈ। ਇਸ ਵਰਤਾਰੇ ਦੀ ਸਪੱਸ਼ਟ ਉਦਾਹਰਨ ਇਹ ਦਿੱਤੀ ਜਾ ਸਕਦੀ ਹੈ: ਜਦੋਂ ਵਿਕਾਸਸ਼ੀਲ ਦੇਸ਼ਾਂ ਨੇ ਉਤਪਾਦਨ ਵਿਧੀਆਂ ਅਤੇ ਤਕਨੀਕਾਂ ਨੂੰ ਵਿਕਸਤ ਢੰਗਾਂ ਨੂੰ ਅਗਾਂਹਵਧੂ ਦੇਸ਼ਾਂ ਤੋਂ ਲੈ ਕੇ ਅਪਣਾਇਆ ਅਤੇ ਉਸ ਸਥਿਤੀ ਨਾਲੋਂ ਵੱਧ ਤੇਜ਼ੀ ਨਾਲ ਵਿਕਾਸ ਕੀਤਾ ਜਿੰਨੀ ਤੇਜ਼ੀ ਨਾਲ ਉਹ ਆਪਣੇ ਵੱਲੋਂ ਵਿਕਸਤ ਕੀਤੀਆਂ ਤਕਨੀਕਾਂ ਨਾਲ ਕਰਨਾ ਸੀ। ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਸਿੱਖਿਆ ਅਤੇ ਤਕਨੀਕਾਂ ਵੀ ਦੇਸ਼ਾਂ ਵਿਚਕਾਰ ਨਾ-ਬਰਾਬਰੀ ਦੇ ਸਰੋਤ ਸਾਬਿਤ ਹੋ ਸਕਦੇ ਹਨ ਪਰ ਇਕ ਦੇਸ਼ ਵਿਚ ਜੇ ਸਮਾਜ ਦੇ ਸਾਰੇ ਪੱਧਰਾਂ ਤੇ ਤਬਕਿਆਂ ਦੀ ਸਿੱਖਿਆ ਤੱਕ ਪਹੁੰਚ ਹੈ ਤਾਂ ਨਾ-ਬਰਾਬਰੀ ਘਟ ਸਕਦੀ ਹੈ।

***ਮੁੜ ਵਿਤਰਨ ਤੇ ਕਰ ਨੀਤੀਆਂ ਦੇ ਮਸਲਿਆਂ ਅਤੇ ਪਿਛਲੇ ਡੇਢ ਸੌ ਵਰ੍ਹਿਆਂ ਦੀ ਆਮਦਨ ਵੰਡ ਵਰਤਾਰੇ ਦੀਆਂ ਅੰਤਰੀਵੀ ਗਤੀਸ਼ੀਲਤਾਵਾਂ ਨੂੰ ਸਮਝਣ 'ਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ।***

ਇਸ ਕਿਤਾਬ ਦਾ ਮੁੱਖ ਤਰਕ ਸਰਮਾਏ ਤੋਂ ਲਾਭ ਦੀ ਦਰ ਅਤੇ ਆਮਦਨ ਅਤੇ ਉਤਪਾਦਨ ਦੇ ਵਾਧੇ ਦੀ ਦਰ ਵਿਚਾਲੇ ਸਬੰਧਾਂ ਭਿੰਨ ਦਿਸ਼ਾਵੀ ਸ਼ਕਤੀ ਨੂੰ ਮੂਹਰੇ ਲਿਆਉਣਾ ਹੈ। ਜਦੋਂ ਸਰਮਾਇਆ ਬਾਕੀ ਦੀ ਆਰਥਿਕਤਾ ਨਾਲੋਂ ਵੱਧ ਤੇਜ਼ੀ ਨਾਲ ਵਧਦਾ ਹੈ, ਪਹਿਲਾਂ ਦੇ ਸਰਮਾਏ ਦਾ ਇਕੱਤਰੀਕਰਨ ਬੜਾ ਮਹੱਤਵਪੂਰਨ ਹੋ ਜਾਂਦਾ ਹੈ। ਜਿਨ੍ਹਾਂ ਦੀ ਆਮਦਨ ਮੁੱਖ ਤੌਰ 'ਤੇ ਤਨਖਾਹ ਅਤੇ ਮੌਰੂਸੀ ਜਾਇਦਾਦ ਵਾਲੀ ਹੋਵੇ ਤਾਂ ਆਮਦਨ ਤੋਂ ਪ੍ਰਤੀ ਸਾਲ ਦੀ ਦਰ ਬਹੁਤੀ ਨਹੀਂ ਵਧਦੀ। ਜੇ ਸਰਮਾਏ ਤੋਂ ਲਾਭ ਅਤੇ ਆਮਦਨ ਦੇ ਵਾਧੇ ਦੀ ਦਰ ਬਹੁਤ ਉੱਚੀ ਹੋਵੇ ਤਾਂ ਧਨਾਢ ਲੋਕ ਅਕਸਰ ਕਿਰਤੀ ਕਾਮਿਆਂ ਦੀ ਬੱਚਤ ਕੀਤੀ ਧਨ ਸੰਪਤੀ 'ਤੇ ਆਪਣੀ ਪ੍ਰਬਲਤਾ ਕਾਇਮ ਕਰ ਲੈਂਦੇ ਹਨ। ਇਹ ਸਿਲਸਿਲਾ ਅਗਾਂਹ ਇਨ੍ਹਾਂ ਦੋਹਾਂ ਦੀਆਂ ਅਗਲੀਆਂ ਪੀੜ੍ਹੀਆਂ ਤੱਕ ਚੱਲਦਾ ਰਹਿੰਦਾ ਹੈ।

ਇਹ ਸਾਰੀ ਗਤੀਸ਼ੀਲਤਾ ਜਲਦੀ ਹੀ ਉਸ ਸਥਿਤੀ 'ਤੇ ਪਹੁੰਚ ਜਾਂਦੀ ਹੈ ਜਿੱਥੇ ਵਿਰਸੇ 'ਚ ਮਿਲਿਆ ਧਨ, ਕਿਰਤ ਤੋਂ ਕਮਾਏ ਧਨ 'ਤੇ ਆਪਣੀ ਪ੍ਰਬਲਤਾ ਸਥਾਪਿਤ ਕਰ ਲਵੇਗਾ। ਇਸ ਮਾਮਲੇ 'ਚ ਸਾਪੇਖਕ ਤੌਰ 'ਤੇ ਬਹੁਤ ਘੱਟ ਲੋਕਾਂ ਦਾ ਸਰਮਾਏ ਦੇ ਵੱਡੇ ਹਿੱਸੇ 'ਤੇ ਨਿਯੰਤਰਣ ਹੋ ਜਾਂਦਾ ਹੈ। ਇਹ ਯੋਗਤਾਤੰਤਰੀ ਸਮਾਜ ਦੀਆਂ ਕਦਰਾਂ ਕੀਮਤਾਂ ਨਾਲ ਬੇਮੇਲ ਹੋ ਸਕਦਾ ਹੈ। ਪਿੱਕਟੀ 1910 ਤੋਂ ਲੈ ਕੇ 1950 ਤੱਕ ਦੇ ਸਮੇਂ ਅਤਿਭਾਵੀ ਘਟਨਾਵਾਂ ਦੇ ਪ੍ਰਭਾਵ ਦੀ ਗੱਲ ਕਰਦਾ ਹੈ ਜੋ ਵਿਕਸਤ ਦੇਸ਼ਾਂ ਵਿਚ ਨਾ-ਬਰਾਬਰੀ ਦੇ ਘੱਟ ਹੋਣ ਦਾ ਕਾਰਨ ਬਣਿਆ। ਦੋ ਸੰਸਾਰ ਜੰਗਾਂ, ਮਹਾਂਮੰਦੀ ਅਤੇ 1940ਵਿਆਂ ਦੌਰਾਨ ਸਰਕਾਰ ਦੀਆਂ ਨੀਤੀਆਂ ਨੇ ਸਰਮਾਏ ਦੇ ਭੰਡਾਰ ਨੂੰ ਘਟਾਇਆ ਭਾਵ ਭੂਗੋਲਿਕ-ਰਾਜਨੀਤਕ ਸੱਚਾਈਆਂ ਦੀ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਆਰਥਿਕ ਪਰਿਵਰਤਨਾਂ 'ਚ ਵੱਡੀ ਭੂਮਿਕਾ ਰਹੀ ਹੈ। ਪਿੱਕਟੀ ਅੱਸੀਵਿਆਂ ਤੋਂ ਲੈ ਕੇ ਵਰਤਮਾਨ ਤੱਕ ਅਤਿ ਰੂਪ 'ਚ ਵਧੀ ਹੋਈ ਆਰਥਿਕ ਨਾ-ਬਰਾਬਰੀ ਦਾ ਕਾਰਨ ਅੱਸੀਵਿਆਂ ਦੀਆਂ ਆਰਥਿਕ ਨੀਤੀਆਂ ਨੂੰ ਦੱਸਦਾ ਹੈ ਜਿਸ ਵਿਚ ਕਰਾਂ ਦੀ ਦਰ 'ਚ ਵਿਸ਼ੇਸ਼ ਕਮੀ ਅਤੇ ਵਿੱਤੀ ਬਾਜ਼ਾਰ ਦਾ ਅਨਿਯੰਤਰਨ ਭਾਵ ਡੀਰੈਗੂਲੇਸ਼ਨ ਕਰਨਾ ਸੀ।

ਇਸ ਕਿਤਾਬ ਦਾ ਪਹਿਲਾ ਭਾਗ ਬੜਾ ਪੜ੍ਹਨਯੋਗ ਹੈ। ਪਿੱਕਟੀ ਦੇ ਨਾਲ ਇਮੈਨੁਅਲ ਸਾਇਜ਼, ਐਨਥਨੀ ਐਟਿਕਸਨ ਅਤੇ ਹੋਰਾਂ ਦੀ ਅਕਾਦਮਿਕ ਸ਼ਮੂਲੀਅਤ ਦੇ ਨਾਲ ਨਾਲ ਸਾਹਿਤ ਤੋਂ ਲਈਆਂ ਉਦਾਹਰਨਾਂ ਅਤੇ ਫਰਾਂਸ, ਇੰਗਲੈਂਡ ਤੇ ਅਮਰੀਕਾ ਦੀਆਂ ਸਰਕਾਰਾਂ ਦੀਆਂ ਅਸਲ ਨੀਤੀਆਂ 'ਤੇ ਗੰਭੀਰ ਚਰਚਾਵਾਂ ਕਾਰਨ ਕਿਤਾਬ ਦਾ ਪਾਠ ਵੱਧ ਰੌਚਕ ਹੋਇਆ ਹੈ। ਇਸ ਪਾਠ 'ਚੋਂ ਮਾਰਕਸਵਾਦੀ ਵਿਚਾਰਧਾਰਾ ਦੀਆਂ ਤਰੰਗਾਂ ਗੂੰਜਦੀਆਂ ਹਨ ਪਰ ਨਾਲ ਹੀ ਪਿੱਕਟੀ ਦਾ ਕਹਿਣਾ ਹੈ ਕਿ ਉਹ ਸਰਮਾਏਦਾਰੀ ਦਾ ਵਿਰੋਧੀ ਨਹੀਂ ਹੈ। ਉਹ ਇਸ ਗੱਲ 'ਤੇ ਵੀ ਜ਼ੋਰ ਦਿੰਦਾ ਹੈ ਕਿ ਨਾ-ਬਰਾਬਰੀ ਦਾ ਸੰਕਟ ਸਟੇਟ ਦਾ ਆਕਾਰ ਵਧਾਉਣ ਨਾਲ ਹੱਲ ਨਹੀਂ ਹੋ ਸਕਦਾ। ਉਸ ਦਾ ਯਕੀਨ ਹੈ ਕਿ ਇਸ ਦਾ ਹੱਲ ਧਨ ਸੰਪਤੀ 'ਤੇ ਵਿਸ਼ਵਕ ਕਰ ਲਾਉਣ ਨਾਲ ਹੀ ਸੰਭਵ ਹੈ। ਉਹ ਇਹ ਗੱਲ ਵੀ ਮੰਨਦਾ ਹੈ ਕਿ ਵਿਚਾਰ ਇਕ ਤਰ੍ਹਾਂ ਦਾ ਯੂਟੋਪੀਆ/ਆਸ ਜਾਂ ਸੁਪਨਾ ਹੈ ਕਿਉਂਕਿ ਇਹ ਗੱਲ ਮੰਨਣ 'ਚ ਨਹੀਂ ਆਉਂਦੀ ਕਿ ਸੰਸਾਰ ਭਰ 'ਚ ਸਰਕਾਰਾਂ ਵਿਸ਼ਵ ਪੱਧਰ 'ਤੇ ਕੋਈ ਅਜਿਹਾ ਕਰ ਲਾਗੂ ਕਰ ਸਕਣ। ਇਹ ਜ਼ਰੂਰ ਹੋ ਸਕਦਾ ਕਿਉਂਕਿ ਕਰਾਂ ਦੇ ਅਧੂਰੇ ਲਾਗੂ ਕਰਨ ਦਾ ਨਤੀਜਾ ਇਹ ਹੋਵੇਗਾ ਕਿ ਸਰਮਾਇਆ ਉਨ੍ਹਾਂ ਦੇਸ਼ਾਂ ਵੱਲ ਬਦਲੀ ਹੋ ਜਾਵੇਗਾ ਜਿੱਥੇ ਨਿਯੰਤਰਨ ਦੀ ਕਮੀ ਹੈ। ਅਜਿਹਾ ਵਰਤਾਰਾ ਅੱਜਕੱਲ੍ਹ ਪਹਿਲਾਂ ਤੋਂ ਹੀ ਪ੍ਰਤੱਖ ਰੂਪ 'ਚ ਵਾਪਰ ਰਿਹਾ ਹੈ।

ਪਿੱਕਟੀ ਅਜਿਹੀਆਂ ਨੀਤੀਆਂ ਨੂੰ ਅਪਨਾਉਣ ਦੀ ਵਕਾਲਤ ਕਰਦਾ ਹੈ ਜਿਸ ਨਾਲ ਅਣਵਰਤੋਂ 'ਚ ਪਿਆ ਸਰਮਾਇਆ ਵਰਤਿਆ ਜਾ ਸਕੇ। ਵਿਰਾਸਤੀ/ਮੌਰੂਸੀ ਜਾਇਦਾਦਾਂ, ਅਚੱਲ ਸੰਪਤੀਆਂ ਅਤੇ ਵੱਡੀਆਂ ਤਨਖਾਹਾਂ 'ਤੇ ਕਰ ਲਾਏ ਜਾਣ। ਇਨ੍ਹਾਂ ਨੀਤੀਆਂ ਦਾ ਉਦੇਸ਼ ਕਰਾਂ ਰਾਹੀਂ ਧਨ ਮਾਲੀਆ ਇਕੱਠਾ ਕਰਨਾ ਹੋਵੇਗਾ। ਇਸ ਨਾਲ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਕਿ ਆਰਥਿਕ ਗਤੀਵਿਧੀਆਂ ਸ਼ੁਰੂ ਕਰਨ ਲਈ ਲੋਕ ਆਪਣਾ ਸਰਮਾਇਆ ਵੱਡੇ ਜੋਖਮ ਵਾਲੇ ਖੇਤਰਾਂ 'ਚ ਨਿਵੇਸ਼ ਕਰਨ। ਆਪਣੇ ਸੁਝਾਏ ਢੰਗ ਤਰੀਕਿਆਂ ਬਾਰੇ ਪਿੱਕਟੀ ਦਾ ਆਪਣਾ ਵਿਚਾਰ ਹੈ ਕਿ ਇਨ੍ਹਾਂ ਦੇ ਅਪਨਾਏ ਜਾਣ ਦੇ ਆਸਾਰ ਬਹੁਤ ਘੱਟ ਦਿਸਦੇ ਹਨ। ਇਨ੍ਹਾਂ ਪ੍ਰਸਤਾਵਾਂ ਨਾਲ ਸਮੱਸਿਆ ਦਾ ਹੱਲ ਨਹੀਂ ਹੁੰਦਾ ਜਾਪਦਾ, ਪਰ ਸਿੱਟਾ ਇਹ ਨਿਕਲਦਾ ਹੈ ਕਿ ਇਨ੍ਹਾਂ ਨਾਲ ਫਰਾਂਸ ਦੀ ਇਤਿਹਾਸ 'ਚ ਹਾਜ਼ਰੀ ਦਰਜ ਹੋ ਜਾਵੇਗੀ। ਅਰਥ ਸ਼ਾਸਤਰੀ ਲਾਰੰਸ ਸਮਰ ਦਾ ਕਹਿਣਾ ਹੈ ਕਿ ਪਿੱਕਟੀ ਵੱਲੋਂ ਪ੍ਰਸਤਾਵਿਤ ਸਿਧਾਂਤ ਭਾਵੇਂ ਸੱਚ ਸਾਬਿਤ ਨਹੀਂ ਵੀ ਹੁੰਦੇ, ਪਰ ਉਸ ਅਨੁਭਵਸ਼ੀਲ ਡਾਟੇ ਨਾਲ ਇਹ ਦਿਖਾਉਣਾ ਕਿ ਉੱਚ ਪੱਧਰ ਦੇ ਵੱਡੇ ਮੈਨੇਜਰਾਂ (ਉਪਰਲੇ 1 ਫੀਸਦੀ, 0.1 ਫੀਸਦੀ, ਜਨਸੰਖਿਆ ਦਾ 0.01 ਫੀਸਦੀ) ਦਾ ਔਸਤਨ ਸਰਮਾਇਆ ਚੋਖੇ ਵੱਡੇ ਰੂਪ 'ਚ ਤੇਜ਼ੀ ਨਾਲ ਵਧਿਆ ਹੈ। ਪਿੱਕਟੀ ਵੱਲੋਂ ਇਸ ਤੱਥ ਨੂੰ ਪ੍ਰਤੱਖ ਰੂਪ 'ਚ ਦਿਖਾਉਣ ਨਾਲ ਇਕ ਰਾਜਨੀਤਕ ਚਰਚਾ ਜ਼ਰੂਰ ਸ਼ੁਰੂ ਹੋਈ ਹੈ। ਉਸ ਦੀ ਭਵਿੱਖਬਾਣੀ ਇਹ ਹੈ ਕਿ ਨਾ-ਬਰਾਬਰੀ 'ਚ ਤੇਜ਼ੀ ਨਾਲ ਵਾਧੇ ਨੇ ਸੱਚ ਸਾਬਿਤ ਹੋਣਾ ਹੀ ਹੋਣਾ ਹੈ। ਅਜਿਹੀਆਂ ਸੰਸਥਾਵਾਂ ਦਾ ਨਿਰਮਾਣ ਹੋਣਾ ਜ਼ਰੂਰੀ ਹੈ ਜੋ ਇਸ ਸੱਚ ਦੇ ਵਾਪਰਨ ਦੀ ਸੰਭਵਾਨਾ ਨੂੰ ਘਟਾਉਣ। ਜੇ ਸਰਮਾਏ ਤੋਂ ਲਾਭ ਆਰਥਿਕ ਵਿਕਾਸ ਦੀ ਦਰ ਤੋਂ ਉੱਚਾ ਹੈ ਅਤੇ ਨਾ-ਬਰਾਬਰ ਧਨ 'ਚ ਵਾਧਾ ਨਹੀਂ ਹੁੰਦਾ ਤਾਂ ਇਹ ਚੰਗੀ ਗੱਲ ਹੈ ਪਰ ਅਸੀਂ ਹੱਥੇ 'ਤੇ ਹੱਥ ਰੱਖ ਕੇ ਬੈਠਿਆਂ ਕਿਸੇ ਚਮਤਕਾਰ ਦੀ ਆਸ ਨਹੀਂ ਕਰ ਸਕਦੇ। ਇਹ ਵਾਪਰਨ ਲਈ ਯੋਜਨਾ ਘੜਨ ਦੀ ਜ਼ਰੂਰਤ ਹੈ।

ਪਿੱਕਟੀ ਵੱਲੋਂ ਨਾ-ਬਰਾਬਰੀ ਨੂੰ ਖਤਮ ਕਰਨ ਦਾ ਪ੍ਰਸਤਾਵਿਤ ਬਦਲ ਇਹ ਹੈ ਕਿ ਮਾਲੀਏ ਦਾ 70 ਫੀਸਦੀ ਤੱਕ ਦੀ ਸੀਮਾ ਤਕ ਕਰ ਦੀ ਉੱਚੀ ਦਰ ਨੂੰ ਲਾਗੂ ਕੀਤਾ ਜਾਵੇ। ਉਸਦੀ ਅਤੇ ਇਮੈਨੁਅਲ ਸਾਏਜ਼ ਦੀ ਅਕਾਦਮਿਕ ਖੋਜ ਮੁਤਾਬਿਕ ਇਹ ਖਦਸ਼ਾ ਵੀ ਹੈ ਕਿ ਧਨਾਢ ਤੇ ਅਮੀਰ ਮਜ਼ਦੂਰ ਮੰਡੀ ਨੂੰ ਏਨਾ ਕੁ ਵਿਗਾੜ ਦੇਣਗੇ ਕਿ ਇਹ ਯਕੀਨ ਕਰਨਾ ਕਠਿਨ ਹੋ ਜਾਵੇਗਾ ਇਹੋ ਹੀ ਸਰਵੋਤਮ ਤੇ ਆਦਰਸ਼ਕ ਸਥਿਤੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਸਰਵੋਤਮ ਕਰ ਪ੍ਰਣਾਲੀ 'ਚ ਹੋਰ ਪੱਖ ਵੀ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ। ਜੇ ਅਜਿਹਾ ਨਾ ਵਾਪਰਿਆ ਤਾਂ 70 ਫੀਸਦੀ ਸੀਮਾਂਤ ਕਰ ਵਿਵਸਥਾ ਵੀ ਆਦਰਸ਼ਕ ਨਹੀਂ ਹੋਵੇਗੀ।

ਮੁੜ ਵਿਤਰਨ ਤੇ ਕਰ ਨੀਤੀਆਂ ਦੇ ਮਸਲਿਆਂ ਅਤੇ ਪਿਛਲੇ ਡੇਢ ਸੌ ਵਰ੍ਹਿਆਂ ਦੀ ਆਮਦਨ ਵੰਡ ਵਰਤਾਰੇ ਦੀਆਂ ਅੰਤਰੀਵੀ ਗਤੀਸ਼ੀਲਤਾਵਾਂ ਨੂੰ ਸਮਝਣ 'ਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਸ ਵੱਲੋਂ ਪ੍ਰਸਤਾਵਿਤ ਨੀਤੀਆਂ ਲਾਗੂ ਕੀਤੀਆਂ ਜਾਣ ਜਾਂ ਨਾ, ਇਹ ਵੱਖਰਾ ਵਿਸ਼ਾ ਹੈ ਪਰ ਇਸ ਕਿਤਾਬ ਨੇ ਸੰਸਾਰ ਭਰ 'ਚ ਆਰਥਿਕ ਨਾ-ਬਰਾਬਰੀ 'ਤੇ ਵੱਡੀ ਚਰਚਾ ਜ਼ਰੂਰ ਛੇੜੀ ਹੈ।

# ਪੰਜਾਬੀ-ਅਮਰੀਕਨ ਵਿਗਿਆਨੀ ਡਾ. ਗੁਰਵਤਨ ਸਿੰਘ ਮੀਰਾਨਪੁਰੀ

ਪੰਜਾਬ ਦੀ ਧਰਤੀ ਨੇ ਜਿੱਥੇ ਮਹਾਨ ਮਹਾਂਪੁਰਸ਼ਾਂ, ਕਵੀਆਂ, ਲਿਖਾਰੀਆਂ ਅਤੇ ਸੂਰਵੀਰ ਯੋਧਿਆਂ ਨੂੰ ਜਨਮ ਦਿੱਤਾ ਹੈ, ਉੱਥੇ ਹੀ ਇਸ ਨੇ ਵਿਸ਼ਵ ਪੱਧਰ ਦੇ ਪ੍ਰੋਫੈਸਰ, ਡਾਕਟਰ, ਇੰਜਨੀਅਰ ਅਤੇ ਵਿਗਿਆਨੀ ਵੀ ਪੈਦਾ ਕੀਤੇ ਹਨ। ਸਿੱਖਿਆ, ਖੋਜ ਅਤੇ ਵਿਗਿਆਨ ਦੇ ਖੇਤਰ ਵਿਚ ਪੰਜਾਬੀਆਂ ਨੇ ਵਿਸ਼ਵ ਪੱਧਰ 'ਤੇ ਮੱਲਾਂ ਮਾਰੀਆਂ ਹਨ। ਅਜਿਹੀ ਹੀ ਇਕ ਪੰਜਾਬੀ ਖੋਜੀ ਸ਼ਖਸੀਅਤ ਹਨ ਡਾ. ਗੁਰਵਤਨ ਸਿੰਘ ਮੀਰਾਨਪੁਰੀ। ਡਾ. ਮੀਰਾਨਪੁਰੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਖੇਤਰ ਨਾਲ ਸਬੰਧਤ ਹਨ। ਖੋਜ ਦੇ ਖੇਤਰ ਵਿਚ ਪੰਜਾਬ ਤੋਂ ਅਮਰੀਕਾ ਤਕ ਉਨ੍ਹਾਂ ਦਾ ਪੁੱਜਣਾ ਬਹੁਤ ਦਿਲਚਸਪ ਹੈ। ਉਹ ਅੱਜ-ਕੱਲ੍ਹ ਅਮਰੀਕਾ ਦੀ ਵਿਸਕਾਨਸਿਨ ਮੈਡੀਸਨ ਯੂਨੀਵਰਸਿਟੀ ਦੇ ਨਿਊਰੋਲੋਜੀਕਲ ਸਰਜਰੀ ਵਿਭਾਗ ਵਿਚ ਸੀਨੀਅਰ ਵਿਗਿਆਨਕ ਹਨ।

ਡਾ. ਗੁਰਵਤਨ ਸਿੰਘ ਮੀਰਾਨਪੁਰੀ ਦਾ ਜਨਮ 5 ਮਈ, 1948 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਨਜ਼ਦੀਕ ਪੈਂਦੇ ਪਿੰਡ ਮੀਰਾਨਪੁਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਅਧਿਆਪਕ ਅਤੇ ਮਾਤਾ ਜੀ ਘਰੇਲੂ ਔਰਤ ਸਨ। ਆਪਣੇ ਦਸ ਭੈਣਾਂ-ਭਰਾਵਾਂ ਵਿਚੋਂ ਗੁਰਵਤਨ ਬਹੁਤ ਹੀ ਲਾਇਕ ਅਤੇ ਬੁੱਧੀਮਾਨ ਸਨ। ਆਪਣੀ ਮਿਹਨਤ ਅਤੇ ਪਿਤਾ ਜੀ ਦੇ ਮਾਰਗਦਰਸ਼ਨ ਸਦਕਾ ਉਹ ਯੂਨੀਵਰਸਿਟੀ ਪੜ੍ਹਨ ਲਈ ਪੁੱਜੇ। ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਵਧੀਆ ਤਰੀਕੇ ਨਾਲ ਪੜ੍ਹਨ ਲਈ ਪ੍ਰੇਰਦੇ ਅਤੇ ਉਨ੍ਹਾਂ ਨੂੰ ਪ੍ਰਕਾਸ਼ ਸੰਸਲੇਸ਼ਨ ਕਿਰਿਆ ਬਾਰੇ ਦੱਸਦੇ ਰਹਿੰਦੇ। ਉਨ੍ਹਾਂ ਦੀ ਰੀਝ ਸੀ ਕਿ ਗੁਰਵਤਨ ਖੇਤੀਬਾੜੀ ਅਤੇ ਪਸ਼ੂ-ਚਿਕਿਤਸਾ ਵਿਗਿਆਨ ਦੇ ਖੇਤਰ ਵਿਚ ਨਾਮਣਾ ਖੱਟੇ।

**ਪਿਤਾ ਦੇ ਲਏ ਸੁਪਨੇ ਨੂੰ ਸਾਕਾਰ ਕਰਦਿਆਂ ਗੁਰਵਤਨ ਨੇ ਸੰਨ 1964 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਬੀ.ਐਸ.ਸੀ (ਖੇਤੀਬਾੜੀ ਅਤੇ ਪਸ਼ੂ-ਪਾਲਣ) 'ਚ ਦਾਖਲਾ ਲੈ ਲਿਆ। ਗੁਰਵਤਨ ਨੇ ਇੱਥੇ ਕੰਮ ਕਰਦਿਆਂ ਖੇਤੀਬਾੜੀ ਅਤੇ ਪਸ਼ੂ-ਚਿਕਿਤਸਾ ਦੇ ਖੇਤਰ ਵਿਚ ਖੋਜ ਕਾਰਜ ਸ਼ੁਰੂ ਕਰ ਦਿੱਤੇ। ਅਗਲੇ ਸੱਤ ਸਾਲਾਂ ਭਾਵ ਸੰਨ 1975 ਤਕ ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਐਮ.ਐਸ.ਸੀ. ਅਤੇ ਪੀ.ਐਚਡੀ. ਦੀਆਂ ਡਿਗਰੀਆਂ ਵੀ ਪ੍ਰਾਪਤ ਕਰ ਲਈਆਂ। ਲਗਨ ਅਤੇ ਅਣਥੱਕ ਮਿਹਨਤ ਸਦਕਾ ਉਨ੍ਹਾਂ ਨੂੰ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ। ਸਕਾਲਰਸ਼ਿਪ ਅਤੇ ਮੈਰਿਟ ਫੈਲੋਸ਼ਿਪ ਕਰਕੇ ਉਹ ਅਕਾਦਮਿਕ ਖੇਤਰ, ਖੋਜ ਖੇਤਰ ਵਿਚ ਹੋਰ ਤਰੱਕੀਆਂ ਕਰਦੇ ਚਲੇ ਗਏ। ਉਨ੍ਹਾਂ ਦੀ ਪੀ.ਐਚਡੀ. ਦੀ ਡਿਗਰੀ ਕੀਟ ਵਿਗਿਆਨ ਵਿਚ ਕੀਤੀ ਖੋਜ ਉਪਰ ਆਧਾਰਤ ਹੈ। 1976 ਵਿਚ ਉਨ੍ਹਾਂ ਨੂੰ ਆਸਾਮ ਯੂਨੀਵਰਸਿਟੀ, ਗੁਹਾਟੀ ਵਿਚ ਕੀਟ ਵਿਗਿਆਨਕ ਵਜੋਂ ਨੌਕਰੀ ਮਿਲ ਗਈ। ਇਹ ਪੋਸਟ ICAR ਦੇ ਖੋਜ ਪ੍ਰੋਜੈਕਟ ਵਿਚੋਂ ਦਿੱਤੀ ਗਈ ਸੀ। 1976 ਵਿਚ ਹੀ ਡਾ. ਗੁਰਵਤਨ ਸਿੰਘ ਭਾਰਤੀ ਖੇਤੀਬਾੜੀ ਖੋਜ ਸੇਵਾ ਲਈ ਨੌਜੁਆਨ ਵਿਗਿਆਨਕ ਵਜੋਂ ਚੁਣੇ ਗਏ। ਉਨ੍ਹਾਂ ਦੀ ਪੋਸਟਿੰਗ ਭਾਰਤੀ ਵੈਟਰਨਰੀ ਖੋਜ ਸੰਸਥਾ ਵਿਚ ਹੋ ਗਈ ਅਤੇ 1982 ਤੱਕ ਉਹ ਇੱਥੇ ਹੀ ਖੋਜਕਾਰ ਵਜੋਂ ਕੰਮ ਕਰਦੇ ਰਹੇ। ਇੱਥੇ ਉਨ੍ਹਾਂ ਨੇ ਪਸ਼ੂਆਂ ਦੀਆਂ ਕਈ ਤਰ੍ਹਾਂ ਦੀਆਂ ਨਵੀਆਂ ਬਿਮਾਰੀਆਂ ਅਤੇ ਇਲਾਜ ਬਾਰੇ ਖੋਜ ਕਾਰਜ ਕੀਤਾ। ਹੌਲੀ-ਹੌਲੀ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿਚ ਖੋਜ ਕਾਰਜ ਕਰਨ ਲਈ ਸੱਦੇ-ਪੱਤਰ ਆਉਣ ਲੱਗੇ ਅਤੇ ਵੱਡੀਆਂ ਫੈਲੋਸ਼ਿਪ ਵੀ ਪ੍ਰਦਾਨ ਕੀਤੀਆਂ ਗਈਆਂ। ਬਾਹਰਲੇ ਮੁਲਕਾਂ ਦੀਆਂ ਵਿਸ਼ਵ-ਪੱਧਰੀ ਪ੍ਰਯੋਗਸ਼ਾਲਾਵਾਂ ਵਿਚ ਪਲਾਂਟਾਂ (ਰੁੱਖਾਂ) ਵਿਚ ਹੋਣ ਵਾਲੀ ਪ੍ਰਕਾਸ਼ ਸੰਸਲੇਸ਼ਣ ਦੀ ਕਿਰਿਆ ਅਤੇ ਜਾਨਵਰਾਂ ਦੀਆਂ ਬਿਮਾਰੀਆਂ ਉੱਪਰ ਭਰਪੂਰ ਖੋਜ ਕਾਰਜ ਸੰਪੰਨ ਕੀਤੇ।**

1982-83 ਦੌਰਾਨ ਹੀ ਉਨ੍ਹਾਂ ਨੂੰ ਈਡਨਬਰਗ ਯੂਨੀਵਰਸਿਟੀ, ਸਕਾਟਲੈਂਡ ਵਿਚ ਪੋਸਟ ਡਾਕਟਰੇਟ ਲਈ ਕਾਮਨਵੈਲਥ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਖੋਜ ਕਾਰਜ ਕਰਦੇ ਕਰਦੇ 1983 ਦੇ ਅਖੀਰ ਵਿਚ ਉਹ ਅਮਰੀਕਾ ਚਲੇ ਗਏ। ਕੁਝ ਸਮਾਂ ਕੈਨੇਡਾ ਵਿਚ ਅਤੇ ਫਿਰ ਵਾਪਸ ਅਮਰੀਕਾ ਆ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। 1984-85 ਵਿਚ ਉਨ੍ਹਾਂ ਨੇ ਇਕ ਹੋਰ ਪੋਸਟ ਡਾਕਟਰੇਟ (ਫੋਗੈਰਟੀ ਫੈਲੋਸ਼ਿਪ) ਰਾਸ਼ਟਰੀ ਸਿਹਤ ਸੰਸਥਾਨ, ਇਲੀਨੋਇਸ ਯੂਨੀਵਰਸਿਟੀ, ਉਰਬਾਨਾ (ਸ਼ਿਕਾਗੋ), ਅਮਰੀਕਾ ਤੋਂ ਪੂਰੀ ਕੀਤੀ। ਉਨ੍ਹਾਂ ਦੇ ਖੋਜ ਕਾਰਜ ਵਿਸ਼ਵ ਦੇ ਨਾਮੀ ਖੋਜ-ਪੱਤਰਾਂ, ਮੈਗਜ਼ੀਨਾਂ, ਰਸਾਲਿਆਂ ਅਤੇ ਕਾਨਫਰੰਸਾਂ ਵਿਚ ਛਪਦੇ ਰਹੇ ਹਨ। ਉਨ੍ਹਾਂ ਦੇ 130 ਤੋਂ ਜ਼ਿਆਦਾ ਖੋਜ ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਵਿਚ ਉਨ੍ਹਾਂ ਅਤੇ ਹੋਰਨਾਂ ਵਿਗਿਆਨੀਆਂ ਦੇ ਖੋਜ-ਕਾਰਜਾਂ ਦਾ ਰੀਵਿਊ, ਕਿਤਾਬੀ ਚੈਪਟਰ ਅਤੇ ਜਰਨਲ ਪਬਲੀਕੇਸ਼ਨ ਮੁੱਖ ਹਨ। ਖੇਤੀਬਾੜੀ ਅਤੇ ਕੀਟ-ਵਿਗਿਆਨ ਦੇ ਖੇਤਰ ਵਿਚ ਉਨ੍ਹਾਂ ਨੇ ਹੁਣ ਤਕ ਸੈਂਕੜੇ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਖੋਜ ਕਾਰਜਾਂ ਵੱਲ ਪ੍ਰੇਰਿਤ ਕੀਤਾ। 1993 ਵਿਚ ਪਹਿਲਾਂ ਉਨ੍ਹਾਂ ਨੇ ਕੈਨੇਡਾ ਦੇ ਸਸਕੈਚਵਨ ਪ੍ਰਾਂਤ ਦੀ ਸਸਕਾਟੂਨ ਯੂਨੀਵਰਸਿਟੀ ਦੇ ਬਾਇਓ-ਕੀਟਨਾਸ਼ਕ ਖੋਜ ਪ੍ਰਯੋਗਸ਼ਾਲਾ ਵਿਚ ਖੋਜ ਵਿਗਿਆਨੀ ਅਤੇ ਡਿਪਟੀ ਡਾਇਰੈਕਟਰ ਵਜੋਂ ਕੰਮ ਕੀਤਾ। 1988-1993 ਤਕ ਉਨ੍ਹਾਂ ਨੇ ਇਸੇ ਯੂਨੀਵਰਸਿਟੀ ਦੇ ਅਪਲਾਈਡ ਮਾਈਕਰੋ ਬਾਇਓਲੋਜੀ ਅਤੇ ਫੂਡ ਸਾਇੰਸ ਵਿਭਾਗ ਵਿਚ ਸੀਨੀਅਰ ਪ੍ਰੋਫੈਸਰ ਵਜੋਂ ਕੰਮ ਕੀਤਾ। ਉਨ੍ਹਾਂ ਨੇ ਸਰਬੱਤ ਦੇ ਭਲੇ ਲਈ ਵੀ ਬਹੁਤ ਕਾਰਜ ਕੀਤੇ।



*ਡਾ. ਗੁਰਵਤਨ ਸਿੰਘ ਮੀਰਾਨਪੁਰੀ ਨਿਊਰੋਸਰਜਰੀ ਵਿਭਾਗ ਦੀ ਟੀਮ ਨਾਲ*

ਉਨ੍ਹਾਂ ਨੂੰ ਵਿਸਕਾਨਸਿਨ ਯੂਨੀਵਰਸਿਟੀ ਦੇ ਸੀਨੀਅਰ ਪ੍ਰੋਫੈਸਰ ਅਤੇ ਨਾਮੀ ਵਿਗਿਆਨਕ ਡਾ. ਗੇਰਾਲਡ ਬੇਰਨ ਨੇ ਆਪਣੀ ਖੋਜ ਪ੍ਰਯੋਗਸ਼ਾਲਾ ਵਿਚ ਆ ਕੇ ਕੰਮ ਕਰਨ ਦਾ ਸੱਦਾ ਦਿੱਤਾ। ਇਹ ਵਿਭਾਗ ਮੈਡੀਕਲ-ਮਾਈਕਰੋਬਾਇਓਲੋਜੀ ਅਤੇ ਇਮਿਊਨੋਲੋਜੀ ਨਾਲ ਸਬੰਧਤ ਸੀ। ਡਾ.ਸਾਹਿਬ ਨੇ ਇਹ ਸੱਦਾ-ਪੱਤਰ ਸਵੀਕਾਰ ਕਰ ਲਿਆ ਅਤੇ ਵਿਸਕਾਨਸਿਨ ਮੈਡੀਸਿਨ ਯੂਨੀਵਰਸਿਟੀ ਜੁਆਇਨ ਕਰ ਲਈ। ਉਹ ਆਪਣੇ ਪਰਿਵਾਰ ਸਮੇਤ ਵਿਸਕਾਨਸਿਨ ਵਿਚ ਹੀ ਪੱਕੇ ਵਸ ਗਏ।

ਡਾ. ਗੁਰਵਤਨ ਸਿੰਘ ਕਹਿੰਦੇ ਹਨ ਕਿ ਉਹ ਖੋਜ ਕਾਰਜਾਂ ਪ੍ਰਤੀ ਅਭਿਲਾਸ਼ੀ ਸਨ, ਇਸ ਅਰਥ ਵਿਚ ਕਿ ਉਹ ਸਭ ਤੋਂ ਵਧੀਆ ਵਿਗਿਆਨੀ ਬਣਨਾ ਚਾਹੁੰਦੇ ਸਨ'। ਉਨ੍ਹਾਂ ਨੇ ਜੀਵ-ਜੰਤੂਆਂ, ਪਸ਼ੂਆਂ ਆਦਿ 'ਤੇ ਜਿੰਨੇ ਵੀ ਖੋਜ ਕਾਰਜ ਕੀਤੇ, ਉਹ NIH (ਰਾਸ਼ਟਰੀ ਸਿਹਤ ਸੰਸਥਾ) ਦੀ ਪ੍ਰਵਾਨਗੀ ਅਤੇ ਵਿਸ਼ਵ ਪੱਧਰੀ ਪ੍ਰੋਟੋਕੋਲਾਂ/ਸਟੈਂਡਰਡਜ਼ ਅਨੁਸਾਰ ਹੀ ਸੰਪੰਨ ਕੀਤੇ। ਦਵਾਈਆਂ ਉੱਪਰ ਕੰਮ ਕਰਦਿਆਂ ਵੀ ਉਨ੍ਹਾਂ ਨੇ ਵਿਸ਼ਵ ਪੱਧਰ ਦੀਆਂ ਰਿਪੋਰਟਾਂ ਮੁਤਾਬਕ ਖੋਜ ਕੀਤੀ। ਇਨ੍ਹਾਂ ਖੋਜ ਕਾਰਜਾਂ ਵਿਚ ਪਸ਼ੂਆਂ/ਜੀਵ-ਜੰਤੂਆਂ ਦੀ ਸਿਹਤ ਸੰਭਾਲ, ਰੱਖਿਆ, ਪੋਸਟ ਕੇਅਰ ਤੇ ਦਰਦ ਆਦਿ 'ਤੇ ਕੰਮ ਵਿਸ਼ੇਸ਼ ਸਨ। ਡਾ. ਮੀਰਾਨਪੁਰੀ ਨੇ ਡਾ. ਡੇਨੀਅਲ ਕੇ. ਰੈਸਨਿਕ, ਜੋ ਕਿ ਅਮਰੀਕਾ ਦੇ ਪ੍ਰਸਿੱਧ ਨਿਊਰੋ ਸਰਜਨ ਹਨ, ਨਾਲ ਵੀ ਕੰਮ ਕੀਤਾ। ਉਨ੍ਹਾਂ ਨਾਲ ਖੋਜ ਕਾਰਜ ਕਰਦਿਆਂ ਇਹ ਪਤਾ ਲਗਾਇਆ ਕਿ ਰੀੜ੍ਹ ਦੀ ਹੱਡੀ ਦੇ ਜ਼ਖਮਾਂ ਕਰਕੇ ਨਿਊਰੋਪੈਥਿਕ ਦਰਦ ਕਿਉਂ ਹੁੰਦੀ ਹੈ ਅਤੇ ਇਸ ਦਾ ਇਲਾਜ ਕਿਵੇਂ ਕੀਤਾ ਜਾਣਾ ਸੰਭਵ ਹੈ। ਉਨ੍ਹਾਂ ਦੇ ਖੋਜ ਤਜਰਬੇ ਮੁਤਾਬਕ ਸੱਟ ਦੇ ਗੰਭੀਰ ਪੜਾਅ ਦੌਰਾਨ ਦਰਦ ਲਈ ਕੁਝ ਐਗੋਨਿਸਟ ਵਿਰੋਧੀ ਜ਼ੀਨ ਅਤੇ ਰਿਸੈਪਟਰ ਹੀ ਜ਼ਿੰਮੇਵਾਰ ਹੁੰਦੇ ਹਨ। ਉਨ੍ਹਾਂ ਨੇ ਚੂਹਿਆਂ ਦੇ ਮਾਡਲਾਂ 'ਤੇ ਕੁਝ ਦਵਾਈਆਂ ਦੀ ਕਾਰਜਸ਼ੀਲ ਰਿਕਵਰੀ ਅਤੇ ਪ੍ਰਭਾਵਸ਼ੀਲਤਾ ਦਾ ਅਧਿਐਨ ਵੀ ਕੀਤਾ ਹੈ। ਅਧਰੰਗ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਦੌਰਾਨ ਮਰੀਜ਼ਾਂ ਦਾ ਬਚਾਅ ਕਿਵੇਂ ਕਰਨਾ ਹੈ, ਇਸ 'ਤੇ ਵੀ ਡਾ. ਮੀਰਾਨਪੁਰੀ ਦਾ ਖੋਜ ਗਰੁੱਪ ਨਵੀਆਂ ਖੋਜਾਂ ਕਰ ਰਿਹਾ ਹੈ। ਇਸ ਲਈ ਫੰਡ ਇਕੱਠਾ ਕਰਨ ਵਾਸਤੇ ਉਨ੍ਹਾਂ ਨੇ ਕ੍ਰਿਸਟੋਫਰ ਰੀਵੇ ਫਾਊਂਡੇਸ਼ਨ ਵਿਚ ਵੀ ਅਪਲਾਈ ਕੀਤਾ।

ਡਾ. ਮੀਰਾਨਪੁਰੀ ਸਾਲ 2003 ਤੋਂ ਵਿਸਕਾਨਸਿਨ ਯੂਨੀਵਰਸਿਟੀ ਦੇ ਮੈਡੀਸਿਨ ਅਤੇ ਪਬਲਿਕ ਹੈਲਥ ਸਕੂਲ ਦੇ ਨਿਊਰੋਲੋਜੀ ਸਰਜਰੀ ਵਿਭਾਗ ਵਿਚ ਸੀਨੀਅਰ ਵਿਗਿਆਨੀ ਵਜੋਂ ਲਗਾਤਾਰ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਉਨ੍ਹਾਂ ਨੇ ਮਨੁੱਖੀ ਓਨਕੋਲੋਜੀ ਵਿਭਾਗ, ਮੈਡੀਕਲ ਮਾਈਕਰੋਬਾਇਓਲੋਜੀ ਵਿਭਾਗ, ਵੈਟਰਨਰੀ ਸਾਇੰਸ ਵਿਭਾਗ, ਵਿਸਕਾਨਸਿਨ ਮੈਡੀਕਲ ਕਾਲਜ, ਮੈਡੀਕਲ ਖੋਜ ਕੇਂਦਰ, ਕੈਂਸਰ ਕਲੀਨਿਕ ਕੇਂਦਰ, ਟੌਕਸੀਕੋਲੋਜੀ ਵਿਭਾਗ ਅਤੇ ਫਾਰਮਾਕੋਲੋਜੀ ਵਿਭਾਗ ਆਦਿ ਵਿਚ 1985-1988 ਤਕ ਖੋਜ ਨਾਲ ਸਬੰਧਤ ਕੰਮ ਕੀਤੇ। 1976-1982 ਤਕ ਉਨ੍ਹਾਂ ਨੇ ਭਾਰਤੀ ਵੈਟਰਨਰੀ ਖੋਜ ਕੇਂਦਰ, ਅੰਤਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੀ ਐਨਾਪਲਾਜ਼ਮੋਸਿਸ ਪ੍ਰਯੋਗਸ਼ਾਲਾ ਵਿਚ ਖੋਜ ਕਰਤਾ ਵਜੋਂ ਵੀ ਕੰਮ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਸਵੀਡਿਸ਼ ਅੰਤਰਰਾਸ਼ਟਰੀ ਵਿਕਾਸ ਪ੍ਰੋਜੈਕਟ 'ਤੇ ਵੀ ਕੰਮ ਕੀਤਾ ਅਤੇ ਨਵੀਆਂ ਖੋਜਾਂ ਪੇਟੈਂਟ ਕਰਵਾਈਆਂ। 1975-76 ਦੌਰਾਨ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਸਹਾਇਕ ਖੋਜ ਕਰਤਾ ਵਜੋਂ ਕੰਮ ਕਰਦੇ ਰਹੇ। ਇੱਥੇ ਉਨ੍ਹਾਂ ਦੀ ਖੋਜ ਦਾ ਮੁੱਖ ਵਿਸ਼ਾ 'ਏਕੀਕ੍ਰਿਤ ਕੀਟ ਕੰਟਰੋਲ' ਸੀ। ਡਾ. ਮੀਰਾਨਪੁਰੀ ਨੇ ਜੀਵ-ਜੰਤੂਆਂ ਦੀ ਜੀਨ ਥੈਰੇਪੀ, ਹੋਰ ਕਈ ਕਿਸਮ ਦੀਆਂ ਬਿਮਾਰੀਆਂ ਦੇ ਇਲਾਜ ਲਈ ਕਈ ਵੱਕਾਰੀ ਸੰਸਥਾਵਾਂ ਤੋਂ ਫੰਡ ਇਕੱਠੇ ਕਰ ਕੇ ਖੋਜ ਕਾਰਜ ਪੂਰੇ ਕੀਤੇ। 1993-2003 ਤਕ ਉਨ੍ਹਾਂ ਨੇ ਜੀਵ-ਜੰਤੂਆਂ ਦੇ ਇਲਾਜ ਲਈ ਕਾਫੀ ਖੋਜ-ਕਾਰਜਾਂ ਨੂੰ ਸਿਰੇ ਚੜ੍ਹਾਇਆ। ਉਨ੍ਹਾਂ ਦਾ ਇਕ ਖੋਜ ਕਾਰਜ ਕਿ 'ਇੱਕ ਰਸਾਇਣ 2,3,7,8-ਟੈਟਰਾਕਲੋਰੋਡਾਈਬੈਨਜ਼ੋ-ਪੀ-ਡਾਇਓਕਸੀਨ ਦੀ ਵਰਤੋਂ ਨਾਲ ਛੋਟੇ ਜੀਵ-ਜੰਤੂਆਂ ਦੇ ਹੈਪੇਟੋਬਿਲਰੀ ਫੰਕਸ਼ਨ 'ਤੇ ਕੀ ਪ੍ਰਭਾਵ ਪੈਂਦਾ ਹੈ' ਵਿਸ਼ਵ ਪੱਧਰ 'ਤੇ ਕਾਫੀ ਸਲਾਹਿਆ ਗਿਆ। ਇਸ ਰਸਾਇਣ ਦਾ ਜੀਵਾਂ ਦੇ ਜਿਗਰ, ਦਿਲ ਅਤੇ ਦਿਮਾਗ 'ਤੇ ਕੀ ਪ੍ਰਭਾਵ ਪੈਂਦਾ ਹੈ, ਬਾਰੇ ਕਾਫੀ ਦਿਲਚਸਪ ਖੋਜ ਕਾਰਜ ਕੀਤਾ ਗਿਆ। ਸਮੇਂ-ਸਮੇਂ 'ਤੇ ਕੈਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ ਕਾਫੀ ਫੰਡ ਵੀ ਮੁਹੱਈਆ ਕਰਵਾਏ। 1992 ਵਿਚ ਡਾ. ਮੀਰਾਨਪੁਰੀ ਨੂੰ ਪੀ.ਏ.ਯੂ, ਲੁਧਿਆਣਾ ਵਿਚ ਕੀਟ ਵਿਗਿਆਨ ਦੇ ਵਿਸ਼ੇ 'ਤੇ ਬੇਮਿਸਾਲ ਖੋਜ-ਪੱਤਰ ਪੜ੍ਹਨ ਲਈ ਸਨਮਾਨਿਤ ਕੀਤਾ ਗਿਆ। 1970-2014 ਤਕ ਉਨ੍ਹਾਂ ਨੇ ਜੀਵਾਂ-ਪਸ਼ੂਆਂ ਅਤੇ ਮਨੁੱਖਾਂ ਦੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਨਵੀਆਂ ਖੋਜਾਂ ਕੀਤੀਆਂ ਅਤੇ ਕਈ ਮਾਡਲ ਵੀ ਪੇਸ਼ ਕੀਤੇ। 2003-2013 ਤਕ ਉਹ ਡਾ. ਡੇਨੀਅਲ ਰੈਸਨਿਕ ਪ੍ਰਯੋਗਸ਼ਾਲਾ, ਵਿਸਕਾਨਸਿਨ ਵਿਚ ਮੁੱਖ ਫੈਕਲਟੀ ਐਡਵਾਈਜ਼ਰ ਅਤੇ ਪ੍ਰੋਫੈਸਰ ਵਜੋਂ ਵੀ ਕੰਮ ਕਰਦੇ ਰਹੇ।

ਸਭ ਤੋਂ ਵੱਕਾਰੀ ਫੈਲੋਸ਼ਿਪ ਉਨ੍ਹਾਂ ਨੂੰ (NIH ZogArty) ਵੱਲੋਂ ਪ੍ਰਦਾਨ ਕੀਤੀ ਗਈ। ਇਕ ਵਧੀਆ ਵਿਗਿਆਨੀ ਅਤੇ ਪ੍ਰੋਫੈਸਰ ਵਜੋਂ ਡਾ. ਮੀਰਾਨਪੁਰੀ ਨੂੰ ਕਾਇਨੈਟਿਕ ਫਾਊਂਡੇਸ਼ਨ ਫੈਲੋਸ਼ਿਪ ਐਵਾਰਡ (2013), ਹਿਲਡੇਲ ਫੈਕਲਟੀ ਰਿਸਰਚ ਫੈਲੋਸ਼ਿਪ ਐਵਾਰਡ, ਪੀ.ਐਚਡੀ. ਖੋਜ ਮੈਂਟੌਰ ਐਵਾਰਡ, ਵਿਸਕਾਨਸਿਨ ਯੂਨੀਵਰਸਿਟੀ (2011), ਮੈਡੀਸਨ ਦੇ ਖੇਤਰ ਵਿਚ ਵਧੀਆ ਖੋਜ-ਕਾਰਜ ਐਵਾਰਡ, ਵਿਸਕਾਨਸਿਨ ਮੈਡੀਸਿਨ ਯੂਨੀਵਰਸਿਟੀ (2010), ਸਪਾਈਨ ਕਲੀਨਿਕਲ ਫੈਲੋਸ਼ਿਪ ਐਵਾਰਡ ਆਦਿ ਸਨਮਾਨਾਂ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪਸ਼ੂ-ਕਲਚਰ ਤੇ ਖੋਜ ਕਾਰਜ ਸਰਟੀਫਿਕੇਟ, ਪੂਨਾ ਯੂਨੀਵਰਸਿਟੀ, ਯੂ.ਜੀ.ਸੀ/ਡੀ.ਐਸ.ਟੀ, CEIR ਪ੍ਰੋਜੈਕਟ ਐਵਾਰਡ ਆਦਿ ਵੀ ਮਿਲੇ।

ਅੱਜ-ਕੱਲ੍ਹ ਡਾ. ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਅਮਰੀਕਾ ਦੇ ਵਿਸਕਾਨਸਿਨ ਸ਼ਹਿਰ ਵਿਚ ਰਹਿੰਦੇ ਹਨ। ਉਹ ਹੁਣ ਡਾ. ਆਜ਼ਮ ਅਹਿਮਦ ਦੀ ਨਿਊਰੋਸਰਜਰੀ ਪ੍ਰਯੋਗਸ਼ਾਲਾ ਵਿਚ ਸੀਨੀਅਰ ਵਿਗਿਆਨੀ ਹਨ। ਉਨ੍ਹਾਂ ਦੀ ਪਤਨੀ ਵੀ ਵਿਸਕਾਨਸਿਨ ਯੂਨੀਵਰਸਿਟੀ ਦੇ ਮੈਡੀਸਿਨ ਅਤੇ ਪਬਲਿਕ ਹੈਲਥ ਵਿਭਾਗ ਵਿਚ ਸਪੈਸ਼ਲਿਸਟ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੇ ਦੋ ਪੁੱਤਰਾਂ ਨੇ ਵੀ ਵਿਸਕਾਨਸਿਨ ਮੈਡੀਸਿਨ ਯੂਨੀਵਰਸਿਟੀ ਤੋਂ ਡਾਕਟਰੀ ਕੀਤੀ ਹੈ। ਡਾ. ਮੀਰਾਨਪੁਰੀ ਵਿਸਕਾਨਸਿਨ ਗੁਰਦੁਆਰਾ ਸਿੱਖ ਸੁਸਾਇਟੀ ਦੇ ਪ੍ਰਧਾਨ ਵੀ ਹਨ।

ਪ੍ਰੋ. (ਡਾ.) ਮਨਜੀਤ ਸਿੰਘ ਕੰਗ ਜਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਸਨ ਤਾਂ ਡਾ. ਮੀਰਾਨਪੁਰੀ ਨੂੰ ਸੱਦਿਆ ਗਿਆ ਅਤੇ ਉਨ੍ਹਾਂ ਦੇ ਖੋਜ-ਕਾਰਜਾਂ ਨੂੰ ਸਲਾਹਿਆ ਗਿਆ। ਡਾ. ਮੀਰਾਨਪੁਰੀ ਪਹਿਲੇ ਪੰਜਾਬੀ ਵਿਗਿਆਨੀ ਹਨ, ਜਿਨ੍ਹਾਂ ਨੇ ਤਿੰਨ ਖੋਜ ਖੇਤਰਾਂ: ਖੇਤੀਬਾੜੀ, ਪਸ਼ੂ-ਚਿਕਿਤਸਾ ਅਤੇ ਮਨੁੱਖੀ ਸਿਹਤ ਵਿਗਿਆਨ ਵਿਚ ਵਧੀਆ ਖੋਜ-ਕਾਰਜ ਕੀਤੇ ਹਨ। ਉਹ ਪੰਜਾਬ ਵਿਚ ਕਿਸਾਨਾਂ ਅਤੇ ਖੇਤੀਬਾੜੀ ਨਾਲ ਸਬੰਧਤ ਕਈ ਮੁੱਦਿਆਂ ਨੂੰ ਸੁਲਝਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅੰਦਰ ਵਾਈਸ ਚਾਂਸਲਰ ਦੀ ਮਦਦ ਨਾਲ 'ਬਾਇਓ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਉੱਤਮਤਾ ਦਾ ਕੇਂਦਰ' ਸਥਾਪਤ ਕਰਨਾ ਚਾਹੁੰਦੇ ਸਨ ਪਰ ਕਈ ਸਿਆਸੀ ਕਾਰਨਾਂ ਕਰਕੇ ਉਨ੍ਹਾਂ ਦਾ ਇਹ ਵੱਡਾ ਪ੍ਰੋਜੈਕਟ ਅਧੂਰਾ ਰਹਿ ਗਿਆ। ਆਪਣੇ 40 ਸਾਲਾਂ ਦੇ ਖੋਜ-ਕਾਰਜਾਂ ਦੌਰਾਨ ਉਨ੍ਹਾਂ ਨੇ 200 ਤੋਂ ਵੱਧ ਅੰਡਰ ਗਰੈਜੂਏਟ, ਮੈਡੀਕਲ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ। ਇੰਗਲੈਂਡ ਅਤੇ ਉੱਤਰੀ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਨਾਲ ਖੋਜ ਸਮਝੌਤੇ ਵੀ ਕੀਤੇ ਤਾਂ ਕਿ ਵਧੀਆ ਸਿੱਖਿਆ ਦਾ ਇੱਕ-ਦੂਜੀ ਯੂਨੀਵਰਸਿਟੀ ਨਾਲ ਆਦਾਨ-ਪ੍ਰਦਾਨ ਹੋ ਸਕੇ। ਇਨ੍ਹਾਂ ਸਮਝੌਤਿਆਂ ਵਿਚ ਉੱਨਤ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ/ਵਿਧੀਆਂ, ਜੀਵ-ਜੰਤੂ ਤੇ ਪਸ਼ੂ-ਚਿਕਿਤਸਾ ਅਤੇ ਮੈਡੀਕਲ ਵਿਗਿਆਨ ਦੀਆਂ ਨਵੀਆਂ ਪੈੜਾਂ ਪ੍ਰਮੁੱਖ ਸਨ। ਉਨ੍ਹਾਂ ਦੇ ਬਣਾਏ ਮਾਡਲ ਅਸਲ ਵਿਚ ਯੂ.ਕੇ ਅਤੇ ਕੈਨੇਡਾ ਵਿਚ ਜ਼ਿਆਦਾ ਵਰਤੇ ਜਾ ਰਹੇ ਹਨ ਤਾਂ ਕਿ ਖੇਤੀਬਾੜੀ ਵਿਭਿੰਨਤਾ, ਜੀਵ-ਜੰਤੂਆਂ ਦਾ ਸਹੀ ਵਿਸ਼ਲੇਸ਼ਣ ਅਤੇ ਉਨ੍ਹਾਂ ਦੇ ਕੁਦਰਤੀ ਸਮਤੋਲ ਦਾ ਮਾਡਲ ਸਿਹਤ ਦੀ ਗੁਣਵੱਤਾ ਦੇ ਉਦੇਸ਼ ਨਾਲ ਚੰਗੀ ਨਰੋਈ ਖੇਤੀਬਾੜੀ ਕ੍ਰਾਂਤੀ ਨੂੰ ਅਪਣਾਉਣ ਅਤੇ ਉਸ ਦਾ ਪਾਲਣ ਕਰਨ ਵਿਚ ਮਦਦ ਕਰੇ।

ਡਾ.ਮੀਰਾਨਪੁਰੀ ਮੁਤਾਬਕ 1960 ਦੀ ਹਰੀ ਕ੍ਰਾਂਤੀ ਦਾ ਮਾਡਲ ਖੁਰਾਕ ਲਈ ਅਨਾਜ ਦੇ ਉਤਪਾਦਨ ਦੀ ਮਾਤਰਾ ਨੂੰ ਵਧਾਉਣ ਦੇ ਉਦੇਸ਼ ਨਾਲ ਲਿਆਂਦਾ ਗਿਆ ਸੀ ਪਰ ਨਰੋਈ ਸਿਹਤ ਦੀ ਸਿਰਜਣਾ ਲਈ ਸਿਹਤਮੰਦ ਖੇਤੀਬਾੜੀ ਕ੍ਰਾਂਤੀ (ਫਸਲਾਂ ਦਾ ਅਜਿਹਾ ਮਾਡਲ ਵਿਕਸਿਤ ਕਰਨਾ ਜਿਸ ਵਿਚ ਕੀਟ-ਨਾਸ਼ਕ, ਖਾਦਾਂ, ਹੋਰ ਕਈ ਕਿਸਮ ਦੇ ਫਸਲੀ ਰਸਾਇਣ ਨਾ ਵਰਤੇ ਜਾਣ) ਆਉਣੀ ਸਮੇਂ ਦੀ ਮੁੱਖ ਲੋੜ ਹੈ। ਆਰਗੈਨਿਕ ਖੇਤੀ ਦਾ ਢਾਂਚਾ ਤਿਆਰ ਕਰਨਾ ਬਹੁਤ ਜ਼ਰੂਰੀ ਹੈ। ਇਸ ਸਬੰਧੀ ਉਨ੍ਹਾਂ ਨੇ ਸਮੇਂ-ਸਮੇਂ 'ਤੇ ਅਮਰੀਕਾ ਤੋਂ ਪੰਜਾਬ ਅਤੇ ਹਰਿਆਣਾ ਆ ਕੇ ਤਕਰੀਬਨ ਸਾਰੀਆਂ ਯੂਨੀਵਰਸਿਟੀਆਂ ਵਿਚ ਭਾਸ਼ਣ ਵੀ ਦਿੱਤੇ ਅਤੇ ਸਿਹਤਮੰਦ ਖੇਤੀ, ਵਧੀਆ ਸਾਫ ਵਾਤਾਵਰਨ, ਸਿਹਤਮੰਦ ਡੇਅਰੀ ਫਾਰਮਿੰਗ ਆਦਿ ਵਿਸ਼ਿਆਂ ਵਿਚ ਖੋਜ-ਕਾਰਜਾਂ ਨੂੰ ਵਧਾਉਣ 'ਤੇ ਵੀ ਜ਼ੋਰ ਦਿੱਤਾ। ਉਹ ਪੰਜਾਬ ਵਿਚ ਤਕਨਾਲੋਜੀ ਅਤੇ ਨਵੀਆਂ ਵਿਗਿਆਨਕ ਵਿਧੀਆਂ ਦੀ ਸਹਾਇਤਾ ਨਾਲ ਨਵੇਂ ਖੇਤੀ, ਪਸ਼ੂ ਅਤੇ ਸਿਹਤ ਮਾਡਲ ਲਿਆਉਣ ਲਈ ਤਤਪਰ ਹਨ। ਉਹ ਚਾਹੁੰਦੇ ਹਨ ਕਿ ਪੰਜਾਬ ਦੇ ਨੌਜਵਾਨ ਸਿਹਤ, ਸਾਇੰਸ, ਖੇਤੀ-ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਅੱਗੇ ਨਿਕਲਣ ਅਤੇ ਪੰਜਾਬ ਅਤੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਉਣ। ਪੰਜਾਬ ਨੂੰ ਅਜਿਹੇ ਮਹਾਨ ਵਿਗਿਆਨੀ ਦੀਆਂ ਸੇਵਾਵਾਂ ਲੈਣ ਦੀ ਲੋੜ ਹੈ ਤਾਂ ਕਿ ਪੰਜਾਬ ਨੂੰ ਹੋਰ ਪ੍ਰਫੁੱਲਿਤ ਕੀਤਾ ਜਾ ਸਕੇ।

***-ਡਾ. ਸਤਬੀਰ ਸਿੰਘ***
***ਸੀਨੀਅਰ ਸਹਾਇਕ ਪ੍ਰੋਫੈਸਰ***
***ਫੋਨ: +9198-880-29401***

# ਸਮੇਂ ਦਾ ਕਹਿਰ

ਦਰਵਾਜ਼ਾ ਖੋਲ੍ਹ ਕੇ ਕੋਈ ਅੰਦਰ ਆਇਆ ਤਾਂ ਵਿਜੈਤੀ ਦੀ ਸੋਚਾਂ ਦੀ ਲੜੀ ਟੁੱਟੀ। ਸਾਹਮਣੇ ਖੜ੍ਹਾ ਬੰਦਾ ਵੇਖ ਕੇ ਉਸ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਪਰ ਉਸ ਨੇ ਸਾਹਮਣੇ ਵਾਲੇ ਨੂੰ ਕੁਝ ਵੀ ਮਹਿਸੂਸ ਨਾ ਹੋਣ ਦਿੱਤਾ। ਕਮਰੇ ਵਿਚ ਖੜ੍ਹਾ ਬੰਦਾ ਜੋ ਦਾਰੂ ਦੇ ਨਸ਼ੇ ਵਿਚ ਟੁੰਨ ਸੀ, ਉਸ ਦੀਆਂ ਅੱਖਾਂ ਵੀ ਨਹੀਂ ਸੀ ਖੁੱਲ੍ਹ ਰਹੀਆਂ ਫਿਰ ਵੀ ਉਹ ਭਾਰੇ-ਭਾਰੇ ਪੈਰ ਪੱਟਦਾ ਵਿਜੈਤੀ ਵੱਲ ਆ ਰਿਹਾ ਸੀ। ਫਿਰ ਇਕਦਮ ਉਸ ਨੇ ਵਿਜੈਤੀ ਨੂੰ ਬਾਹਾਂ ਵਿਚ ਜਕੜ ਲਿਆ ਤੇ ਪਲੰਘ 'ਤੇ ਨਾਲ ਬਿਠਾ ਲਿਆ।

'ਮੂੰਹ ਐਧਰ ਨੂੰ ਕਰ ਸੰਗਦੀ ਆਂ?

'ਨਾ ਸੰਗਣਾ ਕਿਉਂ ਸੰਗ ਦੀ ਕੋਈ ਜਗ੍ਹਾ ਨੀਂ ਸਾਡੇ ਕੰਮ ਵਿਚ।

'ਫਿਰ ਕੁਝ ਬੋਲ ਵੀ ਪੈੱਗ ਲਾਊਂਗੀ ਲਿਆ ਗਿਲਾਸ।

ਨਾ ਚਾਹੁੰਦੇ ਹੋਏ ਵੀ ਵਿਜੈਤੀ ਨੇ ਦਾਰੂ ਪੀ ਲਈ ਤੇ ਦਾਰੂ ਪੀਣ ਤੋਂ ਬਾਅਦ ਉਹ ਵੀ ਨਸ਼ੇ ਵਿਚ ਝੂਮਣ ਲੱਗ ਪਈ।

ਫਿਰ ਉਸ ਬੰਦੇ ਨੇ ਇੱਕੋ ਗੇੜੇ ਵਿਚ ਵਿਜੈਤੀ ਦੀ ਸਾੜੀ ਲਾਹ ਕੇ ਪਰੇ ਮਾਰੀ ਤੇ ਉਸ ਤੋਂ ਬਾਅਦ ਕੁਝ ਹੋਰ ਕੱਪੜੇ ਵੀ ਵਾਰੋ-ਵਾਰੀ ਸਾੜੀ ਦੇ ਉਪਰ ਡਿੱਗੇ।

ਸਵੇਰ ਹੋਈ ਤਾਂ ਵਿਜੈਤੀ ਨੇ ਦੇਖਿਆ ਉਹ ਬੰਦਾ ਕਿਧਰੇ ਵੀ ਨਹੀਂ ਸੀ। ਵਿਜੈਤੀ ਨੇ ਸਾਹਮਣੇ ਦਿਵਾਰ 'ਤੇ ਲੱਗੀ ਫੋਟੋ ਵੱਲ ਦੇਖ ਕੇ ਹੱਥ ਜੋੜੇ। "ਸ਼ੁਕਰ ਆ ਤੇਰਾ ਪ੍ਰਮਾਤਮਾ ਕਿ ਉਹ ਹੈ ਨੀਂ, ਨਹੀਂ ਤਾਂ ਮੈਂ ਉਸ ਨਾਲ ਅੱਖਾਂ ਕਿੱਦਾਂ ਮਿਲਾਉਣੀਆਂ ਸੀ ਮੈਂ ਤਾਂ ਰਾਤ ਵੀ ਸ਼ਰਾਬ ਦਾ ਸਹਾਰਾ ਲੈ ਕੇ ਸਮਾਂ ਕੱਟਿਆ।

ਉਸ ਨੂੰ ਤਾਂ ਸ਼ਰਾਬ ਦੇ ਨਸ਼ੇ ਵਿਚ ਪਤਾ ਹੀ ਨਹੀਂ ਸੀ ਕਿ ਜਿਸ ਨੂੰ ਉਹ ਜਾਨ-ਜਾਨ ਕਹਿ ਕੇ ਚੁੰਮੀ ਜਾ ਰਿਹਾ ਹੈ, ਉਹ ਅਸਲ ਵਿਚ ਕਈ ਸਾਲ ਪਹਿਲਾਂ ਉਸੇ ਦੇ ਹੀ ਗੁਆਂਢ ਵਿੱਚ ਰਹਿ ਰਹੀ ਉਹ ਬੱਚੀ ਹੈ ਜਿਸ ਨੂੰ ਉਹ ਚਾਕਲੇਟ ਟਾਫੀਆਂ ਦਿਆ ਕਰਦਾ ਸੀ ਪਰ ਅੱਜ ਸਮੇਂ ਦੇ ਕਹਿਰ ਨੇ ਮੈਨੂੰ ਕੀ ਬਣਾਤਾ?

**-ਰੋਹਿਤ**

# ਮਹਾਰਾਜਾ ਰਣਜੀਤ ਸਿੰਘ ਦਾ ਆਖਰੀ ਦਰਬਾਰ

*ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਵਿਚ ਬੜਾ ਉਚਾ ਮੁਕਾਮ ਹੈ। ਉਸ ਦਾ ਸਭ ਤੋਂ ਵੱਡਾ ਹਾਸਲ ਇਹ ਸੀ ਕਿ ਉਸ ਨੇ ਹਮਲਾਵਰ ਅਫਗਾਨ ਸ਼ਾਸਕ ਡੱਕ ਦਿੱਤੇ। ਉਸ ਤੋਂ ਪਹਿਲਾਂ ਅਫਗਾਨ ਸ਼ਾਸਕ ਪੰਜਾਬ ਵਿਚੋਂ ਲੰਘਦੇ ਸਭ ਕੁਝ ਲਤਾੜਦੇ ਜਾਂਦੇ ਸਨ। ਉਸ ਨੇ ਅਫਗਾਨ ਸ਼ਾਸਕਾਂ ਦੇ ਇਹ ਹਮਲੇ ਡੱਕੇ ਜਾਂ ਠੱਲ੍ਹੇ ਹੀ ਨਹੀਂ ਸਗੋਂ ਅਫਗਾਨਾਂ ਨੂੰ ਜੰਗ ਦੇ ਮੈਦਾਨ ਵਿਚ ਲਲਕਾਰਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਮਨ ਅਤੇ ਖੁਸ਼ਹਾਲੀ ਸੀ। ਉਦੋਂ ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ, ਪੰਜਾਬ ਦੀ ਉਪਜਾਊ ਜ਼ਮੀਨ ਅਤੇ ਸਿੰਜਾਈ ਦੇ ਸਾਧਨਾਂ ਕਰਕੇ ਪੰਜਾਬ ਭਾਰਤ ਦਾ ਸਭ ਤੋਂ ਅਮੀਰ ਸੂਬਾ ਸੀ। ਬਹੁਤ ਸਾਰੇ ਮਾਮਲਿਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੂਰ-ਅੰਦੇਸ਼ ਬਹੁਤ ਸੀ ਪਰ ਆਪਣੇ ਆਖਰੀ ਦਿਨਾਂ ਦੌਰਾਨ ਬਿਮਾਰੀ ਦੇ ਹੱਲੇ ਤੋਂ ਪਿੱਛੋਂ ਉਹ ਆਪਣੇ ਮਗਰੋਂ ਰਾਜ ਪ੍ਰਬੰਧ ਚਲਾਉਣ ਦਾ ਕੋਈ ਪੁਖਤਾ ਪ੍ਰਬੰਧ ਨਾ ਕਰ ਸਕਿਆ। ਸਿੱਟੇ ਵਜੋਂ ਉਸ ਤੋਂ ਛੇਤੀ ਹੀ ਬਾਅਦ ਇੰਨਾ ਮਜ਼ਬੂਤ ਸ਼ਾਸਨ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਿਆ। ਅੰਗਰੇਜ਼ ਤਾਂ ਪਹਿਲਾਂ ਹੀ ਅਜਿਹੇ ਕਿਸੇ ਮੌਕੇ ਦੀ ਤਲਾਸ਼ ਵਿਚ ਸਨ। ਉਨ੍ਹਾਂ ਛੇਤੀ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਉਤੇ ਕਬਜ਼ਾ ਕਰ ਲਿਆ। ਡਾ. ਐਸ.ਐਸ. ਛੀਨਾ ਆਪਣੇ ਇਸ ਲੇਖ ਵਿਚ ਮਹਾਰਜਾ ਰਣਜੀਤ ਸਿੰਘ ਦੇ ਆਖਰੀ ਦਰਬਾਰ ਬਾਰੇ ਗੱਲ ਕੀਤੀ ਹੈ।*

19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਉਤਰੀ ਭਾਰਤ ਵਿਚ ਵੱਡੀ ਸ਼ਕਤੀ ਵਜੋਂ ਉਭਰਿਆ ਜਿਸ ਦਾ ਰਾਜ ਅਫਗਾਨਿਸਤਾਨ ਦੀਆਂ ਹੱਦਾਂ ਤੋਂ ਲੈ ਕੇ ਲੱਦਾਖ ਤਕ ਅਤੇ ਸਤਲੁਜ ਤੋਂ ਸਿੰਧ ਤਕ ਫੈਲਿਆ ਹੋਇਆ ਸੀ। ਉਸ ਨੇ ਇੰਨਾ ਵੱਡਾ ਰਾਜ ਸਿਰਫ 40 ਸਾਲਾਂ ਦੇ ਸਮੇਂ ਵਿਚ ਇਕੱਲੇ ਨੇ ਹੀ ਸਥਾਪਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ 2 ਨਵੰਬਰ, 1780 ਨੂੰ ਗੁਜਰਾਂਵਾਲਾ ਵਿਖੇ ਜਨਮ ਲਿਆ। ਉਸ ਦਾ ਸਬੰਧ ਜੱਟ ਸਿੱਖਾਂ ਦੀ ਸੰਧਾਵਾਲੀਆ ਬੰਸ ਲਾਲ ਸੀ। ਉਸ ਦੀ ਮਾਤਾ ਦਾ ਨਾਮ ਰਾਜ ਕੌਰ ਅਤੇ ਪਿਤਾ ਸਰਦਾਰ ਮਹਾ ਸਿੰਘ ਸੀ ਜੋ ਸ਼ੁਕਰਚਕੀਆ ਮਿਸਲ ਦਾ ਮੁਖੀ ਸੀ। ਉਸ ਦੀ ਮਾਤਾ ਰਾਜ ਕੌਰ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਲੜਕੀ ਸੀ। ਰਣਜੀਤ ਸਿੰਘ ਆਪਣੀ ਮਿਸਲ ਦਾ ਮੁਖੀ



ਐਸ. ਐਸ. ਛੀਨਾ

ਆਪਣੇ ਬਾਪ ਦੀ ਵਿਰਾਸਤ ਕਰਕੇ ਬਣਿਆ। ਉਸ ਦੇ ਦਾਦੇ ਦਾ ਨਾਂ ਚੜ੍ਹਤ ਸਿੰਘ ਸੀ ਜਿਹੜਾ ਉਸ ਵੇਲੇ ਦੇ ਮੁਖੀਆ ਵਿਚੋਂ ਸਿਰਕੱਢ ਸੀ। ਉਹ ਬਹਾਦਰ ਜਰਨੈਲ ਅਤੇ ਤਾਕਤਵਰ ਮੁਖੀ ਸੀ।

ਮਹਾਰਾਜਾ ਦੀ ਸ਼ਾਦੀ ਗੁਰਬਖਸ਼ ਸਿੰਘ ਘਨਈਆ ਅਤੇ ਬੀਬੀ ਸਦਾ ਕੌਰ ਦੀ ਲੜਕੀ ਨਾਲ ਹੋਈ। ਸਰਦਾਰ ਗੁਰਬਖਸ਼ ਸਿੰਘ ਦੀ ਮੌਤ ਤੋਂ ਬਾਅਦ ਬੀਬੀ ਸਦਾ ਕੌਰ ਆਪਣੀ ਮਿਸਲ ਦੀ ਮੁਖੀ ਬਣੀ। ਉਹ ਦੂਰਅੰਦੇਸ਼ ਅਤੇ ਸੂਝਵਾਨ ਔਰਤ ਸੀ। ਉਸ ਨੇ ਰਣਜੀਤ ਸਿੰਘ ਦਾ ਰਾਜ ਵਧਾਉਣ ਲਈ ਬਹੁਤ ਮਦਦ ਕੀਤੀ। ਉਸ ਨੇ ਰਣਜੀਤ ਸਿੰਘ ਨੂੰ ਉਸ ਦਾ ਰਾਜ ਵਧਾਉਣ ਅਤੇ ਮਜ਼ਬੂਤ ਕਰਨ ਲਈ ਪ੍ਰੇਰਿਆ। ਉਸ ਨੇ ਘਨਈਆ ਅਤੇ ਸ਼ੁਕਰਚਕੀਆ ਦੋਵਾਂ ਮਿਸਲਾਂ ਦੀ ਤਾਕਤ ਨਾਲ ਹੋਰ ਮਿਸਲਾਂ 'ਤੇ ਜਿਤ ਪ੍ਰਾਪਤ ਕਰਨ ਲਈ ਮਦਦ ਕੀਤੀ।

ਜੁਲਾਈ 1799 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਜਿਤ ਪ੍ਰਾਪਤ ਕਰ ਲਈ ਜਿਹੜਾ ਉਸ ਵਕਤ ਪੰਜਾਬ ਦਾ ਕੇਂਦਰੀ ਅਤੇ ਵੱਡਾ ਸ਼ਹਿਰ ਸੀ। ਉਸ ਵਕਤ ਰਣਜੀਤ ਸਿੰਘ ਸਿਰਫ 19 ਸਾਲਾਂ ਦਾ ਸੀ। ਇਸ ਜਵਾਨ ਉਮਰ ਵਿਚ ਉਸ ਨੂੰ ਪੰਜਾਬ ਅਤੇ ਪਖਤੂਨ ਖੇਤਰਾਂ ਵਿਚ ਫੈਲੇ ਅਤੇ ਖਿਲਰੇ ਛੋਟੇ-ਛੋਟੇ ਰਾਜਾਂ 'ਤੇ ਕਬਜ਼ਾ ਕਰਨ ਅਤੇ ਇਕੱਠਾ ਕਰਨ ਦਾ ਬੜਾ ਜੋਸ਼ ਸੀ। ਇਹ ਕਿਸੇ ਚਮਤਕਾਰ ਤੋਂ ਘਟ ਨਹੀਂ ਸੀ ਕਿ ਇਕ ਸਦੀ ਵਿਚ ਪਹਿਲੀ ਵਾਰ ਰਣਜੀਤ ਸਿੰਘ ਨੇ ਅਫਗਾਨਾਂ ਨੂੰ ਲਲਕਾਰਿਆ ਅਤੇ ਜੰਗ ਦੇ ਮੈਦਾਨ ਵਿਚ ਭਾਂਜ ਦਿਤੀ; ਨਹੀਂ ਤਾਂ ਹਮੇਸ਼ਾ ਅਫਗਾਨ ਹੀ ਪੰਜਾਬ ਰਾਹੀਂ ਲੰਘ ਕੇ ਭਾਰਤ ਦੇ ਹੋਰ ਇਲਾਕਿਆਂ 'ਤੇ ਹਮਲਾ ਕਰਦੇ ਸਨ ਅਤੇ ਲੁੱਟ ਮਾਰ ਕਰਕੇ ਵਾਪਿਸ ਚਲੇ ਜਾਂਦੇ ਸਨ ਜਿਨ੍ਹਾਂ ਵਿਚ ਮਹਿਮੂਦ ਗਜ਼ਨੀ, ਨਾਦਰ ਸ਼ਾਹ, ਮੁਹੰਮਦ ਗੌਰੀ, ਅਹਿਮਦ ਸ਼ਾਹ ਅਬਦਾਲੀ ਅਤੇ ਕਈ ਹੋਰਾਂ ਦੇ ਨਾਂ ਸਨ ਪਰ ਉਸ ਤੋਂ ਬਾਅਦ ਅਫਗਾਨ ਹਮਲਾ ਕਰਨੋਂ ਹਟ ਗਏ। ਇਨ੍ਹਾਂ ਕਾਰਨਾਂ ਕਰਕੇ ਮਹਾਰਾਜਾ ਨੂੰ ਪੰਜਾਬ ਦੇ ਸ਼ੇਰ (ਸ਼ੇਰ-ਏ-ਪੰਜਾਬ) ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਮਹਾਰਾਜਾ ਹਰਮਨ ਪਿਆਰਾ ਸ਼ਾਸਕ ਸੀ। ਦੇਸ਼ ਉਸ ਦੇ ਰਾਜ ਸਮੇਂ ਖੁਸ਼ਹਾਲ ਸੀ ਅਤੇ ਵਸੋਂ ਨੂੰ ਹਰ ਤਰ੍ਹਾਂ ਦਾ ਸੁੱਖ, ਆਰਾਮ, ਅਮਨ ਅਤੇ ਖੁਸ਼ਹਾਲੀ ਪ੍ਰਾਪਤ ਸੀ। ਉਸ ਵਕਤ ਖੇਤੀ ਹੀ ਲੋਕਾਂ ਦਾ ਮੁੱਖ ਪੇਸ਼ਾ ਹੁੰਦਾ ਸੀ ਅਤੇ ਪੰਜਾਬ ਦੀ ਉਪਜਾਊ ਜ਼ਮੀਨ ਤੇ ਸਿੰਜਾਈ ਦੇ ਸਾਧਨਾਂ ਕਰਕੇ ਪੰਜਾਬ ਭਾਰਤ ਦਾ ਖੁਸ਼ਹਾਲ ਅਤੇ ਅਮੀਰ ਪ੍ਰਾਂਤ ਸੀ। ਮਹਾਰਾਜਾ ਨੇ ਆਪਣੀ ਦੂਰ-ਅੰਦੇਸ਼ੀ ਨਾਲ ਪੰਜਾਬ ਵਿਚ ਅਮਨ ਤੇ ਖੁਸ਼ਹਾਲੀ ਲਿਆਂਦੀ ਅਤੇ ਉਸ ਦੇ ਰਾਜ ਵਿਚ ਕਾਨੂੰਨ ਤੇ ਪ੍ਰਬੰਧ ਦੀ ਪੂਰੀ ਵਿਵਸਥਾ ਸੀ। ਪੰਜਾਬ ਵਿਚ ਉਸ ਵਕਤ ਮੁੱਖ ਤੌਰ 'ਤੇ ਹਿੰਦੂ, ਸਿੱਖ ਅਤੇ ਮੁਸਲਿਮ ਵਸੋਂ ਸੀ ਪਰ ਮਹਾਰਾਜਾ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਦਾ ਸੀ ਅਤੇ ਸਾਰੇ ਧਰਮਾਂ ਦੇ ਲੋਕਾਂ ਵਲੋਂ ਉਸ ਨੂੰ ਸਤਿਕਾਰ ਮਿਲਦਾ ਸੀ। ਉਸ ਦੇ ਰਾਜ ਵਿਚ ਉਸ ਵਕਤ ਸਿੱਖਾਂ ਦੀ ਸਿਰਫ 13 ਫੀਸਦੀ ਗਿਣਤੀ ਸੀ।



*ਇਕ ਚਿੱਤਰਕਾਰ ਦੀ ਨਜ਼ਰ ਵਿਚ ਮਹਾਰਾਜਾ ਸਿੰਘ ਦਾ ਦਰਬਾਰ।*

ਉਸ ਦੇ ਰਾਜ ਦੀ ਰਾਜਧਾਨੀ ਲਾਹੌਰ ਸੀ। ਉਸ ਵਕਤ ਅੰਗਰੇਜ਼ਾਂ ਨੇ ਭਾਵੇਂ ਸਾਰੇ ਹੀ ਭਾਰਤ 'ਤੇ ਆਪਣਾ ਕਬਜ਼ਾ ਜਮਾ ਲਿਆ ਸੀ ਅਤੇ ਉਹ ਉਸ ਵਕਤ ਦੁਨੀਆ ਦੀ ਵੱਡੀ ਸ਼ਕਤੀ ਸੀ ਪਰ ਉਹ ਮਹਾਰਾਜਾ ਦੀ ਫੌਜੀ ਸ਼ਕਤੀ ਅਤੇ ਮਹਾਰਾਜਾ ਦੀ ਦੂਰ-ਅੰਦੇਸ਼ੀ ਨੂੰ ਜਾਣਦੇ ਸਨ; ਇਸ ਲਈ ਦੋਵਾਂ ਤਾਕਤਾਂ ਨੇ ਇਕ ਦੂਜੇ ਨਾਲ ਚੰਗੇ ਸਬੰਧ ਬਣਾਏ ਹੋਏ ਸਨ।

ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਸੰਧੀ ਹੋਈ ਸੀ ਕਿ ਉਹ ਇਕ ਦੂਸਰੇ ਦੇ ਖੇਤਰ ਵਿਚ ਦਖਲ ਨਹੀਂ ਦੇਣਗੇ। ਇਹ ਵੀ ਕਿਹਾ ਜਾਂਦਾ ਸੀ ਕਿ ਅੰਗਰੇਜ਼ ਮਹਾਰਾਜਾ ਦੀ ਫੌਜੀ ਤਾਕਤ ਤੋਂ ਡਰਦੇ ਸਨ, ਨਹੀਂ ਤਾਂ ਭਾਰਤ ਦੇ ਹੋਰ ਇਲਾਕਿਆਂ ਵਿਚ ਉਨ੍ਹਾਂ ਨੇ ਆਸਾਨੀ ਨਾਲ ਕਬਜ਼ਾ ਕਰ ਲਿਆ ਸੀ। ਇਹੀ ਵਜ੍ਹਾ ਸੀ ਕਿ ਅੰਗਰੇਜ਼ ਪੰਜਾਬ ਦੋਂ ਦੂਰ ਹੀ ਰਹੇ ਅਤੇ ਸਿੱਖਾਂ ਨਾਲ ਲੜਾਈ ਲੈਣ ਦੀ ਦਲੇਰੀ ਨਾ ਕੀਤੀ।

ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚ ਰੋਪੜ ਦੇ ਸਥਾਨ 'ਤੇ ਸੰਧੀ ਹੋਈ ਸੀ। ਇਸ ਇਤਿਹਾਸਕ ਸੰਧੀ ਵਿਚ ਇਹ ਸਮਝੌਤਾ ਹੋਇਆ ਸੀ ਕਿ ਅੰਗਰੇਜ਼ ਕਦੀ ਵੀ ਸਿੱਖਾਂ ਦੇ ਖੇਤਰ ਵਿਚ ਦਖਲ ਨਹੀਂ ਦੇਣਗੇ ਅਤੇ ਆਪਣੇ ਆਪ ਨੂੰ ਸਤਲੁਜ ਦੇ ਖੱਬੇ ਕੰਢੇ ਤਕ ਸੀਮਤ ਰੱਖਣਗੇ। ਦੂਸਰੀ ਤਰਫ ਸਿੱਖ ਵੀ ਅੰਗਰੇਜ਼ਾਂ ਦੇ ਸਤਲੁਜ ਦੇ ਖੱਬੇ ਕੰਢੇ ਦੇ ਕਿਸੇ ਖੇਤਰ ਵਿਚ ਦਖਲ ਨਹੀਂ ਦੇਣਗੇ।

ਕੁਝ ਸਮੇਂ ਬਾਅਦ 1839 ਦੇ ਸ਼ੁਰੂ ਵਿਚ ਮਹਾਰਾਜਾ ਨੂੰ ਅਧਰੰਗ ਦਾ ਦੌਰਾ ਪਿਆ ਅਤੇ ਉਸ ਦੀ ਬਿਮਾਰੀ ਦਿਨ-ਬ-ਦਿਨ ਵਧਦੀ ਗਈ। ਉਸ ਵਕਤ ਦੁਨੀਆ ਦੇ ਚੰਗੇ ਤੋਂ ਚੰਗੇ ਇਲਾਜ ਦੇ ਬਾਵਜੂਦ ਮਹਾਰਾਜਾ ਦੀ ਸਿਹਤ ਵਿਚ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਦੁਨੀਆ ਭਰ ਤੋਂ ਡਾਕਟਰ, ਹਕੀਮ ਅਤੇ ਵੈਦ ਬੁਲਾਏ ਗਏ ਪਰ ਮਹਾਰਾਜਾ ਦੀ ਸਿਹਤ ਹੋਰ ਖਰਾਬ ਹੁੰਦੀ ਗਈ ਅਤੇ ਅਖੀਰ ਜੂਨ ਮਹੀਨੇ ਦੇ ਆਖਰੀ ਦਿਨਾਂ ਵਿਚ ਮਹਾਰਾਜਾ ਨੇ ਆਪਣਾ ਦਰਬਾਰ ਬੁਲਾਇਆ ਅਤੇ ਉਹ ਇਕ ਪਾਲਕੀ ਵਿਚ ਆਪਣੇ ਦਰਬਾਰ ਵਿਚ ਗਏ।

ਇਸ ਦਰਬਾਰ ਵਿਚ ਮਹਾਰਾਜਾ ਨੇ ਕਿਹਾ ਕਿ ਮੈਂ ਆਪਣੀ ਸਮਰੱਥਾ ਅਨੁਸਾਰ ਜੋ ਕੁਝ ਕਰ ਸਕਦਾ ਸੀ, ਉਸ ਲਈ ਵੱਧ ਤੋਂ ਵੱਧ ਕੀਤਾ ਹੈ, ਮੈਂ ਆਪਣੇ ਜੀਵਨ ਵਿਚ ਦੁਸਮਣਾਂ ਨੂੰ ਰਾਜ ਤੋਂ ਦੂਰ ਰੱਖਿਆ ਹੈ ਪਰ ਹੁਣ ਤੁਸੀਂ ਦੁਸ਼ਮਣਾਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ ਅਤੇ ਉਨ੍ਹਾਂ 'ਤੇ ਨਜ਼ਰ ਰੱਖਣਾ। ਉਸ ਨੇ ਹੋਰ ਕਿਹਾ ਕਿ ਮੇਰੀ ਇਕ ਖਾਹਿਸ਼ ਸੀ ਕਿ ਕੋਈ ਵਿਦੇਸ਼ੀ ਸਾਡੀ ਧਰਤੀ 'ਤੇ ਨਾ ਆਵੇ।

ਉਸ ਤੋਂ ਬਾਅਦ ਉਸ ਨੇ ਆਪਣੀ ਉਸ ਵਕਤ ਦੀ ਹਾਲਤ ਅਨੁਸਾਰ ਆਪਣੇ ਵੱਡੇ ਲੜਕੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੇ ਖੜਕ ਸਿੰਘ ਨੂੰ ਆਪਣਾ ਵਾਰਿਸ ਐਲਾਨ ਦਿੱਤਾ ਅਤੇ ਰਾਜਾ ਧਿਆਨ ਸਿੰਘ ਨੂੰ ਉਸ ਦਾ ਧਿਆਨ ਰਖਣ ਲਈ ਕਿਹਾ। ਰਾਜਾ ਧਿਆਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਧਿਆਨ ਸਿੰਘ ਤੋਂ ਹਮੇਸ਼ਾ ਖੜਕ ਸਿੰਘ ਦਾ ਵਫਾਦਾਰ ਰਹਿਣ ਦਾ ਵਾਅਦਾ ਲਿਆ। ਫਿਰ ਮਹਾਰਾਜਾ ਉਸ ਹੀ ਬੈਠਕ ਵਿਚ ਬੇਹੋਸ਼ ਹੋ ਗਿਆ ਅਤੇ ਕਈ ਦਿਨ ਉਸੇ ਹੀ ਹਾਲਤ ਵਿਚ ਰਹਿਣ ਤੋਂ ਪੰਜਵੇਂ ਦਿਨ 20 ਜੂਨ 1839 ਸ਼ਾਮ ਨੂੰ ਸਵਰਗਵਾਸ ਹੋ ਗਿਆ। ਹੁਣ ਹਨੇਰਾ ਹੋ ਚੁੱਕਾ ਸੀ ਪ੍ਰਧਾਨ ਮੰਤਰੀ ਧਿਆਨ ਸਿੰਘ ਨੇ ਸ਼ਹਿਰ ਵਿਚ ਅਮਨ ਰੱਖਣ ਦਾ ਹੁਕਮ ਕੀਤਾ ਤਾਂ ਕਿ ਭੀੜ ਜਮ੍ਹਾਂ ਨਾ ਹੋ ਜਾਵੇ।



*ਸੋਭਾ ਸਿੰਘ ਦਾ ਬਣਾਇਆ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ।*

ਬਾਅਦ ਵਿਚ ਜੂਨ ਦੇ ਅਖੀਰ ਵਿਚ ਖੜਕ ਸਿੰਘ ਨੂੰ ਤਖਤ 'ਤੇ ਬਿਠਾਇਆ ਗਿਆ। ਮਹਾਰਾਜਾ ਭਾਵੇਂ ਬਿਮਾਰ ਸੀ ਪਰ ਉਸ ਦੀ ਮੌਤ ਦੀ ਕੋਈ ਸੰਭਾਵਨਾ ਨਹੀਂ ਸੀ। ਇਸ ਕਰਕੇ ਹੀ ਖੜਕ ਸਿੰਘ ਨੂੰ ਪ੍ਰਬੰਧਕੀ ਕੰਮਾਂ ਦੀ ਕੋਈ ਸਿਖਲਾਈ ਹੀ ਨਹੀਂ ਦਿਤੀ ਗਈ ਸੀ। ਮਹਾਰਾਜਾ ਰਣਜੀਤ ਸਿੰਘ ਮੌਤ ਸਮੇਂ ਸਿਰਫ 58 ਸਾਲ 7 ਮਹੀਨੇ ਅਤੇ 26 ਦਿਨਾਂ ਦਾ ਸੀ। ਉਸ ਦਾ ਚਲੇ ਜਾਣਾ ਪੰਜਾਬ ਲਈ ਬਹੁਤ ਦੁਖਦਾਇਕ ਸੀ। ਉਸ ਵਕਤ ਖਾਲਸਾ ਰਾਜ ਦੀ ਸ਼ਾਨ ਸਾਰੀ ਦੁਨੀਆ ਵਿਚ ਫੈਲੀ ਹੋਈ ਸੀ ਜਿਸ ਦਾ ਵੱਡਾ ਕਾਰਨ ਮਹਾਰਾਜਾ ਦੀ ਸ਼ਖਸੀਅਤ ਸੀ। ਉਸ ਦੀ ਮੌਤ ਤੋਂ ਬਾਅਦ ਹਰ ਜਗ੍ਹਾ ਵੱਡੀ ਰਾਜਨੀਤਕ ਹਲਚਲ ਦੇਖੀ ਗਈ। ਹਰ ਧਰਮ ਅਤੇ ਹਰ ਜਾਤ ਦੇ ਲੋਕਾਂ ਨੇ ਮਹਾਰਾਜਾ ਦੇ ਚਲੇ ਜਾਣ ਦਾ ਡੂੰਘਾ ਦੁਖ ਮਨਾਇਆ ਕਿਉਂ ਜੋ ਉਹ ਹਰ ਧਰਮ ਅਤੇ ਜਾਤ ਦਾ ਸਤਿਕਾਰ ਕਰਦਾ ਸੀ। ਦੂਸਰੇ ਦਿਨ ਸ਼ਾਹੀ ਰਵਾਇਤਾਂ ਅਨੁਸਾਰ ਮਹਾਰਾਜਾ ਦੇ ਸਰੀਰ ਦਾ ਇਸ਼ਨਾਨ ਕਰਵਾਇਆ ਗਿਆ ਅਤੇ ਉਸ ਨੂੰ ਸ਼ਾਹੀ ਲਿਬਾਸ ਅਤੇ ਹੀਰੇ ਪਹਿਨਾਏ ਗਏ ਜਿਸ ਤਰ੍ਹਾਂ ਉਹ ਦਰਬਾਰ ਵਿਚ ਜਾਂਦਾ ਸੀ। ਸੋਨੇ ਦੀ ਚਿਤਾ ਨੂੰ ਉਸ ਦੀਆਂ ਆਖਰੀ ਰਸਮਾਂ ਲਈ ਤਿਆਰ ਕੀਤਾ ਗਿਆ। ਮਹਾਨ ਮਹਾਰਾਜਾ ਦੇ ਸਨਮਾਨ ਵਿਚ ਤੋਪਾਂ ਦੀ ਸਲਾਮੀ ਦਿਤੀ ਗਈ ਅਤੇ ਉਸ ਕਿਲ੍ਹੇ ਦੇ ਸਾਹਮਣੇ ਜਿਥੇ ਮਹਾਰਾਜਾ ਦਰਬਾਰ ਲਾਉਂਦਾ ਹੁੰਦਾ ਸੀ, ਉਸ ਦੀ ਚਿਤਾ ਬਣਾਈ ਗਈ।

ਮਹਾਰਾਜਾ ਦੀਆਂ ਰਾਜਪੂਤ ਪਤਨੀਆਂ ਮਹਾਰਾਣੀ ਰਾਜ ਦੇਈ ਅਤੇ ਮਹਾਰਾਣੀ ਹਰ ਦੇਈ ਜੋ ਕਾਂਗੜਾ ਦੇ ਰਾਜੇ ਦੀਆਂ ਲੜਕੀਆਂ ਸਨ, ਉਨ੍ਹਾਂ ਨੇ ਸਤੀ ਹੋਣ ਦੀ ਤਿਆਰੀ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣਾ ਸਾਰਾ ਧਨ ਜਿਸ ਵਿਚ ਉਨ੍ਹਾਂ ਦੀ ਜਗੀਰ ਤੇ ਜਾਇਦਾਦ, ਹੀਰੇ, ਮੋਤੀ ਅਤੇ ਕੀਮਤੀ ਪੱਥਰ ਸਨ, ਸਭ ਦਾਨ ਵਿਚ ਦੇ ਦਿਤੇ। ਮਹਾਰਾਜਾ ਦੇ ਪਿਆਰ ਕਰਕੇ ਉਨ੍ਹਾਂ ਨੇ ਸੁਹਾਗਣਾਂ ਵਾਲਾ ਲਿਬਾਸ ਪਹਿਨਿਆ ਅਤੇ ਮਹਿਲਾਂ ਤੋਂ ਬਾਹਰ ਨੰਗੇ ਪੈਰੀਂ ਨਿਕਲੀਆਂ ਅਤੇ ਚਿਤਾ 'ਤੇ ਬੈਠ ਗਈਆਂ।

ਮਹਾਰਾਜਾ ਖੜਕ ਸਿੰਘ ਨੇ ਚਿਤਾ ਨੂੰ ਅੱਗ ਦਿਖਾਈ। ਉਸ ਵਕਤ ਮੰਤਰੀ, ਦਰਬਾਰੀ, ਉਚ ਅਫਸਰ ਅਤੇ ਫੌਜੀ ਕਮਾਂਡਰ, ਸ਼ਹਿਜ਼ਾਦੇ ਅਤੇ ਸਰਦਾਰ, ਸਭ ਸੋਗ ਵਿਚ ਡੁਬੇ ਹੋਏ ਸਨ। ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਵਾਰ-ਵਾਰ ਚਿਤਾ ਵੱਲ ਭੱਜਦਾ ਸੀ, ਜਦੋਂ ਕਿ ਗੁਲਾਬ ਸਿੰਘ ਉਸ ਨੂੰ ਫੜ ਲੈਂਦਾ ਸੀ। ਉਹ ਦਿਖਾਵਾ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਉਸ ਦਾ ਸਭ ਕੁਝ ਦਾਨ ਵਿਚ ਦੇ ਦਿੱਤਾ ਜਾਵੇ, ਉਹ ਵੀ ਮਹਾਰਾਜੇ ਨਾਲ ਹੀ ਚਲਾ ਜਾਣਾ ਚਾਹੁੰਦਾ ਹੈ ਪਰ ਉਸ ਦਾ ਭਰਾ ਗੁਲਾਬ ਸਿੰਘ ਅਤੇ ਹੋਰ ਦਰਬਾਰੀ ਉਸ ਨੂੰ ਇਹ ਕੁਝ ਨਾ ਕਰਨ ਲਈ ਪ੍ਰੇਰ ਰਹੇ ਸਨ। ਅਸਲ ਵਿਚ ਉਹ ਇਹ ਸਾਰਾ ਕੁਝ ਮਿਲ-ਮਿਲਾ ਕੇ ਅਤੇ ਜਾਣ-ਬੁੱਝ ਕੇ ਕਰ ਰਹੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਸਿਆਣਾ ਸੂਝਵਾਨ ਸਮਝ ਕੇ ਪੰਜਾਬ ਦੇ ਹਿੱਤਾਂ ਲਈ ਪ੍ਰਧਾਨ ਮੰਤਰੀ ਬਣਾਇਆ ਸੀ ਅਤੇ ਉਸ ਤੋਂ ਉਮੀਦ ਕੀਤੀ ਸੀ ਕਿ ਉਹ ਖੜਕ ਸਿੰਘ ਨੂੰ ਯੋਗ ਸਲਾਹ ਦੇਵੇਗਾ ਅਤੇ ਰਾਜ ਪ੍ਰਬੰਧ ਵਿਚ ਉਸ ਦੀ ਮਦਦ ਕਰੇਗਾ। ਮਹਾਰਾਜਾ ਖੜਕ ਸਿੰਘ ਵੀ ਉਸ ਕੋਲ ਗਿਆ ਅਤੇ ਉਸ ਨੂੰ ਆਪਣਾ ਮਨ ਬਦਲਣ ਲਈ ਕਿਹਾ ਅਤੇ ਉਹ ਮੰਨ ਵੀ ਗਿਆ।

# ਰੱਬੀ ਸ਼ੇਰਗਿੱਲ, ਚਲੰਤ ਗਾਇਕੀ, ਤੇ ਮੰਡੀ ਦਾ ਸੱਭਿਆਚਾਰ

**'ਪੰਜਾਬ ਟਾਈਮਜ਼' ਦੇ ਪਿਛਲੇ ਦੋ ਅੰਕਾਂ (27 ਨਵੰਬਰ ਤੇ 4 ਦਸੰਬਰ, 2021) ਵਿਚ ਉਘੇ ਗਾਇਕ ਰੱਬੀ ਸ਼ੇਰਗਿੱਲ ਨਾਲ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਦੀ ਲੰਮੀ ਮੁਲਕਾਤ ਛਾਪੀ ਗਈ ਸੀ। ਗਾਇਨ ਦੇ ਖੇਤਰ ਵਿਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਰੱਬੀ ਸ਼ੇਰਗਿੱਲ ਨੇ ਇਸ ਮੁਲਾਕਾਤ ਵਿਚ ਗਾਇਨ ਤੋਂ ਇਲਾਵਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਬੜੀਆਂ ਅਹਿਮ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਪੰਜਾਬ ਨੂੰ ਭੂਗੋਲ ਤੋਂ ਪਾਰ ਦੇਖਣ ਦਾ ਹੋਕਾ ਦਿੱਤਾ ਅਤੇ ਨਾਲ ਹੀ ਪੰਜਾਬ ਤੇ ਪੰਜਾਬੀਅਤ ਦੀ ਰਹਿਤਲ ਨੂੰ ਸੌੜੀਆਂ ਵਲਗਣਾਂ ਤੋਂ ਬਾਹਰ ਕੱਢਣ ਲਈ ਹਾਕ ਮਾਰੀ। ਉਸ ਦੀ ਇਸ ਮੁਲਾਕਾਤ ਬਾਰੇ ਪ੍ਰਭਸ਼ਰਨਦੀਪ ਸਿੰਘ ਨੇ ਇਕ ਮੁਕੰਮਲ ਲੇਖ ਭੇਜਿਆ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ।**

ਰੱਬੀ ਸ਼ੇਰਗਿੱਲ ਦੀ ਦਲਜੀਤ ਅਮੀ ਨਾਲ ਗੱਲਬਾਤ ਪੜ੍ਹੀ। ਗੱਲਬਾਤ ਦਲਜੀਤ ਅਮੀ ਦੇ ਭਾਵਪੂਰਤ ਬਿਆਨ ਨਾਲ ਸ਼ੁਰੂ ਹੁੰਦੀ ਹੈ ਤੇ ਰੱਬੀ ਸ਼ੇਰਗਿੱਲ ਦੀ ਨਾ-ਸਮਝੀ ਤੇ ਦੁਬਿਧਾ ਦੀਆਂ ਭੀੜੀਆਂ ਗਲੀਆਂ ਵਿਚ ਦਮ ਤੋੜ ਦਿੰਦੀ ਹੈ। ਰੱਬੀ ਨਾ-ਸਮਝ ਹੈ ਕਿਉਂਕਿ ਜਿਸ ਕਿਸਮ ਦੇ ਅਧਿਐਨ ਦਾ ਉਹ ਦਾਅਵਾ ਕਰਦਾ ਹੈ, ਉਸ ਨਾਲ ਉਸ ਦਾ ਕੋਈ ਸਬੰਧ ਨਹੀਂ। ਉਹ ਦੁਬਿਧਾਗ੍ਰਸਤ ਹੈ ਕਿਉਂਕਿ ਬੋਲੀ, ਸੰਗੀਤ ਅਤੇ ਲੋਕਾਂ ਦੀ ਸਿਆਸੀ ਹੋਣੀ ਨਾਲ ਜੁੜੇ ਫਲਸਫਾਨਾ ਸਵਾਲ ਉਸ ਨੂੰ ਗੱਲਬਾਤ ਵਿਚ ਵਰਤਣਯੋਗ ਤਾਂ ਲੱਗਦੇ ਹਨ ਪਰ ਉਸ ਦੀ ਵਪਾਰਕ ਮਾਨਸਿਕਤਾ ਨੂੰ ਰਾਸ ਨਹੀਂ ਆਉਂਦੇ।



ਅਮੀ ਨੇ ਕਿਹਾ: "ਜ਼ਿੰਦਗੀ,

**ਪ੍ਰਭਸ਼ਰਨਦੀਪ ਸਿੰਘ**
**ਫੋਨ: 510-479-4346**

ਕੁਦਰਤ ਅਤੇ ਸੰਗੀਤ ਦਾ ਰਿਸ਼ਤਾ ਮੁੱਢ ਕਦੀਮੀ ਹੈ। ਇਸ ਰਿਸ਼ਤੇ ਵਿਚੋਂ ਮਨੁੱਖ ਨੇ ਆਪਣੀ ਬੋਲੀ ਸਿੱਖੀ ਹੋਵੇਗੀ, ਚਾਹੇ ਉਹ ਕੋਈ ਵੀ ਬੋਲੀ ਕਿਉਂ ਨਾ ਹੋਵੇ। ... ਜਦੋਂ ਅਸੀਂ ਮੌਜੂਦਾ ਦੌਰ ਵਿਚ ਪਹੁੰਚੇ ਹਾਂ ਤਾਂ ਸੰਗੀਤ ਇਸ ਦੌਰ ਦੇ ਸਵਾਲਾਂ, ਸਾਡੇ ਸੁਹਜ-ਸੁਆਦਾਂ ਨਾਲ ਵੀ ਜੁੜਿਆ ਹੋਇਆ ਹੈ। ... ਸਾਡੀ ਗੱਲ ਦਾ ਹਵਾਲਾ ਹੋਵੇਗਾ ਪੰਜਾਬ, ਕਿਸਾਨ ਅੰਦੋਲਨ ਅਤੇ ਸੰਗੀਤ ਦਾ ਵਿਰੋਧ ਨਾਲ, ਮਨੁੱਖ ਦੀ ਨਾਬਰੀ ਨਾਲ ਰਿਸ਼ਤਾ ਕਿਸ ਕਿਸਮ ਦਾ ਹੈ?"

ਗੱਲਬਾਤ ਦੇ ਵਿਸ਼ੇ ਨਾਲ ਅਮੀ ਦੀ ਇਹ ਸੁਚੱਜੀ ਜਾਣ-ਪਛਾਣ ਸੰਭਾਵਨਾ ਭਰਪੂਰ ਹੈ; ਇਸ ਵਿਚ ਚੰਗੀਆਂ ਅਤੇ ਮਾੜੀਆਂ, ਸਾਰੀਆਂ ਸੰਭਾਵਨਾਵਾਂ ਪਈਆਂ ਹਨ। ਬੇਅੰਤ ਲੋਕ, ਬੇਅੰਤ ਤਰੀਕਿਆਂ ਨਾਲ, ਇਸ ਵਿਸ਼ੇ ਨੂੰ ਸੰਬੋਧਿਤ ਹੋ ਸਕਦੇ ਹਨ। ਜੋ ਸੰਭਾਵਨਾਵਾਂ ਰੱਬੀ ਸ਼ੇਰਗਿੱਲ ਦੇ ਜਵਾਬਾਂ ਨਾਲ ਸਾਕਾਰ ਹੋਈਆਂ, ਉਹ ਸਾਡੇ ਜ਼ਮਾਨੇ ਦੇ, ਖਾਸ ਤੌਰ 'ਤੇ ਸਾਡੇ ਲੋਕਾਂ ਦੇ ਸੰਕਟ ਦੀ ਦੱਸ ਪਾਉਂਦੀਆਂ ਹਨ।

ਸੰਕਟ ਇਹ ਹੈ ਕਿ ਅਸੀਂ ਅੱਜ ਮੰਡੀ ਦੀ ਸਲਤਨਤ ਵਿਚ ਜੀਅ ਰਹੇ ਹਾਂ ਜਿੱਥੇ ਨਾ ਕਿਸੇ ਗੱਲ ਜਾਂ ਬੰਦੇ ਦਾ ਕੋਈ ਸਤਿਕਾਰ ਹੈ, ਨਾ ਕਿਸੇ ਦੀ ਹੋਣੀ ਦੀ ਪ੍ਰਵਾਹ। ਮੰਡੀ ਦੇ ਮਾਲਕਾਂ-ਸੰਚਾਲਕਾਂ ਨੂੰ ਉਕਾ ਹੀ ਕੋਈ ਫਰਕ ਨਹੀਂ ਪੈਂਦਾ ਕਿ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਸਭਿਆਚਾਰਕ ਇਕਸਾਰਤਾ ਲਿਆਉਣ ਦੇ ਮਨਸੂਬੇ ਨਾਲ ਉਹ ਕਿੰਨੇ ਕੀਮਤੀ ਰਾਹ ਬਰਬਾਦ ਕਰ ਰਹੇ ਹਨ, ਮਨੁੱਖੀ ਜੀਵਨ ਨਾਲ ਕਿੰਨਾ ਖਿਲਵਾੜ ਕਰ ਰਹੇ ਹਨ, ਤੇ ਸਾਡੇ ਧਰਤੀ ਅਸਮਾਨ ਨੂੰ ਕਿਸ ਕਦਰ ਆਲੂਦਗੀ (ਨਾਪਾਕੀ, ਅਪਵਿੱਤਰਤਾ) ਵਿਚ ਗਰਕ ਕਰ ਰਹੇ ਹਨ।

ਅੱਜ ਮਸਲਾ ਇਹ ਜ਼ਰੂਰ ਹੈ ਕਿ ਅਸੀਂ ਕਿੱਥੇ ਪਹੁੰਚ ਗਏ ਹਾਂ। ਇਸ ਬਾਰੇ ਸਰੋਕਾਰ ਰੱਖਣੇ, ਤੇ ਗੱਲ ਕਰਨੀ ਵੀ ਜ਼ਰੂਰੀ ਹੈ ਪਰ ਇਸ ਮਸਲੇ ਦੀ ਜੜ੍ਹ ਫੜਨ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਇਸ ਬਰਬਾਦੀ ਦੀ ਘੜੀ ਤੱਕ ਕਿਵੇਂ ਪਹੁੰਚੇ। ਇੱਥੋਂ ਤੱਕ ਪਹੁੰਚਣ ਦਾ ਸਫਰ ਮਨੁੱਖ ਜਾਤੀ ਨਾਲ ਹੋਏ ਖਿਲਵਾੜ ਦੀ ਬੁਨਿਆਦ, ਸਿਆਸਤ ਤੇ ਗੁੰਝਲਾਂ ਨੂੰ ਸਪਸ਼ਟ ਕਰਦਾ ਹੈ।

ਇਸ ਸੰਕਟ ਪਿੱਛੇ ਮੁੱਖ ਤੌਰ 'ਤੇ ਦੋ ਇਤਿਹਾਸਕ ਅਮਲ ਕੰਮ ਕਰਦੇ ਹਨ: ਪਹਿਲਾ ਬਸਤੀਵਾਦ ਤੇ ਦੂਜਾ ਇਸ ਦੇ ਨਾਲ ਹੀ ਸ਼ੁਰੂ ਹੋਇਆ ਸੰਸਾਰੀਕਰਨ। ਸੰਸਾਰੀਕਰਨ ਦੀ ਜੜ੍ਹ ਭਾਵੇਂ ਬਸਤੀਵਾਦ ਕਰਕੇ ਹੀ ਲੱਗੀ, ਤਾਂ ਵੀ ਇਸ ਨੇ ਅਸਲ ਜ਼ੋਰ ਦੂਜੀ ਸੰਸਾਰ ਜੰਗ ਤੋਂ ਬਾਅਦ, ਬਸਤੀਵਾਦ ਦੇ ਖਾਤਮੇ ਦੀ ਸ਼ੁਰੂਆਤ ਨਾਲ ਹੀ ਫੜਿਆ।

ਬਸਤੀਵਾਦ ਹਿੰਸਕ ਵਰਤਾਰਾ ਸੀ। ਇਸ ਤੋਂ ਪਹਿਲਾਂ, ਮਨੁੱਖੀ ਇਤਿਹਾਸ ਦੇ ਹਰ ਦੌਰ ਵਿਚ ਹਿੰਸਕ ਵਰਤਾਰੇ ਸਾਹਮਣੇ ਆਉਂਦੇ ਰਹੇ ਹਨ ਪਰ ਪਹਿਲੇ ਵਰਤਾਰਿਆਂ ਦਾ ਪੈਮਾਨਾ ਬਸਤੀਵਾਦੀ ਹਿੰਸਾ ਦੇ ਮੁਕਾਬਲੇ ਬਹੁਤ ਛੋਟਾ ਸੀ। ਇਸ ਦੇ ਨਾਲ ਹੀ ਬਸਤੀਵਾਦੀ ਹਿੰਸਾ ਦਾ ਵਿਲੱਖਣ ਪਹਿਲੂ ਸੀ ਕਿ ਇਸ ਨੇ ਬਿਰਤਾਂਤਕ ਹਿੰਸਾ ਦੇ ਨਵੇਂ ਪ੍ਰਤੀਮਾਨ ਸਾਹਮਣੇ ਲਿਆਂਦੇ। ਬਸਤੀਵਾਦੀ ਬਿਰਤਾਂਤਕ ਹਿੰਸਾ ਲੋਕਾਂ ਦੀ ਜ਼ਿੰਦਗੀ ਦੇ ਅਰਥ ਬਦਲਣ ਤੋਂ ਲੈ ਕੇ ਉਨ੍ਹਾਂ ਦੀ ਸਿਆਸੀ ਤਾਂਘ ਨੂੰ ਖਾਸ ਚੌਖਟੇ ਵਿਚ ਢਾਲਣ ਤੱਕ ਦੇ ਅਨੇਕ ਪਹਿਲੂਆਂ 'ਤੇ ਕੰਮ ਕਰਦੀ ਸੀ। ਆਪਣੇ ਜ਼ਮਾਨੇ ਵਿਚ ਭਾਵੇਂ ਬ੍ਰਾਹਮਣਵਾਦੀ ਬਿਰਤਾਂਤਕ ਹਿੰਸਾ ਵੀ ਬਹੁਤ ਪ੍ਰਭਾਵਕਾਰੀ ਸੀ, ਦੱਖਣੀ ਏਸ਼ੀਆਈ ਪ੍ਰਸੰਗ ਵਿਚ ਤਾਂ ਇਸ ਦਾ ਪ੍ਰਭਾਵ ਅੱਜ ਤੱਕ ਖਤਮ ਨਹੀਂ ਹੋਇਆ ਪਰ ਇਹ ਆਧੁਨਿਕਤਾ ਦੇ ਸਿਰਜੇ ਮਨੁੱਖ ਤੇ ਸੱਭਿਆਚਾਰ ਦੇ ਪ੍ਰਸੰਗ ਵਿਚ ਓਨੀ ਅਸਰਅੰਦਾਜ਼ ਨਹੀਂ ਸੀ ਹੋ ਸਕਦੀ। ਬਸਤੀਵਾਦੀ ਬਿਰਤਾਂਤਕ ਹਿੰਸਾ ਆਪਣੇ-ਆਪ ਨੂੰ ਬਦਲਦੇ ਹਾਲਾਤ ਮੁਤਾਬਕ ਨਵਿਆਉਂਦੀ ਰਹੀ ਸੀ।

ਦੂਜੀ ਸੰਸਾਰ ਜੰਗ ਨੇ ਬਸਤੀਵਾਦ ਦਾ ਲਾਹਾ ਲੈਣ ਵਾਲੇ ਪੱਛਮੀ ਜਗਤ ਨੂੰ ਵੀ ਧੁਰ ਅੰਦਰੋਂ ਝੰਜੋੜਿਆ। ਇਸ ਨਾਲ ਪੁਰਾਣਾ ਬਹੁਤ ਕੁਝ ਵੇਲਾ ਵਿਹਾ ਗਿਆ। ਪਹਿਲਾਂ ਦੇ ਮੁਕਾਬਲੇ ਨਸਲਵਾਦ ਦਾ ਜ਼ਿਆਦਾ ਸੂਖਮ, ਲੱਗਭੱਗ ਅਣਦਿਸਦਾ ਰੂਪ ਸਾਹਮਣੇ ਆਇਆ। ਬਦੀ ਹੋਰ ਬਾਰੀਕ ਤੇ ਪ੍ਰਭਾਵਕਾਰੀ ਹੋ ਗਈ ਪਰ ਇਸ ਦਾ ਇੱਕ ਸਾਰਥਕ ਪਹਿਲੂ ਵੀ ਸੀ। ਪੱਛਮੀ ਸਥਾਪਤੀ ਦੇ ਧੁਰ ਅੰਦਰ ਪਈ ਬਦੀ ਦਾ ਬੁਨਿਆਦੀ ਪਰ ਬਹੁਤ ਦੀਰਘ ਵਿਸ਼ਲੇਸ਼ਣ ਵੀ ਸ਼ੁਰੂ ਹੋਇਆ।

ਪੰਜਾਬ ਨੇ ਬਸਤੀਵਾਦ ਦੀ ਮਾਰ ਤਾਂ ਝੱਲੀ ਪਰ ਬਸਤੀਵਾਦੀ ਬਿਰਤਾਂਤਾਂ ਦੀਆਂ ਫਲਸਫਾਨਾ ਬੁਨਿਆਦਾਂ ਨੂੰ ਚੁਣੌਤੀਆਂ ਦੇਣ ਵਾਲੇ ਬਿਰਤਾਂਤ ਲੋੜ ਮੁਤਾਬਕ ਪੈਦਾ ਨਾ ਹੋ ਸਕੇ। ਭਾਈ ਵੀਰ ਸਿੰਘ, ਪੂਰਨ ਸਿੰਘ, ਤੇ ਹਰਿੰਦਰ ਸਿੰਘ ਮਹਿਬੂਬ ਤਿੰਨ ਹੀ ਵਿਦਵਾਨ ਸਾਹਿਤਕਾਰ ਹੋਏ ਹਨ ਜਿਨ੍ਹਾਂ ਨੇ ਕਿਸੇ ਪੱਛਮੀ ਚਿੰਤਨ-ਧਾਰਾ ਦੇ ਨੁਮਾਇੰਦੇ ਬਣਨ ਦੀ ਬਜਾਇ ਸਾਹਿਤ ਅਤੇ ਫਲਸਫੇ ਦੇ ਨਵੇਂ ਦਿਸਹੱਦੇ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਪੱਛਮੀ ਫਲਸਫਿਆਂ ਦੇ ਅਨੁਸਾਰੀ ਬਣ ਕੇ ਚੱਲਣ ਵਾਲੇ ਸਾਹਿਤਕਾਰ ਤੇ ਵਿਦਵਾਨ ਜ਼ਿਆਦਾ ਅਸਰਅੰਦਾਜ਼ ਹੋ ਨਿੱਬੜੇ। ਇਸ ਦਾ ਮੁੱਖ ਕਾਰਨ ਨੌਜਵਾਨ ਵਰਗ ਵਿਚ ਮਾਰਕਸਵਾਦੀ ਸਿਆਸੀ ਲਹਿਰ ਦਾ ਫੈਲ ਜਾਣਾ ਸੀ। ਇੱਕ ਤਾਂ ਮਾਰਕਸਵਾਦ ਦੇ ਪ੍ਰਭਾਵ ਤਹਿਤ ਉਭਰੀ ਪ੍ਰਗਤੀਵਾਦੀ ਲਹਿਰ ਨੇ ਸਾਹਿਤ ਦਾ ਨਵਾਂ ਮੁਹਾਵਰਾ ਪ੍ਰਚੱਲਿਤ ਕਰ ਦਿੱਤਾ; ਦੂਜਾ, ਇਨ੍ਹਾਂ ਹਲਕਿਆਂ ਵਿਚ ਸਾਹਿਤ ਰਚਨਾ ਵਧੇਰੇ ਹੋਈ ਕਿਉਂਕਿ ਇਸ ਲਹਿਰ ਤਹਿਤ ਲਿਖਤ-ਮਿਆਰ ਕਾਫੀ ਹੇਠਾਂ ਡਿੱਗ ਪਏ ਸਨ ਜਿਸ ਕਰ ਕੇ ਹਰ ਜਣੇ-ਖਣੇ ਲਈ ਲਿਖ ਸਕਣਾ ਸੌਖਾ ਸੀ; ਤੇ ਤੀਜਾ, ਪੰਜਾਬ ਦੇ ਮਾਰਕਸੀਆਂ ਨੂੰ ਭਾਰਤੀ ਸੱਤਾ ਦੀ ਖਾਸ ਪ੍ਰਸ਼ਤਪਨਾਹੀ ਸੀ ਜਿਸ ਕਰ ਕੇ ਉਹ ਵਿੱਦਿਅਕ ਅਤੇ ਸਾਹਿਤਕ ਅਦਾਰਿਆਂ 'ਤੇ ਕਾਬਜ਼ ਹੋਣ ਵਿਚ ਕਾਮਯਾਬ ਹੋਏ।

ਸੈਕੂਲਰ ਰਾਸ਼ਟਰਵਾਦ ਅਤੇ ਮਾਰਕਸਵਾਦ ਬਸਤੀਵਾਦੀ ਦੌਰ ਵਿਚ ਹੀ ਆ ਗਏ ਸਨ। ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਰੁਝਾਨ 1930ਵਿਆਂ ਵਿਚ ਹੀ ਉਭਰਨ ਲੱਗੇ ਸਨ। ਬਦਕਿਸਮਤੀ ਨੂੰ ਪ੍ਰਗਤੀਵਾਦ ਨੂੰ ਵਿਚਾਰਧਾਰਾ ਵਜੋਂ ਅਪਨਾਉਣ ਵਾਲੇ ਸਾਹਿਤਕਾਰਾਂ ਵਿਚੋਂ ਬਹੁਤਿਆਂ ਨੇ ਇਸ ਦੀ ਸਿਧਾਂਤਕ ਬੁਨਿਆਦ ਮਾਰਕਸਵਾਦ ਦਾ ਗੰਭੀਰ ਅਧਿਐਨ ਨਹੀਂ ਕੀਤਾ ਸੀ। ਉਹ ਪ੍ਰਗਤੀਵਾਦ ਨੂੰ ਧਰਮ-ਸਿਧਾਂਤ ਵਜੋਂ ਅਪਨਾਉਣ ਵਾਲੇ ਸ਼ਰਧਾਵਾਨ ਤੇ ਜੋਸ਼ੀਲੇ ਸਿਆਸੀ ਕਾਰਕੁਨ ਸਨ। ਦਲਜੀਤ ਅਮੀ ਉਨ੍ਹਾਂ ਸ਼ਰਧਾਵਾਨ ਪ੍ਰਗਤੀਵਾਦੀਆਂ ਦਾ ਜਾਨਸ਼ੀਨ ਹੈ ਤੇ ਰੱਬੀ ਸ਼ੇਰਗਿੱਲ ਮਾਰਕਸੀ ਧਰਮ-ਸਿਧਾਂਤ ਦੀ ਖੁਰਾਕ 'ਤੇ ਪਲਣ ਵਾਲਾ ਉਦਾਰਵਾਦੀ ਵਪਾਰੀ ਹੈ ਜਿਹੜਾ ਆਪਣੇ ਵਪਾਰਕ ਹਿਤਾਂ ਦੀ ਪੂਰਤੀ ਦੇ ਨਾਲ-ਨਾਲ ਫਕੀਰਾਨਾ ਵਿਦਵਾਨ ਵਜੋਂ ਸਥਾਪਤ ਹੋਣ ਦੀ ਭਾਵਨਾ ਵੀ ਰੱਖਦਾ ਹੈ।

ਰੱਬੀ ਪ੍ਰਗਤੀਵਾਦੀਆਂ ਦਾ ਸਭਿਆਚਾਰਕ ਦੂਤ ਹੈ ਜਿਹੜਾ ਮਾਰਕਸੀ ਫਸਲ ਬੀਜਣ ਲਈ ਜ਼ਮੀਨ ਤਿਆਰ ਕਰਦਾ ਹੈ। ਇਨ੍ਹਾਂ ਪਰਸਪਰ ਸਬੰਧਾਂ ਦੇ ਅਰਥਚਾਰੇ ਵਿਚ ਪੰਜਾਬ ਦੇ ਹਿਤ ਦਾਅ 'ਤੇ ਲੱਗੇ ਹੋਏ ਹਨ। ਇਸੇ ਲਈ ਦਲਜੀਤ ਸਵਾਲ ਤਾਂ ਸੋਹਣੇ ਖੜ੍ਹੇ ਕਰਦਾ ਹੈ, ਗੱਲ ਨੂੰ ਉਸ ਦੇ ਪ੍ਰਸੰਗ ਵੱਲ ਮੋੜਨ ਦਾ ਯਤਨ ਵੀ ਕਰਦਾ ਹੈ ਪਰ ਮੋੜਵੇਂ ਸਵਾਲਾਂ ਰਾਹੀਂ ਰੱਬੀ ਦੇ ਜਵਾਬਾਂ ਦੇ ਗੰਧਲੇਪਣ ਨੂੰ ਚੁਣੌਤੀ ਨਹੀਂ ਦਿੰਦਾ।

ਰੱਬੀ ਤੇ ਦਲਜੀਤ ਪੰਜਾਬੀਅਤ ਬਾਰੇ ਆਪਣੇ ਸਰੋਕਾਰ ਸਾਂਝੇ ਕਰਦੇ ਹਨ। ਗੱਲ ਕਰਦੇ-ਕਰਦੇ ਇਸ ਦੀ ਸਥਾਨਕਤਾ ਦੇ ਸਵਾਲ ਦੇ ਸਨਮੁਖ ਹੁੰਦੇ ਹਨ। ਸਥਾਨਕਤਾ ਦੇ ਮੁੱਦੇ 'ਤੇ ਆ ਕੇ ਦੋਵੇਂ ਸੂਖਮ ਅਤੇ ਸਥੂਲ ਦੇ ਮਸਲੇ ਵਿਚ



ਉਲਝ ਜਾਂਦੇ ਹਨ। ਰੱਬੀ ਕੁਝ ਆਪਾ-ਵਿਰੋਧੀ ਗੱਲਾਂ ਕਰਦਾ ਹੈ; ਜਿਵੇਂ- ਪੰਜਾਬ ਭੂਗੋਲ ਨਹੀਂ, ਸੂਖਮ ਪਛਾਣ ਹੈ ਜਿਸ ਨੂੰ ਅਸੀਂ ਆਪਣੀ ਜੇਬ ਵਿਚ ਰੱਖਦੇ ਹਾਂ। ਪਹਿਲਾਂ ਰੱਬੀ ਸਥਾਨਕਤਾ ਨੂੰ ਰੱਦ ਕਰਦਾ ਹੈ, ਫਿਰ ਗੱਲਾਂ ਦੀ ਲੋਰ ਵਿਚ ਪਹਿਲਾ ਕਿਹਾ ਭੁੱਲ ਕੇ, ਸਥਾਨਕਤਾ ਦੀ ਅਹਿਮੀਅਤ ਬਾਰੇ ਬੋਲਣ ਲੱਗਦਾ ਹੈ। ਇਹ ਦੋਵੇਂ ਪਹਿਲੂ ਛੋਹਣੇ ਕੋਈ ਮਾੜੀ ਗੱਲ ਨਹੀਂ ਪਰ ਗੱਲ ਦਾ ਕੋਈ ਸੰਤੁਲਨ ਤਾਂ ਹੋਵੇ, ਗੱਲ ਕਿਸੇ ਤਾਲ ਵਿਚ ਤਾਂ ਤੁਰੇ। ਰੱਬੀ ਕਹਿੰਦਾ ਹੈ, ਪੰਜਾਬੀਅਤ ਬਾਰੇ ਸਪੱਸ਼ਟ ਹੋਣ ਲਈ ਸਾਨੂੰ ਲਹਿੰਦੇ ਪੰਜਾਬ ਵਾਲਿਆਂ ਨਾਲ ਤੇ ਪੰਜਾਬੋਂ ਬਾਹਰ ਪਰਦੇਸੀਂ ਵੱਸਦੇ ਪੰਜਾਬੀਆਂ ਨਾਲ ਵੀ ਗੱਲ ਕਰਨੀ ਪੈਣੀ ਹੈ। ਨਾਲ ਬੈਠਾ ਦਲਜੀਤ ਜੋੜ ਦਿੰਦਾ ਹੈ ਕਿ ਹਰਿਆਣੇ ਤੇ ਹਿਮਾਚਲ ਵਾਲਿਆਂ ਨਾਲ ਵੀ ਗੱਲ ਕਰਨੀ ਪੈਣੀ ਹੈ। ਜ਼ਾਹਰ ਹੈ, ਦਲਜੀਤ ਤੇ ਰੱਬੀ ਪਛਾਣ ਦਾ ਆਧਾਰ ਧਾਰਮਿਕ ਦੀ ਬਜਾਇ ਨਸਲੀ ਜਾਂ ਭਾਸ਼ਾਈ ਬਣਾਉਣਾ ਚਾਹੁੰਦੇ ਹਨ। ਉਹ ਇਹ ਮਿੱਥ ਕੇ ਤੁਰੇ ਜਾਪਦੇ ਹਨ ਕਿ ਸਿੱਖੀ ਦਾ ਤਾਂ ਨਾਂ ਵੀ ਲੈਣ ਦੀ ਲੋੜ ਨਹੀਂ, ਸਿਰਫ ਪੰਜਾਬੀਅਤ ਹੀ ਪਛਾਣ ਦਾ ਆਧਾਰ ਹੋ ਸਕਦੀ ਹੈ। ਇਹ ਤਾਂ ਸਮਝ ਸਕਦੇ ਹਾਂ ਕਿ ਦਲਜੀਤ ਦੇ ਮਾਰਕਸੀ ਤੇ ਰੱਬੀ ਦੇ ਉਦਾਰਵਾਦੀ ਨਜ਼ਰੀਏ ਦੀ ਧਰਮ ਦੇ ਮੁਕਾਬਲੇ ਸੈਕੂਲਰਵਾਦ ਨਾਲ ਭਾਈਬੰਦੀ ਹੈ ਪਰ ਇਹ ਤਾਂ ਨਹੀਂ ਮੰਨਿਆ ਜਾ ਸਕਦਾ ਕਿ ਉਪਰੋਕਤ ਨਜ਼ਰੀਆ ਅਟੱਲ ਸੱਚਾਈ ਹੈ ਜਿਸ ਨੂੰ ਕਾਇਨਾਤੀ ਮੰਨਣਾ ਹਰ ਕਿਸੇ ਦਾ ਨੈਤਿਕ ਫਰਜ਼ ਹੈ, ਤੇ ਜਿਹੜਾ ਨਹੀਂ ਮੰਨੇਗਾ, ਉਸ ਨੂੰ ਗੁਲਾਗ ਦਾ ਰਾਹ ਦਿਖਾ ਕੇ ਦੁਨੀਆ ਤੋਂ ਰੁਖਸਤ ਕਰਨਾ ਲੋਕਾਈ ਦੇ ਭਵਿੱਖ ਲਈ ਚਿੰਤਤ ਸਾਥੀਆਂ ਦਾ ਹੱਕ ਹੋਵੇਗਾ।

ਮਾਰਕਸਵਾਦ ਤੇ ਉਦਾਰਵਾਦ, ਜਾਂ ਇਨ੍ਹਾਂ ਲਈ ਲੋੜੀਂਦੇ ਸੈਕੂਲਰਵਾਦ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਇਸ ਲਈ ਉਪਰੋਕਤ ਚਿੰਤਨ-ਧਾਰਾਵਾਂ ਦੀ ਤਨਕੀਦ ਜ਼ਰੂਰੀ ਹੈ। ਪੰਜਾਬ ਤੋਂ ਪਰ੍ਹੇ, ਦੁਨੀਆ ਭਰ ਦੇ ਵਿਚਾਰਵਾਨ, ਸਮੇਤ ਮਾਰਕਸਵਾਦੀਆਂ ਦੇ, ਉਪਰੋਕਤ ਚਿੰਤਨ-ਧਾਰਾਵਾਂ ਦੇ ਆਲੋਚਨਾਤਮਕ ਵਿਸ਼ਲੇਸ਼ਣ ਵਿਚ ਰੁੱਝੇ ਹੋਏ ਹਨ। ਇਹ 'ਸਾਡੇ ਆਲਿਆਂ' ਨੂੰ ਹੀ ਮਾਰ ਵਗੀ ਹੈ ਕਿ ਬੁਨਿਆਦੀ ਸਵਾਲਾਂ ਨੂੰ ਜੀ ਆਇਆਂ ਕਹਿਣ ਦੀ ਬਜਾਇ ਉਨ੍ਹਾਂ ਤੋਂ ਚਲਾਕੀ ਜਾਂ ਹੈਂਕੜ ਨਾਲ ਪਾਸਾ ਵੱਟਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਮੇਰੀ ਬੇਨਤੀ ਹੈ- ਭਰਾਵੋ, ਵਿਚਾਰਧਾਰਕ ਅਤਿਵਾਦ ਦੀ ਕਾਮਯਾਬੀ 'ਤੇ ਟੇਕ ਰੱਖ ਕੇ ਇਹ ਨਾ ਸਮਝੋ ਕਿ ਕਿਸਾਨ ਮੋਰਚੇ ਜਿਹੇ ਪਿਛਲੇ ਦਰਵਾਜ਼ੇ ਰਾਹੀਂ ਆ ਕੇ ਜੇ ਮਾਰਕਸੀ ਪੰਜਾਬ ਦੀ ਨੁਮਾਇੰਦਾ ਸਿਆਸੀ ਧਿਰ ਬਣ ਗਏ ਤਾਂ ਸਭ ਮਸਲੇ ਹੱਲ ਹੋ ਜਾਣਗੇ। ਜੇ ਅਜਿਹੀ ਕੋਈ ਸੰਭਾਵਨਾ ਹੁੰਦੀ ਤਾਂ ਅਕਾਲੀਆਂ ਦੀ ਚੜ੍ਹਤ ਵੇਲੇ ਸਿੱਖਾਂ ਦੇ ਮਸਲੇ ਹੱਲ ਹੋ ਜਾਣੇ ਸਨ ਪਰ ਹੋਇਆ ਸਗੋਂ ਇਸ ਦੇ ਐਨ ਉਲਟ ਹੈ। ਲੋੜ ਸਾਨੂੰ ਦਰਪੇਸ਼ ਮਸਲਿਆਂ 'ਤੇ ਗੰਭੀਰ ਵਿਚਾਰ-ਵਟਾਂਦਰੇ ਦੀ ਹੈ। ਇਸ ਲਈ ਸਾਨੂੰ ਸਭ ਨੂੰ ਤਿਆਰੀ ਦੀ ਵੀ ਲੋੜ ਹੈ ਤੇ ਖੁੱਲ੍ਹੇ ਮਨ ਨਾਲ ਵਿਚਾਰ ਕਰਨ ਲਈ ਲੋੜੀਂਦਾ ਸਭਿਆਚਾਰ ਪੈਦਾ ਕਰਨ ਦੀ ਵੀ।

ਹੁਣ ਇਸ ਬਹਿਸ ਦੇ ਪਿਛੋਕੜ ਵਿਚ ਕਾਰਜਸ਼ੀਲ ਮੂਲ ਮੁੱਦੇ ਵੱਲ ਮੁੜੀਏ ਕਿ ਪਛਾਣ ਦਾ ਆਧਾਰ ਪੰਜਾਬੀਅਤ ਹੀ ਕਿਉਂ ਹੋਣੀ ਚਾਹੀਦੀ ਹੈ, ਸਿੱਖੀ ਕਿਉਂ ਨਹੀਂ ਹੋਣੀ ਚਾਹੀਦੀ। ਮਾਰਕਸੀ ਦਲੀਲ ਹੈ ਕਿ ਸਿੱਖੀ ਧਰਮ ਹੈ, ਧਰਮ ਸਦਾ ਮਾੜਾ ਹੁੰਦਾ ਹੈ, ਧਰਮ ਪਿਛਾਂਹਖਿੱਚੂ ਹੈ, ਆਧੁਨਿਕਤਾ ਅਗਾਂਹਵਧੂ ਹੈ, ਧਰਮ ਦੇ ਆਧਾਰ 'ਤੇ ਮਨੁੱਖੀ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਖੂਨ-ਖਰਾਬਾ ਹੋਇਆ ਹੈ, ਆਦਿਕ ਆਦਿਕ।

ਇਸ ਨਜ਼ਰੀਏ ਦੀ ਸਮੱਸਿਆ ਹੈ ਕਿ ਇਸ ਦੀ ਜੜ੍ਹ ਵਿਧੀਵਤ ਅਕਾਦਮਿਕ ਅਧਿਐਨ ਦੀ ਬਜਾਇ ਸਿਆਸੀ ਪ੍ਰਚਾਰ ਦੇ ਮੁਹਾਵਰੇ ਵਿਚ ਹੈ। ਧਰਮ ਦੀ ਜਿਹੜੀ ਪਰਿਭਾਸ਼ਾ ਦੀ ਤਨਕੀਦ ਕਾਰਲ ਮਾਰਕਸ ਕਰ ਰਿਹਾ ਸੀ, ਉਹ ਧਰਮ ਪ੍ਰਤੀ ਯੂਰਪੀ ਈਸਾਈਅਤ ਦੀ ਪਹੁੰਚ ਜਾਂ ਸਮਝ ਵਿਚੋਂ ਨਿੱਕਲੀ ਸੀ। ਬਸਤੀਵਾਦ ਦੌਰਾਨ ਯੂਰਪੀਨਾਂ ਨੇ ਇਸ ਪਰਿਭਾਸ਼ਾ ਨੂੰ ਆਧੁਨਿਕ ਕਰਾਰ ਦੇ ਕੇ ਇਸ ਨੂੰ ਕਾਇਨਾਤੀ ਬਣਾਉਣ ਦੀ ਕੋਸ਼ਿਸ਼ ਕੀਤੀ। ਸਿੱਖੀ ਸਮੇਤ ਬਸਤੀਵਾਦ ਦੀ ਮਾਰ ਵਿਚ ਆਈਆਂ ਬਾਕੀ ਕੌਮਾਂ ਦੇ ਅਕਾਦਮਿਕ ਕੰਮਾਂ 'ਤੇ ਇਸ ਪਰਿਭਾਸ਼ਾ ਦਾ ਅਸਰ ਵੀ ਹੋਇਆ ਪਰ ਇਸ ਦਾ ਇਹ ਅਰਥ ਤਾਂ ਨਹੀਂ ਕਿ ਧਰਮ ਦੀਆਂ ਗੈਰ-ਯੂਰਪੀ ਪਰਿਭਾਸ਼ਾਵਾਂ ਹੋਂਦ ਹੀ ਨਹੀਂ ਰੱਖਦੀਆਂ। ਮਾਰਕਸੀ ਤੇ ਉਦਾਰਵਾਦੀ ਵੱਖ-ਵੱਖ ਧਰਮਾਂ ਦੀਆਂ ਪਰਿਭਾਸ਼ਾਵਾਂ ਅਤੇ ਅਨੁਭਵਾਂ ਅੰਦਰਲੀਆਂ ਸੂਖਮਤਾਈਆਂ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹਨ। ਉਹ ਸਭ ਧਰਮਾਂ ਨੂੰ ਸਾਂਝੀ ਪਰਿਭਾਸ਼ਾ ਵਿਚ ਕੈਦ ਕਰ ਕੇ, ਸਾਰਿਆਂ ਨੂੰ ਇੱਕੋ ਆਧਾਰ 'ਤੇ ਰੱਦ ਕਰਨ ਨੂੰ ਤਰਜੀਹ ਦਿੰਦੇ ਹਨ। ਇਹ ਜ਼ਰੂਰੀ ਹੈ ਕਿ ਹਰ ਧਰਮ ਦੀ ਪਰਿਭਾਸ਼ਾ ਵਿਚ ਪਈਆਂ ਸੰਭਾਵਨਾਵਾਂ 'ਤੇ ਵੱਖਰੇ ਤੌਰ 'ਤੇ ਵਿਚਾਰ ਹੋਵੇ। ਸਿੱਖੀ ਅੰਦਰਲੀ ਸੰਤੁਲਿਤ ਅਤੇ ਨਿਆਂਕਾਰੀ ਜੀਵਨ ਜਾਚ ਅਤੇ ਇਸ ਦੀ ਪ੍ਰੇਰਨਾ ਸਦਕਾ ਪੈਦਾ ਹੋਏ ਇਤਿਹਾਸ ਦੇ ਪ੍ਰਸੰਗ ਵਿਚ ਅਜਿਹੀ ਵਿਚਾਰ ਖਾਸ ਤੌਰ 'ਤੇ ਜ਼ਰੂਰੀ ਹੈ।

ਧਰਮ ਦੇ ਨਾਂ 'ਤੇ ਸਭ ਤੋਂ ਵੱਧ ਕਤਲੋਗਾਰਤ ਵਾਲੇ ਦਾਅਵੇ ਦੀ ਪੜਚੋਲ ਕਰੀਏ ਤਾਂ ਇਹ ਵੀ ਸਰਾਸਰ ਝੂਠ ਹੈ। ਮਨੁੱਖੀ ਇਤਿਹਾਸ ਵਿਚ ਸਭ ਤੋਂ ਵੱਡੀਆਂ ਨਸਲਕੁਸ਼ੀਆਂ ਵੀਹਵੀਂ ਸਦੀ ਵਿਚ ਹੋਈਆਂ ਹਨ। 1915 ਵਿਚ ਆਰਮੀਨੀਆਈ ਲੋਕਾਂ ਦੀ ਨਸਲਕੁਸ਼ੀ ਹੋਈ। ਇਸ ਲਈ 'ਨੌਜੁਆਨ ਤੁਰਕ' (ਯੰਗ ਤੁਰਕਸ) ਨਾਂ ਦੀ ਧਿਰ ਜ਼ਿੰਮੇਵਾਰ ਸੀ। 15 ਲੱਖ ਆਰਮੀਨੀਆਈ ਲੋਕਾਂ ਨੂੰ ਅਤਿ ਦੀ ਦਰਿੰਦਗੀ ਨਾਲ ਮਾਰ-ਮੁਕਾਉਣ ਵਾਲੀ ਇਹ ਧਿਰ ਸੈਕੂਲਰ ਤੇ ਉਦਾਰਵਾਦੀ ਸੀ। ਇਸ ਤੋਂ ਬਾਅਦ ਹਿਟਲਰ, ਸਤਾਲਿਨ ਅਤੇ ਮਾਓ ਸਭ ਤੋਂ ਵੱਡੀਆਂ ਨਸਲਕੁਸ਼ੀਆਂ ਲਈ ਜ਼ਿੰਮੇਵਾਰ ਰਹੇ ਹਨ। ਇਹ ਤਿੰਨੇ ਸੈਕੂਲਰ ਸੀ ਤੇ ਮਗਰਲੇ ਦੋ-ਸਤਾਲਿਨ ਤੇ ਮਾਓ ਪੱਕੇ ਮਾਰਕਸਵਾਦੀ। ਫਿਰ ਧਰਮ ਦੇ ਨਾਂ 'ਤੇ ਸਭ ਤੋਂ ਵੱਧ ਕਤਲੋਗਾਰਤ ਹੋਈ ਜਾਂ ਸੈਕੂਲਰਵਾਦ ਤੇ ਮਾਰਕਸਵਾਦ ਦੇ ਨਾਂ 'ਤੇ?

ਜਦੋਂ ਰੱਬੀ ਸ਼ੇਰਗਿੱਲ ਵਰਗੇ ਚਲੰਤ ਗਾਇਕ ਜਿਨ੍ਹਾਂ ਨੇ ਕੋਈ ਵਿਧੀਵਤ ਅਧਿਐਨ ਨਹੀਂ ਕੀਤਾ, ਚਿੰਤਕ ਬਣ ਕੇ ਦੁਨੀਆ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਸੇ ਪ੍ਰਚੱਲਿਤ ਵਿਚਾਰਧਾਰਾ ਦਾ ਪੱਲਾ ਫੜਨਾ ਪੈਂਦਾ ਹੈ। ਰੱਬੀ ਸ਼ੇਰਗਿੱਲ ਵਰਗੇ ਜੁਗਾੜੀ ਲੋਕ ਵਿਦਵਾਨ ਬਣ ਕੇ ਲੋਕਾਈ ਨੂੰ ਮੱਤਾਂ ਦੇਣ ਲੱਗ ਪੈਂਦੇ ਹਨ ਤੇ ਚਲੰਤ ਗਾਇਕੀ ਨਾਲ ਪੈਦਾ ਹੋਏ ਸਭਿਆਚਾਰਕ ਸੰਕਟ ਦਾ ਮੁੱਦਾ ਵਿਚਾਰ ਵਿਚ ਹੀ ਨਹੀਂ ਆਉਂਦਾ। ਇਸ ਦੇ ਉਲਟ ਚਲੰਤ ਗਾਇਕੀ ਨੂੰ ਇਨਕਲਾਬੀ ਸੰਭਾਵਨਾਵਾਂ ਵਾਲੇ ਵਰਤਾਰੇ ਵਜੋਂ ਪੇਸ਼ ਕੀਤਾ ਜਾਂਦਾ ਹੈ; ਅਖੇ, ਇਸ ਨਾਲ ਲੋਕ ਜਾਗਰੂਕ ਹੁੰਦੇ ਹਨ।

ਚਲੰਤ ਗਾਇਕੀ ਉਸ ਚੇਤਨਾ ਦਾ ਸਾਧਨ ਬਣਦੀ ਹੈ ਜਿਹੜੀ ਆ ਕੇ ਵੀ ਨਹੀਂ ਆਉਂਦੀ। ਇਸ ਦੀ ਵਜ੍ਹਾ ਹੈ ਕਿ ਚੇਤਨਾ ਦੇ ਦੋ ਪਹਿਲੂ ਹਨ: ਇੱਕ ਤਾਂ ਲੋਕਾਂ ਨਾਲ ਹੋਈਆਂ ਤੇ ਹੋ ਰਹੀਆਂ ਬੇਇਨਸਾਫੀਆਂ ਦੀ ਤੱਥਮੂਲਕ ਜਾਣਕਾਰੀ; ਦੂਜਾ, ਇਸ ਹਿੰਸਾ ਦਾ ਸ਼ਿੱਦਤ ਭਰਿਆ ਅਹਿਸਾਸ। ਮੌਜੂਦਾ ਚਲੰਤ ਸੰਗੀਤ ਦੀ ਬੇਹੂਦਗੀ ਜਾਣਕਾਰੀ ਤਾਂ ਮੁਹੱਈਆ ਕਰਵਾ ਸਕਦੀ ਹੈ ਪਰ ਅਹਿਸਾਸ ਦੀ ਸ਼ਿੱਦਤ ਪੈਦਾ ਨਹੀਂ ਕਰ ਸਕਦੀ। ਇਸ ਦੇ ਉਲਟ ਚਲੰਤ ਗਾਇਕੀ ਅਹਿਸਾਸ ਦੀ ਸ਼ਿੱਦਤ ਪੈਦਾ ਹੋਣ ਦੇ ਰਾਹ ਵਿਚ ਅੜਿੱਕਾ ਹੈ। ਇਹ ਸੰਵੇਦਨਸ਼ੀਲਤਾ ਨੂੰ ਮਾਰਦੀ ਹੈ: ਲੋਕਾਂ ਦੇ ਦਰਦ ਨਾਲ ਜੁੜੇ ਅਹਿਸਾਸ ਦਾ ਬਾਜ਼ਾਰੂ ਤੇ ਹੋਛੇ ਕਿਸਮ ਦਾ ਤਮਾਸ਼ਾ ਬਣਾ ਦਿੰਦੀ ਹੈ। ਰੱਬੀ ਇਸੇ ਵਰਤਾਰੇ ਦਾ ਹਿੱਸਾ ਹੈ।

ਰੱਬੀ ਸ਼ੇਰਗਿੱਲ ਨੂੰ ਸਮਝਣ ਲਈ ਮਦਨ ਗੋਪਾਲ ਸਿੰਘ ਦੇ ਹਵਾਲੇ ਨਾਲ ਗੱਲ ਕਰਨੀ ਕੁਥਾਂ ਨਹੀਂ ਹੋਵੇਗੀ। ਰੱਬੀ ਮਦਨ ਗੋਪਾਲ ਸਿੰਘ ਜਿੰਨਾ ਬੇਸੁਰਾ ਨਹੀਂ, ਨਾ ਹੀ ਉਹ ਨਵੇਂ ਜੁਗ ਦੀ ਅਧਿਆਤਮਕਤਾ ਦੀ ਸਾਲੂ-ਲਿਪਟੀ ਨੁਮਾਇਸ਼ ਲਾਉਂਦਾ ਹੈ। ਰੱਬੀ ਦਰਦ ਵੇਚਦਾ ਹੈ, ਉਹ ਜਿਨ੍ਹਾਂ ਦਰਦਾਂ ਦੀ ਬਾਤ ਪਾਉਂਦਾ ਹੈ, ਉਹ ਕਿਸੇ ਅਸਮਾਨੋਂ ਡਿੱਗੀ ਬਿਜਲੀ ਸਦਕਾ ਪੈਦਾ ਨਹੀਂ ਹੋਏ। ਉਹ ਭਾਰਤ ਦੀ ਸਿਆਸੀ ਸਥਾਪਤੀ ਦੇ ਫਾਸ਼ੀ ਮਨਸੂਬਿਆਂ ਨੂੰ ਸਿਰੇ ਚਾੜ੍ਹਨ ਲਈ ਢਾਹੇ ਜ਼ੁਲਮਾਂ ਦੀ ਪੈਦਾਇਸ਼ ਹਨ। ਲੋਕਾਂ ਦੇ ਦਰਦ ਗਾਉਂਦਿਆਂ ਜਦੋਂ ਕਦੇ ਰੱਬੀ ਦੀ ਨਜ਼ਰ ਪੰਜਾਬ ਵੱਲ ਮੁੜਦੀ ਹੈ ਤਾਂ ਉਹ ਮਜ਼ਲੂਮਾਂ ਨੂੰ ਦੋਸ਼ੀ ਬਣਾਉਣ ਦਾ ਰਾਹ ਫੜ ਲੈਂਦਾ ਹੈ। ਉਹ ਲੋਕਾਂ ਨੂੰ ਮੱਤਾਂ ਦਿੰਦਾ ਹੈ ਕਿ ਕਿਹੜੀ ਫਸਲ ਬੀਜਣੀ ਹੈ ਤੇ ਕਿਹੜੀਆਂ ਲਹਿਰਾਂ ਚਲਾਉਣੀਆਂ ਹਨ। ਰੱਬੀ ਦੇ ਇਸ ਵਿਹਾਰ ਪਿੱਛੇ ਧਾਰਨਾ ਹੈ ਕਿ ਪੰਜਾਬ ਦੇ ਲੋਕ ਆਪਣੀ ਮਰਜ਼ੀ ਕਰਨ ਲਈ ਆਜ਼ਾਦ ਹਨ। ਇਹ ਬਹੁਤ ਨਿਰਦਈ ਰਵੱਈਆ ਹੈ। ਲੋਕ ਕਾਨੂੰਨਾਂ ਤੇ ਨੀਤੀਆਂ ਦੇ ਨੂੜੇ ਹਕੂਮਤ ਦੇ ਚਲਾਏ ਚੱਲ ਰਹੇ ਹਨ ਪਰ ਰੱਬੀ ਵਰਗੇ ਨਿਰਦਈ ਵਪਾਰੀ ਇਸ ਪ੍ਰਤੱਖ ਦਿਸਦੀ ਅਸਲੀਅਤ ਨੂੰ ਦੇਖਣ ਤੋਂ ਇਨਕਾਰੀ ਹਨ।

ਰੱਬੀ ਸ਼ੇਰਗਿੱਲ ਦੀ ਇਸ ਗੱਲਬਾਤ ਰਾਹੀਂ ਬਹੁਤ ਕੁਝ ਸਪੱਸ਼ਟ ਹੁੰਦਾ ਹੈ; ਜਿਵੇਂ: ਮੰਡੀ ਦੀ ਆਮ ਲੋਕਾਂ ਦੀ ਜ਼ਿੰਦਗੀ 'ਤੇ ਇਜਾਰੇਦਾਰੀ ਜ਼ਿੰਦਗੀ ਨਾਲ ਬਹੁਤ ਘਿਨਾਉਣਾ ਤੇ ਅਣਮਨੁੱਖੀ ਮਜ਼ਾਕ ਹੈ। ਮੰਡੀ ਨੇਹਾਵਦ ਦੀ ਜ਼ਮੀਨ 'ਤੇ ਖੜ੍ਹੀ ਹੈ। ਇਸ ਨੇ ਸਭ ਉਚੇਰੀਆਂ ਕਦਰਾਂ-ਕੀਮਤਾਂ ਤੇ ਉਨ੍ਹਾਂ ਦੀ *(ਬਾਕੀ ਅਗਲੇ ਸਫੇ 'ਤੇ)*

# ਨੀ ਭੈਣੇ ਨੂਰੀਏ!

ਅੱਜ ਮੈਂ ਪਟਿਆਲੇ ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ ਗਿਆ ਸਾਂ, ਜਿੱਥੇ ਮਾਂ ਬੋਲੀ ਦਿਵਸ ਦੇ ਮਹੀਨੇ ਦਾ ਆਖਰੀ ਵਿਸ਼ੇਸ਼ ਸਮਾਗਮ ਸੀ। ਦੋਸਤੋ, ਸਾਲ 1996 ਵਿਚ ਮੈਂ ਏਥੇ ਮਾਲੀ-ਚਪੜਾਸੀ ਹੁੰਦਾ ਸੀ ਤੇ ਅੱਜ ਇਸੇ ਵਿਭਾਗ ਨੇ ਮੈਨੂੰ 'ਵਿਸ਼ੇਸ਼ ਮਹਿਮਾਨ' ਦੇ ਰੂਪ ਵਿਚ ਸੱਦਿਆ ਹੋਇਆ ਸੀ। ਇਸੇ ਵਿਭਾਗ ਨੇ 2007 ਵਿਚ ਮੈਨੂੰ ਰਾਜ ਸਲਾਹਕਾਰ ਬੋਰਡ ਦਾ ਮੈਂਬਰ ਵੀ ਬਣਾਇਆ ਸੀ

ਨਿੰਦਰ ਘੁਗਿਆਣਵੀ

ਤੇ 2020 ਦਾ 'ਸ਼ਰੋਮਣੀ ਲੇਖਕ ਪੁਰਸਕਾਰ' ਵੀ ਐਲਾਨਿਆ ਤੇ ਪੰਜਾਬ ਦੀ ਕੋਇਲ ਬੀਬੀ ਸੁਰਿੰਦਰ ਕੌਰ ਜੀ ਦੀ ਜੀਵਨੀ ਲਿਖਵਾ ਕੇ ਰਿਲੀਜ਼ ਵੀ ਕੀਤੀ ਸੀ। ਮੇਰੀਆਂ ਦੋ ਪੁਸਤਕਾਂ 'ਗੁਰਮੁਖ ਸਿੰਘ ਮੁਸਾਫਿਰ' ਤੇ 'ਗੁਰਬਖਸ਼ ਸਿੰਘ ਪ੍ਰੀਤਲੜੀ' ਨੂੰ ਪੁਰਸਕਾਰ ਵੀ ਇਸੇ ਵਿਭਾਗ ਨੇ ਹੀ ਪ੍ਰਦਾਨ ਕਰੇ ਸਨ। ਅੱਜ-ਕੱਲ੍ਹ ਇਸ ਵਿਭਾਗ ਦੇ ਡਾਇਰੈਕਟਰ ਮੈਡਮ ਕਰਮਜੀਤ ਕੌਰ ਹਨ। ਨਿਮਰ ਤੇ ਗਿਆਨਵਾਨ, ਲਗਨਸ਼ੀਲ ਤੇ ਅਗਾਂਹਵਧੂ।

ਇਕ ਕਲਾਸ ਫੋਰ ਰਿਹਾ ਕਰਮਚਾਰੀ ਵੀ, ਇਸ ਵਿਭਾਗ ਵਿਚੋਂ ਏਨਾ ਮਾਣ ਖੱਟ ਪਾਵੇਗਾ ਕਦੀ? ਮੈਂ ਨਹੀਂ ਸੀ ਸੋਚਿਆ। ਇਹ ਸਭ ਓਹਦੇ ਹੱਥ ਹੈ ਡੋਰੇ! ਖੈਰ!

ਸਾਡੀ ਸਮਰੱਥ ਗਾਇਕਾ ਤੇ ਅਦਾਕਾਰਾ ਅਮਰ ਨੂਰੀ ਵੀ ਵਿਸ਼ੇਸ਼ ਤੌਰ ਉਤੇ ਇਸ ਸਮਾਗਮ ਵਿਚ ਆਈ ਹੋਈ ਸੀ। ਇੱਥੇ ਇਹ ਵੀ ਦੱਸ ਦਿਆਂ ਕਿ ਨੂਰੀ ਦੇ ਪਰਿਵਾਰ ਨਾਲ ਮੇਰਾ ਕੀ ਰਿਸ਼ਤਾ ਹੈ? ਅਮਰ ਨੂਰੀ ਦੇ ਪਿਤਾ ਸ੍ਰੀ ਰੌਸ਼ਨ ਲਾਲ ਸਾਗਰ, ਮੇਰੇ ਇਸ ਕਰਕੇ ਵੱਡੇ ਭਰਾ ਸਨ ਕਿਉਂਕਿ ਉਹ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸੀਨੀਅਰ ਚੇਲੇ ਸਨ ਤੇ ਇਸ ਤਰ੍ਹਾਂ ਮੇਰੇ ਗੁਰਭਾਈ ਲੱਗੇ। ਸੋ, ਇਓਂ ਕਲਾਕਾਰੀ ਦੇ ਰਿਸ਼ਤੇ ਵਜੋਂ ਮੈਂ ਨੂਰੀ ਦਾ 'ਚਾਚਾ' ਲੱਗਿਆ ਪਰ ਉਮਰ ਦੇ ਆਦਰ ਵਜੋਂ ਉਹ ਮੇਰੀ 'ਵੱਡੀ ਭੈਣ' ਹੀ ਹੈ। ਮੈਂ ਨਿੱਕਾ ਜਿਹਾ ਸੀ ਹਾਲੇ। ਸਾਡੇ ਪਿੰਡ ਲਾਗੇ ਬੇਗੂਵਾਲਾ ਵਿਖੇ ਫਿਲਮ 'ਉਡੀਕਾਂ ਸਾਉਣ ਦੀਆਂ' ਦੀ ਸ਼ੂਟਿੰਗ ਚੱਲ ਰਹੀ ਸੀ ਤੇ ਮੇਰੀ ਮਾਸੀ ਦਾ ਮੁੰਡਾ ਦਿਆਲ ਚੰਦ ਤੇ ਮੈਂ ਸ਼ੂਟਿੰਗ ਦੇਖਣ ਗਏ ਸਾਂ। ਨੂਰੀ ਨੂੰ ਮੈਂ ਪਹਿਲੀ ਵਾਰੀ ਉਦੋਂ ਈ ਦੇਖਿਆ ਸੀ ਤੇ ਇਹ ਨੂਰੀ ਭੈਣ ਮੇਰੀ ਉਦੋਂ ਦੀ ਕਦਰਦਾਨ



ਹੈ, ਜਦ ਮੈਂ ਨਿੱਕੜਾ ਜਿਆ ਬਾਲ ਕਲਾਕਾਰ ਸਾਂ ਹਾਲੇ ਤੇ ਉਹਦੇ ਪਿਤਾ ਨੂੰ ਮਿਲਣ ਲਈ ਏਧਰ-ਓਧਰ ਭਟਕ ਰਿਹਾ ਸਾਂ। ਅੱਜ ਜਦੋਂ ਨੂਰੀ ਆਪਣੇ 'ਸਿਰ ਦੇ ਸਾਈਂ' ਤੇ 'ਸੁਰਾਂ ਦੇ ਸਿਕੰਦਰ' ਸਰਦੂਲ ਨੂੰ ਝੂਰਦੀ ਹੋਈ ਦੀਦਾਰ ਸੰਧੂ ਦਾ ਲਿਖਿਆ ਹੋਇਆ

**ਡਾਇਰੀ ਦਾ ਪੰਨਾ**

ਅਮਰ ਗੀਤ ਗਾ ਰਹੀ ਤੇ ਰੋ ਰਹੀ ਸੀ, ਉਹ ਦੇ ਬੋਲ ਸਨ,

ਮਾਏਂ ਛੇਤੀ ਕੰਮ ਨਿਬੇੜ ਤੇ ਅੱਜ ਮੈਂ ਸੌਣਾ ਨੀ,

ਮੈਨੂੰ ਸੁਪਨੇ ਵਿਚ ਮਿਲਣ ਮਾਹੀ ਨੇ ਅੱਜ ਆਉਣਾ ਨੀ।

ਇਹ ਸੁਣ ਕੇ ਵਿਦਵਾਨਾਂ ਦਾ ਸਾਰਾ ਪੰਡਾਲ ਹੀ ਭਾਵੁਕ ਹੋ ਗਿਆ ਤੇ ਸ਼ਮਿਆਨੇ ਵੀ ਹੰਝੂਆਂ ਵਿਚ ਭਿੱਜੇ-ਭਿੱਜੇ ਜਾਪਣ ਲੱਗੇ। ਮੇਰੇ ਨਾਲ ਆਏ ਕਹਾਣੀਕਾਰ ਹਰਪ੍ਰੀਤ ਸਿੰਘ ਚੰਨੂ ਨੇ ਭਰੇ ਗਲੇ ਨਾਲ ਆਖਿਆ, 'ਪੁੱਤਰਾ, ਨੂਰੀ ਧੀ ਨੂੰ ਹੌਸਲਾ ਦੇਈਏ ਤੇ ਏਹਦਾ ਸਾਥ ਕਦੇ ਨਾ ਛੱਡੀਏ।'

'ਭੈਣੇ ਨੂਰੀਏ, ਮੈਂ ਤੇਰਾ ਵੀਰ ਹਾਂ ਤੇ ਚਾਚਾ ਵੀ ਹਾਂ। ਤੇਰੇ ਨਾਲ ਖੜ੍ਹੇ ਹਾਂ। ਡੋਲੀਂ ਨਾ। ਘਬਰਾਈਂ ਨਾ। ਵਕਤ ਨਾਲ ਆਢ੍ਹਾ ਲਾਵੀਂ ਤੂੰ ਭੈਣੇ ਨੂਰੀਏ। ਸੁਰਾਂ ਦਾ ਸਿਕੰਦਰ ਰੱਬ ਦੀ ਰਜ਼ਾ ਵਿਚ ਮੁਸਕਰਾ ਰਿਹਾ ਹੋਵੇਗਾ ਤੇਰੀ ਦਲੇਰੀ, ਹਿੰਮਤ ਤੇ ਤੇਰਾ ਹੌਸਲਾ ਵੇਖ ਕੇ!'

ਰੱਬ ਭਲਾ ਕਰੇ!

# ਭਤੀਜੇ ਨੇ ਭੂਆ ਸਮੇਤ ਕੀਤੇ ਕਈ ਹੈਰਾਨ!

ਇਹ ਵਾਰਤਾ ਕਈ ਸਾਲ ਪਹਿਲਾਂ ਸਾਡੇ ਇਕ ਜਾਣੂ ਪਰਿਵਾਰ ਵਿਚ ਵਾਪਰੀ ਸੀ ਭਾਵ ਅੱਖੀਂ-ਡਿੱਠੀ ਘਟਨਾ ਵਰਗੀ ਹੈ ਇਹ। ਬਾਲ-ਬੱਚੇਦਾਰ ਭਰਾ ਆਪਣੀ ਭੈਣ ਨਾਲ ਕਿਸੇ ਗੱਲੋਂ ਝਗੜ ਪਿਆ। ਭੈਣ ਨਾਰਾਜ਼ ਹੋ ਕੇ ਆਪਣੇ ਸਹੁਰੇ ਘਰ ਚਲੇ ਗਈ। ਮਾਇਕ ਪੱਖੋਂ ਭਰਾ ਕਮਜ਼ੋਰ ਸੀ ਪਰ ਭੈਣ ਖਾਂਦੇ-ਪੀਂਦੇ ਪਰਿਵਾਰ 'ਚ ਵਿਆਹੀ ਹੋਈ ਸੀ।

ਭਰਾ ਦੀ ਕਬੀਲਦਾਰੀ ਲੰਮੀ-ਚੌੜੀ ਸੀ, ਜਾਣੀ ਕਈ ਨਿਆਣੇ ਮੰਗਣ-ਵਿਆਹੁਣ ਵਾਲ਼ੇ ਸਨ। ਕਈ ਚਿਰ ਰੁੱਸਿਆਂ ਨੂੰ ਲੰਘ ਗਿਆ। ਭੈਣ ਦੇ ਘਰੇ ਕੋਈ ਪ੍ਰੋਗਰਾਮ ਰੱਖਿਆ ਹੋਇਆ ਸੀ। ਰੱਖੇ ਪ੍ਰੋਗਰਾਮ ਤੋਂ ਦੋ ਕੁ ਦਿਨ ਪਹਿਲਾਂ ਉਸ ਭੈਣ ਦੇ ਬਿਨ ਬੁਲਾਏ ਜਵਾਨ ਭਤੀਜੇ ਨੇ ਭੂਆ ਦੇ ਪੈਰ ਛੂਹ ਕੇ ਆਣ ਮੱਥਾ ਟੇਕਿਆ।

ਭੂਆ ਹੈਰਾਨ ਤਾਂ ਹੋਈ ਪਰ ਪੇਕਿਆਂ ਦੇ ਮੋਹ ਸਦਕਾ ਉਸ ਨੇ ਭਤੀਜੇ ਦਾ ਸਿਰ ਪਲ਼ੋਸਦਿਆਂ ਸਵਾਲ ਕੀਤਾ ਕਿ ਜੁੱਗ-ਜੁੱਗ ਜੀਓ ਪੁੱਤ, 'ਵੀਰੇ' ਨੂੰ ਪਤਾ ਹੀ ਹੋਣਾ ਕਿ ਅੱਜ ਤੂੰ 'ਭੂਆ' ਦੇ ਘਰੇ ਚੱਲਿਆ ਐਂ?

'ਹੀ...ਹੀ...ਹੀ..ਹੀ' ਕਰਕੇ ਖਿਸਿਆਨੀ ਹਾਸੀ ਹੱਸਦਾ ਭਤੀਜਾ ਬੋਲਿਆ, 'ਲੈ ਹੋਰ ਭੂਆ ਜੀ, ਮੈਂ ਉਹਦਾ ਭੇਜਿਆ ਹੋਇਆ ਹੀ ਆਇਆ ਐਂ!'

ਪਿਆਰੇ ਪਾਠਕੋ, ਸਿਆਸਤ ਨਾਲ ਸਬੰਧਤ ਇਕ ਗਰਮਾ-ਗਰਮ ਚਲੰਤ ਮਾਮਲੇ 'ਚੋਂ 'ਭੂਆ,



ਵੀਰੇ ਅਤੇ ਭਤੀਜੇ' ਨੂੰ ਪਛਾਨਣ ਦੀ ਖੇਚਲ਼ ਕਰਿਓ!!

*-ਤਰਲੋਚਨ ਸਿੰਘ 'ਦੁਪਾਲਪੁਰ'*
*ਫੋਨ: 001-408-915-1268*

# ਧੂਤੇ ਬਨਾਮ ਰੋਬੋਟ!

ਅਕਸਰ ਜ਼ਿਹਨੀ ਤੌਰ 'ਤੇ ਕੰਗਾਲ ਲੋਕਾਂ ਲਈ ਇਹ ਲਫਜ਼ (ਧੂਤੇ) ਵਰਤਿਆ ਜਾਂਦਾ ਹੈ। ਸਾਡੇ ਭਾਈਚਾਰੇ ਵਿਚ ਇਨ੍ਹਾਂ ਦੀ ਕਮੀ ਨਹੀਂ ਬਲਕਿ ਚੋਖੀ ਗਿਣਤੀ ਵਿਚ ਹੋਣ ਸਦਕਾ ਬਹੁਤੀ ਵਾਰ ਸਾਰੇ ਭਾਈਚਾਰੇ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਸਾਨ ਦੇ ਤੌਰ 'ਤੇ ਕੁਦਰਤ ਵੱਲੋਂ ਸਾਨੂੰ ਇੱਕ ਵਿਲੱਖਣ ਦਾਤ ਪ੍ਰਾਪਤ ਹੋਈ ਹੈ ਅਤੇ ਉਹ ਹੈ ਧਰਤੀ 'ਤੇ ਮੌਜੂਦ ਸਾਰੇ ਪ੍ਰਾਣੀਆਂ ਨਾਲੋਂ ਵੱਧ 'ਅਕਲ' ਜਿਸ ਦਾ ਇਸਤੇਮਾਲ ਕਰ ਇਨਸਾਨ ਧਰਤੀ ਦਾ ਰਾਜਾ ਬਣ ਬੈਠਾ ਹੈ। ਪਰ ਅਫਸੋਸ ਕੁਝ ਬਦਕਿਸਮਤ ਇਸ ਵਡਮੁੱਲੀ ਦਾਤ ਤੋਂ ਵਾਂਝੇ ਰਹਿ ਸਿਰਫ ਇੱਕ 'ਪ੍ਰੋਗ੍ਰਾਮਡ ਰੋਬੋਟ' ਦੀ ਤਰ੍ਹਾਂ ਵਿਵਹਾਰ ਕਰਦੇ ਦੇਖੇ ਜਾ ਸਕਦੇ ਹਨ। ਸਾਡੇ ਆਸੇ ਪਾਸੇ ਨਿੱਤ ਬੇਅੰਤ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਵੱਖ ਵੱਖ ਅਕੀਦੇ ਦੇ ਮੀਡੀਏ ਦੁਆਰਾ ਸਾਡੇ ਤੱਕ ਵੱਖ ਵੱਖ ਨਜਰੀਏ ਨਾਲ ਪਹੁੰਚਾਈਆਂ ਜਾਂਦੀਆਂ ਹਨ। ਅਸੀਂ ਆਪਣੀ ਅਕਲ ਦਾ ਇਸਤੇਮਾਲ ਕਰ ਇਨ੍ਹਾਂ ਦਾ ਵਿਸ਼ਲੇਸ਼ਣ ਕਰ ਅਸਲ ਸੱਚ ਤੱਕ ਪਹੁੰਚ ਸਕਦੇ ਹਾਂ ਜੇਕਰ ਸਾਡਾ ਦਿਮਾਗ ਇੱਕ ਪ੍ਰੋਗ੍ਰਾਮਡ ਰੋਬੋਟ ਨਾ ਬਣ ਚੁੱਕਿਆ ਹੋਵੇ। ਦੋ ਚਾਰ ਮਿਸਾਲਾਂ ਨਾਲ ਗੱਲ ਸਾਫ ਕਰਨ ਦਾ ਯਤਨ ਕਰਾਂਗਾ।

ਸਾਕਾ ਨੀਲਾ ਤਾਰਾ ਇੱਕ ਲੰਮੀ ਅਤੇ ਗੁੰਝਲਦਾਰ ਰਾਜਨੀਤਕ ਖੇਡ ਦਾ ਇੱਕ ਪੜਾਓ ਸੀ ਜਿਸ ਦਾ ਦਰਦਨਾਕ ਅੰਤ 84 ਵਿਚ ਨਿਰਦੋਸ਼ਾਂ ਦੇ ਕਤਲੇਆਮ ਵਿਚ ਹੋਇਆ। ਰੋਬੋਟ ਬਣੇ ਧੂਤੇ ਇਸ ਸਭ ਕਾਸੇ ਲਈ ਜਿੰਮੇਵਾਰ ਧਿਰ ਨੂੰ ਨਜ਼ਰਅੰਦਾਜ ਕਰ ਇਸ ਨੂੰ ਹਕੂਮਤ ਦੁਆਰਾ ਸਿੱਖਾਂ ਦੇ ਵਕਾਰ ਨੂੰ ਸੱਟ ਲਾਉਣਾ ਗਰਦਾਨਦੇ ਹਨ। ਉਨ੍ਹਾਂ ਲਈ ਇੱਕ ਧਿਰ ਵਲੋਂ ਕੀਤੇ ਕਤਲ ਸੰਘਰਸ਼ ਦਾ ਹਿੱਸਾ ਅਤੇ ਦੂਜੀ ਧਿਰ ਦੁਆਰਾ ਕੀਤਾ ਪ੍ਰਤੀਕਰਮ ਘੱਲੂਘਾਰਾ ਬਣ ਜਾਂਦਾ ਹੈ। ਇੰਦਰਾ ਦੇ ਕਤਲ ਉਪਰੰਤ ਜਿਸ ਹਸਪਤਾਲ ਵਿੱਚ ਉਸ ਦੀ ਮ੍ਰਿਤਕ ਦੇਹ ਮੌਜੂਦ ਸੀ, ਬਾਹਰ ਭੜਕੇ ਲੋਕਾਂ ਦੀ ਭੀੜ 'ਖੂਨ ਕਾ ਬਦਲਾ ਖੂਨ' ਦੇ ਨਾਹਰੇ ਲਾ ਰਹੀ ਸੀ। ਅਸੀਂ ਫਰੀਦਾਬਾਦ ਵਿਚ ਆਪਣੇ ਆਪ ਨੂੰ ਖਤਰੇ ਵਿਚ ਜਾਣਦਿਆਂ ਲਗਾਤਾਰ ਟੀ ਵੀ ਦੇਖ ਰਹੇ ਸਾਂ। ਅਮਿਤਾਭ ਬੱਚਨ ਜੋ ਗਾਂਧੀ ਪਰੀਵਾਰ ਦਾ ਨਜਦੀਕੀ ਹੋਣ ਸਦਕਾ ਉਥੇ ਮੌਜੂਦ ਸੀ। ਧੂਤਿਆਂ ਦਾ ਆਰੋਪ ਹੈ ਕਿ ਉਹ ਵੀ ਨਾਅਰੇ ਲਾਉਣ ਵਾਲਿਆਂ ਵਿਚ ਸ਼ਾਮਲ ਸੀ ਜੋ ਸਰਾਸਰ ਝੂਠ ਹੈ। ਇਨ੍ਹਾਂ ਮੁਤਾਬਕ ਜੋ ਵੀ ਇਨ੍ਹਾਂ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦਾ ਉਹ ਦੁਸ਼ਮਣ ਹੈ। ਇਨ੍ਹਾਂ ਪ੍ਰੋਗ੍ਰਾਮਡ ਰੋਬੋਟਾਂ ਨੂੰ ਰਾਜੀਵ ਦਾ ਕਿਹਾ 'ਬੜਾ ਪੇੜ ਗਿਰਨੇ ਸੇ ਧਰਤੀ ਹਿਲਤੀ ਹੈ' ਤਾਂ ਯਾਦ ਰਹਿੰਦਾ ਹੈ ਪਰ ਇੱਕ ਧਿਰ ਦੁਆਰਾ ਪੰਜਾਬ ਨੂੰ ਬਰਬਾਦੀ ਦੇ ਰਾਹ ਤੋਰਨ ਵਾਲੇ ਭੜਕੀਲੇ ਅਤੇ ਹਿੰਸਾ ਉਕਸਾਉਣ ਵਾਲੇ ਨਫਰਤ ਭਰੇ ਭਾਸ਼ਣ ਭੁੱਲ ਜਾਂਦੇ ਹਨ। ਇਹ ਕਦੇ ਗੁਰਦਾਸ ਮਾਨ ਮਗਰ ਪੈ ਜਾਂਦੇ ਹਨ ਕਦੇ ਅਕਸ਼ੈ ਕੁਮਾਰ ਜਾਂ ਬੌਬੀ ਦਿਓਲ ਮਗਰ।

ਇਹ ਭੁੱਲ ਜਾਂਦੇ ਹਨ ਕਿ ਸਭਿਅਕ ਅਤੇ ਵਿਵੇਕਸ਼ੀਲ ਸੰਸਾਰ ਵਿਚ ਸਭ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ ਅਤੇ ਆਜਾਦਾਨਾ ਸੋਚ ਨਾਲ ਵਿਚਰਨ ਦਾ ਵੀ ਹੱਕ ਹੈ। ਕਿਸੇ ਧਰਮ ਗ੍ਰੰਥ ਦੀ ਬੇਅਦਬੀ ਬਹਾਨੇ ਵੱਢ-ਟੁੱਕ ਕਰਨਾ ਵੀ ਇਨ੍ਹਾਂ ਲਈ ਵੱਡੀ ਬਹਾਦਰੀ ਦਾ ਕਾਰਨਾਮਾ ਹੈ। ਕਿਸਾਨ ਅੰਦੋਲਨ ਵਿਚ ਝੱਲ ਖਿਲਾਰਨ ਵਾਲਿਆਂ ਵਿਚ ਇਹ ਮੋਹਰੀ ਸਨ ਵਰਨਾ ਵੱਡਾ ਘੱਲੂਘਾਰਾ ਕਰਾਉਣਾ ਇਨ੍ਹਾਂ ਦਾ ਮਿਥਿਆ ਟੀਚਾ ਸੀ। ਰਾਜੀਵ ਕਤਲ ਵੇਲੇ ਕੁਝ ਸਿੱਖ ਜੱਥੇਬੰਦੀਆਂ ਨੇ ਅਜੀਤ ਅਖਬਾਰ ਦੇ ਦਫਤਰ ਫੋਨ ਕਰ ਇਸ ਦੀ ਜਿੰਮੇਵਾਰੀ ਲੈ ਪੰਜਾਬੋਂ ਬਾਹਰ ਵਸਦੇ ਸਿੱਖਾਂ ਦਾ ਘਾਣ ਕਰਾਉਣਾ ਚਾਹਿਆ ਸੀ ਪਰ ਇਨ੍ਹਾਂ ਨੂੰ ਸਿਰਫ ਆਰ ਆਰ ਐਸ ਹੀ ਖਤਰਨਾਕ ਦਿਸਦੀ ਹੈ। ਹਰ ਮਸਲੇ 'ਤੇ ਨਿਰਪੱਖ ਅਤੇ ਵਿਵੇਕਸ਼ੀਲ ਸੋਚ ਅਪਨਾਉਣ ਦੀ ਲੋੜ ਹੈ ਤਾਂ ਹੀ ਅਸੀਂ ਅੱਜ ਦੀ ਸਭਿਅਕ ਅਤੇ ਵਿਕਸਤ ਦੁਨਿਆਂ ਨਾਲ ਕਦਮ ਮਿਲਾ ਕੇ ਚੱਲ ਸਕਦੇ ਹਾਂ ਨਹੀਂ ਤਾਂ ਦੁਨੀਆਂ ਵਿਚ ਅਜਿਹੇ ਵੀ ਕਈ ਖਿੱਤੇ ਹਨ ਜਿੱਥੇ ਧੂਤਿਆਂ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ।

*-ਹਰਜੀਤ ਦਿਓਲ ਬਰੈਂਪਟਨ*

## ਰੱਬੀ ਸ਼ੇਰਗਿੱਲ, ਚਲੰਤ ਗਾਇਕੀ, ਤੇ ਮੰਡੀ ਦਾ ਸੱਭਿਆਚਾਰ

ਨੁਮਾਇੰਦਗੀ ਕਰਨ ਵਾਲੀਆਂ ਹਸਤੀਆਂ ਨੂੰ ਆਪਣੀ ਗੰਵਾਰੂ ਬਿਰਤਾਂਤਕ ਹਿੰਸਾ ਦਾ ਨਿਸ਼ਾਨਾ ਬਣਾਇਆ ਹੈ। ਦੁਨੀਆ ਦੇ ਪੁਰਾਣੇ ਪ੍ਰੇਰਨਾ ਸਰੋਤ ਖਤਮ ਕਰ, ਮੰਡੀ ਨੇ ਆਪਣੀ ਲੋੜ ਅਨੁਸਾਰ ਨਵੇਂ ਬੁੱਤ ਸਿਰਜੇ ਹਨ। ਗਾਇਕ ਤੇ ਅਦਾਕਾਰ ਅਜਿਹੇ ਬੁੱਤ ਹਨ ਜਿਨ੍ਹਾਂ ਨੇ ਅੰਨ੍ਹੀ ਰਈਅਤ ਆਪਣੇ ਮਗਰ ਲਾ ਕੇ ਹੋਰ ਬਉਰੀ ਕੀਤੀ ਹੋਈ ਹੈ। ਆਪਣੇ ਮਗਰ ਲੱਗੀਆਂ ਨ-ਕਦਰੀਆਂ ਭੀੜਾਂ ਦੀ ਤਾਕਤ ਦੇ ਸਿਰ 'ਤੇ ਰੱਬੀ ਸ਼ੇਰਗਿੱਲ ਜਿਹੇ ਇਹ ਲੋਕ ਆਪਣੇ-ਆਪ ਨੂੰ ਮਹਾਨ ਵਿਚਾਰਵਾਨ ਵੀ ਸਮਝਦੇ ਹਨ। ਰੱਬੀ ਸ਼ੇਰਗਿੱਲ ਵਰਗਾ ਬੰਦਾ ਮਾਰਟਿਨ ਹਾਇਡਿਗਰ ਦਾ ਨਾਂ ਲੈ ਰਿਹਾ ਹੈ। ਜ਼ਾਹਰ ਹੈ ਕਿ ਰੱਬੀ ਸਮਝਦਾ ਹੈ ਕਿ ਜਦੋਂ ਉਸ ਨੂੰ ਹਾਇਡਿਗਰ ਦਾ ਲੜ-ਸਿਰਾ ਨਹੀਂ ਥਿਆਉਂਦਾ ਤਾਂ ਉਸ ਦੀ ਮਰੀਅਲ ਆਵਾਜ਼ 'ਤੇ ਵਾਹ-ਵਾਹ ਕਰਨ ਵਾਲੇ ਲੋਕ ਕਿਵੇਂ ਸਮਝਣਗੇ ਕਿ ਰੱਬੀ ਹਾਇਡਿਗਰ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕਰ ਰਿਹਾ ਹੈ ਜਾਂ ਉਸ ਦਾ ਨਾਂ ਲੈ ਕੇ ਆਪਣੀਆਂ ਬਵ੍ਹੀਆਂ ਛੱਡ ਰਿਹਾ ਹੈ?

ਅੱਜ ਸਾਨੂੰ ਸਮਝਣ ਦੀ ਲੋੜ ਹੈ ਕਿ ਇਹ ਸਭ ਕੁਝ ਮਹਿਜ਼ ਰੱਬੀ ਵਰਗੇ ਤਮਾਸ਼ਬੀਨਾਂ ਦਾ ਤਮਾਸ਼ਾ ਨਹੀਂ। ਇਹ ਸਾਡੀ ਜ਼ਿੰਦਗੀ ਨਾਲ ਹੋ ਰਿਹਾ ਸਭ ਤੋਂ ਵੱਡਾ ਖਿਲਵਾੜ ਹੈ। ਸਾਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਅਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ। ਸਿੱਖ ਨੌਜਵਾਨਾਂ ਨੂੰ ਗੰਭੀਰ ਚਿੰਤਨ ਤੇ ਉਚੇਰੀ ਸਿਰਜਣਾਤਮਕ ਉਡਾਰੀ ਦਾ ਰਾਹ ਫੜਨਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਮੰਡੀ ਦਾ ਪੈਦਾ ਕੀਤਾ ਗੰਵਾਰੂ ਸਭਿਆਚਾਰ ਸਾਨੂੰ ਆਪਣੀ ਲਪੇਟ ਵਿਚ ਨਾ ਲੈ ਸਕੇ। ਅਸੀਂ ਆਪਣਾ ਨਿਆਰਾਪਣ ਬਰਕਰਾਰ ਰੱਖੀਏ ਤੇ ਸੰਵਾਦ ਨੂੰ ਸੰਜੀਦਾ ਬਣਾਈ ਰੱਖਣ ਲਈ ਯਤਨਸ਼ੀਲ ਰਹੀਏ।

ONLY FOR THOSE WHO MISS THE 'PIND' OF THEIR CHILDHOOD MEMORIES

Project 'Mera Pind 360'

By Friends Of Punjab Foundation

'SERVING HUMANITY' dedicated to Guru Nanak' teaching.

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

- NRIs, your 'Pind' waiting for your help.
- Renew your relationship with your 'Pind'
- Help your 'Pind's needy.
- Join over 100 NRIs, covering more than 50 of their own villages.

- Many ways to help.
- Struggling families:
  Monthly financial help and help for the higher education of their children.
- Skills training in the Pind:
  Ladies Dress Design, Dairy, Beauty parlor, Computer skills including basis/ advanced/digital design, etc
- Govt. services in the Pind:
  Adhar card, pan number, health insurance card, passport application, railway tickets, etc
- Small farmer help:
  Establish an agri-center for small farmers who have no machinery etc
- Other Services:
  High-speed WiFi, Library, Smart TV for webinars, telehealth, remote learnings.

- No fee. No donation. No middle man. Just get free help from Foundation's volunteers.
- Foundation will help screen your own selected village/ families OR will assign pre-screened families in need.
- Do not wait. Visit our site, send an email, or call us for more details.

Contact: Bhupinder S Hundal (USA)
630-802-2179 | Email: hundalb@yahoo.com

www.friendsofpunjabfoundation.org
Bhupinder S Hundal (USA) 630-802-2179 | hundalb@yahoo.com

ਕਹਾਣੀ

# ਬਦਲਦੇ ਰਿਸ਼ਤੇ



ਸੁਰਿੰਦਰ ਗੀਤ
ਫੋਨ: 403-605-3734

ਚਾਰ ਸਾਲ ਹੋ ਗਏ ਸਨ ਬਿੱਕਰ ਸਿੰਘ ਦੀ ਪਤਨੀ ਕਰਤਾਰੋ ਨੂੰ ਇਸ ਸੰਸਾਰ ਤੋਂ ਗਿਆਂ। ਉਹਦੇ ਨਾਲ ਹੀ ਬਿੱਕਰ ਸਿੰਘ ਦੇ ਘਰ ਦੀ ਰੌਣਕ ਚਲੀ ਗਈ।

ਕੈਂਸਰ ਦੀ ਨਾਮੁਰਾਦ ਬਿਮਾਰੀ ਕੀ ਆਈ, ਕਰਤਾਰੋ ਨੂੰ ਆਪਣੇ ਨਾਲ ਹੀ ਲੈ ਗਈ। ਘਰ ਖਾਲੀ ਹੋ ਗਿਆ। ਕਈ ਹਾੜੀਆਂ-ਸਾਉਣੀਆਂ ਇਸ ਚੰਦਰੇ ਰੋਗ ਦੇ ਲੇਖੇ ਲੱਗ ਗਈਆਂ। ਮਹਿੰਗੇ ਤੋਂ ਮਹਿੰਗਾ ਇਲਾਜ ਵੀ ਕਰਤਾਰ ਕੌਰ ਨੂੰ ਬਚਾ ਨਾ ਸਕਿਆ। ਬਿੱਕਰ ਸਿੰਘ ਨੂੰ ਕਰਤਾਰ ਕੌਰ ਦੀ ਬਿਮਾਰੀ ਦੀ ਮਾਰ ਤਾਂ ਪਈ ਪਰ ਚੰਗੀ ਮੋਟੀ ਢੇਰੀ ਹੋਣ ਕਰਕੇ ਲੋਕਾਂ 'ਚ ਦਬਦਬਾ ਬਣਿਆ ਰਿਹਾ। ਬਹੁਤ ਘੱਟ ਲੋਕਾਂ ਨੂੰ ਉਸ ਦੀ ਅੰਦਰੂਨੀ ਹਾਲਤ ਦਾ ਪਤਾ ਸੀ। ਜੱਟ ਦੇ ਪੰਦਰਾਂ-ਵੀਹ ਕਿੱਲੇ, ਕਿਵੇਂ ਉਸ ਨੂੰ ਲੋਕਾਂ ਵਿਚ ਸਿਰ ਨੀਵਾਂ ਕਰ ਕੇ ਤੁਰਨ ਦਿੰਦੇ!

ਇਹ ਵੀ ਚੰਗਾ ਹੋਇਆ ਕਿ ਕਰਤਾਰ ਕੌਰ ਦੇ ਜਿਊਂਦੇ-ਜੀਅ ਉਨ੍ਹਾਂ ਦੀ ਬੇਟੀ ਹਰਪਾਲ ਨੂੰ ਕੈਨੇਡਾ ਵਾਲਾ ਮੁੰਡਾ ਮਿਲ ਗਿਆ। ਕੁੜੀ ਭਾਵੇਂ ਪੜ੍ਹੀ-ਲਿਖੀ ਨਹੀਂ ਸੀ ਪਰ ਸੋਹਣੀ ਬਥੇਰੀ ਸੀ। ਕੱਦ-ਕਾਠ ਦੀ ਉਚੀ-ਲੰਬੀ ਤੇ ਆਪਣੀ ਮਾਂ ਕਰਤਾਰ ਕੌਰ ਵਰਗੇ ਤਿੱਖੇ ਨੈਣ ਨਕਸ਼ਾਂ ਨੇ ਕੈਨੇਡਾ ਤੋਂ ਵਿਆਹ ਕਰਵਾਉਣ ਆਏ ਰਵਿੰਦਰ ਨੂੰ ਅਜਿਹਾ ਮੋਹਿਆ ਕਿ ਉਸ ਨੇ ਦੇਖਣ ਸਾਰ ਹੀ ਹਾਂ ਕਰ ਦਿੱਤੀ। ਰਵਿੰਦਰ ਅਗਾਂਹ-ਵਧੂ ਖਿਆਲਾਂ ਦਾ ਧਾਰਨੀ ਨਹੀਂ ਸੀ। ਉਸਨੇ ਦਾਜ ਦੀ ਗੱਲ ਗੋਲ-ਮੋਲ ਕਰ ਕੇ ਦੱਸ ਦਿੱਤੀ ਤੇ ਕਿਸੇ ਮਹਿੰਗੇ ਮੈਰਿਜ ਪੈਲੇਸ ਵਿਚ ਵਿਆਹ ਕਰਵਾਉਣ ਦੀ ਇੱਛਾ ਵੀ।

ਸੋ ਬਿਨਾਂ ਲੰਬੀ-ਚੌੜੀ ਸੋਚ ਦੇ ਬਿੱਕਰ ਸਿੰਘ ਨੇ ਜ਼ਮੀਨ ਦੇ ਨੰਬਰ ਦੇ ਕੇ ਬੈਂਕ ਤੋਂ ਵੱਡੀ ਰਕਮ ਚੁੱਕ ਲਈ। ਜੱਟ ਦੇ ਪੰਦਰਾਂ ਕਿੱਲੇ ਹੋਣ ਤੇ ਉਹ ਧੀ ਦਾ ਵਿਆਹ ਸਾਦਾ ਜਿਹਾ ਕਰ ਦੇਵੇ...ਇਹ ਕਿਵੇਂ ਹੋ ਸਕਦਾ ਸੀ! ਲੋਕ ਕੀ ਕਹਿਣਗੇ। ਜੱਟ ਨੇ ਧੀ ਦੇ ਵਿਆਹ 'ਤੇ ਝੱਗਾ ਚੁੱਕ ਦਿੱਤਾ...ਖਾਲੀ ਤੋਰ ਦਿੱਤੀ ਕੁੜੀ!

ਗਹਿਣਿਆਂ ਨਾਲ ਲੱਦੀ ਹਰਪਾਲ ਆਪਣੇ ਪਿਤਾ ਵਲੋਂ ਦਿੱਤੀ ਅਉਡੀ ਕਾਰ ਵਿਚ ਬਹਿ ਕੇ ਸਹੁਰੇ ਚਲੀ ਗਈ।

ਬਿੱਕਰ ਸਿੰਘ ਨੇ ਵਿਆਹ 'ਤੇ ਮਣਾਂ-ਮੂੰਹ ਖਰਚ ਕਰ ਕੇ ਸ਼ਰੀਕੇ ਵਿਚ ਆਪਣਾ ਨੱਕ ਤਾਂ ਬਚਾ ਲਿਆ ਪਰ ਕਰਜ਼ੇ ਹੇਠ ਆ ਗਿਆ। ਨਰਮੇ ਨੂੰ ਪਈ ਸੁੰਡੀ ਨੇ ਤਾਂ ਉਸ ਸਾਲ ਕਿਸਾਨਾਂ ਦਾ ਉਹ ਬੁਰਾ ਹਾਲ ਕੀਤਾ ਕਿ ਰਹੇ ਰੱਬ ਦਾ ਨਾਂ। ਨਕਲੀ ਦਵਾਈਆਂ ਨੇ ਹਰ ਕਿਸਾਨ ਦਾ ਲੱਕ ਤੋੜ ਕੇ ਰੱਖ ਦਿੱਤਾ। ਇਕ ਵਾਰ ਜ਼ਿਮੀਂਦਾਰ ਕਰਜ਼ੇ ਦੀ ਮਾਰ ਹੇਠ ਆ ਜਾਵੇ ਤਾਂ ਛੇਤੀ ਠੀਕ ਹੋਣਾ ਮੁਸ਼ਕਿਲ ਹੋ ਜਾਂਦੈ।

ਪਰ ਬਿੱਕਰ ਸਿੰਘ ਦਾ ਪਰਿਵਾਰ ਇਸ ਗੱਲੋਂ ਖੁਸ਼ ਸੀ ਕਿ ਕਰਤਾਰ ਕੌਰ ਦੇ ਜਿਊਂਦੇ ਜੀਅ ਧੀ ਦਾ ਭਾਰ ਸਿਰੋਂ ਲਹਿ ਗਿਆ ਹੈ। ਬਿੱਕਰ ਸਿੰਘ ਦੇ ਪੁੱਤਰ ਜਿੰਦਰ ਤੇ ਉਸਦੀ ਵਹੁਟੀ ਗੁਰਮੇਲ ਨੂੰ ਤਾਂ ਆਪਣੀ ਮਾਂ ਕਰਤਾਰ ਕੌਰ ਦੀ ਸਿਹਤ ਨਾਲੋਂ ਹਰਪਾਲ ਦੇ ਵਿਆਹ ਦੀ ਚਿੰਤਾ ਜ਼ਿਆਦਾ ਸੀ ਕਿ ਪਤਾ ਨਈਂ ਕਿੰਨਾ ਕੁ ਪੈਸਾ ਉਸ ਦੇ ਵਿਆਹ 'ਤੇ ਫੂਕਣਾ ਪੈਣਾ ਹੈ। ਪੈਸਾ ਭਾਵੇਂ ਬਹੁਤ ਲੱਗ ਗਿਆ ਪਰ ਤਸੱਲੀ ਸੀ ਕਿ ਉਨ੍ਹਾਂ ਦੇ ਸਿਰੋਂ ਭਾਰ ਲਹਿ ਗਿਆ। ਗੁਰਮੇਲ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਕੈਨੇਡਾ ਜਾ ਕੇ ਉਸ ਦੀ ਨਨਾਣ ਉਸ ਨੂੰ ਸੂਟ ਤੇ ਹੋਰ ਨਿੱਕ-ਸੁੱਕ ਭੇਜਦੀ ਰਹੇਗੀ ਅਤੇ ਉਹ ਵੀ ਸੱਜ-ਧੱਜ ਕੇ ਰਿਹਾ ਕਰੇਗੀ। ਉਸ ਦੇ ਨਿਆਣੇ ਵੀ ਭੂਆ ਦੇ ਭੇਜੇ ਕੱਪੜੇ ਪਾ ਕੇ ਬਾਹਰ ਨਿਕਲਿਆ ਕਰਨਗੇ। ਸਭ ਤੋਂ ਵੱਧ ਖੁਸ਼ੀ ਇਸ ਗੱਲ ਦੀ ਸੀ ਕਿ ਜੇਕਰ ਹਰਪਾਲ ਦਾ ਵਿਆਹ ਇਥੇ ਪੰਜਾਬ ਵਿਚ ਹੁੰਦਾ ਤਾਂ ਸਾਰੀ ਉਮਰ ਉਸ ਨੂੰ ਦੇਣਾ ਪੈਣਾ ਸੀ। ਹੁਣ ਇਕ ਵਾਰ ਖਰਚ ਹੋ ਗਿਆ ਤੇ ਬਾਕੀ ਉਮਰ ਮੌਜਾਂ ਹੀ ਮੌਜਾਂ।

ਅੱਠ-ਦਸ ਮਹੀਨਿਆਂ ਵਿਚ ਹਰਪਾਲ ਦਾ ਕੰਮ ਬਣ ਗਿਆ ਤੇ ਉਹ ਕੈਨੇਡਾ ਚਲੀ ਗਈ। ਭਾਵੇਂ ਹਰਪਾਲ ਨੂੰ ਪਤਾ ਸੀ ਕਿ ਮਾਂ ਨੇ ਹੁਣ ਬਹੁਤੀ ਦੇਰ ਨਹੀਂ ਰਹਿਣਾ, ਫਿਰ ਵੀ ਮਾਂ ਦੇ ਗਲ ਲੱਗ ਕੇ ਕਹਿਣ ਲੱਗੀ, 'ਮਾਂ, ਤੂੰ ਠੀਕ ਹੋ ਜਾਣਾ ਹੈ। ਮੈਂ ਛੇਤੀ ਹੀ ਮਿਲਣ ਆਵਾਂਗੀ। ਮੇਰੀ ਫਿਕਰ ਨਾ ਕਰੀਂ।'

ਕਰਤਾਰ ਕੌਰ ਨੂੰ ਪਤਾ ਸੀ ਕਿ ਇਹ ਉਸਦੀ ਆਖਰੀ ਮਿਲਣੀ ਹੈ ਪਰ ਫਿਰ ਵੀ ਉਸ ਨੇ ਧੀ ਦਾ ਮੱਥਾ ਚੁੰਮਦੇ ਆਖ ਹੀ ਦਿੱਤਾ, 'ਪੁੱਤ ਸਿਆਣੇ ਬਣ ਕੇ ਰਹੀਦੈ ਬਿਗਾਨੇ ਘਰ। ਮੇਰੀ ਫਿਕਰ ਨਾ ਕਰੀਂ, ਰੱਬ 'ਤੇ ਭਰੋਸਾ ਰੱਖ, ਮੈਂ ਠੀਕ ਹੋ ਜਾਵਾਂਗੀ। ਤੂੰ ਚਿੱਠੀ ਛੇਤੀ-ਛੇਤੀ ਪਾਉਂਦੀ ਰਹੀਂ।'

ਇਹ ਆਖ ਕਰਤਾਰ ਕੌਰ ਦਾ ਮਨ ਭਰ ਆਇਆ ਪਰ ਉਸ ਨੇ ਆਪਣੇ ਹੰਝੂ ਅੰਦਰ ਹੀ ਪੀ ਲਏ ਤੇ ਜਿਹੜੇ ਛੁਪਾਏ ਨਾ ਗਏ ਉਹ ਚੁੰਨੀ ਦੇ ਲੜ ਨਾਲ ਪੂੰਝ ਲਏ। ਆਪਣੇ ਬਾਪੂ ਦੇ ਗਲ ਲੱਗ ਰੋਂਦੀ ਰੋਂਦੀਂ ਨੇ ਆਖ ਹੀ ਦਿੱਤਾ, 'ਬਾਪੂ ਮੈਨੂੰ ਪਤਾ ਹੈ ਘਰ ਦੀ ਹਾਲਤ ਦਾ। ਮੇਰੇ ਵਿਆਹ 'ਤੇ ਬਹੁਤ ਖਰਚ ਹੋ ਗਿਐ ਪਰ ਫਿਰ ਵੀ ਮਾਂ ਦੀ ਦਵਾ-ਦਾਰੂ ਵਿਚ ਫਰਕ ਨਾ ਆਉਣ ਦੇਵੀਂ।' ਤੇ ਫਿਰ ਉਹ ਆਪਣੀ ਭਾਬੀ ਦੇ ਗਲ ਲੱਗ ਕੇ ਏਨਾ ਰੋਈ ਕਿ ਆਪਣੇ ਅੰਦਰ ਸਾਂਭਿਆ ਸਾਰਾ ਕੁਝ ਹੂੰਝਆਂ ਰਾਹੀਂ ਬਾਹਰ ਕੱਢ ਦਿੱਤਾ।

ਜਿੰਦਰ ਆਪਣੀ ਭੈਣ ਨੂੰ ਦਿੱਲੀ ਤਕ ਛੱਡਣ ਆਇਆ। ਬਿੱਕਰ ਸਿਉਂ ਨੂੰ ਭਾਵੇਂ ਧੀ ਦੇ ਕੈਨੇਡਾ ਜਾਣ ਦਾ ਚਾਅ ਸੀ ਪਰ ਸੀ ਤਾਂ ਉਸ ਦੇ ਦਿਲ ਦਾ ਟੋਟਾ। ਉਸ ਦੇ ਅੰਦਰ ਇਕ ਧੂਹ ਜੇਹੀ ਪਈ। ਉਹ ਕਰਤਾਰ ਕੌਰ ਨੂੰ ਹੌਸਲਾ ਦਿੰਦਾ ਕਿ ਵੇਖ ਆਪਣੀ ਹਰਪਾਲ ਕੈਨੇਡਾ ਜਾ ਕੇ ਮੌਜਾਂ ਕਰੂ। ਜਿਹਦੀ ਧੀ ਸੁਖੀ ਉਸ ਦੀ ਕੁਲ ਸੁਖੀ। ਤੇ ਅੱਗੋਂ ਕਰਤਾਰ ਕੌਰ ਆਖਦੀ, 'ਉਹ ਤਾਂ ਠੀਕ ਹੈ ਪਰ ਉਹਦੇ ਬਿਨਾਂ ਤਾਂ ਜਾਣੀਂ ਘਰ ਹੀ ਸੁੰਨਾ ਹੋ ਗਿਆ। ਉਹ ਜਾਣੇ ਆਖਿਰ ਨੂੰ ਉਸ ਨੇ ਆਪਣੇ ਘਰ ਜਾਣਾ ਹੀ ਸੀ। ਰੱਬ ਰਾਜ਼ੀ ਰੱਖੇ ਉਸ ਨੂੰ ਅਤੇ ਉਸ ਦੇ ਸਿਰ ਦੇ ਸਾਈਂ ਨੂੰ।' ਤੇ ਫਿਰ ਆਪਣੀ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਣ ਲੱਗ ਪੈਂਦੀ। ਹਰਪਾਲ ਦੇ ਕੈਨੇਡਾ ਜਾਣ ਤੋਂ ਦੋ ਮਹੀਨੇ ਬਾਅਦ ਕਰਤਾਰ ਕੌਰ ਰੱਬ ਨੂੰ ਪਿਆਰੀ ਹੋ ਗਈ।

ਬਿੱਕਰ ਸਿੰਘ ਤੋਂ ਹੁਣ ਖੇਤੀਬਾੜੀ ਦਾ ਕੰਮ ਵੀ ਘੱਟ ਹੀ ਹੁੰਦਾ ਸੀ। ਉਹ ਮਾੜਾ ਮੋਟਾ ਖੇਤ ਗੇੜਾ ਮਾਰ ਆਉਂਦਾ ਜਾਂ ਜਵਾਕਾਂ ਨੂੰ ਖਿਡਾ ਛੱਡਦਾ। ਜੇਕਰ ਬਾਹਰ ਬੋਹੜ ਦੇ ਥੱਲੇ ਬੈਠੇ ਆਪਣੇ ਸਾਥੀਆਂ ਕੋਲ ਜਾ ਬੈਠਦਾ ਤਾਂ ਨੂੰਹ ਬੁੜ-ਬੁੜ ਕਰਦੀ ਕਿ ਸਾਡਾ ਬੁੜ੍ਹਾ ਤਾਂ ਵਿਹਲੀਆਂ ਖਾਂਦੈ। ਲੋਕਾਂ ਦੇ ਬੁੜੇ ਬਥੇਰਾ ਕੰਮ ਕਰਦੇ ਨੇ, ਪਰ ਸਾਡਾ ਤਾਂ ਡੱਕਾ ਦੂਹਰਾ ਨੀ ਕਰਦਾ। ਅਖੇ ਗੋਡੇ ਦੁੱਖਦੇ ਆ! ਗੋਡੇ ਤਾਂ ਅੱਜ-ਕਲ੍ਹ ਸਾਰਿਆਂ ਦੇ ਹੀ ਦੁਖਦੇ ਆ!

ਖਾ-ਪੀ ਲਿਆ, ਏਥੇ ਬਹਿ ਲਿਆ, ਉਥੇ ਬਹਿ ਲਿਆ। ਏਹਨੂੰ ਭੋਰਾ ਸੰਗ ਨੀਂ ਆਉਂਦੀ ਬਈ ਦੋਨੇਂ ਜੀਅ ਟੁੱਟ-ਟੁੱਟ ਮਰਦੇ ਆ। ਇਹ ਤਾਂ ਆਪਣੇ ਢਿੱਡ ਦਾ ਹੀ ਪਿਆਰਾ ਹੈ। ਖਾਣ-ਪੀਣ ਨੂੰ ਚੰਗਾ ਭਾਲਦੈ। ਦਾਲ 'ਚ ਦੋਨੋਂ ਵੇਲੇ ਘਿਉ ਭਾਲਦੈ।

ਬਿੱਕਰ ਸਿਉਂ ਸਭ ਕੁਝ ਸੁਣੀ ਜਾਂਦਾ। ਕੰਨਾਂ 'ਚ ਕੌੜਾ ਤੇਲ ਪਾ ਫਿਰਦਾ ਰਹਿੰਦਾ। ਉਸਦੀ ਨੂੰਹ ਗੁਰਮੇਲ ਕਿਹੜਾ ਲਕੋ-ਛੁਪਾ ਕੇ ਆਖਦੀ ਸੀ, ਆਂਢਣਾਂ-ਗਵਾਂਢਣਾਂ ਨਾਲ ਗੱਲ ਏਨੀ ਉਚੀ ਕਰਦੀ ਕਿ ਬਿੱਕਰ ਸਿਉਂ ਨੂੰ ਸੁਣ ਜਾਵੇ।

ਇਕ ਦਿਨ ਜਿੰਦਰ ਰਾਤ ਨੂੰ ਸੌਣ ਤੋਂ ਪਹਿਲਾਂ ਆਪਣੇ ਬਾਪੂ ਦੇ ਕੋਲ ਜਾ ਬੈਠਾ, 'ਬਾਪੂ ਏਥੇ ਵੀ ਤਾਂ ਤੂੰ ਵਿਹਲਾ ਰਹਿਨੈਂ, ਮੈਂ ਤੇ ਗੁਰਮੇਲ ਨੇ ਸੋਚਿਆ ਕਿ ਕਿਉਂ ਨਾ ਬਾਪੂ ਨੂੰ ਕੈਨੇਡਾ ਭੇਜ ਦੇਈਏ। ਸਾਫ- ਸੁਥਰੇ ਦੇਸ਼ 'ਚ ਮੌਜਾਂ ਕਰੂ। ਏਥੇ ਕੀ ਪਿਆ ਹੁਣ। ਨਾਲੇ ਕਹਿੰਦੇ ਆ ਉਥੇ ਬੁੜ੍ਹਿਆਂ ਨੂੰ ਪੈਨਸ਼ਨ ਲੱਗ ਜਾਂਦੀ ਆ।

ਬਿੱਕਰ ਸਿੰਘ ਮੰਜੇ 'ਤੇ ਚੌਕੜੀ ਮਾਰ ਕੇ ਬੈਠ ਗਿਆ ਤਾਂ ਜੋ ਪੁੱਤ ਦੀ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੇ। ਉਸਨੇ ਗੱਲ ਤਾਂ ਭਾਵੇਂ ਸਾਰੀ ਸਮਝ ਲਈ ਸੀ ਪਰ ਫਿਰ ਵੀ ਆਪਣੇ ਆਪ ਨੂੰ ਹੌਸਲਾ ਜਿਹਾ ਦੇਣ ਲਈ ਕਹਿਣ ਲੱਗਾ, 'ਪੁੱਤ ਜਿੰਦਰ, ਗੱਲ ਤਾਂ ਤੇਰੀ ਠੀਕ ਆ, ਪਰ ਤੈਨੂੰ ਛੱਡ ਕੇ ਜਾਣ ਨੂੰ ਜੀਅ ਜਿਹਾ ਨੀਂ ਕਰਦਾ। ਭਾਵੇਂ ਹੁਣ ਮੈਥੋਂ ਕੰਮ ਤਾਂ ਬਹੁਤਾ ਨਹੀਂ ਹੁੰਦਾ ਪਰ ਫਿਰ ਵੀ ਸ਼ਰੀਕਾਂ ਨੂੰ ਹੈ ਬਈ ਇਹਦਾ ਪਿਉ ਵੀ ਹੈਗਾ, ਕੋਈ ਤੇਰੇ ਵੱਲ ਝਾਕਦਾ ਨੀਂ।'

'ਉਹ ਤਾਂ ਠੀਕ ਆ ਬਾਪੂ...ਤੇਰੇ ਨਾਲ ਹੀ ਸਾਡੀ ਇੱਜ਼ਤ ਆ ਪਰ...ਪਰ...ਦੇਖ ਨਾ ਕਹਿੰਦੇ ਆ, ਉਥੇ ਬੁੜੇ-ਬੁੜੀਆਂ ਵੀ ਬਥੇਰੇ ਕਮਾ ਲੈਂਦੇ ਆ। ਉਥੇ ਤਾਂ ਮਸ਼ੀਨਾਂ ਨਾਲ ਕੰਮ ਹੁੰਦੇ ਆ ਤੇ ਨਾਲੇ ਥੋੜੇ ਸਾਲਾਂ ਬਾਅਦ ਪੈਨਸ਼ਨ।' ਇਹ ਕਹਿ ਕੇ ਉਹ ਬਿਜਲੀ ਦੇ ਬੱਲਬ ਦੀ ਡਿੰਮ ਜੇਹੀ ਲੋਅ 'ਚ ਬਾਪੂ ਦਾ ਚਿਹਰਾ ਪੜ੍ਹਨ ਲੱਗਾ।

ਬਿੱਕਰ ਸਿਉਂ ਨੇ ਨਾ ਹਾਂ ਕਹੀ ਤੇ ਨਾ ਨਾਂਹ। ਆਪਣੀ ਬਾਂਹ ਸਿਰ ਥੱਲੇ ਦੇ ਕੇ ਸਿੱਧਾ ਹੋ ਕੇ ਲੇਟ ਗਿਆ।

ਕੁਝ ਦੇਰ ਹੋਰ ਬਾਪੂ ਦੇ ਮੰਜੇ ਦੀ ਬਾਹੀ 1ਤੇ ਬਹਿ ਕੇ ਤੇ ਬਾਪੂ ਦੀ ਚੁੱਪ ਨੂੰ ਭਾਂਪਦਿਆਂ, ਜਿੰਦਰ ਨੇ ਉਠਣਾ ਹੀ ਠੀਕ ਸਮਝਿਆ। ਉਹ ਸਮਝ ਤਾਂ ਗਿਆ ਕਿ ਬਾਪੂ ਜਾਣਾ ਨਹੀਂ ਚਾਹੁੰਦਾ। ਉਸ ਨੇ ਇਸ ਸਮੇਂ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਤੇ ਬਾਪੂ ਦੇ ਕਮਰੇ 'ਚੋਂ ਬਾਹਰ ਨਿਕਲ ਗਿਆ।

ਉਸ ਰਾਤ ਬਿੱਕਰ ਸਿੰਘ ਨੂੰ ਨੀਂਦ ਨਾ ਆਈ। ਕਦੇ ਮਨ ਹੀ ਮਨ ਕਰਤਾਰ ਕੌਰ ਨਾਲ ਗੱਲਾਂ ਕਰਦਾ, ਕਦੇ ਆਪਣੇ ਆਪ ਨਾਲ। ਕਦੇ ਜਿੰਦਰ ਨੂੰ ਆਪਣੇ ਮਨ ਵਿਚ ਹੀ ਕਹਿੰਦਾ ਕਿ ਪੁੱਤਰਾ ਤੂੰ ਇਹ ਕੀ ਕਹਿ ਤਾ। ਕਿਉਂ ਮੈਂ ਤੇਰੇ 'ਤੇ ਬੋਝ ਬਣ ਗਿਆ? ਕਈ ਵਾਰੀ ਉਸ ਦੀਆਂ ਅੱਖਾਂ ਭਰੀਆਂ ਪਰ ਆਪਣੇ ਹੰਝੂ ਕਿਸ ਨੂੰ ਦਿਖਾਉਂਦਾ! ਕੋਈ ਵੀ ਤਾਂ ਨਹੀਂ ਸੀ ਉਸ ਦੇ ਦਿਲ ਦੀ ਸੁਣਨ ਵਾਲਾ।

ਗੁਰਦੁਆਰੇ ਬਾਬੇ ਦੇ ਬੋਲਣ ਨਾਲ ਹੀ ਬਿੱਕਰ ਸਿੰਘ ਉਠ ਕੇ ਬੈਠ ਗਿਆ। ਅੱਜ ਪਾਠ ਵਿਚ ਵੀ ਮਨ ਨਹੀਂ ਸੀ ਲੱਗਦਾ। ਬਿਨਾਂ ਚਾਹ ਪੀਤੇ ਖੇਤ ਨੂੰ ਤੁਰ ਪਿਆ। ਉਸ ਦਾ ਜੀਅ ਕੀਤਾ ਕਿ ਆਪਣੇ ਖੇਤ ਨਾਲ ਰੱਜ ਕੇ ਗੱਲਾਂ ਕਰੇ। ਦੱਸੇ ਕਿ ਹੁਣ ਤੇਰੇ ਤੋਂ ਵਿੱਛੜਨ ਦਾ ਸਮਾਂ ਆ ਗਿਆ ਹੈ।



ਬੀਤਿਆ ਸਮਾਂ ਫਿਲਮ ਵਾਂਗ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ। ਕਿਵੇਂ ਉਸ ਨੇ ਤੇ ਉਸ ਦੇ ਬਾਪੂ ਨੇ ਮਿੱਟੀ ਨਾਲ ਮਿੱਟੀ ਹੋ ਕੇ ਥੋੜੀ ਥੋੜੀ ਕਰ ਕੇ ਜ਼ਮੀਨ ਬਣਾਈ ਸੀ...ਕਿਵੇਂ ਪਿੰਡ 'ਚ ਮਾੜਾ ਮੋਟਾ ਰੋਹਬ ਬਣਇਆ ਸੀ ਤੇ ਫਿਰ ਕਰਤਾਰ ਕੁਰ ਖੇਤ ਰੋਟੀਆਂ ਢੋਂਹਦੀ, ਪਸ਼ੂ ਸਾਂਭਦੀ, ਜੈਲੇ ਸੀਰੀ ਦੀ ਬਹੂ ਬਚਨੋ ਨੂੰ ਗੋਹੇ ਕੂੜੇ ਦੀਆਂ ਟੋਕਰੀਆਂ ਭਰ ਭਰ ਕੇ ਚੁਕਾਉਂਦੀ ਤੇ ਕਿਵੇਂ ਉਹ ਜੈਲੇ ਸੀਰੀ ਨੂੰ ਕੰਮ ਘੱਟ ਕਰਨ 'ਤੇ ਗਾਲ੍ਹਾਂ ਕੱਢਦਾ ਤੇ ਕਿਵੇਂ ਉਹ ਬੁੜ-ਬੁੜ ਕਰਦਾ ਕਿ ਜੈਲਾ ਆਪਣੇ ਮੁੰਡੇ ਨੂੰ ਆਪਣੇ ਨਾਲ ਕੰਮ 'ਤੇ ਕਿਉਂ ਨਹੀਂ ਲਿਆਉਂਦਾ। ਉਹ ਤੇ ਉਸ ਦੇ ਪੁਰਖੇ ਕਿੰਨੀਆਂ ਪੀੜੀਆਂ ਤੋਂ ਸਾਡੇ ਨਾਲ ਸੀਰ ਕਰਦੇ ਰਹੇ ਸਨ। ਉਸਦੀ ਧਾਹ ਨਿਕਲ ਗਈ, ਆਪਣੇ ਸੀਰੀ ਜੈਲੇ ਨੂੰ ਯਾਦ ਕਰ ਕੇ ਕਿ ਕਿਵੇਂ ਉਸਨੇ ਇਸ ਖੇਤ ਖਾਤਿਰ ਆਪਣੀ ਜਾਨ ਗਵਾ ਲਈ ਸੀ। ਬਿੱਕਰ ਸਿੰਘ ਬਿਲਕੁਲ ਉਸੇ ਥਾਂ 'ਤੇ ਹੀ ਬੈਠਾ ਸੀ, ਜਿੱਥੇ ਉਸਦੇ ਸੀਰੀ ਜੈਲੇ ਨੇ ਦਮ ਤੋੜਿਆ ਸੀ। ਨਾਲ ਦੇ ਖੇਤ ਵਾਲਿਆਂ ਦੇ ਸੀਰੀ ਨੇ ਰੌਲਾ ਪਾਇਆ ਕਿ ਜੈਲੇ ਦਾ ਸਿਰ ਪਾਟ ਗਿਆ ਹੈ। ਜੈਲਾ ਡਿੱਗਿਆ ਪਿਆ ਹੈ। ਬਿੱਕਰ ਸਿੰਘ ਸੁੱਤਾ ਪਿਆ ਸੀ। ਪਿੰਡ 'ਚ ਪੈਂਦਾ ਰੌਲਾ ਸੁਣ ਅੱਭੜ-ਵਾਹੇ ਉਠਿਆ ਤੇ ਖੇਤ ਵੱਲ ਨੂੰ ਭੱਜ ਤੁਰਿਆ ਪਰ ਉਸਦੇ ਉਥੇ ਪੁੱਜਣ ਤੋਂ ਪਹਿਲਾਂ ਹੀ ਜੈਲਾ ਦਮ ਤੋੜ ਗਿਆ ਸੀ।

ਬਿੱਕਰ ਸਿੰਘ ਦਾ ਨਾਲ ਦੇ ਖੇਤ ਵਾਲਿਆਂ ਨਾਲ ਵੱਟ ਦਾ ਰੌਲਾ ਸੀ। ਬਿੱਕਰ ਸਿਉਂ ਨੇ ਆਈ ਬਿਜਲੀ ਦਾ ਫਾਇਦਾ ਲੈਣ ਲਈ ਜੈਲੇ ਨੂੰ ਇਕੱਲੇ ਨੂੰ ਹੀ ਮੋਟਰ ਚਲਾ ਕੇ ਪਾਣੀ ਲਾਉਣ ਭੇਜ ਦਿੱਤਾ।

ਜਦੋਂ ਜੈਲੇ ਨੇ ਰੌਲੇ ਵਾਲੇ ਖੇਤ ਦੀ ਵੱਟ 'ਤੇ ਪੈਰ ਧਰਿਆ ਤਾਂ ਨਾਲ ਦੇ ਖੇਤ ਵਿਚ ਕੰਮ ਕਰਦੇ ਕੇਹਰੂ ਨੇ ਜੈਲੇ ਨੂੰ ਦੋ-ਤਿੰਨ ਗਾਲ੍ਹਾਂ ਕੱਢ ਕੇ ਪੁੱਠੀ ਕਹੀ ਉਸ ਦੇ ਸਿਰ 'ਚ ਆ ਮਾਰੀ। ਜੈਲਾ ਥਾਈਂ ਡਿੱਗ ਪਿਆ।

ਬਿੱਕਰ ਸਿਉਂ ਵੱਟ ਤੇ ਖਾਲ 'ਚ ਲੱਤਾਂ ਲਮਕਾਅ ਕੇ ਬੈਠ ਗਿਆ ਤੇ ਫਿਰ ਨਿਸਰ ਰਹੀ ਕਣਕ ਨੂੰ ਸੰਬੋਧਨ ਕਰ ਕੇ ਕਹਿਣ ਲੱਗਾ, 'ਜਦੋਂ ਜੈਲਾ ਮਰਿਆ ਸੀ, ਤੂੰ ਏਸੇ ਤਰ੍ਹਾਂ ਨਿਸਰ ਰਹੀ ਸੀ।' ਉਸਦੀ ਭੁੱਬ ਨਿਕਲ ਗਈ।

ਗਿੱਲੀਆਂ ਅੱਖਾਂ ਨੂੰ ਪਰਨੇ ਨਾਲ ਪੂੰਝਦਿਆਂ ਉਸ ਦਾ ਚਿੱਤ ਕੀਤਾ ਕਿ ਉਹ ਜੈਲੈ ਨੂੰ ਉਚੀ ਆਵਾਜ਼ ਮਾਰੇ ਤੇ ਜੈਲਾ ਕਿਧਰੋਂ ਭੱਜ ਕੇ ਆ ਜਾਵੇ।

ਬਿੱਕਰ ਸਿੰਘ ਨੇ ਆਪਣਾ ਫਰਜ਼ ਸਮਝਦਿਆਂ ਜੈਲੇ ਦਾ ਸੰਸਕਾਰ ਕੀਤਾ। ਮਕਾਣਾਂ ਤੇ ਭੋਗ 'ਤੇ ਵੀ ਪੱਲਿਓਂ ਖਰਚ ਕੀਤਾ।

ਪਿੰਡ ਦੇ ਲੋਕਾਂ ਨੇ ਵਿਚ ਪੈ ਕੇ ਰਾਜ਼ੀ-ਨਾਮਾ ਕਰਵਾ ਦਿੱਤਾ। ਬਚਨੋ ਵਿਚਾਰੀ ਥੋੜ੍ਹੇ ਜਿਹੇ ਪੈਸੇ ਲੈ ਕੇ ਚੁੱਪ ਕਰ ਗਈ।

ਸ਼ਿੰਦਾ ਉਦੋਂ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਜੈਲੇ ਦੀ ਮੌਤ ਤੋਂ ਬਾਅਦ ਬਿੱਕਰ ਸਿੰਘ ਨੇ ਉਸ ਦੇ ਪੁੱਤਰ ਸ਼ਿੰਦੇ ਨੂੰ ਬਥੇਰਾ ਕਿਹਾ ਕਿ ਉਹ ਪੜ੍ਹਾਈ ਛੱਡ ਕੇ ਉਸ ਨਾਲ ਸੀਰੀ ਆ ਰਲੇ। ਘਰ ਵਰਗੀ ਗੱਲ ਹੈ। ਉਸਦੀ ਮਾਂ ਵੀ ਤਾਂ ਉਨ੍ਹਾਂ ਦੇ ਘਰ ਹੀ ਗੋਹਾ-ਕੂੜਾ ਕਰਦੀ ਹੈ। ਪਰ ਸ਼ਿੰਦਾ ਆਪਣੇ ਬਾਪੂ ਤੇ ਦਾਦੇ ਵਾਂਗ ਸੀਰੀ ਨਹੀਂ ਸੀ ਰਲਣਾ ਚਾਹੁੰਦਾ। ਉਹ ਕੁਝ ਹੋਰ ਬਣਨਾ ਚਾਹੁੰਦਾ ਸੀ। ਉਸ ਦੀ ਇਹ ਜ਼ਿੱਦ ਦੇਖ ਕੇ ਬਿੱਕਰ ਸਿਉਂ ਨੇ ਕਈ ਵਾਰ ਬਚਨੋ ਨੂੰ ਕਿਹਾ ਸੀ ਕਿ ਮੁੰਡੇ ਨੂੰ ਸਮਝਾਵੇ। ਉਹਨੇ ਕਿਹੜਾ ਡੀਸੀ ਲੱਗਣਾ ਹੈ, ਆਖਿਰ ਜੱਟਾਂ ਦੇ ਘਰੀਂ ਕੰਮ ਹੀ ਕਰਨਾ ਹੈ। ਇਕ ਵਾਰ ਬਿੱਕਰ ਸਿੰਘ ਨੇ ਬਚਨੋ ਦੇ ਸਾਹਮਣੇ ਹੀ ਸ਼ਿੰਦੇ ਦੇ ਦੋ ਚਾਰ ਚਪੇੜਾਂ ਵੀ ਜੜ ਦਿੱਤੀਆਂ ਅਤੇ ਗੰਦੀਆਂ ਗਾਲ੍ਹਾਂ ਨਾਲ ਹਵਾ ਵੀ ਗੰਦੀ ਕਰ ਦਿੱਤੀ।

ਬਚਨੋ ਇਸ ਰੋਜ਼-ਰੋਜ਼ ਦੇ ਕਲੇਸ਼ ਤੋਂ ਤੰਗ ਆ ਗਈ ਤੇ ਇਕ ਦਿਨ ਉਸ ਨੇ ਬਿੱਕਰ ਸਿੰਘ ਦੇ ਮੂਹਰੇ ਹੱਥ ਬੰਨ੍ਹ ਕੇ ਕਿਹਾ, 'ਸਰਦਾਰਾ! ਰੱਬ ਦੇ ਵਾਸਤੇ ਮੇਰੇ ਪੁੱਤ ਨੂੰ ਪੜ੍ਹਾਈ ਛੱਡਣ ਲਈ ਮਜਬੂਰ ਨਾ ਕਰ।'

ਬਿੱਕਰ ਸਿੰਘ ਨੇ ਸ਼ਿੰਦੇ ਨੂੰ ਬਾਹੋਂ ਫੜ ਕੇ ਝੰਜੋੜ ਕੇ ਕਿਹਾ, 'ਇਸ ਨੇ ਡੀ.ਸੀ. ਬਣਨਾ ਹੈ ਝੜੰਮੇ?'

ਬਚਨੋ ਨੇ ਬਿੱਕਰ ਸਿੰਘ ਦੇ ਪੈਰ ਫੜ ਲਏ ਤੇ ਆਖਣ ਲੱਗੀ, 'ਸਰਦਾਰਾ! ਕੀ ਪਤਾ ਮੇਰਾ ਪੁੱਤ ਡੀ.ਸੀ. ਹੀ ਬਣ ਜਾਵੇ। ਰੱਬ ਦੇ ਵਾਸਤੇ ਇਹ ਪਾਪ ਨਾ ਕਮਾ। ਇਹਦਾ ਪਿਉ ਤਾਂ ਠੰਢ 'ਚ ਤੁਹਾਡੇ ਨੱਕੇ ਮੋੜਦਾ ਤੁਹਾਡੇ ਸ਼ਰੀਕਾਂ ਨੇ ਮਾਰ ਦਿੱਤਾ ਪਰ ਏਹਨੂੰ ਬਖਸ਼ ਦੇਵੋ। ਮੈਥੋਂ ਕਰਵਾ ਲਵੋ ਜਿਹੜਾ ਕੁਝ ਕਰਵਾਉਣਾ ਹੈ।'

ਬਿੱਕਰ ਸਿੰਘ ਨੇ ਬਚਨੀ 'ਤੇ ਗਾਲ੍ਹਾਂ ਦੀ ਝੜੀ ਬਰਸਾ ਦਿੱਤੀ। ਅਖੇ ਝੜੰਮ ਕਿਵੇਂ ਮਸਤੀ ਫਿਰਦੀ ਹੈ। ਖਾਂਦੀ-ਫਿਰਦੀ ਆਫਰ ਗਈ ਹੈ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ!

ਸ਼ਿੰਦੇ ਦਾ ਜੀਅ ਕੀਤਾ ਕਿ ਬਿੱਕਰ ਸਿਉਂ ਨੂੰ ਫੜ ਲਵੇ, ਮਾਂ ਦੀ ਬੇਇਜ਼ਤੀ ਦਾ ਬਦਲਾ ਲੈ ਲਵੇ। ਪਰ ਬਚਨੋ ਦੀਆਂ ਅੱਖਾਂ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

ਬਚਨੋ ਦੀ ਚੁੱਪ ਕਹਿ ਰਹੀ ਸੀ, 'ਪੁੱਤ, ਇਸ ਜ਼ਾਲਮ ਦੇ ਮੂਹਰੇ ਨਾ ਬੋਲ। ਮੈਂ ਤੇਰੀ ਪੜ੍ਹਾਈ ਨਹੀਂ ਟੁੱਟਣ ਦਿੰਦੀ। ਥੋੜ੍ਹਾ ਸਬਰ ਹੋਰ ਕਰ ਮੇਰੇ ਪੁੱਤ!'

ਸ਼ਿੰਦਾ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਬੇਸ਼ੱਕ ਉਸਨੂੰ ਜੱਟਾਂ ਦੇ ਮੁੰਡਿਆਂ ਤੋਂ ਦੂਰ ਹੋ ਕੇ ਬੈਠਣਾ ਪੈਂਦਾ ਸੀ ਪਰ ਉਹ ਇਸ ਗੱਲ ਦੀ ਬਿਨਾ ਪ੍ਰਵਾਹ ਕੀਤੇ ਆਪਣੀ ਪੜ੍ਹਾਈ ਵਿਚ ਜੁਟਿਆ ਰਹਿੰਦਾ।

ਇਸ ਦਿਨ ਤੋਂ ਬਾਅਦ ਬਚਨੋ ਨੇ ਮਨ ਬਣਾ ਲਿਆ ਕਿ ਉਹ ਆਪਣੇ ਪੁੱਤ ਨੂੰ ਲੈ ਕੇ ਲੁਧਿਆਣੇ ਚਲੀ ਜਾਵੇਗੀ। ਉਥੇ ਉਸ ਦੀ ਭੈਣ ਵੀ ਤਾਂ ਮਿਹਨਤ-ਮਜ਼ਦੂਰੀ ਕਰ ਕੇ ਆਪਣਾ ਪੇਟ ਪਾਲ ਰਹੀ ਹੈ। ਉਹ ਵੀ ਲੋਕਾਂ ਦੇ ਭਾਂਡੇ ਮਾਂਜ-ਮਾਂਜ ਆਪਣੇ ਹੋਣਹਾਰ ਪੁੱਤ ਦੀ ਪੜ੍ਹਾਈ ਜਾਰੀ ਰੱਖੇਗੀ।

ਬਚਨੋ ਤੇ ਸ਼ਿੰਦੇ ਨੇ ਪਿੰਡ ਛੱਡ ਦਿੱਤਾ ਤੇ ਲੁਧਿਆਣੇ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ। ਪਿੰਡ ਵਿਚ ਕਿਸੇ ਨੂੰ ਭਿਣਕ ਵੀ ਨਾ ਪਈ। ਕੋਈ ਆਖੇ ਬਚਨੋ ਆਪਣੇ ਪੇਕੀਂ ਚਲੀ ਗਈ, ਕੋਈ ਆਖੇ, ਆਪੇ ਧੱਕੇ ਖਾ ਕੇ ਮੁੜ ਆਉਣਗੇ, ਕੋਈ ਕੁਝ ਕਹੇ...ਕੋਈ ਕੁਝ। ਜਿੰਨੇ ਮੂੰਹ ਓਨੀਆਂ ਗੱਲਾਂ।

ਲੁਧਿਆਣੇ ਬਚਨੋ ਆਪਣੇ ਪੁੱਤ ਸ਼ਿੰਦੇ ਸਮੇਤ ਆਪਣੀ ਵਿਧਵਾ ਭੈਣ ਨਾਲ ਉਸਦੇ ਛੋਟੇ ਜਿਹੇ ਘਰ ਵਿਚ ਰਹਿਣ ਲੱਗ ਪਈ।

ਬਚਨੋ ਦੀ ਭੈਣ ਸ਼ਾਮੋ ਦਾ ਇਕ ਹੀ ਮੁੰਡਾ ਸੀ ਤੇ ਉਹ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ। ਉਸਦੀ ਘਰ ਵਾਲੀ ਦੀ ਸ਼ਾਮੋ ਨਾਲ ਨਹੀਂ ਸੀ ਬਣਦੀ, ਉਹ ਸ਼ਹਿਰ ਦੇ ਦੂਸਰੇ ਪਾਸੇ ਅੱਡ ਰਹਿੰਦਾ ਸੀ।

ਬਚਨੋ ਦੀ ਭੈਣ ਸ਼ਾਮੋ ਨੇ ਦੌੜ-ਭੱਜ ਕਰ ਕੇ ਬਚਨੋ ਨੂੰ ਦੋ-ਚਾਰ ਕੋਠੀਆਂ ਦੇ ਭਾਂਡੇ-ਟੀਂਡੇ ਮਾਂਜਣ ਦਾ ਕੰਮ ਦਿਵਾ ਦਿੱਤਾ ਤੇ ਹੌਲੀ-ਹੌਲੀ ਕਰ ਕੇ ਉਸ ਨੇ ਫੋਰਮੈਨ ਦੀਆਂ ਮਿੰਨਤਾਂ ਕਰ ਕੇ ਆਪਣੇ ਨਾਲ ਹੀ ਧਾਗਿਆਂ ਵਾਲੀ ਫੈਕਟਰੀ ਵਿਚ ਲਵਾ ਲਿਆ। ਵਿਹਲੇ ਵੇਲੇ ਸ਼ਿੰਦਾ ਵੀ ਕੁਝ ਕੰਮ-ਕਾਰ ਕਰ ਲੈਂਦਾ। ਇਉਂ ਤਿੰਨੇ ਜਣੇ ਇਕ ਦੂਸਰੇ ਦਾ ਸਹਾਰਾ ਬਣ ਕੇ ਰਹਿਣ ਲੱਗੇ।

ਸ਼ਿੰਦਾ ਖਾਲਸਾ ਕਾਲਜ ਦੋ ਸਾਲ ਪੜ੍ਹਾਈ ਕਰ ਕੇ ਖੇਤੀ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ। ਸਰਕਾਰੀ ਮਦਦ ਨਾਲ ਅਤੇ ਆਪਣੀ ਤੇ ਆਪਣੀ ਮਾਂ ਦੀ ਲਗਨ ਸਦਕਾ ਉਸ ਨੇ ਖੇਤੀਬਾੜੀ ਵਿਚ ਐਮ.ਐਸ.ਸੀ. ਦੀ ਡਿਗਰੀ ਲੈ ਲਈ। ਸ਼ਿੰਦਾ ਆਪਣੇ ਬਾਪ ਦੀ ਤਰ੍ਹਾਂ ਕੱਦ-ਕਾਠ ਦਾ ਪੂਰਾ ਨਿਕਲਿਆ। ਨੈਣ-ਨਕਸ਼ ਭਾਵੇਂ ਬਹੁਤ ਤਿੱਖੇ ਨਹੀਂ ਸਨ ਤੇ ਰੰਗ ਵੀ ਪੱਕਾ ਸੀ ਪਰ ਉਹ ਬਹੁਤ ਸੁਨੱਖਾ ਤੇ ਦਿਲਕਸ਼ ਜਾਪਦਾ ਸੀ।

ਐਮ.ਐਸ.ਸੀ. ਪੂਰੀ ਹੋਣ ਸਾਰ ਉਸਨੂੰ ਨੌਕਰੀਆਂ ਦੇ ਆਫਰ ਮਿਲਣੇ ਸ਼ੁਰੂ ਹੋ ਗਏ। ਯੂਨੀਵਰਸਿਟੀ ਵਿਚ ਹੀ ਚੰਗੀ ਨੌਕਰੀ ਮਿਲ ਗਈ। ਉਸਦੇ ਪ੍ਰੋਫੈਸਰ ਨੇ ਕੈਨੇਡਾ ਵਸਦੇ ਆਪਣੇ ਇਕ ਦੋਸਤ ਦੀ ਇਕਲੌਤੀ ਕੁੜੀ ਦਾ ਰਿਸ਼ਤਾ ਸ਼ਿੰਦੇ ਨੂੰ ਕਰਵਾ ਦਿੱਤਾ। ਪ੍ਰੋਫੈਸਰ ਦੀ ਤੇਜ਼ ਨਜ਼ਰ ਨੇ ਸ਼ਿੰਦੇ ਦੀਆਂ ਅੱਖਾਂ 'ਚ ਮਿਹਨਤ ਦੇ ਪੁੰਗਰੇ ਬੀਜ ਦੇਖ ਲਏ ਸਨ। ਸ਼ਿੰਦੇ ਦੀ ਮੰਗੇਤਰ ਉਸਦੀ ਜਾਤ ਬਰਾਦਰੀ 'ਚੋਂ ਹੀ ਸੀ। ਸ਼ਿੰਦੇ ਦੀ ਮਾਂ ਇਸ ਗੱਲ ਤੋਂ ਬਾਹਲੀ ਖੁਸ਼ ਸੀ ਕਿ ਕਿਸੇ ਹੰਕਾਰੀ ਜੱਟ ਨਾਲ ਰਿਸ਼ਤਾ ਨਹੀਂ ਜੁੜਿਆ।

ਉਹ ਆਪਣੀ ਭੈਣ ਨੂੰ ਗੱਲਾਂ-ਗੱਲਾਂ 1ਚ ਕਹਿੰਦੀ, 'ਸ਼ੁਕਰ ਹੈ ਕੁੜੀ ਆਪਣੀ ਜਾਤ ਦੀ ਹੈ। ਨਹੀਂ ਤਾਂ ਮੈਨੂੰ ਉਹਦੇ 'ਚੋਂ ਵੱਡੀ ਜਾਤ ਦੀ ਬਦਬੂ ਹੀ ਆਉਂਦੀ ਰਹਿਣੀ ਸੀ।'

ਸ਼ਿੰਦਾ, ਪੜ੍ਹੀ-ਲਿਖੀ ਅਤੇ ਉਚੀ-ਲੰਮੀ ਸਿਮਰ ਦੀ ਫੋਟੋ ਦਿਨ ਵਿਚ ਕਿੰਨੀ ਵਾਰ ਵੇਖਦਾ। ਮਾਂ ਨੂੰ ਖੁਸ਼ ਕਰਨ ਲਈ ਆਖਦਾ, 'ਮਾਂ! ਤੈਨੂੰ ਕੁੜੀ ਸੱਚੀਂ ਹੀ ਪਸੰਦ ਆ ਕਿ ਉਪਰੋਂ-ਉਪਰੋਂ ਮੇਰਾ ਦਿਲ ਰੱਖਣ ਲਈ ਆਖਦੀ ਏਂ।'

ਬਚਨੋ ਲਾਡ ਨਾਲ ਉਸਦੀ ਗਲ੍ਹ 'ਤੇ ਪੋਲੀ ਜੇਹੀ ਚਪੇੜ ਮਾਰਦੀ ਤੇ ਮਨ ਹੀ ਮਨ ਵਾਹਿਗੁਰੂ ਦਾ ਸ਼ੁਕਰਾਨਾ ਕਰਦੀ ਪਰ ਫਿਰ ਵੀ ਕਦੇ-ਕਦੇ ਪਿੰਡ, ਸਿਰ 'ਤੇ ਮਤਰਾਲ ਨਾਲ ਭਰਿਆ ਟੋਕਰਾ, ਤੇ ਟੋਕਰੇ 'ਚੋਂ ਚੋਅ-ਚੋਅ ਕੇ ਉਸਦੀ ਪਾਟੀ ਕੁੜਤੀ 'ਤੇ ਡਿੱਗਦਾ ਮਤਰਾਲ ਜਦ ਯਾਦ ਆ ਜਾਂਦਾ ਤਾਂ ਉਸਦੀਆਂ ਅੱਖਾਂ ਭਰ ਜਾਂਦੀਆਂ।

ਹੁਣ ਉਸਨੂੰ ਇਹ ਸਭ ਕੁਝ ਕਰਨਾ ਨਹੀਂ ਸੀ ਪੈਂਦਾ। ਕਦੇ-ਕਦੇ ਉਸਨੂੰ ਖਿਆਲ ਆਉਂਦਾ ਕਿ ਉਹ ਪਿੰਡ ਜਾ ਕੇ ਬਿੱਕਰ ਸਿਉਂ ਨੂੰ ਦੱਸੇ ਕਿ ਕਿਸਮਤ ਦੇ ਰੰਗ ਤੁਹਾਡੇ ਨਾਲ ਹੀ ਨਹੀਂ ਖੇਡਦੇ, ਸਾਡੇ ਭਾਗਾਂ ਵਿਚ ਵੀ ਸਤਰੰਗੀਆਂ ਪੀਂਘਾਂ ਆ ਜਾਂਦੀਆਂ ਹਨ। ਉਸਨੂੰ ਪਿੰਡ ਛੱਡ ਕੇ ਸ਼ਹਿਰ ਆਉਣ ਦੇ ਫੈਸਲੇ 'ਤੇ ਵੀ ਮਾਣ

ਹੋਣ ਲੱਗਦਾ। ਉਹ ਆਪਣੇ ਮੂੰਹ ਆਈ ਗਾਲ੍ਹ 'ਸਾਲਾ ਹੰਕਾਰੀ ਜੱਟ...ਮਾਂ ਦਾ ਖਸਮ' ਮਸੀਂ-ਮਸੀਂ ਰੋਕਦੀ।

ਮਹੀਨੇ ਕੁ ਬਾਅਦ ਸਿਮਰ ਅਤੇ ਉਸਦਾ ਬਾਪ ਬੰਤਾ ਸਿੰਘ ਕੈਨੇਡਾ ਤੋਂ ਆ ਗਏ। ਬਚਨੋ ਨੂੰ ਫਿਕਰ ਪੈ ਗਿਆ ਕਿ ਉਹ ਉਨ੍ਹਾਂ ਨੂੰ ਕਿੱਥੇ ਬਿਠਾਉਣਗੇ। ਕਿਰਾਏ ਦਾ ਘਰ ਸੀ। ਰਸੋਈ, ਗੁਸਲਖਾਨੇ ਤੋਂ ਇਲਾਵਾ ਦੋ ਛੋਟੇ-ਛੋਟੇ ਕਮਰੇ ਸਨ। ਇਕ ਸ਼ਿੰਦੇ ਦੇ ਪੜ੍ਹਨ-ਸੌਣ ਦਾ ਕਮਰਾ ਸੀ ਅਤੇ ਦੂਜੇ ਵਿਚ ਸ਼ਿੰਦੇ ਦੀ ਮਾਂ ਅਤੇ ਮਾਸੀ ਸੌਂਦੀਆਂ ਸਨ।

ਖੈਰ...ਸਿਮਰ ਦੇ ਬਾਪ ਨੇ ਇਸ ਗੱਲ ਦਾ ਭੋਰਾ ਵੀ ਬੁਰਾ ਨਾ ਮਨਾਇਆ। ਉਸਨੇ ਖੁਦ ਬਥੇਰੀ ਗਰੀਬੀ ਹੰਢਾਈ ਸੀ। ਜੱਟਾਂ ਦੀਆਂ ਬਥੇਰੀਆਂ ਗਾਲ੍ਹਾਂ ਲਈਆਂ ਸਨ। ਨਿੱਕੀ-ਨਿੱਕੀ ਗੱਲ 'ਤੇ ਮਾਂ-ਭੈਣ ਇਕ ਕਰਾਈ ਸੀ। ਦੁੱਖ ਸੀ ਤਾਂ ਸਿਰਫ ਏਸ ਗੱਲ ਦਾ ਕਿ ਸਿਮਰ ਦੀ ਮਾਂ ਇਹ ਖੁਸ਼ੀ ਦੇਖਣ ਤੋਂ ਪਹਿਲਾਂ ਹੀ ਕਾਰ ਹਾਦਸੇ ਵਿਚ ਰੱਬ ਨੂੰ ਪਿਆਰੀ ਹੋ ਗਈ ਸੀ। ਉਸਨੇ ਚਾਵਾਂ-ਲਾਡਾਂ ਨਾਲ ਧੀ ਨੂੰ ਪਾਲਿਆ ਅਤੇ ਮਨ ਵਿਚ ਧਾਰ ਲਿਆ ਕਿ ਉਹ ਕਿਸੇ ਹੋਣਹਾਰ ਮੁੰਡੇ ਨੂੰ ਸਿਮਰ ਦਾ ਹੱਥ ਫੜਾਉਣ ਸਮੇਂ ਆਪਣੀ ਧੀ ਦੀ ਪਸੰਦ ਦਾ ਵੀ ਖਿਆਲ ਰੱਖੇਗਾ। ਉਹ ਖੁਸ਼ ਸੀ ਕਿ ਸ਼ਿੰਦਰ ਸਿੰਘ ਤੇ ਸਿਮਰ ਦੋਨੋਂ ਇਕ-ਦੂਸਰੇ ਨੂੰ ਪਸੰਦ ਕਰਦੇ ਹਨ।

ਬੰਤਾ ਸਿੰਘ ਨੂੰ ਇਸ ਗੱਲ ਦੀ ਤਸੱਲੀ ਵੀ ਸੀ ਕਿ ਸ਼ਿੰਦਾ ਉਸਦੇ ਮਿਹਨਤ ਨਾਲ ਬਣਾਏ ਬਲੂ ਬੇਰੀ ਤੇ ਰਸਬੇਰੀ ਦੇ ਫਾਰਮ ਨੂੰ ਚੰਗੀ ਤਰ੍ਹਾਂ ਸੰਭਾਲ ਲਵੇਗਾ।

ਸਾਦੀ ਜਿਹੀ ਰਸਮ ਨਾਲ ਸ਼ਿੰਦੇ ਤੇ ਸਿਮਰ ਦਾ ਵਿਆਹ ਹੋ ਗਿਆ। ਬਚਨੋ ਦਾ ਦਿਲ ਤਾਂ ਕੀਤਾ ਕਿ ਪਿੰਡ ਗੰਢ ਦੇ ਆਵੇ ਪਰ ਅਨੇਕ ਤਰ੍ਹਾਂ ਦੀਆਂ ਸੋਚਾਂ ਨੇ ਉਸਨੂੰ ਰੋਕ ਲਿਆ।

ਵਿਆਹ ਕਰਵਾ ਸਿਮਰ ਵਾਪਸ ਕੈਨੇਡਾ ਆ ਗਈ। ਕੁਝ ਹੀ ਮਹੀਨਿਆਂ ਵਿਚ ਸ਼ਿੰਦਾ ਸਿਮਰ ਕੋਲ ਆ ਗਿਆ। ਸ਼ਿੰਦੇ ਦੀ ਇੱਛਾ ਸੀ ਕਿ ਹੋਰ ਪੜ੍ਹ ਲਵੇ...ਪਰ ਏਡੇ ਵੱਡੇ ਕਾਰੋਬਾਰ ਦੀ ਜ਼ਿੰਮੇਵਾਰੀ ਵੀ ਤਾਂ ਹੁਣ ਉਸਦੇ ਸਿਰ 'ਤੇ ਸੀ।

ਸ਼ਿੰਦੇ ਨੇ ਖੇਤੀਬਾੜੀ ਦੀ ਪੀ.ਐਚਡੀ. ਦੀ ਡਿਗਰੀ ਕਰਨ ਦੀ ਖਾਹਿਸ਼ ਜ਼ਾਹਰ ਕੀਤੀ ਤਾਂ ਸਿਮਰ ਅਤੇ ਉਸਦੇ ਬਾਪ ਨੇ ਬੜੀ ਖੁਸ਼ੀ ਨਾਲ ਉਸ ਦੀ ਹਾਂ ਵਿਚ ਹਾਂ ਮਿਲਾ ਦਿੱਤੀ।

ਪੜ੍ਹਾਈ ਦੇ ਨਾਲ-ਨਾਲ ਸ਼ਿੰਦੇ ਨੇ ਫਾਰਮ ਦੀ ਦੇਖਭਾਲ ਦਾ ਜ਼ਿੰਮਾ ਚੁੱਕ ਲਿਆ। ਉਹ ਨਵੀਆਂ ਨਵੀਆਂ ਸਕੀਮਾਂ ਘੜਦਾ ਅਤੇ ਘੰਟਿਆਂਬੱਧੀ ਆਪਣੇ ਸਹੁਰੇ ਬੰਤਾ ਸਿੰਘ ਨਾਲ ਨਵੀਆਂ-ਨਵੀਆਂ ਕਿਸਮਾਂ ਅਤੇ ਵੱਧ ਝਾੜ ਲੈਣ ਦੀਆਂ ਵਿਉਂਤਾਂ ਸਾਂਝੀਆਂ ਕਰਦਾ ਰਹਿੰਦਾ। ਸ਼ਿੰਦੇ ਦੀ ਮਿਹਨਤ ਅਤੇ ਦੂਰ ਅੰਦੇਸ਼ੀ ਕਾਰਨ ਇਸ ਸਾਲ ਬਲੂ ਬੇਰੀ ਦੀ ਦਾ ਝਾੜ ਵੀ ਬਹੁਤ ਵਧੀਆ ਹੋਇਆ। ਸ਼ਿੰਦੇ ਨੇ ਵੱਟਾਂ ਤੇ ਘਾਹ ਆਪ ਕੱਢਿਆ ਸੀ।

ਸਿਮਰ ਨੂੰ ਚੰਗੀ ਫਰਮ 'ਚ ਨੌਕਰੀ ਮਿਲ ਗਈ ਅਤੇ ਇਉਂ ਤਿੰਨੇ ਜਣੇ ਖੁਸ਼ੀ-ਖੁਸ਼ੀ ਰਹਿਣ ਲੱਗੇ। ਖੁਸ਼ੀ ਜਿਆਦਾ ਦੇਰ ਨਾ ਰਹੀ। ਬੰਤਾ ਸਿਉਂ ਨੂੰ ਦਿਲ ਦਾ ਦੌਰਾ ਕੀ ਪਿਆ, ਹਸਪਤਾਲ ਜਾਂਦਿਆਂ ਹੀ ਦਮ ਤੋੜ ਗਿਆ। ਦੂਸਰੀ ਵਾਰੀ ਪਿਓ ਦਾ ਸਹਾਰਾ ਸਿਰ 'ਤੋਂ ਉਠ ਗਿਆ।

ਇਕ ਦਿਨ ਸਿਮਰ ਕਹਿਣ ਲੱਗੀ, 'ਸ਼ਿੰਦਰ, ਤੁਹਾਡਾ ਬਹੁਤਾ ਸਮਾਂ ਫਾਰਮ ਵਿਚ ਹੀ ਲੰਘ ਜਾਂਦਾ ਹੈ, ਪੜ੍ਹਾਈ ਨੂੰ ਬਹੁਤ ਘੱਟ ਸਮਾਂ ਮਿਲਦਾ ਹੈ। ਕਿਉਂ ਨਾ ਆਪਾਂ ਫਾਰਮ ਵੇਚ ਦੇਈਏ ਤੇ ਪੈਸੇ ਕਿਸੇ ਹੋਰ ਥਾਂ ਇਨਵੈਸਟ ਕਰ ਦੇਈਏ।'

ਸ਼ਿੰਦਾ ਆਪਣੇ ਸਹੁਰੇ ਬੰਤਾ ਸਿੰਘ ਦੀ ਕਹੀ ਗੱਲ ਹਮੇਸ਼ਾ ਚੇਤੇ ਰੱਖਦਾ ਸੀ। 'ਪੁੱਤਰਾ ਇਹ ਫਾਰਮ ਮੈਂ ਬਹੁਤ ਮਿਹਨਤ ਨਾਲ ਬਣਾਇਆ ਹੈ। ਪਿੰਡ ਜਦੋਂ ਮੈਂ ਪਿੰਡ ਦੇ ਧਨਾਢ ਜੱਟ ਦਾ ਸੀਰੀ ਹੁੰਦਾ ਸਾਂ ਤਾਂ ਮਨ ਵਿਚ ਰੀਝ ਹੁੰਦੀ ਸੀ ਕਿ ਕਿਤੇ ਮੇਰਾ ਵੀ ਫਾਰਮ ਹੋਵੇਗਾ। ਇਹ ਫਾਰਮ ਮੇਰਾ ਸੁਪਨਾ ਹੈ। ਮੈਨੂੰ ਅਜੇ ਵੀ ਪਿੰਡ ਦੇ ਸਰਦਾਰ ਦੀਆਂ ਗਾਲ੍ਹਾਂ ਯਾਦ ਹਨ। ਇਕ ਦਿਨ ਸਰਦਾਰ ਨੇ ਮੈਨੂੰ ਪਰਾਣੀਆਂ ਨਾਲ ਕੁੱਟਿਆ ਸੀ। ਉਸਦੀ ਕੁੱਟ ਨੇ ਤਾਂ ਪਿੰਡਾ ਹੀ ਛਿਲਿਆ ਸੀ ਪਰ ਮੈਨੂੰ ਛੁਡਾਉਣ ਲੱਗੀ ਮੇਰੀ ਮਾਂ ਨੂੰ ਗੁੱਤੋਂ ਫੜ ਕੇ ਵਿਹੜੇ ਵਿਚ ਇਉਂ ਘੜੀਸਿਆ ਸੀ ਕਿ ਮੇਰੀ ਰੂਹ ਕੰਬ ਉਠੀ ਸੀ।'

ਸੋ ਸ਼ਿੰਦੇ ਨੇ ਸਿਮਰ ਦੀ ਇਸ ਤਜਵੀਜ਼ ਨੂੰ ਬੜੇ ਹੀ ਪਿਆਰ ਨਾਲ ਠੁਕਰਾ ਦਿੱਤਾ। ਉਸ ਨੇ ਵੀ ਆਪਣੀ ਮਾਂ-ਪਿਓ ਨੂੰ ਗਾਲ੍ਹਾਂ ਲੈਂਦੇ ਸੁਣਿਆ ਸੀ। ਉਸ ਨੇ ਵੀ ਤਾਂ ਆਪਣੇ ਨੈਣੀਂ ਫਾਰਮ ਦਾ ਮਾਲਕ ਹੋਣ ਦਾ ਸੁਪਨਾ ਲਿਆ ਸੀ। ਏਸੇ ਕਰਕੇ ਹੀ ਉਸ ਨੇ ਖੇਤੀਬਾੜੀ ਦੀ ਐਮ. ਐਸ. ਸੀ. ਕੀਤੀ ਸੀ ਤੇ ਹੁਣ ਪੀ ਐਚ ਡੀ ਕਰ ਰਿਹਾ ਸੀ।

ਅਕਸਰ ਹੀ ਸ਼ਿੰਦੇ ਨੂੰ ਆਪਣੀ ਮਾਂ ਤੇ ਮਾਸੀ ਦਾ ਖਿਆਲ ਆ ਜਾਂਦਾ। ਅੱਜ ਮਾਂ ਨੇ ਕੀ ਬਣਾਇਆ ਹੋਵੇਗਾ, ਮਾਸੀ ਦੀ ਦਵਾਈ ਮੁੱਕ ਗਈ ਹੋਵੇਗੀ...ਕਿਰਾਇਆ ਦੇਣ ਵਾਲਾ ਹੋਣਾ ਹੈ...ਠੰਢ ਸ਼ੁਰੂ ਹੋ ਗਈ ਹੈ...ਮਾਂ ਦੀ ਰਜਾਈ ਵੀ ਪਾਟ ਗਈ ਸੀ। ਮਾਂ ਤੇ ਮਾਸੀ ਦੋਵੇਂ ਹੀ ਬਹੁਤ ਲਾਪ੍ਰਵਾਹ ਹਨ...ਆਪਣੇ ਬਾਰੇ ਘੱਟ ਹੀ ਸੋਚਦੀਆਂ ਹਨ।

ਕਈ ਵਾਰੀ ਫਾਰਮ 'ਚ ਫਿਰਦਿਆਂ ਉਸ ਦੀਆਂ ਅੱਖਾਂ ਭਰ ਆਉਂਦੀਆਂ। ਉਹ ਛੇਤੀ ਤੋਂ ਛੇਤੀ ਮਾਂ ਤੇ ਮਾਸੀ ਨੂੰ ਆਪਣੇ ਕੋਲ ਮੰਗਵਾਉਣਾ ਚਾਹੁੰਦਾ ਸੀ। ਪੈਸਾ-ਧੇਲਾ ਭਾਵੇਂ ਉਹ ਭੇਜਦਾ ਰਹਿੰਦਾ ਸੀ, ਪਰ ਫਿਰ ਵੀ ਝੇਲੀਆਂ ਪੀੜਾਂ ਦੀਆਂ ਯਾਦਾਂ ਉਸ ਦਾ ਪਿੱਛਾ ਨਹੀਂ ਸੀ ਛੱਡ ਰਹੀਆਂ। ਜਦੋਂ ਵੀ ਕੋਈ ਅਜਿਹੀ ਯਾਦ ਆਉਂਦੀ, ਉਸ ਨੂੰ ਲੱਗਦਾ ਜਿਵੇਂ ਅੱਕ ਦੀ ਡੋਡੀ 'ਤੇ ਜੀਭ ਰੱਖੀ ਗਈ ਹੋਵੇ।

ਸਿਮਰ ਬਹੁਤ ਹੀ ਸਮਝਦਾਰ ਅਤੇ ਭਾਵੁਕ ਕਿਸਮ ਦੀ ਕੁੜੀ ਸੀ। ਉਸ ਦੇ ਬਾਪ ਨੇ ਆਪਣੇ ਜੀਵਨ ਦੀ ਪੂਰੀ ਕਹਾਣੀ ਆਪਣੀ ਧੀ ਨਾਲ ਸਾਂਝੀ ਕੀਤੀ ਹੋਈ ਸੀ। ਇ ਸੇ ਕਰਕੇ ਉਸ ਨੂੰ ਮਿਹਨਤ ਕਰਨ ਵਾਲੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਸੀ। ਭਾਵੇਂ ਉਸ ਨੇ ਖੁਦ ਕਦੇ ਬੁਰੇ ਦਿਨ ਨਹੀਂ ਸਨ ਦੇਖੇ, ਪਰ ਉਸਨੂੰ ਆਪਣੇ ਪਿਤਾ ਦੀ ਕਹਾਣੀ ਯਾਦ ਸੀ।

ਸਿਮਰ 'ਤੇ ਇਨ੍ਹਾਂ ਗੱਲਾਂ ਦਾ ਬਹੁਤ ਪ੍ਰਭਾਵ ਸੀ। ਉਸ ਨੂੰ ਪਤਾ ਸੀ ਕਿ ਭਾਵੇਂ ਕੈਨੇਡਾ ਵਿਚ ਉਹ ਬਾਕੀ ਲੋਕਾਂ ਵਾਂਗ ਹੈ ਪਰ ਭਾਰਤ ਵਿਚ ਉਹ ਨੀਵੀਂ ਜਾਤੀ ਦੀ ਸਮਝੀ ਜਾਂਦੀ ਹੈ। ਪਿਤਾ ਦੀਆਂ ਦੱਸੀਆਂ ਗੱਲਾਂ ਨੇ ਉਸ ਨੂੰ ਬਹੁਤ ਭਾਵੁਕ ਬਣਾ ਦਿੱਤਾ ਸੀ ਅਤੇ ਉਹ ਹਰ ਉਸ ਇਨਸਾਨ ਦੀ ਮਦਦ ਕਰਨਾ ਚਾਹੁੰਦੀ ਸੀ, ਜਿਸ ਉਪਰ ਉਚੀ ਜਾਤ ਨੇ ਤਸ਼ੱਦਦ ਕੀਤਾ ਸੀ।

ਉਹ ਸ਼ਿੰਦੇ ਦੀਆਂ ਭਾਵਨਾਵਾਂ ਨੂੰ ਸਮਝਦੀ ਸੀ। ਇਸੇ ਕਰਕੇ ਹੀ ਉਸਨੇ ਇਕ ਦਿਨ ਸ਼ਿੰਦੇ ਨੂੰ ਸਲਾਹ ਦਿੱਤੀ ਕਿ ਆਪਾਂ ਮਾਂ ਨੂੰ ਅਪਲਾਈ ਕਰਕੇ ਮੰਗਵਾ ਲਈਏ। ਸ਼ਿੰਦੇ ਦਾ ਚਿੱਤ ਤਾਂ ਕਰਦਾ ਕਿ ਕਿਸੇ ਨਾ ਕਿਸੇ ਤਰੀਕੇ ਉਸ ਦੀ ਮਾਸੀ ਵੀ ਆ ਜਾਵੇ ਪਰ ਆਵੇ ਤਾਂ ਕਿਵੇਂ ਆਵੇ। ਮਾੜੇ ਦਿਨਾਂ ਵਿਚ ਮਾਸੀ ਨੇ ਹੀ ਤਾਂ ਸਹਾਰਾ ਦਿੱਤਾ ਸੀ। ਉਸਦਾ ਰੋਮ-ਰੋਮ ਮਾਸੀ ਦਾ ਰਿਣੀ ਸੀ।

ਬਚਨੋ ਦਾ ਅਪਲਾਈ ਹੋ ਗਿਆ ਅਤੇ ਛੇਤੀ ਹੀ ਉਹ ਆਪਣੇ ਨੂੰਹ ਪੁੱਤ ਕੋਲ ਆ ਗਈ। ਸਾਰਾ-ਸਾਰਾ ਦਿਨ ਸਿਆਲਾਂ 'ਚ ਨੰਗੇ ਪੈਰੀਂ ਠੁਰ-ਠੁਰ ਕਰਦੀ ਬਚਨੋ ਹੁਣ ਮਹਿਲ ਵਰਗੇ ਘਰ 'ਚ ਫਾਇਰ ਪਲੇਸ ਦੇ ਸਾਹਮਣੇ ਬੈਠੀ ਸੀ।

ਸ਼ਿੰਦਾ ਆਪਣੀ ਪੜ੍ਹਾਈ ਦੇ ਨਾਲ ਫਾਰਮ ਦੀ ਦੇਖਭਾਲ ਵੀ ਕਰਦਾ। ਉਹ ਖੁਦ ਟਰੈਕਟਰ ਚਲਾਉਂਦਾ, ਬਲੂ-ਬੇਰੀ ਦੇ ਖੇਤ 'ਚੋਂ ਖੁਦ ਘਾਹ ਕੱਢਦਾ। ਉਹ ਵੱਡਿਆਂ ਦਾ ਸਤਿਕਾਰ ਕਰਦਾ ਅਤੇ ਛੋਟਿਆਂ ਨਾਲ ਪਿਆਰ ਨਾਲ ਪੇਸ਼ ਆਉਂਦਾ। ਕਾਮੇ ਵੀ ਉਸਨੂੰ ਪੂਰਾ ਮਾਣ ਸਤਿਕਾਰ ਦਿੰਦੇ।

ਇਕ ਦਿਨ ਬਲੂ ਬੇਰੀ ਪੂਰੇ ਜ਼ੋਰ-ਸ਼ੋਰ ਨਾਲ ਤੋੜੀ ਜਾ ਰਹੀ ਸੀ। ਕਿਸੇ ਦੇ ਰੌਲਾ ਪਾਉਣ ਦੀ ਆਵਾਜ਼ ਆਈ, 'ਓਏ ਆਇਓ...ਬਿੱਕਰ ਸਿਉਂ ਨੂੰ ਪਤਾ ਨੀਂ ਕੀ ਹੋ ਗਿਆ।' ਆਸੇ-ਪਾਸੇ ਬੇਰੀ ਤੋੜ ਰਹੇ ਲੋਕ ਭੱਜ ਕੇ ਗਏ। ਬਿੱਕਰ ਸਿੰਘ ਬਲੂ-ਬੇਰੀ ਦੀਆਂ ਦੋਹਾਂ ਵੱਟਾਂ ਵਿਚਕਾਰ ਡਿੱਗਿਆ ਪਿਆ ਸੀ।

ਸ਼ਿੰਦਾ ਵੀ ਭੱਜ ਕੇ ਗਿਆ। ਉਸ ਦੇਖਿਆ ਤਾਂ ਹੈਰਾਨ ਰਹਿ ਗਿਆ...'ਇਹ ਤਾਂ ਸਰਦਾਰ ਬਿੱਕਰ ਸਿੰਘ ਹੈ। ਇਹ ਮੇਰੇ ਫਾਰਮ ਵਿਚ ਬਲੂ ਬੇਰੀ ਤੋੜ ਰਿਹਾ ਹੈ।'

ਉਸਨੇ ਦੇਖਿਆ...ਨਬਜ਼ ਠੀਕ-ਠਾਕ ਚੱਲ ਰਹੀ ਸੀ। ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ...ਕੁਝ ਹੋਸ਼ ਜਿਹੀ ਆਈ।

ਇਨੇ ਨੂੰ ਐਂਬੂਲੈਂਸ ਆ ਗਈ। ਕੁਝ ਹੀ ਮਿੰਟਾਂ 'ਚ ਬਿੱਕਰ ਸਿੰਘ ਹਸਪਤਾਲ ਸੀ।

ਸ਼ਿੰਦਾ ਜਿਸਨੂੰ ਹੁਣ ਸਾਰੇ ਸ਼ਿੰਦਰ ਸਿੰਘ ਹੀ ਆਖਿਆ ਕਰਦੇ ਸਨ, ਐਂਬੂਲੈਂਸ ਦੇ ਪਿੱਛੇ ਹੀ ਹਸਪਤਾਲ ਚਲਾ ਗਿਆ। ਡਾਕਟਰ ਬਿੱਕਰ ਸਿੰਘ ਦਾ ਚੈਕਅਪ ਕਰ ਰਹੇ ਸਨ। ਇਸ ਲਈ ਸ਼ਿੰਦਾ ਬਾਹਰ ਉਡੀਕ ਕਰਨ ਲੱਗ ਪਿਆ।

ਪੰਦਰਾਂ ਵੀਹਾਂ ਮਿੰਟਾਂ ਬਾਅਦ ਡਾਕਟਰ ਬਾਹਰ ਆਇਆ, 'ਇਹਨਾਂ ਨੂੰ ਕੁਝ ਦਿਨ ਇਥੇ ਹਸਪਤਾਲ ਚ ਹੀ ਰੱਖਾਂਗੇ। ਪੂਰੀ ਜਾਂਚ ਕਰਨੀ ਪੈਣੀ ਹੈ ਕਿ ਬੇਹੋਸ਼ੀ ਦਾ ਕੀ ਕਾਰਨ ਸੀ।'

ਸੋ ਬਿੱਕਰ ਸਿੰਘ ਨੂੰ ਐਮਰਜੈਂਸੀ 'ਚੋਂ ਕੱਢ ਕੇ ਚੌਥੀ ਮੰਜ਼ਿਲ ਦੇ ਕਮਰੇ 'ਚ ਭੇਜ ਦਿੱਤਾ। ਨਰਸ ਨੇ ਸ਼ਿੰਦੇ ਨੂੰ ਕਿਹਾ ਕਿ ਹੁਣ ਤੁਸੀਂ ਉਨ੍ਹਾਂ ਦੇ ਕਮਰੇ 'ਚ ਜਾ ਸਕਦੇ ਹੋ।

ਜਿਉਂ ਹੀ ਸ਼ਿੰਦਾ ਕਮਰੇ 'ਚ ਦਾਖਲ ਹੋਇਆ, ਬਿੱਕਰ ਸਿੰਘ ਦੀ ਹਾਲਤ ਦੁਬਾਰਾ ਦੌਰਾ ਪੈਣ ਵਾਲੀ ਹੋ ਗਈ। ਉਹ ਹੈਰਾਨ ਪਰੇਸ਼ਾਨ ਸੀ। ਉਸ ਦੀ ਆਵਾਜ਼ ਨਹੀਂ ਸੀ ਨਿਕਲ ਰਹੀ।

'ਬਿਲਕੁਲ ਸ਼ਿੰਦੇ ਵਰਗਾ ਲੱਗਦਾ ਹੈ...ਪਰ ਇਹ ਇਥੇ ਕਿਵੇਂ...ਸ਼ੈਦ ਕੋਈ ਹੋਰ ਹੋਵੇ...ਨਹੀਂ-ਨਹੀਂ ਇਹ ਸ਼ਿੰਦਾ ਹੀ ਹੈ...ਤਾਂ ਹੀ ਤਾਂ ਇਥੇ ਮੇਰੇ ਕੋਲ ਆਇਆ ਹੈ।' ਮਿੰਟਾਂ ਸਕਿੰਟਾਂ 'ਚ ਉਹ ਕਿਤੇ ਦਾ ਕਿਤੇ ਪੁੱਜ ਗਿਆ।

ਸ਼ਿੰਦੇ ਨੇ ਕੁਰਸੀ ਬੈੱਡ ਦੇ ਨੇੜੇ ਖਿੱਚ ਲਈ। ਜਿਉਂ ਹੀ ਸ਼ਿੰਦੇ ਨੇ ਬਿੱਕਰ ਸਿੰਘ ਦਾ ਹੱਥ ਫੜਿਆ, ਬਿੱਕਰ ਸਿੰਘ ਨੂੰ ਯਕੀਨ ਹੋ ਗਿਆ ਕਿ ਇਹ ਸ਼ਿੰਦਾ ਹੀ ਹੈ। ਬਿੱਕਰ ਸਿੰਘ ਦੀਆਂ ਅੱਖਾਂ ਭਰ ਆਈਆਂ। ਉਹ ਲੜਖੜਾਉਂਦੀ ਆਵਾਜ਼ 'ਚ ਕਹਿਣ ਲੱਗਾ, 'ਪੁੱਤ...ਤੂੰ ਸ਼ਿੰ...।'

ਸ਼ਿੰਦਾ ਬਿੱਕਰ ਸਿੰਘ ਦੇ ਹੋਰ ਨੇੜੇ ਹੋ ਗਿਆ ਤੇ ਕਹਿਣ ਲੱਗਾ, 'ਹਾਂ..ਸਰਦਾਰ ਜੀ ਮੈਂ ਸ਼ਿੰਦਾ ਹੀ ਹਾਂ।' ਬਿੱਕਰ ਸਿੰਘ ਨੇ ਸ਼ਿੰਦੇ ਨੂੰ ਗਲਵੱਕੜੀ ਪਾਉਣੀ ਚਾਹੀ ਪਰ ਉਠ ਨਾ ਸਕਿਆ।

ਸ਼ਿੰਦੇ ਨੇ ਆਪ ਹੀ ਲੇਟੇ ਹੋਏ ਬਿੱਕਰ ਸਿੰਘ ਨੂੰ ਗਲਵੱਕੜੀ ਪਾ ਲਈ। ਦੋਹਾਂ ਦੀਆਂ ਅੱਖਾਂ ਨਮ ਸਨ।

ਜਿਉਂ-ਜਿਉਂ ਸ਼ਿੰਦਾ ਆਪਣੀ ਕੈਨੇਡਾ ਆਉਣ ਦੀ ਕਹਾਣੀ ਦੱਸ ਰਿਹਾ ਸੀ ਬਿੱਕਰ ਸਿੰਘ ਦੇ ਚੇਹਰੇ 'ਤੇ ਪਛਤਾਵਾ ਤੇ ਸ਼ਰਮਿੰਦਗੀ ਦਾ ਆਲਮ ਵਧ ਰਿਹਾ ਸੀ।

ਬਿੱਕਰ ਸਿਉਂ ਨੇ ਵੀ ਆਪਣੀ ਗੱਲ ਦੱਸ ਦਿੱਤੀ ਕਿ ਉਹ ਆਉਣਾ ਨਹੀਂ ਸੀ ਚਾਹੁੰਦਾ ਪਰ ਜਿੰਦਰ ਨੇ ਜ਼ਿੱਦ ਕੀਤੀ ਕਿ ਕੈਨੇਡਾ ਜਾ ਕੇ ਬੁੜੇ ਬਹੁਤ ਪੈਸੇ ਬਣਾ ਲੈਂਦੇ ਆ। ਬਾਪੂ ਤੂੰ ਵੀ ਜਾ, ਨਾਲੇ ਚੰਗੇ ਮੁਲਕ ਦੀਆਂ ਮੌਜਾਂ ਮਾਣ ਤੇ ਨਾਲੇ ਪੈਸੇ ਕਮਾ ਲੋਕਾਂ ਦੇ ਬੁੜਿਆਂ ਵਾਂਗ। ਤੇਰਾ ਕਿਹੜਾ ਓਥੇ ਬਾਹਲਾ ਖਰਚ ਹੋਣਾ ਹੈ, ਸਾਡੀ ਬਹੁਤ ਮਦਦ ਹੋ ਜੂ'ਗੀ।

ਸ਼ਿੰਦਾ ਲਗਾਤਾਰ ਉਸਦਾ ਹੱਥ ਪਲੋਸ ਰਿਹਾ ਸੀ। ਬਿੱਕਰ ਸਿੰਘ ਲਗਾਤਾਰ ਪਸੀਜ ਰਿਹਾ ਸੀ। ਆਖਿਰ ਉਸ ਨੇ ਸਾਰਾ ਹੌਸਲਾ ਇਕੱਠਾ ਕਰ ਕੇ ਕਹਿ ਹੀ ਦਿੱਤਾ, 'ਸ਼ਿੰਦੇ ਪੁੱਤ! ਹੁਣ ਮੈਂ ਸਰਦਾਰ ਜੀ ਨਹੀਂ, ਤੇਰਾ ਚਾਚਾ ਹਾਂ।'

ਏਨਾ ਕਹਿਣ ਸਾਰ ਬਿੱਕਰ ਸਿੰਘ ਦੀ ਭੁੱਬ ਨਿਕਲ ਗਈ ਪਰ ਹਸਪਤਾਲ ਦੇ ਵਾਤਾਵਰਨ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੇ ਕਸੀਸ ਵੱਟ ਲਈ। ਸ਼ਿੰਦੇ ਨੇ ਬੜੇ ਪਿਆਰ ਨਾਲ ਬਿੱਕਰ ਸਿੰਘ ਦੇ ਮੱਥੇ 'ਤੇ ਹੱਥ ਫੇਰਿਆ ਤੇ ਕਹਿਣ ਲੱਗਾ, 'ਚਾਚਾ! ਮਨ ਖਰਾਬ ਨਹੀਂ ਕਰਨਾ। ਮੈਂ ਹੁਣ ਤੈਨੂੰ ਮਿਲ ਗਿਆਂ ਹਾਂ, ਹੌਸਲਾ ਰੱਖ। ਤੂੰ ਜਲਦੀ ਠੀਕ ਹੋ ਜਾਵੇਂਗਾ। ਮੈਂ ਕੱਲ੍ਹ ਨੂੰ ਬੇਬੇ ਨੂੰ ਨਾਲ ਲਿਆਊਂਗਾ। ਬਹੁਤ ਖੁਸ਼ ਹੋਊ ਤੈਨੂੰ ਮਿਲ ਕੇ।'

ਹਰਪਾਲ ਵੀ ਆ ਗਈ। ਕਿਸੇ ਕਾਮੇ ਨੇ ਫਾਰਮ 'ਚੋਂ ਹੀ ਹਰਪਾਲ ਨੂੰ ਫੋਨ ਕਰ ਦਿੱਤਾ ਸੀ। ਹਰਪਾਲ ਤੇ ਸ਼ਿੰਦੇ ਨੇ ਝੱਟਪਟ ਇਕ ਦੂਸਰੇ ਨੂੰ ਪਹਿਚਾਣ ਲਿਆ। ਹਰਪਾਲ ਦਾ ਆਪਣੇ ਪਤੀ ਰਵਿੰਦਰ ਨਾਲ ਤਲਾਕ ਹੋ ਚੁੱਕਾ ਸੀ। ਉਹ ਪੀ ਕੇ, ਬਹਾਨੇ ਬਣਾ-ਬਣਾ ਹਰਪਾਲ ਦੀ ਕੁੱਟਮਾਰ ਕਰਦਾ ਰਹਿੰਦਾ। ਆਖਿਰ ਹਰਪਾਲ ਸ਼ਰਾਬੀ ਰਵਿੰਦਰ ਤੋਂ ਖਹਿੜਾ ਛੁਡਾ ਆਪਣੇ ਦੋ ਬੱਚਿਆਂ ਅਤੇ ਬਾਪ ਨਾਲ ਕਿਸੇ ਦੀ ਬੇਸਮੈਂਟ 'ਚ ਰਹਿਣ ਲੱਗ ਪਈ ਸੀ।

ਹਰਪਾਲ ਤੇ ਸ਼ਿੰਦਾ ਚਿਰਾਂ ਤੋਂ ਵਿੱਛੜੇ ਭੈਣ ਭਰਾਵਾਂ ਵਾਂਗ ਮਿਲੇ। ਜਦੋਂ ਸ਼ਿੰਦੇ ਨੂੰ ਬਿੱਕਰ ਸਿਉਂ ਤੋਂ ਗਾਲ੍ਹਾਂ ਮਿਲਦੀਆਂ, ਹਰਪਾਲ ਨੂੰ ਸ਼ਿੰਦੇ ਨਾਲ ਹਮਦਰਦੀ ਰਹਿੰਦੀ ਸੀ। ਉਹ ਜਦੋਂ ਵੀ ਬਿੱਕਰ ਸਿੰਘ ਨੂੰ ਘਰ ਲਿਜਾਣ ਵਾਸਤੇ ਰੋਟੀ ਦਿੰਦੀ ਤਾਂ ਦਾਲ 'ਚ ਬਹੁਤਾ ਸਾਰਾ ਘਿਓ ਪਾ ਦਿੰਦੀ ਅਤੇ ਸਾਰਿਆਂ ਤੋਂ ਚੋਰੀ ਸ਼ਿੰਦੇ ਵਾਸਤੇ ਕਾੜ੍ਹਨੀ ਦਾ ਦੁੱਧ ਵੀ ਦੇ ਦਿਆ ਕਰਦੀ ਸੀ। ਉਸ ਨੂੰ ਸ਼ਿੰਦਾ ਆਪਣੇ ਵੀਰ ਜਿਹਾ ਲੱਗਦਾ ਸੀ, ਪਰ ਉਸ ਨੇ ਆਪਣੀ ਇਸ ਹਮਦਰਦੀ ਦੀ ਭਿਣਕ ਕਿਸੇ ਦੇ ਕੰਨੀਂ ਨਾ ਪੈਣ ਦਿੱਤੀ। ਹਰਪਾਲ ਨੇ ਸ਼ਿੰਦੇ ਦੁਆਲੇ ਆਪਣੀਆਂ ਬਾਹਾਂ ਢਿੱਲੀਆਂ ਕਰਦੇ ਹੋਏ ਕਿਹਾ, 'ਸ਼ਿੰਦੇ ਵੀਰ! ਤੂੰ ਮੈਨੂੰ ਪਛਾਣਿਆ?'

ਸ਼ਿੰਦੇ ਨੇ ਬੜੇ ਪਿਆਰ ਨਾਲ ਉਸ ਨੂੰ ਫਿਰ ਗਲਵੱਕੜੀ ਪਾ ਲਈ ਤੇ ਕਹਿਣ ਲੱਗਾ, 'ਭੈਣੇ, ਮੈਂ ਕਿਵੇਂ ਭੁੱਲ ਸਕਦਾਂ ਤੈਨੂੰ? ਤੇਰਾ ਖਾਮੋਸ਼ ਪਿਆਰ ਹਮੇਸ਼ਾਂ ਹੀ ਮੇਰੇ ਨਾਲ ਰਿਹਾ ਹੈ। ਤੂੰ, ਤੂੰ...ਹੁਣ ਭੋਰਾ ਫਿਕਰ ਨਾ ਕਰ...ਮੈਂ, ਤੇਰਾ ਵੀਰ ਤੇਰੇ ਨਾਲ ਹਾਂ।'

ਕੁਝ ਦੇਰ ਹੋਰ ਬਹਿ ਕੇ, ਬੇਬੇ ਤੇ ਸਿਮਰ ਨੂੰ ਨਾਲ ਲਿਆਉਣ ਦਾ ਵਾਅਦਾ ਕਰਕੇ ਸ਼ਿੰਦਾ ਘਰ ਆ ਗਿਆ।

ਬਿੱਕਰ ਸਿਉਂ ਨੂੰ ਨਰਸ ਸੌਣ ਲਈ ਗੋਲੀ ਦੇ ਗਈ। ਨਹੀਂ ਤਾਂ ਸ਼ਾਇਦ ਉਸਨੂੰ ਨੀਂਦ ਹੀ ਨਾ ਆਉਂਦੀ। ਉਸਨੂੰ ਧੁੜਕੂ ਸੀ ਕਿ ਬਚਨੋ ਉਸ ਦਾ ਪਤਾ ਲੈਣ ਜੇ ਆਈ ਤਾਂ ਕਿਹੜੇ ਮੂੰਹ ਨਾਲ ਉਸਦੇ ਸਾਹਮਣੇ ਹੋਵੇਗਾ।

ਸ਼ਿੰਦੇ ਨੇ ਘਰ ਆ ਕੇ ਸਾਰੀ ਕਹਾਣੀ ਆਪਣੀ ਮਾਂ ਬਚਨੋ ਤੇ ਸਿਮਰ ਨੂੰ ਦੱਸੀ। ਬਚਨੋ ਤਾਂ ਬਿੱਕਰ ਸਿਉਂ ਨੂੰ ਮਿਲਣ ਲਈ ਬਹੁਤ ਹੀ ਉਤਾਵਲੀ ਹੋ ਗਈ। ਉਸਨੂੰ ਆਪਣੇ ਪੁੱਤ 'ਤੇ ਮਾਣ ਵੀ ਸੀ ਕਿ ਹੁਣ ਦਿਖਾਊਗੀ ਬਿੱਕਰ ਸਿਉਂ ਨੂੰ ਕਿ ਇਉਂ ਕਿਸਮਤ ਪਲਟੇ ਮਾਰਦੀ ਹੈ ਤੇ ਹੁਣ ਮੇਰਾ ਪੁੱਤ ਕਿਸੇ ਡੀ.ਸੀ. ਤੋਂ ਘੱਟ ਨੀ!

ਅਗਲੇ ਦਿਨ ਤਿੰਨੇ ਜਣੇ ਬਿੱਕਰ ਸਿੰਘ ਨੂੰ ਮਿਲਣ ਚਲੇ ਗਏ। ਬਿੱਕਰ ਸਿੰਘ ਬਚਨੋ ਨੂੰ ਦੇਖ ਕੇ ਪਹਿਲਾਂ ਤਾਂ ਕੁਝ ਸ਼ਰਮਿੰਦਾ ਜਿਹਾ ਹੋ ਗਿਆ ਪਰ ਇਹ ਦੇਖ ਕੇ ਬਚਨੋ ਦੇ ਚਿਹਰੇ 'ਤੇ ਤਾਂ ਕਿਸੇ ਵੀ ਤਰ੍ਹਾਂ ਦਾ ਗਿਲਾ-ਸ਼ਿਕਵਾ ਨਹੀਂ, ਉਹ ਕੁਝ ਹੌਸਲੇ 'ਚ ਆ ਗਿਆ। ਬਚਨੋ ਨੇ ਆਪਣੇ ਰੋਸ 'ਤੇ ਕਾਬੂ ਪਾ ਲਿਆ ਸੀ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਸ਼ਿੰਦੇ ਨੂੰ ਬਿਲਕੁਲ ਸ਼ਾਂਤ ਦੇਖ ਬਿੱਕਰ ਸਿਉਂ ਪ੍ਰਤੀ ਉਸ ਨੇ ਆਪਣੀਆਂ ਵਿਰੋਧੀ ਸੁਰਾਂ ਨੂੰ ਕਾਬੂ ਕਰ ਲਿਆ ਸੀ।

ਬਚਨੋ ਨੇ ਕਿਹਾ 'ਸਤਿ ਸ੍ਰੀ ਅਕਾਲ ਸਰਦਾਰ ਜੀ।'

ਬਿੱਕਰ ਸਿੰਘ ਦਾ ਮਨ ਭਰ ਆਇਆ। ਬਚਨੋ ਸਫਿਆਨੇ ਸੂਟ ਵਿਚ ਵੱਡੀ ਸਰਦਾਰਨੀ ਲੱਗ ਰਹੀ ਸੀ।

ਬਿੱਕਰ ਸਿੰਘ ਨੇ ਭਰੇ ਗੱਚ ਨਾਲ ਸਤਿ ਸ੍ਰੀ ਆਕਾਲ ਦਾ ਜਵਾਬ ਦਿੱਤਾ ਤੇ ਕਿਹਾ, 'ਕੀ ਹਾਲ ਹੈ ਬਚਨ ਕੁਰੇ।'

ਬਚਨੋ ਹੁਣ ਬਚਨੋ ਤੋਂ 'ਬਚਨ ਕੁਰ' ਬਣ ਗਈ ਸੀ।

'ਬਚਨ ਕੁਰ' ਸੁਣ ਕੇ ਬਚਨੋ ਦਾ ਮਨ ਭਰ ਆਇਆ। ਉਸਨੇ ਭਰੇ ਗਲੇ ਨਾਲ ਕਿਹਾ, 'ਮੈਂ ਤਾਂ ਠੀਕ ਆਂ, ਪਰ ਇਹ ਤੁਹਾਨੂੰ ਕੀ ਹੋ ਗਿਆ। ਸ਼ਿੰਦਾ ਤਾਂ ਬਾਹਲਾ ਹੀ ਫਿਕਰ ਕਰਦਾ ਰਿਹਾ ਸਾਰੀ ਰਾਤ।'

ਬਿੱਕਰ ਸਿੰਘ ਇਕ ਦਮ ਬੋਲ ਪਿਆ, 'ਦੇਖ ਜੈਲਾ ਮੈਥੋਂ ਬਹੁਤ ਵੱਡਾ ਸੀ, ਮੇਰਾ ਤੂੰ ਨਾਂ ਹੀ ਲੈ ਦਿਆ ਕਰ।' ਸਾਰੇ ਥੋੜਾ ਜਿਹਾ ਹੱਸ ਪਏ।

ਸਿਮਰ ਨੇ ਬਿੱਕਰ ਸਿਉਂ ਦੇ ਪੈਰੀਂ ਹੱਥ ਲਾਏ। ਬਿੱਕਰ ਸਿੰਘ ਨੇ ਸੌ-ਸੌ ਅਸੀਸਾਂ ਦਿੱਤੀਆਂ।

ਤਿੰਨ ਚਾਰ ਦਿਨਾਂ ਬਾਅਦ ਬਿੱਕਰ ਸਿੰਘ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ। ਡਾਕਟਰਾਂ ਨੇ ਸਾਰੀ ਚੈਕ-ਅਪ ਕਰ ਕੇ ਕਹਿ ਦਿੱਤਾ ਕਿ ਇਹ ਬਿਲਕੁਲ ਤੰਦਰੁਸਤ ਹੈ। ਗਰਮੀ ਕਾਰਨ ਮਾਮੂਲੀ ਜਿਹਾ ਚੱਕਰ ਆਉਣ ਕਰਕੇ ਬੇਹੋਸ਼ ਹੋ ਗਿਆ ਸੀ। ਖੂਨ ਦੀ ਕੁਝ ਕਮੀ ਹੈ, ਦਵਾਈ ਲਿਖ ਦਿੱਤੀ ਹੈ।

ਸ਼ਿੰਦਾ, ਬਿੱਕਰ ਸਿੰਘ ਨੂੰ ਆਪ ਹਸਪਤਾਲੋਂ ਲੈਣ ਗਿਆ। ਜਿਸ ਬੇਸਮੈਂਟ ਵਿਚ ਬਿੱਕਰ ਸਿੰਘ ਤੇ ਹਰਪਾਲ ਰਹਿ ਰਹੇ ਸਨ, ਉਹ ਬਹੁਤ ਪੁਰਾਣੀ ਅਤੇ ਹਨੇਰੀ ਜਿਹੀ ਸੀ।

ਹਰਪਾਲ ਨੇ ਬੜੇ ਹੀ ਚਾਅ ਨਾਲ ਆਪਣੇ ਬੱਚਿਆਂ ਨੂੰ ਦੱਸਿਆ ਕਿ ਤੁਹਾਡਾ ਮਾਮਾ ਜੀ ਹੈ। ਸ਼ਿੰਦੇ ਨੇ ਵੀ ਬੱਚਿਆਂ ਨੂੰ ਲੋਹੜੇ ਦਾ ਪਿਆਰ ਦਿੱਤਾ।

ਸ਼ਿੰਦੇ ਦਾ ਦਿਲ ਤਾਂ ਕੀਤਾ ਕਿ ਉਹ ਆਖ ਦੇਵੇ, 'ਚਾਚਾ ਉਠ...ਮੇਰੇ ਨਾਲ ਚੱਲ। ਏਨੇ ਵੱਡੇ ਘਰ ਅਸੀਂ ਤਿੰਨ ਜਣੇ ਹੀ ਤਾਂ ਹਾਂ। ਤੁਹਾਡੇ ਜੋਗੀ ਬਥੇਰੀ ਥਾਂ ਹੈ।'

ਪਰ ਕਿਸੇ ਸੋਚ ਨੇ ਉਸ ਨੂੰ ਚੁੱਪ ਰਹਿਣ ਲਈ ਹੀ ਕਿਹਾ। ਉਸ ਨੇ ਆਪਣੀ ਮਾਂ ਤੇ ਸਿਮਰ ਨਾਲ ਵੀ ਸਲਾਹ ਨਹੀਂ ਸੀ ਕੀਤੀ।

ਤੀਸਰੇ ਦਿਨ ਸ਼ਿੰਦਾ ਫਿਰ ਬਿੱਕਰ ਸਿੰਘ ਤੇ ਹਰਪਾਲ ਨੂੰ ਮਿਲਣ ਚਲਾ ਗਿਆ। ਬਿੱਕਰ ਸਿੰਘ ਕਹਿਣ ਲੱਗਾ, 'ਪੁੱਤ ਮੇਰਾ ਵਿਹਲੇ ਬੈਠਿਆਂ ਨਹੀਂ ਸਰਦਾ। ਕੁੜੀ ਦੀ ਕਮਾਈ ਨਾਲ ਕੁਝ ਨੀ ਬਣਦਾ, ਨਾਲੇ ਇਹਨੂੰ ਵੀ ਤਾਂ ਮਸਾਂ ਬਾਰਾਂ ਤੇਰਾਂ ਡਾਲੇ ਮਿਲਦੇ ਆ। ਤੂੰ ਦੱਸ ਮੈਂ ਹੁਣ ਕੰਮ ਕਰਨ ਕਦੋਂ ਆਵਾਂ ਤੇ ਨਾਲੇ ਜੇ ਤੂੰ ਮੈਨੂੰ ਫਾਰਮ 'ਤੇ ਬੇਰੀ ਟੁੱਟਣ ਤੋਂ ਬਾਅਦ ਕੋਈ ਹੋਰ ਕੰਮ ਦੇ ਦੇਵੇਂ ਤਾਂ ਜਾਨ ਸੌਖੀ ਰਹੂ।'

ਸ਼ਿੰਦੇ ਨੇ ਡੂੰਘਾ ਸਾਹ ਲਿਆ ਤੇ ਕਿਹਾ, 'ਚਾਚਾ ਹੁਣ ਤੂੰ ਫਾਰਮ ਦੀ ਦੇਖ-ਭਾਲ ਕਰਨੀ ਹੈ। ਮੇਰੀਆਂ ਤਾਂ ਕਲਾਸਾਂ ਸ਼ੁਰੂ ਹੋ ਜਾਣੀਆਂ ਹਨ। ਤੈਨੂੰ ਹੀ ਸਾਰਿਆਂ 'ਤੇ ਨਿਗਾਹ ਰੱਖਣੀ ਪੈਣੀ ਹੈ। ਤੂੰ ਸੁਪਰਵਾਈਜ਼ਰ ਹੈਂ ਚਾਚਾ! ਐਵੇਂ ਨਾ ਝੂਰਿਆ ਕਰ...ਕਹਿ ਦੇ ਆਪਣੇ ਬੇਲੀਆਂ ਨੂੰ ਕਿ ਮੈਂ ਬੰਤਾ ਫਾਰਮ ਦਾ ਸੁਪਰਵਾਈਜ਼ਰ ਹਾਂ।' ਬਿੱਕਰ ਸਿੰਘ, ਹਰਪਾਲ ਤੇ ਦੋਨੋਂ ਬੱਚੇ ਫਾਰਮ 'ਚ ਸੁਪਰਵਾਈਜ਼ਰ ਲਈ ਬਣੇ ਛੋਟੇ ਜਿਹੇ ਪਰ ਖੂਬਸੂਰਤ ਘਰ ਵਿਚ ਰਹਿਣ ਲੱਗ ਪਏ।

---

## ਮਿੰਨੀ ਕਹਾਣੀਆਂ

### ਤੂੰ ਕੌਣ ਤੇ ਮੈਂ ਕੌਣ

ਇਕ ਪਿੰਡ ਵਿਚ ਇਕ ਫਕੀਰ ਆਇਆ। ਉਸ ਦੀ ਮਿੱਠੀ ਆਵਾਜ਼ ਵਿਚ ਬੋਲਿਆ ਸਲੋਕ 'ਨਾਮ ਜਪ ਲੈ ਨਿਮਾਣੀ ਜਿੰਦੇ ਮੇਰੀਏ! ਔਖੇ ਵੇਲੇ ਕੰਮ ਆਊਗਾ।' ਇਕ ਅਵੱਲਾ ਸਰੂਰ ਦੇ ਰਿਹਾ ਸੀ। ਉਸ ਦੇ ਹੱਥੋਂ ਵੱਜ ਰਹੀ ਡਫਲੀ ਦੀ ਧੁਨ, ਸੁਣਨ ਵਾਲੇ ਦਾ ਲੂੰ-ਲੂੰ ਖੜ੍ਹਾ ਕਰ ਰਹੀ ਸੀ। ਫ਼ਕੀਰ ਦੇ ਗਲ ਘਸਮੈਲੇ ਬਸਤਰ ਅਤੇ ਓਪਰਾ ਜਿਹਾ ਚਿਹਰਾ ਦੇਖ ਕੇ ਪਿੰਡ ਦੇ ਸਾਰੇ ਕੁੱਤੇ ਸਵਾਗਤ ਦੇ ਤੌਰ 'ਤੇ ਮੂੰਹ ਅੱਡ-ਅੱਡ ਭੌਂਕ ਰਹੇ ਸਨ। ਫ਼ਕੀਰ ਦੇ ਡੰਡਾ ਖੜਕਾਉਣ 'ਤੇ ਸਾਰੀ ਕਤੀੜ ਕਿੱਧਰ ਖਿੰਡ ਗਈ ਕੁਝ ਪਤਾ ਨਹੀਂ ਲੱਗਾ। ਸੱਥ 'ਚ ਬੈਠੇ ਬੰਦਿਆਂ ਨੇ ਹਾਸੇ-ਠੱਠੇ ਵਜੋਂ ਫ਼ਕੀਰ ਨੂੰ ਹਾਕ ਮਾਰ ਲਈ। ਉਸ ਨਾਲ ਨੀਵੇਂ-ਖੀਵੇਂ ਲੈਣ ਲੱਗੇ, ਫ਼ਕੀਰ ਵੀ ਬੜਾ ਪਹੁੰਚਿਆ ਹੋਇਆ ਸੀ। ਤਾਸ਼ ਦਾ ਪੱਤਾ ਸੁੱਟਦਿਆਂ ਗੁਰਨਾਮੇ ਨੇ ਕਿਹਾ, 'ਬਾਬਾ, ਅਸੀਂ ਤੈਨੂੰ ਖ਼ੈਰ ਤਾਂ ਪਾਵਾਂਗੇ ਪਰ ਇਹ ਦੱਸ ਸਾਨੂੰ ਪੁੰਨ ਵਿਚ ਕੀ ਮਿਲੇਗਾ? ਫ਼ਕੀਰ ਮੁਸਕਰਾਇਆ ਤੇ ਬੋਲਿਆ, 'ਅਸੀਂ ਜਦ ਵੀ ਕੋਈ ਕਰਮ ਕਰਦੇ ਹਾਂ ਉਸ ਦਾ ਕੀ ਫਲ ਮਿਲਣਾ, ਇਹ ਵੀ ਰੱਬ ਵਲੋਂ ਸਾਡੇ ਲਈ ਸਰਪ੍ਰਾਈਜ਼ ਹੀ ਹੁੰਦਾ ਏ, ਜਿਸ ਬਾਰੇ ਸਿਰਫ ਰੱਬ ਹੀ ਜਾਣਦਾ ਏ।' ਹੱਸਦੇ-ਹੱਸਦੇ ਕਰਤਾਰੇ ਨੇ ਕਿਹਾ, 'ਬਾਬਾ! ਜੇ ਮੈਂ ਅੱਜ ਤੈਨੂੰ ਆਪਣੇ ਘਰ ਭੋਜਨ ਕਰਾਵਾਂ, ਤੇਰੀ ਰੱਜ ਕੇ ਸੇਵਾ ਕਰਾਂ, ਮੈਨੂੰ ਬਦਲੇ ਵਿਚ ਕੀ ਦੇਵੇਂਗਾ।'

ਫ਼ਕੀਰ ਬੋਲਿਆ, 'ਤੈਨੂੰ ਕਦੇ ਵੀ ਮੌਤ ਨਹੀਂ ਆਵੇਗੀ, ਤੇਰੇ ਘਰ ਕਦੇ ਵੀ ਦਾਣੇ ਫੱਕੇ ਦੀ ਕਮੀ ਨਹੀਂ ਆਵੇਗੀ, ਹਰ ਦਿਨ ਤੇਰੇ ਘਰ ਸੋਨੇ ਦਾ ਸਿੱਕਾ ਤੈਨੂੰ ਤੇਰੇ ਸਿਰਹਾਣੇ ਹੇਠੋਂ ਮਿਲੇਗਾ। ਤੈਨੂੰ ਇੰਨਾ ਜ਼ਿਆਦਾ ਧਨ ਮਿਲੇਗਾ ਕਿ ਰੱਖਣ ਲਈ ਥਾਂ ਵੀ ਥੋੜ੍ਹੀ ਪੈ ਜਾਣੀ ਆ। ਕਰਤਾਰਾ ਬੜਾ ਖੁਸ਼ ਹੋਇਆ। ਫ਼ਕੀਰ ਨੂੰ ਆਪਣੇ ਨਾਲ ਲੈ ਗਿਆ ਤੇ ਰੱਜ ਕੇ ਸੇਵਾ ਕੀਤੀ। 'ਤੇਰਾ ਭਲਾ ਹੋਵੇ'! ਇਹ ਕਹਿ ਕੇ ਫ਼ਕੀਰ ਉੱਥੋਂ ਚਲਾ ਗਿਆ। ਕੁਝ ਮਹੀਨਿਆਂ ਬਾਅਦ ਫ਼ਕੀਰ ਉਸ ਪਿੰਡ ਫੇਰ ਆਇਆ। ਪਿੰਡ ਦੇ ਬੰਦਿਆਂ ਨੇ ਫ਼ਕੀਰ ਨੂੰ ਘੇਰਿਆ ਤੇ ਮਾੜਾ-ਚੰਗਾ ਬੋਲਿਆ ਅਤੇ ਉਸ ਦੇ ਕੱਪੜੇ ਪਾੜਨ ਤਕ ਹੀ ਉਤਰ ਆਏ, ਕਹਿੰਦੇ 'ਜਿਹੜੇ ਤੂੰ ਬੰਦੇ ਬਾਰੇ ਕਹਿ ਕੇ ਗਿਆ ਸੀ, ਉਸ ਕੋਲ ਧਨ ਦੀ ਕਮੀ ਨਹੀਂ ਰਹੇਗੀ, ਓ ਤਾਂ ਰੋਟੀ ਨੂੰ ਵੀ ਤਰਸ ਰਿਹਾ ਏ, ਉਸ ਦੇ ਤਾਂ ਹਾਲਾਤ ਹੀ ਬੜੇ ਮਾੜੇ ਹੋਏ ਪਏ ਨੇ। ਤੂੰ ਸਾਨੂੰ ਝੂਠ ਕਿਉਂ ਬੋਲ ਕੇ ਗਿਆ ਸੀ'? ਫ਼ਕੀਰ ਹੱਸਿਆ ਤੇ ਬੋਲਿਆ, 'ਮੈਂ ਤਾਂ ਸਿਰਫ਼ ਐਲਾਨ ਕਰ ਕੇ ਗਿਆ ਸੀ ਜਿਵੇਂ ਤੁਹਾਡੇ ਹੁਣ ਮੰਤਰੀ ਸਾਹਿਬ ਕਰ ਰਹੇ ਨੇ। ਦੇਣਾ-ਲੈਣਾ ਕੁਝ ਨ੍ਹੀਂ ਬਸ ਗੱਲਾਂ ਦਾ ਕੜਾਹ ਬਣਾਉਣਾ ਏ। ਜਦੋਂ ਤੁਸੀਂ ਵੋਟਾਂ ਪਾ ਦਿੱਤੀਆਂ ਫੇਰ 'ਤੂੰ ਕੌਣ ਤੇ ਮੈਂ ਕੌਣ'?

*-ਮਨਦੀਪ ਖਾਨਪੁਰੀ*
*ਫੋਨ: 97791-79060*

---

### ਬਰੈਂਡਿਡ ਲੋਕ

ਸ਼ਾਪਿੰਗ ਮਾਲ ਵਿਚ ਦਸ ਹਜ਼ਾਰ ਦੇ ਬਰੈਂਡਿਡ ਬੂਟ ਪੰਜ ਹਜ਼ਾਰ ਦੇ ਚਸ਼ਮੇ ਤੇ ਹੋਰ ਹਜ਼ਾਰਾਂ ਰੁਪਏ ਦੇ ਕੱਪੜੇ ਜੋ ਕਿ ਵਿਕਰੀ ਮੁੱਲ 'ਤੇ ਹੀ ਮਿਲਦੇ ਹਨ, ਖ਼ਰੀਦ ਕੇ ਰਣਦੀਪ ਜਦੋਂ ਘਰ ਨੂੰ ਮੁੜ ਰਿਹਾ ਸੀ ਤਾਂ ਪਿੰਡ ਵਾਲੀ ਫਿਰਨੀ ਦੇ ਮੋੜ 'ਤੇ ਮੂੰਗਫਲੀ ਦੀ ਫੜ੍ਹੀ ਵਾਲੇ ਕੋਲ ਉਸ ਨੇ ਆਪਣੀ ਗੱਡੀ ਰੋਕੀ। ਗਰਮ ਮੂੰਗਫਲੀ ਦੇ ਢੇਰ ਵਿੱਚੋਂ ਮੁੱਠ ਭਰਦਿਆਂ ਉਸ ਨੇ ਫੜੀ ਵਾਲੇ ਨੂੰ ਪੁੱਛਿਆ "ਕਿੱਦਾਂ ਲਾਈ ਆ "?

ਮੂੰਗਫਲੀ ਵਾਲੇ ਨੇ ਆਖਿਆ ,"ਇੱਕ ਸੌ ਵੀਹ ਰੁਪਏ ਕਿੱਲੋ ਹੈ ਸਰਦਾਰ ਜੀ।"

ਰਣਦੀਪ ਮੁੱਛਾਂ 'ਤੇ ਹੱਥ ਫੇਰਦਾ ਹੋਇਆ ਬੋਲਿਆ, "ਪੰਜਾਹ ਦੀ ਅੱਧਾ ਕਿੱਲੋ ਤੋਲ ਦੇ।"

ਮੂੰਗਫਲੀ ਵਾਲੇ ਨੇ ਜਵਾਬ ਦਿੱਤਾ, "ਨਹੀਂ ਸਰਦਾਰ ਜੀ ਇਕ ਸੌ ਵੀਹ ਰੁਪਏ ਕਿੱਲੋ ਤੋਂ ਘੱਟ ਨਹੀਂ ਮਿਲਣੀ, ਅੱਧਾ ਕਿੱਲੋ ਸੱਠ ਦੀ ਹੀ ਮਿਲੇਗੀ।"

ਇਹ ਸੁਣ ਕੇ ਰਣਦੀਪ ਬੋਲਿਆ, "ਪੰਜਾਹ ਦੀ ਅੱਧਾ ਕਿੱਲੋ ਪਾ ਦੇ ਰਾਮ ਨਾਲ, ਨਹੀਂ ਮਰਜ਼ੀ ਤੇਰੀ।" ਮੂੰਗਫਲੀ ਵਾਲੇ ਨੇ ਫਿਰ ਨਾਂਹ ਵਿਚ ਜਵਾਬ ਦਿੱਤਾ। ਇਹ ਸੁਣ ਕੇ ਰਣਦੀਪ ਨੇ ਮੂੰਗਫਲੀ ਦੇ ਢੇਰ ਵਿਚੋਂ ਕੁਝ ਦਾਣੇ ਚੁੱਕੇ ਅਤੇ ਮੂੰਹ ਵਿਚ ਕੁਝ ਬੁੜਬੁੜਾਉਂਦਾ ਹੋਇਆ ਚਲਿਆ ਗਿਆ।

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 94634-52261*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਕਿਸ ਕੋਲ ਦਿਲ ਫ਼ਰੋਲਣ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਦਿਲ ਦੀ ਦਸ਼ਾ ਨੂੰ ਬਿਆਨ ਕੀਤਾ ਹੈ, ਜਿਸ ਦੀਆਂ ਅਸੀਮ ਪਰਤਾਂ ਹਨ ਤੇ ਜੋ ਚਾਹੁੰਦਾ ਹੈ ਕਿ ਕੋਈ ਉਸ ਨੂੰ ਸਹਿਲਾਵੇ ਤੇ ਉਸ ਦਾ ਹਾਲ-ਚਾਲ ਪੁੱਛੇ।**

ਦਿਲ 'ਚ ਦੁਨੀਆ ਦਾ ਦਰਦ। ਆਲੇ-ਦੁਆਲੇ ਵਿਚ ਵਾਪਦੀਆਂ ਘਟਨਾਵਾਂ ਦੀ ਚਸਕ ਅਤੇ ਚੌਗਿਰਦੇ 'ਚ ਵਾਪਰ ਰਹੇ ਘਟਨਾਕ੍ਰਮ ਦੀ ਤੜਫ਼ਣੀ।

ਦਿਲ ਦੀਆਂ ਅਸੀਮ ਪਰਤਾਂ, ਅਥਾਹ ਡੂੰਘਾਈ ਅਤੇ ਅੰਬਰ ਜੇਡ ਉਚਾਈ। ਨਹੀਂ ਕੋਈ ਥਾਹ ਇਸ ਦੀ ਅਤੇ ਇਸ ਵਿਚ ਹੋ ਰਹੀਆਂ ਕਿਰਿਆਵਾਂ, ਘਟਨਾਵਾਂ ਅਤੇ ਪ੍ਰਤੀਕਿਰਿਆਵਾਂ ਦੀ। ਇਹ ਦਿਲ ਖ਼ੌਫਜ਼ਦਾ ਹੈ ਕਿ ਹਰਦਮ ਕੀ ਵਾਪਰ ਰਿਹੈ, ਕੀ ਹੋ ਰਿਹੈ, ਕਿਉਂ ਹੋ ਰਿਹੈ, ਕਿਸ ਲਈ ਹੋ ਰਿਹੈ, ਕੌਣ ਕਰ ਰਿਹੈ ਅਤੇ ਕਿਸ ਦੇ ਹਿੱਤਾਂ ਲਈ ਹੋ ਰਿਹਾ ਏ?

ਦਿਲ ਦੀ ਲੋਥੜੇ ਦੀ ਧੜਕਣ ਦੇ ਨਾਲ ਧੜਕਦਾ ਏ ਉਹ ਕੁਝ, ਜਿਸ ਦਾ ਪਤਾ ਸਿਰਫ਼ ਦਿਲ ਨੂੰ ਹੀ ਹੁੰਦਾ ਅਤੇ ਦਿਲ ਕਦੇ ਵੀ ਆਪਣੇ ਆਪ ਨੂੰ ਜੱਗ-ਜ਼ਾਹਰ ਨਹੀਂ ਕਰਦਾ।

ਦਿਲ ਤੋਂ ਦਿਲ ਤੀਕ ਦਾ ਸਫ਼ਰ ਬਹੁਤ ਹੀ ਲੰਮੇਰਾ ਅਤੇ ਦੁਰਾਡਾ। ਭਾਵੇਂ ਕਿ ਇਸ ਦੀ ਦੂਰੀ ਕੁਝ ਕੁ ਛਿਣਾ ਤੀਕ ਹੀ ਸੀਮਤ ਪਰ ਇਸ ਸਫ਼ਰ 'ਤੇ ਤੁਰਨ ਦੀ ਕੋਈ ਲੋੜ ਨਹੀਂ ਸਮਝਦਾ ਅਤੇ ਨਾ ਹੀ ਇਸ ਯਾਤਰਾ ਦੀ ਕਿਸੇ ਨੂੰ ਸੋਝੀ ਹੈ।

ਦਿਲ ਨੂੰ ਟੁੱਕਰ ਲੋਚਦੇ ਭੁੱਖੇ ਪੇਟ ਦੀ ਲੇਰ ਵੀ ਸੁਣਾਈ ਦਿੰਦੀ। ਸੁਪਨਹੀਣ ਅੱਖਾਂ ਵਿਚ ਉਤਰ ਚੁੱਕੀ ਉਦਾਸੀ ਵਿਚ ਉਦਾਸ ਹੋਣ ਦੀ ਤਮੰਨਾ ਵੀ। ਸਿਰ ਦੀ ਛੱਤ ਲੋਚਦਿਆਂ ਲਈ ਹਾਅ ਦਾ ਨਾਅਰਾ ਮਾਰਨਾ ਚਾਹੁੰਦਾ। ਨੰਗੇ ਸਿਰ ਲਈ ਦੁਪੱਟੇ ਦੀ ਲੋਚਾ ਵੀ ਦੁਖਦਾਈ ਕਰਦੀ ਹੈ ਅਤੇ ਨੈਣਾਂ ਦੇ ਅੰਬਰ ਵਿਚ ਗਾੜ੍ਹਾ ਧੁੰਧਲਕਾਨ ਇਸ 'ਚ ਉਤਰਦਾ।

ਦਿਲ ਵਿਚ ਚੀਸਾਂ ਉਠਦੀਆਂ, ਜਦ ਖੇਤ ਰੱਕੜ ਬਣਦੇ, ਫ਼ਸਲਾਂ ਵਿਚ ਖੁਦਕੁਸ਼ੀਆਂ ਉਗਦੀਆਂ, ਆੜ ਵਿਚ ਹੰਝੂਆਂ ਦੀ ਨੈਂ ਵਗਦੀ, ਗੋਭਲ ਕਰੰਬਲਾਂ ਵਿਚ ਹਿਚਕੀਆਂ ਦਾ ਸ਼ੋਰ ਸੁਣਾਈ ਦਿੰਦਾ, ਮੱਕੀ ਦੇ ਦੋਧੇ ਦਾਣਿਆਂ ਨੂੰ ਠੁੰਗਿਆ ਜਾਂਦਾ ਜਾਂ ਵਾੜ ਹੀ ਖੇਤ ਨੂੰ ਖਾਣ ਲੱਗਦੀ। ਜੰਗ ਦੇ ਗਲ ਲੱਗ ਕੇ ਹਾਲੀ ਰੋਂਦਾ ਅਤੇ ਮੋਟਰ ਦੇ ਔਲੂ ਵਿਚ ਸਪਰੇਅ ਵਾਲੀ ਖਾਲੀ ਕੇਨੀ ਤਰਦੀ। ਬੰਨ੍ਹਿਆਂ ਤੇ ਬਿਰਖਾਂ ਦੇ ਨੰਗੇ ਸਿਰਾਂ 'ਤੇ ਬੀਜੜਿਆਂ ਦੇ ਆਲ੍ਹਣਿਆਂ ਦੇ ਬਿਖਰੇ ਤੀਲ੍ਹੇ ਦਰਦ-ਗਾਥਾ ਦੀ ਬਾਤ ਪਾਉਂਦੇ। ਆਲ੍ਹਣਿਆਂ ਦੀ ਸੱਖਣਤਾ ਹੀ ਇਹ ਦਰਸਾਉਣ ਲਈ ਕਾਫ਼ੀ ਕਿ ਪਰਿੰਦਿਆਂ ਤੋਂ ਬਗੈਰ ਮਨੁੱਖ ਸਿਰਫ਼ ਆਪਣੀ ਮਰਨ ਮਿੱਟੀ ਢੋਣ ਜੋਗਾ ਹੀ ਰਹਿ ਗਿਆ ਏ।

ਦਿਲ ਦੇ ਦਰਵਾਜ਼ੇ 'ਤੇ ਹਰਦਮ ਗ਼ਮਾਂ ਦੀ ਦਸਤਕ। ਉਹ ਹਰ ਗ਼ਮ ਦਾ ਹੁੰਗਾਰਾ ਭਰਦਾ, ਜਿਉਂਦੇ ਜੀਅ ਕਈ ਮਾਰ ਮਰਦਾ ਅਤੇ ਮਰਦਿਆਂ ਵੀ ਜਿਉਣ ਤੋਂ ਨਾਂਹ ਨਾ ਕਰਦਾ ਪਰ ਦਿਲ ਆਪਣਾ ਦਰਦ ਕਿਸ ਨੂੰ ਸੁਣਾਵੇ? ਕਿਸ ਦੀ ਬੀਹੀ ਵਿਚ ਫ਼ੱਕਰਾਂ ਵਾਲੀ ਗੇੜੀ ਲਾਵੇ, ਹੋਕਰਾ ਲਗਾਵੇ ਅਤੇ ਦਿਲ 'ਤੇ ਪਿਆ ਹੋਇਆ ਬੋਝ ਘਟਾਵੇ?

ਦਿਲ ਚਾਹੁੰਦਾ ਏ ਕਿ ਕੋਈ ਤਾਂ ਉਸ ਨੂੰ ਗਲ ਨਾਲ ਲਾਵੇ, ਕਿਸੇ ਦੇ ਮੋਢੇ 'ਤੇ ਸਿਰ ਰੱਖ ਸੁਸਤਾਵੇ, ਆਪਣੀ ਵੇਦਨਾ ਦਾ ਪਾਠ ਸੁਣਾਵੇ ਅਤੇ ਇਸ ਵਿਚੋਂ ਕਿਸੇ ਰਾਹਤ ਦਾ ਭਰਮ ਤਾਂ ਉਪਜਾਵੇ ਤਾਂ ਕਿ ਉਹ ਵੀ ਜਿਊਣ ਦਾ ਹੱਕਦਾਰ ਕਹਾਵੇ।

ਦਿਲ ਦਾ ਬਹੁਤ ਮਨ ਕਰਦਾ ਕਿ ਉਹ ਆਪਣੇ ਵਿਹੜੇ ਵਿਚ ਫੁੱਲਾਂ ਦੀ ਖੇਤੀ ਕਰੇ, ਮਹਿਕਾਂ ਨਾਲ ਆਪਣਾ ਅੰਦਰ ਭਰੇ, ਰੰਗਾਂ ਨਾਲ ਖੁਦ ਨੂੰ ਰੰਗੀਨ ਕਰੇ ਅਤੇ ਆਪਣੇ ਅੰਤਰੀਵ ਨੂੰ ਫੁੱਲਾਂ ਵਰਗੀ ਅਉਧ ਦਾ ਨਾਮਕਰਨ ਦੇਵੇ। ਫੁੱਲ ਵਿਚ ਫੁੱਲ ਹੋਣ ਦਾ ਸੁਪਨਾ ਸਾਕਾਰ ਕਰੇ ਤਾਂ ਕਿ ਉਹ 'ਕੇਰਾਂ ਤਾਂ ਮਰੇ ਪਰ ਨਿੱਤ-ਨਿੱਤ ਨਾ ਮਰੇ।

ਦਿਲ ਦੀ ਤਮੰਨਾ ਇਹ ਵੀ ਹੈ ਕਿ ਉਹ ਵੀ ਜਿਉਂਦਾ ਜਾਗਦਾ ਏ। ਉਸ ਦੀਆਂ ਵੀ ਕੋਈ ਭਾਵਨਾਵਾਂ ਨੇ, ਚਾਅ ਨੇ। ਉਸ ਦੀਆਂ ਰੀਝਾਂ ਦੀ ਭਰਪਾਈ ਕੋਈ ਤਾਂ ਕਰੇ। ਉਸ ਦੇ ਦੀਦਿਆਂ ਵਿਚ ਅਪਣੱਤ ਦਾ ਦੀਦਾਰ ਧਰੇ। ਉਸ ਨੂੰ ਕੋਈ ਤਾਂ ਅਪਣਾਵੇ, ਉਸ ਦੇ ਦਰੀਂ ਪੀੜ੍ਹਾ ਡਾਹਵੇ, ਜੀਵਨ ਨਾਦ ਅਲਾਹੇ ਅਤੇ ਜੀਵਨ ਧੁਨਾਂ ਵਿਚੋਂ ਯੁੱਗ ਜਿਊਣ ਦਾ ਰਾਜ਼ 'ਵਾਵਾਂ ਦੇ ਨਾਮ ਲਾਵੇ।

ਦਿਲ ਵੀ ਤਾਂ ਚਾਹੁੰਦਾ ਕਿ ਕੋਈ ਉਸ ਨੂੰ ਸਹਿਲਾਵੇ, ਕੋਲ ਬਿਠਾਵੇ ਤੇ ਉਸ ਦੇ ਅੰਦਰ ਬੈਠੀ ਪੀੜਾ ਨੂੰ ਸੁਣੇ ਅਤੇ ਘਟਾਵੇ ਤਾਂ ਕਿ ਉਹ ਹੋਰਨਾਂ ਦੀ ਪੀੜਾ ਨੂੰ ਸਮਝਣ, ਸਮਾਉਣ ਅਤੇ ਘਟਾਉਣ ਲਈ ਫਿਰ ਤੋਂ ਨਵਾਂ ਨਰੋਇਆ ਹੋ ਕੇ ਕੁਝ ਉਪਰਾਲਾ ਕਰੇ ਅਤੇ ਆਪਣੇ ਜੀਵਨ ਦਾ ਮਕਸਦ ਸਮਿਆਂ ਦੇ ਨਾਮ ਕਰੇ।

ਦਿਲ ਤਾਂ ਆਖ਼ਰ ਦਿਲ ਹੀ ਹੈ, ਕੋਈ ਪੱਥਰ ਤਾਂ ਨਹੀਂ। ਬਹੁਤ ਹੀ ਕੋਮਲ, ਮਾਸੂਮ ਅਤੇ ਸਫ਼ਾਫ਼। ਝਿੜਕਣ 'ਤੇ ਮਸੋਸੇ ਜਾਣ ਵਾਲਾ, ਨਿੱਕੇ ਜਹੇ ਹਿਲੋਰੇ ਨਾਲ ਬਾਗੋ-ਬਾਗ ਹੋਣ ਵਾਲਾ ਪਰ ਜ਼ਰਾ ਕੁ ਜਿੰਨੀ ਆਹਟ ਨਾਲ ਫਿਰ ਉਦਾਸੀ ਦੇ ਸਮੁੰਦਰ ਵਿਚ ਤਾਰੀਆਂ ਲਾਉਣ ਵਾਲਾ।

ਦਿਲ ਦਾ ਮਨ ਕਰਦਾ ਹੈ ਕਿ ਕੋਈ ਉਸ 'ਤੇ ਲਿਖੀ ਹੋਈ ਉਸ ਇਬਾਰਤ ਨੂੰ ਪੜ੍ਹੇ, ਜਿਹੜੀ ਉਹ ਆਪਣਿਆਂ ਨੂੰ ਦਿਖਾਉਣਾ, ਪੜ੍ਹਾਉਣਾ ਅਤੇ ਇਸ ਦੀ ਹਾਥ ਤੇ ਥਾਹ ਪਾਉਣਾ ਲੋਚਦਾ ਪਰ ਕੋਈ ਤਾਂ ਇਸ ਨੂੰ ਪੜ੍ਹੇ। ਇਸ ਵਿਚ ਖੁਦ ਨੂੰ ਉਤਾਰੇ ਅਤੇ ਦਿਲ ਦੀ ਦਰਿਆ-ਦਿਲੀ ਤੋਂ ਖ਼ੁਦ ਨੂੰ ਵਾਰੇ ਪਰ ਕੋਈ ਨਹੀਂ ਅਜਿਹੇ ਵਕਤਾਂ ਵਿਚ ਦਿਲ ਦੇ ਨੇੜੇ ਢੁਕਦਾ।

ਕੌਣ ਸੁਣਦਾ ਏ ਉਸ ਮਾਸੂਮ ਬੱਚੇ ਦੇ ਦਿਲ ਦੀ ਦਾਸਤਾਂ ਜਿਹੜਾ ਟੁੱਕ ਤੋਂ ਲਾਚਾਰ, ਜਿਊਣ ਲਈ ਅਵਾਜ਼ਾਰ। ਜਿਸ ਦਾ ਰੁੜੀਆਂ 'ਤੇ ਵਸਦਾ ਏ ਭਗਵਾਨ ਅਤੇ ਦੁਨੀਆ ਸਿਰਫ਼ ਉਜਾੜ ਦਾ ਨਾਮ। ਉਸ ਦੇ ਅੰਬਰ ਨੂੰ ਵੀ ਦੁੱਖਾਂ ਦੀ ਤਿੱਤਰਖੰਭੀਆਂ ਢੱਕੀ ਰੱਖਦੀਆਂ। ਉਹ ਤਾਂ ਆਪਣੇ ਦਿਲ ਦੀ ਪੀੜਾ ਚੰਦਾ ਮਾਮਾ ਨੂੰ ਵੀ ਨਹੀਂ ਸੁਣਾ ਸਕਦਾ ਕਿਉਂਕਿ ਉੱਚੀਆਂ ਮੰਜ਼ਲਾਂ ਵਾਲਿਆਂ ਨੇ ਝੁੱਗੀਆਂ ਦੇ ਹਿੱਸੇ ਦਾ ਤਾਂ ਚੰਦਰਮਾ ਵੀ ਹਜ਼ਮ ਕਰ ਲਿਆ ਏ।



ਨਹੀਂ ਸੁਣਦਾ ਉਸ ਦਿਲ ਦੇ ਕੋਰੇ ਵਰਕਿਆਂ 'ਤੇ ਲਿਖੀ ਧੁਆਂਖੇ ਸੁਪਨਿਆਂ ਦੀ ਗਾਥਾ, ਜਿਹੜੇ ਅੱਖ ਪੁੱਟਣ ਤੋਂ ਪਹਿਲਾਂ ਹੀ ਦਮ ਤੋੜ ਗਏ। ਸਿਰਫ਼ ਸਿਵਿਆਂ ਦੀ ਸੁੰਨਸਾਨ ਜਾਂ ਕਬਰਾਂ ਦੀ ਚੁੱਪ ਹੀ ਜਿਨ੍ਹਾਂ ਦਾ ਹਾਸਲ ਬਣ ਸਕੀ। ਇਸ ਸੁਪਨੇ ਦੇ ਮਰਨ ਨਾਲ ਹੀ ਮਰ ਗਿਆ ਮਾਪਿਆਂ ਦੇ ਦੀਦਿਆਂ ਵਿਚ ਸਿਰਜਿਆ ਸੁਪਨ-ਸੰਸਾਰ ਅਤੇ ਉਨ੍ਹਾਂ ਦੀਆਂ ਸੱਧਰਾਂ ਦਾ ਉੱਜੜ ਗਿਆ ਘੁੱਗ ਵੱਸਣ ਵਾਲਾ ਘਰ-ਬਾਹਰ।

ਖੇਤ ਦੇ ਦਿਲ 'ਤੇ ਲੱਗੀ ਹੋਈ ਗੁੱਝੀ ਸੱਟ ਦੀ ਚੀਸ ਸਿਰਫ਼ ਉਹੀ ਸੁਣੇਗਾ, ਜਿਸ ਨੂੰ ਖੇਤ ਨਾਲ ਮੋਹ ਹੋਵੇ, ਜਿਸ ਨੇ ਖੇਤ ਵਿਚੋਂ ਮੂਲੀਆਂ ਤੇ ਗਾਜਰਾਂ ਪੁੱਟ ਕੇ ਬਿਨਾਂ ਧੋਤਿਆਂ ਖਾਧੀਆਂ ਹੋਣ, ਜਿਸ ਨੇ ਗੋਡੀ ਕਰਦਿਆਂ ਵਧ ਰਹੀ ਫ਼ਸਲ ਨੂੰ ਪਿਆਰਿਆ ਅਤੇ ਪਾਣੀ ਦਿੰਦਿਆਂ ਦੁਲਾਰਿਆ ਹੋਵੇ, ਜਿਸ ਦੇ ਸਾਹਵੇਂ ਟਾਂਡਿਆਂ 'ਤੇ ਪੂਣੀਆਂ ਕੱਤਦੀਆਂ ਛੱਲੀਆਂ ਨੇ ਆਪਣਾ ਆਕਾਰ ਧਾਰਿਆ ਹੋਵੇ। ਜਿਸ ਨੇ ਦੋਧੀਆ ਛੱਲੀਆਂ ਨੂੰ ਖੂਹ 'ਤੇ ਲੱਕੜੀਆਂ 'ਕੱਠੀਆਂ ਕਰ ਕੇ ਧੂਣੀ ਬਾਲ ਕੇ ਚੱਬਿਆ ਹੋਵੇ ਅਤੇ ਇਨ੍ਹਾਂ ਦਾਣਿਆਂ ਦੀ ਮਿਠਾਸ ਉਸ ਦੇ ਚੇਤਿਆਂ ਵਿਚ ਸਦੀਵੀ ਉੱਕਰੀ ਗਈ ਹੋਵੇ।

ਸੁੰਨੀ ਹਵੇਲੀ ਆਪਣਾ ਦਿਲ ਕਿਸ ਸਾਹਵੇਂ ਫ਼ਰੋਲੇ, ਜਿਸ ਦੀ ਸੁੰਨਤਾ ਉਸ ਨੂੰ ਖਾ ਰਹੀ ਏ, ਜਿਸ ਦੇ ਕਿੱਲਿਆਂ 'ਤੇ ਬੱਝੀਆਂ ਬੂਰੀਆਂ ਝੋਟੀਆਂ ਅਤੇ ਨਾਹਰੇ ਬਲਦਾਂ ਦੀ ਜੋੜੀ ਦਾ ਭੁਲੇਖਾ ਉਸ ਦੀਆਂ ਅੱਖਾਂ ਵਿਚੋਂ ਨਹੀਂ ਨਿਕਲਦਾ। ਨਾ ਹੀ ਉਸ ਨੂੰ ਇਹ ਭੁੱਲਦਾ ਕਿ ਘਰ ਦਾ ਬੁੱਢਾ ਬਾਪੂ ਇਸ ਹਵੇਲੀ ਦਾ ਰਖਵਾਲਾ ਹੁੰਦਾ ਸੀ। ਉਸ ਨੂੰ ਆਪਣੇ ਨਾਲੋਂ ਵੀ ਪਿਆਰੀ ਸੀ ਇਹ ਹਵੇਲੀ, ਇਸ ਦੀਆਂ ਦਾਤਾਂ ਅਤੇ ਇਸ 'ਚ ਵੱਸਣ ਵਾਲੇ ਪਸ਼ੂ, ਪੰਛੀ ਅਤੇ ਹੱਥੀਂ ਬਣਾਈਆਂ ਵਸਤਾਂ ਦਾ ਸੰਸਾਰ। ਬੜਾ ਔਖਾ ਹੁੰਦਾ ਏ ਕਿਸੇ ਲਈ ਆਪਣੇ ਵਸਦੇ-ਰਸਦੇ ਜਹਾਨ ਨੂੰ ਉਜਾੜ ਦੇ ਰੂਪ ਵਿਚ ਦੇਖਣਾ ਅਤੇ ਖੁਦ ਨੂੰ ਹੰਝੂਆਂ ਵਿਚ ਖੋਰਨਾ।

ਭਲਾ ਕਲਮ ਆਪਣੀ ਵੇਦਨਾ ਕਿਸ ਨੂੰ ਸੁਣਾਏ, ਜਿਸ ਦੀ ਠਾਕੀ ਹੋਈ ਜ਼ੁਬਾਨ ਨੂੰ ਆਪਣੀ ਖ਼ੁੱਦਾਰੀ ਸੰਗ ਮਰਨ ਲਈ ਮਜਬੂਰ ਕਰ ਦਿੱਤਾ ਗਿਆ ਹੋਵੇ। ਜਿਸ ਦੇ ਸ਼ਬਦਾਂ ਵਿਚ ਬੁੱਝੇ ਹੋਏ ਦੀਵਿਆਂ ਦਾ ਰੁਦਨ ਸੁਣਾਵੇ, ਜਿਸ ਦੇ ਅਰਥਾਂ ਵਿਚ ਸੂਰਜਾਂ ਦਾ ਰੋਣਾ ਹੋਵੇ ਅਤੇ ਜਿਹੜਾ ਵਰਕਿਆਂ ਦੇ ਨਾਵੇਂ ਸਿਸਕੀਆਂ ਦਾ ਸ਼ੋਰ ਕਰਦੀ ਹੋਵੇ ਜਾਂ ਜਿਸ ਨੂੰ ਆਪਣੀ ਗੱਲੋਂ ਕਹਿਣ ਤੋਂ ਵਰਜ ਦਿੱਤਾ ਗਿਆ ਹੋਵੇ। ਵਰਜੇ ਵਕਤਾਂ, ਵਰਤਾਰਿਆਂ ਅਤੇ ਵਸਤਾਂ ਨੂੰ ਜਦ ਸਮਿਆਂ ਵਿਚੋਂ ਹੀ ਮਨਫ਼ੀ ਕਰ ਦਿੱਤਾ ਜਾਵੇ ਤਾਂ ਕਲਮ ਦੇ ਦਿਲ ਵਿਚ ਅਜਿਹੀ ਖਲਬਲੀ ਮਚਦੀ ਕਿ ਉਹ ਕਲਾ ਅਤੇ ਕੀਰਤੀ ਨੂੰ ਭਸਮ ਕਰਨ ਲੱਗਿਆਂ ਦੇਰ ਨਹੀਂ ਲਾਉਂਦੀ ਅਤੇ ਫਿਰ ਇਸ ਭਸਮ ਵਿਚੋਂ ਕੁਕਨੂਸ ਜਨਮ ਲੈਂਦੀ ਅਤੇ ਰਾਖ ਵਿਚੋਂ ਉਗੇ ਸ਼ਬਦ ਸੂਰਜਾਂ ਦੀ ਬਸਤੀ ਵਸਾਉਂਦੇ ਹਨ ਅਤੇ ਸਮਿਆਂ ਦੇ ਨਾਵੇਂ ਉਜਾਲਾ ਹੀ ਕਰਦੀ ਏ। ਕਲਮ ਦੇ ਦਿਲ ਵਿਚ ਬੈਠੀ ਗੰਢ ਨੂੰ ਖੋਲ੍ਹਣ ਦਾ ਕੋਈ ਨਾ ਕੋਈ ਉਦਮ ਕਰਨਾ। ਵਰਨਾ ਇਹ ਗੰਢਾਂ ਫਿਰ ਮੂੰਹ ਨਾਲ ਵੀ ਨਹੀਂ ਖੁੱਲ੍ਹਦੀਆਂ।

ਦਿਲ ਵਿਚ ਬਹੁਤ ਕੁਝ ਅਜਿਹਾ ਵੀ ਆਉਂਦਾ ਹੈ, ਜੋ ਬੰਦਾ ਸਿਰਫ਼ ਖੁਦ ਨਾਲ ਹੀ ਸਾਂਝਾ ਕਰਨਾ ਚਾਹੁੰਦਾ ਹੈ। ਖ਼ੁਦ ਨਾਲ ਇਸ ਦੀਆਂ ਬਾਤਾਂ ਪਾਉਂਦਾ, ਵਰਚਾਉਂਦਾ ਅਤੇ ਆਪਣੀ ਹਸਤੀ ਨੂੰ ਵਡਿਆਉਂਦਾ ਏ ਪਰ ਸਭ ਤੋਂ ਫ਼ਿਕਰਮੰਦੀ ਦੀ ਗੱਲ ਹੈ ਕਿ ਬੰਦੇ ਕੋਲ ਖੁਦ ਨੂੰ ਹੀ ਮਿਲਣ ਦਾ ਸਮਾਂ ਨਹੀਂ। ਫਿਰ ਉਹ ਆਪਣੇ ਦਿਲ ਦੀ ਕਿੰਝ ਸੁਣੇਗਾ? ਜਦ ਬੰਦੇ ਦੇ ਅੰਦਰ ਵਸਦਾ ਦਿਲ ਹੀ ਬੰਦੇ ਨੂੰ ਹੀ ਕੁਝ ਨਹੀਂ ਸੁਣਾ ਸਕਦਾ ਤਾਂ ਦੱਸੋ ਇਹ ਦਿਲ ਕਿਸ ਕੋਲ ਜਾ ਕੇ ਰੋਣਾ ਰੋਵੇ? ਅੰਦਰਲੀ ਕਾਲਖ ਧੋਵੇ, ਖ਼ੁਦ ਦੇ ਸਾਹਵੇਂ ਖ਼ੁਦ ਤੋਂ ਸੁਰਖ਼ਰੂ ਹੋਵੇ ਅਤੇ ਆਪਣੇ ਦਰਾਂ 'ਤੇ ਸ਼ਗਨਾਂ ਦਾ ਤੇਲ ਚੋਵੇ।

ਦਿਲ ਦੀ ਗੁਥਲੀ ਭਰੀ ਭਰਾਈ
ਪਤਾ ਨਹੀਂ ਵਿਚ ਕੀ?
ਨਾ ਹੀ ਇਸ ਦੀਆਂ ਰਮਜ਼ਾਂ ਜਾਣੇ
ਇਸ 'ਚ ਰਹਿੰਦਾ ਜੀਅ?
ਇਸ ਨਗਰੀ ਕਦੇ ਹਾਸੇ ਗੂੰਜਣ
ਤੇ ਕਦੇ ਰੋਣ-ਆਵਾਜ਼
ਕਦੇ ਇਹ ਮਸਤੀ ਵਿਚ ਮੌਲੇ
ਜਾਪੇ ਜਿਊਣ ਅੰਦਾਜ਼
ਕਦੇ ਇਸ ਦੀਆਂ ਬਰੂਹਾਂ ਵਿਚੋਂ
ਸਿੰਮਦਾ ਖਾਰਾ ਪਾਣੀ
ਕਦੇ ਇਸ ਦੀ ਸਰਦਲ ਉਤੇ
ਨਿੰਮ ਦੀ ਬੱਧੀ ਟਾਹਣੀ
ਕਦੇ ਕਦਾਈਂ ਇਸ ਦੀ ਬੀਹੀ
ਗੂੰਜੇ ਲੰਮੀ ਹੇਕ
ਪਰ ਕਦੇ ਇਸ ਦੇ ਵਿਹੜੇ
ਗੁੰਮਸੁਮ ਵਧੀ ਧਰੇਕ
ਦਿਲ ਦੀਆਂ ਜੂਹਾਂ ਵਿਚ
ਵੱਸਦੇ ਭਲੇ ਜੋ ਲੋਕ
ਉਨ੍ਹਾਂ ਦੀਆਂ ਬਰਕਤਾਂ ਸਦਕਾ
ਧੜਕਦੇ ਰਹੇ ਬੇਰੋਕ।
ਦਿਲ ਕੇਹਾ ਕਿ ਇਸ ਦਾ ਤਾਂ
ਦਮ ਦਾ ਨਹੀਂ ਵਸਾਹ,
ਪਤਾ ਨਹੀਂ ਕਦ ਹੱਸਦਾ-ਹੱਸਦਾ,
ਮਾਰੇ ਉਚੀ ਧਾਹ।
ਜਿੰਦ-ਸਾਜ਼ ਚਲਾਵਣ ਵਾਲੇ ਨੂੰ,
ਖ਼ੁਦ ਦਾ ਨਹੀਂ ਭਰੋਸਾ,
ਕਾਹਦਾ ਕਿਸੇ 'ਤੇ ਸ਼ਿਕਵਾ ਕਰਨਾ
ਕੀਹਦਾ ਕਰਨਾ ਰੋਸਾ।
ਜ਼ਿੰਦਗੀ ਦਾ ਸਫ਼ਰ ਮੁਕਾ ਕੇ,
ਸਮੇਟ ਲੈਣੀ ਇਸ ਸਫ਼,
ਤੇ ਮਿੱਟੀ ਦੀ ਢੇਰੀ ਬਣਨੀ,
ਮਾਸ ਦੇ ਲੋਥੜੇ ਤੇ ਰੱਤ।

ਦਿਲ ਦਿਲਾਂ ਦੀਆਂ ਸੁਣਦਾ ਰਹੇ ਅਤੇ ਦਿਲਾਂ ਦਾ ਹੁੰਗਾਰਾ ਭਰਦਾ। ਹਰੇਕ ਚੁੱਪ ਨੂੰ ਬੋਲ ਬਖ਼ਸ਼ਦਾ ਰਹੇ ਅਤੇ ਸੁੰਨ ਵਿਚ ਵੀ ਰਾਗ-ਰਾਗਣੀ ਪੈਦਾ ਕਰਦਾ ਰਹੇ। ਇਸ ਲਈ ਜ਼ਰੂਰੀ ਹੈ ਕਿ ਦਿਲ ਦਾ ਹਾਲ-ਚਾਲ ਪੁੱਛਦੇ ਰਹੀਏ। ਇਸ ਦੀ ਮਿਜ਼ਾਜ਼ਪੁਰਸ਼ੀ ਬਾਰੇ ਫ਼ਿਕਰਮੰਦ ਰਹੀਏ। ਇਸ ਦੀ ਚਿੰਤਾ ਵਿਚੋਂ ਚੇਤਨਾ ਅਤੇ ਚਿੰਤਨ ਪੈਦਾ ਕਰੀਏ ਕਿਉਂਕਿ ਦਿਲ ਰਿਹਾ ਤਾਂ ਅਸੀਂ ਰਹਾਂਗੇ। ਦਿਲ ਤੋਂ ਬਗੈਰ ਤਾਂ ਅਸੀਂ ਸਿਰਫ਼ ਮਿੱਟੀ ਦੀ ਢੇਰੀ। ਇਸ ਤੋਂ ਪਹਿਲਾਂ ਕਿ ਇਹ ਮਿੱਟੀ ਦੀ ਢੇਰੀ ਬੇਗਾਨੇ ਮੋਢਿਆਂ ਤੇ ਕਬਰਾਂ ਵੱਲ ਦਾ ਸਫ਼ਰ ਆਰੰਭੇ, ਦਿਲ ਦੀਆਂ ਦੁਆਵਾਂ ਮੰਗਿਆ ਕਰੀਏ। ਇਸ ਨੂੰ ਦੁਆ-ਸਲਾਮ ਕਰਦੇ ਰਹੀਏ ਅਤੇ ਪੀੜਾ ਤੋਂ ਇਲਾਵਾ ਕਦੇ ਕਦਾਈਂ ਖ਼ੁਸ਼ੀਆਂ ਦਾ ਨਿਉਂਦਾ ਵੀ ਪਾਈਏ। ਇਸ ਦੀ ਝੋਲੀ ਵਿਚ ਚਾਵਾਂ ਦਾ ਸ਼ਗਨ ਪਾਈਏ ਅਤੇ ਇਸ ਦੀ ਲੰਮੀ ਉਮਰ ਤੇ ਸਿਹਤਯਾਬੀ ਦਾ ਰਿਆਜ਼ ਕਰਦੇ ਰਹੀਏ।

ਦਿਲ ਨੂੰ ਜਦ ਕੋਈ ਆਪਣਾ ਨਹੀਂ ਮਿਲਦਾ ਖ਼ੁਦ ਨੂੰ ਫ਼ਰੋਲਣ ਲਈ ਤਾਂ ਉਹ ਖੁਦ ਨੂੰ ਸ਼ਬਦਾਂ ਦੇ ਹਵਾਲੇ ਕਰਦਾ, ਅਰਥਾਂ 'ਚ ਖ਼ੁਦ ਨੂੰ ਹੰਘਾਲਦਾ ਅਤੇ ਵਰਕਿਆਂ ਦੇ ਸੱਖਣੇਪਣ ਨੂੰ ਆਪਣੀ ਹੋਂਦ ਨਾਲ ਭਰਦਾ। ਇਬਾਰਤ ਵਿਚ ਦਿਲ ਦੀਆਂ ਬਹੁਤ ਸਾਰੀਆਂ ਪਰਤਾਂ ਜ਼ਾਹਰ ਪਰ ਕਈ ਪਰਤਾਂ ਜੱਗ-ਜ਼ਾਹਰ ਹੋਣ ਤੋਂ ਵੀ ਰਹਿ ਜਾਂਦੀਆਂ। ਦਿਲ ਦੀਆਂ ਬਾਤਾਂ ਹੀ ਹੁੰਦੀਆਂ ਜੋ ਕਵਿਤਾ, ਕਹਾਣੀ ਜਾਂ ਕਿਸੇ ਵੀ ਕਿਰਤ ਵਿਚ ਬੈਠੀਆਂ ਹੁੰਦੀਆਂ ਕਿਉਂਕਿ ਇਨ੍ਹਾਂ ਵਿਚ ਕਲਮਕਾਰ ਦੇ ਦਿਲ ਦੀ ਪੀੜਾ ਨੂੰ ਕਦੇ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ।

ਇਹ ਦਿਲ ਦਾ ਆਵਾਗਵਣ ਹੀ ਹੁੰਦਾ, ਜੋ ਕਦੇ ਬੁਰਸ਼ ਦੀਆਂ ਛੋਹਾਂ ਬਣ ਕੇ ਕੈਨਵਸ 'ਤੇ ਫੈਲਦਾ ਅਤੇ ਇਸ ਵਿਚੋਂ ਨਜ਼ਰ ਆਉਂਦੇ ਨਕਸ਼ਾਂ ਵਿਚੋਂ ਦਿਲ ਦੀ ਰਹਿਤਲ ਵਿਚ ਬੈਠੀਆਂ ਉਨ੍ਹਾਂ ਖਾਮੋਸ਼ ਲਹਿਰਾਂ ਦਾ ਸ਼ੋਰ ਹੁੰਦਾ, ਜੋ ਸਿਰਫ਼ ਦਿਲ ਹੀ ਸੁਣਦਾ। ਕੋਈ ਵੀ ਇਸ ਸ਼ੋਰ ਨੂੰ ਸੁਣਨਾ ਨਹੀਂ ਚਾਹੁੰਦਾ ਕਿਉਂਕਿ ਕੌਣ ਕਿਸੇ ਦੇ ਦਰਦ ਨਾਲ ਭਿਆਲੀ ਪਾਵੇ, ਖ਼ੁਦ ਨੂੰ ਸਤਾਵੇ ਅਤੇ ਖੁਦ ਨੂੰ ਤੜਫਾਵੇ। ਲੋਕ ਤਾਂ ਕਿਸੇ ਦੀ ਤੜਫ਼ਣ ਵਿਚੋਂ ਹੀ ਆਪਣੇ ਸਾਹਾਂ ਦੀ ਖ਼ੈਰ ਮੰਗਦੇ।

ਦਿਲ ਦੀਆਂ ਹੂਕਾਂ ਹੀ ਹੁੰਦੀਆਂ, ਜਿਹੜੀਆਂ ਘਰ ਦੀ ਚਾਰ-ਦੀਵਾਰੀ ਵਿਚ ਕੈਦ ਹੋਣ ਤੋਂ ਮੁਨਕਰ ਹੋ, ਹੋਠਾਂ 'ਤੇ ਪਹਿਰਾ ਲਾਉਂਦੀਆਂ ਅਤੇ ਖਾਮੋਸ਼ੀ ਦੀ ਜੂਨ ਹੰਢਾਉਂਦੀਆਂ। ਇਹ ਖਾਮੋਸ਼ੀ ਸ਼ਾਂਤ ਪਾਣੀਆਂ ਦੇ ਅੰਤਰੀਵ ਵਿਚ ਬੈਠੀ ਉਸ ਭੈਅਭੀਤਾ ਦਾ ਰੂਪ ਹੁੰਦਾ, ਜਿਸ ਨੂੰ ਕੋਈ ਵੀ ਦੇਖਣ, ਸਮਝਣ, ਸਮਝਾਉਣ ਅਤੇ ਆਪਣੇ ਮੋਢੇ ਲਾ ਕੇ ਵਰ੍ਹਾਉਣ ਤੋਂ ਸਦਾ ਹੀ ਆਨਾ-ਕਾਨੀ ਕਰਦਾ।

ਦਿਲ ਜਦ ਬਹੁਤ ਹੀ ਜ਼ਿਆਦਾ ਉਪਰਾਮ ਹੁੰਦਾ ਤਾਂ ਇਹ ਲੰਮੀਆਂ ਰਾਤਾਂ ਵਿਚ ਤਾਰਿਆਂ ਨਾਲ ਗੱਲਾਂ ਕਰਦਾ, ਚੰਨ ਨੂੰ ਆਪਣੀ ਵੇਦਨਾ ਸੁਣਾਉਂਦਾ, ਕਦੇ ਬਿਰਖਾਂ 'ਚੋਂ ਝਰਦੀ ਚਾਨਣੀ ਦੀ ਛਾਨਣੀ ਨਾਲ ਆਪਣੀ ਪੀੜਾ ਨੂੰ ਛਾਨਣ ਦੀ ਕੋਸ਼ਿਸ਼ ਕਰਦਾ ਪਰ ਪੱਲੇ ਵਿਚ ਸਿਰਫ਼ ਪੀੜਾ ਦਾ ਛਾਣ ਹੀ ਰਹਿ ਜਾਂਦਾ। ਰਾਤ ਦੀ ਚੁੱਪ ਵੀ ਦਿਲ ਨੂੰ ਬਹੁਤ ਸਮਝਾਉਂਦੀ, ਗੋਦ ਵਿਚ ਲੈ ਕੇ ਸਹਿਲਾਉਂਦੀ ਪਰ ਦਿਲ ਹੈ ਕਿ ਵੱਸ ਵਿਚ ਨਾ ਰਹਿੰਦਾ। ਇਹ ਮੁਖੜੇ ਨੂੰ ਖਾਰੇ ਪਾਣੀਆਂ ਨਾਲ ਧੋਂਦਾ ਅਤੇ ਖੁਦ ਨੂੰ ਖੁਦ ਹੀ ਕੋਂਹਦਾ।

ਦਿਲ ਤਾਂ ਦਿਲ ਹੈ ਦਿਲ ਦਾ ਕਰੀਏ ਕੀ? ਦੁਖੀ ਦਿਲ ਸਦਾ ਲਗੇਂਦਾ ਹੂਕਾਂ ਵਰਗਾ ਜੀਅ। ਇਸ ਦੀਆਂ ਤਹਿਆਂ ਵਿਚ ਛੁਪਿਆ ਹੈ ਦਿਲ ਤੋਂ ਦਿਲ ਤੀਕ ਦਾ ਸਫ਼ਰ ਪਰ ਦਿਲ ਨੂੰ ਦੱਸੇ ਕੌਣ ਸਮਝਾਵੇ ਅਤੇ ਕਿਹੜਾ ਇਸ ਦੀਆਂ ਝੋਲੀਆਂ ਵਿਚ ਸੁਖਨ-ਸਕੂਨ ਦਾ ਸ਼ਗਨ ਪਾਵੇ।

ਦਿਲ ਦੇ ਅੰਦਰ ਬੈਠੀ ਬੇਚੈਨੀ ਤੋਂ ਜਦ ਬਹੁਤ ਬੇਬਸ ਹੋ ਜਾਵਾਂ ਤਾਂ ਫਿਰ ਮੈਂ ਚੁੱਪ ਹੋ ਜਾਂਦਾ ਅਤੇ ਅੱਜ-ਕੱਲ੍ਹੇ ਮੈਂ ਅਕਸਰ ਚੁੱਪ ਹੀ ਰਹਿੰਦਾ ਹਾਂ।

## ਪਾਣੀ 'ਤੇ ਜ਼ੁਲਮ

ਦੁਖਦੀ ਰਗ ਪੰਜਾਬ ਦੀ।
ਮੁਰਝਾਏ ਫੁੱਲ ਗੁਲਾਬ ਦੀ।

ਸਾਰੇ ਪਾਸੇ ਹਾਹਾਕਾਰ ਹੈ।
ਸੁੱਤੀ ਪਈ ਸਰਕਾਰ ਹੈ।

ਧਰਤੀ ਤਾਂ ਸੋਕੇ ਮਾਰੀ ਹੈ।
ਬੰਜਰ ਹੋਣ ਦੀ ਵਾਰੀ ਹੈ।

ਥੱਲੇ ਪਾਣੀ ਮੁੱਕ ਰਿਹਾ।
ਅੰਦਰੋਂ ਸੀਨਾ ਸੁੱਕ ਰਿਹਾ।

ਟੋਭੇ ਛੱਪੜ ਸਭ ਡੱਕੇ ਹੋਏ।
ਤੇ ਸ਼ਹਿਰ ਪਿੰਡ ਪੱਕੇ ਹੋਏ।

ਪੂਰ ਦਿੱਤੇ ਸਾਰੇ ਟਿੱਬੇ ਟੋਏ।
ਪਾਣੀ ਦੱਸੋ ਕਿੱਥੇ ਖਲੋਏ?

ਨਾ ਕੱਚੀ ਥਾਂ ਹੁਣ ਛੱਡੀ ਹੈ।
ਇਹੀ ਮੁਸ਼ਕਲ ਵੱਡੀ ਹੈ।

ਮੀਂਹ ਦਾ ਪਾਣੀ ਖੜ੍ਹੇ ਕਿੱਥੇ?
ਧਰਤੀ ਦੀ ਤ੍ਰੇਹ ਬੁਝੇ ਜਿੱਥੇ।

ਪਾਣੀ ਹੇਠਾਂ ਰਚਦਾ ਨਹੀਂ।
ਸੁੱਕਾ ਢਿੱਡ ਰੱਜਦਾ ਨਹੀਂ।

ਦੂਜਾ ਵੋਟਾਂ ਨੇ ਭਰਮਾ ਲਏ।
ਮੁਫ਼ਤ ਬਿਜਲੀ 'ਤੇ ਲਾ ਲਏ।

ਪਾਣੀ ਕੱਢ ਮੁਕਾਇਆ ਹੈ।
ਗਾਫ਼ਲਾਂ ਕੀਤਾ ਜ਼ਾਇਆ ਹੈ।

ਲੋਕਾਂ ਨੇ ਤੋਬਾ ਨਾ ਕੀਤੀ ਹੈ।
ਬੱਸ ਪਾਣੀ ਨਾਲ ਪ੍ਰੀਤੀ ਹੈ।

ਜਾਗੋ ਜ਼ਰਾ ਸਰਕਾਰੋ, ਲੋਕੋ।
ਪਾਣੀ ਦੀ ਬੱਚਤ ਲਈ ਸੋਚੋ।
**-ਸੇਵਾ ਸਿੰਘ 'ਨੂਰਪੁਰੀ'**

# ਮੌਜੀ ਅਤੇ ਮੋਹਖੋਰਾ ਮੋਹਨ ਭੰਡਾਰੀ

***ਪੰਜਾਬੀ ਸਾਹਿਤ ਜਗਤ ਵਿਚ ਮੋਹਨ ਭੰਡਾਰੀ (14 ਫਰਵਰੀ 1937-26 ਨਵੰਬਰ 2021) ਦੀ ਨਿਵੇਕਲੀ ਪਛਾਣ ਹੈ। ਮੁੱਖ ਰੂਪ ਵਿਚ ਤਾਂ ਉਨ੍ਹਾਂ ਨੇ ਕਹਾਣੀਆਂ ਹੀ ਲਿਖੀਆਂ ਪਰ ਵੱਖ-ਵੱਖ ਲੇਖਕਾਂ ਬਾਰੇ ਉਨ੍ਹਾਂ ਦੇ ਲਿਖੇ ਸ਼ਬਦ ਚਿੱਤਰ ਅਤੇ ਹੋਰ ਭਾਸ਼ਾਵਾਂ ਤੋਂ ਕੀਤੇ ਅਨੁਵਾਦ ਵੀ ਉਨ੍ਹਾਂ ਦੀਆਂ ਕਹਾਣੀਆਂ ਜਿੰਨੇ ਦਿਲਚਸਪ ਅਤੇ ਗਹਿਰੇ ਹਨ। ਉਨ੍ਹਾਂ ਦੀ ਲਿਖੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ, ਮਾਂ!' ਸ਼ਾਹਕਾਰ ਕਹਾਣੀ ਹੈ। ਇਸ ਲੇਖ ਵਿਚ ਉਨ੍ਹਾਂ ਦੇ ਸਮਕਾਲੀ, ਹਾਣੀ ਤੇ ਦੋਸਤ, ਉਘੇ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਮੋਹਨ ਭੰਡਾਰੀ ਦੀ ਸਾਹਿਤ ਸਿਰਜਣਾ ਅਤੇ ਜ਼ਿੰਦਗੀ ਬਾਰੇ ਕੁਝ ਗੱਲਾਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।***

ਮੋਹਨ ਭੰਡਾਰੀ ਦੀ ਜੀਵਨ-ਜੋਤ ਲੰਮੇ ਸਮੇਂ ਤੋਂ ਮੱਧਮ ਪੈਂਦੀ-ਪੈਂਦੀ ਆਖ਼ਰ ਬੁਝ ਗਈ। ਉਹਦੇ ਨਾਲ ਫੋਨ ਰਾਹੀਂ ਗੱਲ ਹੁੰਦੀ ਤਾਂ ਬੋਲ-ਬਾਣੀ ਤੇ ਚਿੱਤ-ਚੇਤਾ ਠੀਕ ਲਗਦੇ। ਪਿਛਲੇ ਸਾਲ ਫਰਵਰੀ ਵਿਚ ਪੰਜਾਬ ਆਰਟ ਕੌਂਸਲ ਨੇ ਜਦੋਂ ਸਾਨੂੰ ਦੋਵਾਂ ਨੂੰ 'ਪੰਜਾਬ ਗੌਰਵ' ਸਨਮਾਨ ਦਿੱਤਾ, ਉਥੇ ਦੇਖਿਆ, ਉਹਨੂੰ ਬੈਠਣ-ਉੱਠਣ ਤੇ ਚੱਲਣ ਵੇਲੇ ਸਹਾਰੇ ਦੀ ਲੋੜ ਪੈਣ ਲੱਗੀ ਸੀ। ਚਲਾਣੇ ਤੋਂ ਥੋੜ੍ਹੇ ਦਿਨ ਪਹਿਲਾਂ ਤੱਕ ਉਹ ਫੋਨ ਫੜ ਕੇ ਗੱਲ ਕਰਦਾ ਸੀ ਤੇ ਗੱਲਬਾਤ ਸਮੇਂ ਵੀ ਕੋਈ ਮਾਨਸਿਕ ਧੁੰਦਲਾਪਨ ਨਹੀਂ ਸੀ ਹੁੰਦਾ। ਉਹ 'ਪੰਜਾਬੀ ਟ੍ਰਿਬਿਊਨ' ਦੀਆਂ ਸੁਰਖੀਆਂ ਦੇਖ ਲੈਂਦਾ ਹੋਣ ਬਾਰੇ ਵੀ ਦਸਦਾ। ਉਹਦੀ ਸਾਥਣ ਨਿਰਮਲ ਖ਼ੁਰਾਕ ਘਟਦੀ ਜਾਣ ਦਾ ਤੇ ਸਰੀਰਕ ਕਮਜ਼ੋਰੀ ਵਧਦੀ ਹੋਣ ਦਾ ਜ਼ਿਕਰ ਕਰਦੀ। ਉਹਦਾ ਜਨਮ 17 ਫ਼ਰਵਰੀ 1937 ਦਾ ਸੀ। ਜ਼ਿਲਾ ਸੰਗਰੂਰ ਦਾ ਪਿੰਡ ਬਨਭੌਰਾ। ਮੈਥੋਂ ਉਹ ਉਨੱਤੀ ਦਿਨ ਵੱਡਾ ਸੀ। ਜਦੋਂ ਮੋਹ ਦੇ ਲੋਰ ਵਿਚ ਆਉਂਦਾ, ਤਾਂ ਆਖਦਾ, "ਉਨੱਤੀ ਤਾਂ ਬਹੁਤ ਵੱਡੀ ਗੱਲ ਹੈ ਭਾਈ ਸਾਹਿਬ, ਵਡੱਤਣ ਤਾਂ ਇਕ ਦਿਨ ਦੀ ਮਾਣ ਨਹੀਂ ਹੁੰਦੀ!" ਮੇਰੇ ਕੋਲ ਉਹਦੀ ਇਸ ਅਪਣੱਤ ਦਾ ਜਵਾਬ ਸੱਤ-ਬਚਨੀਆ ਬਣਨ ਤੋਂ ਬਿਨਾ ਹੋਰ ਕੀ ਹੋ ਸਕਦਾ ਸੀ! ਅਜਿਹੇ ਵੇਲੇ ਉਹਦੀਆਂ

**ਗੁਰਬਚਨ ਸਿੰਘ ਭੁੱਲਰ**
ਫੋਨ: +91-80763-63058


ਅੱਖਾਂ ਵਿਚ ਸਿੱਲ੍ਹ ਸਿੰਮ ਆਉਂਦੀ। ਉਹ ਅਜਿਹਾ ਮਨੁੱਖ ਸੀ ਜਿਸ ਦੇ ਜਾਣ ਨਾਲ ਅਨੇਕ ਮਿੱਤਰ ਆਪਣੇ ਦਿਲ ਦਾ ਇਕ ਕੋਣਾ ਸੁੰਨਾ ਹੋ ਗਿਆ ਮਹਿਸੂਸ ਕਰਨਗੇ। ਉਹ ਅਜਿਹਾ ਕਹਾਣੀਕਾਰ ਸੀ ਜਿਸ ਨੇ ਇਕ-ਦੋ ਨਹੀਂ, ਅਨੇਕ ਕਹਾਣੀਆਂ ਅਜਿਹੀਆਂ ਲਿਖੀਆਂ ਜੋ ਪੀੜ੍ਹੀਆਂ ਤੱਕ ਪਾਠਕਾਂ ਦਾ ਧਿਆਨ ਖਿਚਦੀਆਂ ਤੇ ਉਹਨਾਂ ਦੀ ਪ੍ਰਸੰਸਾ ਖਟਦੀਆਂ ਰਹਿਣਗੀਆਂ।

ਉਹਨੇ ਲਿਖਿਆ ਘੱਟ, ਪੜ੍ਹਿਆ ਬਹੁਤਾ। ਉਹ ਇਸ ਕਹਾਵਤ ਵਿਚ ਵਿਸ਼ਵਾਸ ਰਖਦਾ ਸੀ ਕਿ ਜੇ ਲੇਖਕ ਦਸ ਦਿਨ ਨਾ ਲਿਖੇ, ਕੋਈ ਫ਼ਰਕ ਨਹੀਂ ਪੈਂਦਾ ਪਰ ਜੇ ਉਹ ਇਕ ਦਿਨ ਵੀ ਪੜ੍ਹੇ ਨਾ, ਉਹ ਬਹੁਤ ਘਾਟੇ ਵਿਚ ਰਹਿੰਦਾ ਹੈ। ਉਹਨੇ ਗਲਪ ਦੇ ਉਸਤਾਦ ਮੰਨੇ ਜਾਂਦੇ ਬਾਹਰਲੇ ਲੇਖਕ ਲੱਭ-ਲੱਭ ਕੇ ਪੜ੍ਹੇ ਤੇ ਚੇਤੇ ਵਿਚ ਵਸਾਏ। ਉਰਦੂ ਦੇ, ਖਾਸ ਕਰ ਕੇ ਪੰਜਾਬੀ ਪਿਛੋਕੇ ਵਾਲੇ ਗਲਪਕਾਰ ਤਾਂ ਪੜ੍ਹਨੇ ਤੇ ਗੁੜ੍ਹਨੇ ਹੀ ਹੋਏ! ਉਹਨੇ ਸ਼ਹਿਦ ਦੀ ਮੱਖੀ ਵਾਂਗ ਇਹਨਾਂ ਸਾਰੇ ਫੁੱਲਾਂ ਦਾ ਰਸ ਕਣੀ-ਕਣੀ ਕਰ ਕੇ ਆਪਣੀ ਕਹਾਣੀ-ਕਲਾ ਦੇ ਮਖ਼ਿਆਲ ਵਿਚ ਸੰਜੋਇਆ-ਸਮੋਇਆ ਹੋਇਆ ਸੀ। ਕਹਾਣੀ ਦੀ ਸ਼ੁਰੂਆਤ ਕਰਦਿਆਂ ਉਹਨੇ 'ਮੈਨੂੰ ਟੈਗੋਰ ਬਣਾ ਦੇ, ਮਾਂ' ਲਿਖੀ। ਪੰਜਾਬੀ ਦਾ ਕੋਈ ਪਾਠਕ ਹੀ ਹੋਵੇਗਾ ਜਿਸ ਨੇ ਇਹ ਕਹਾਣੀ ਪੜ੍ਹੀ ਨਾ ਹੋਵੇ। ਇਸ ਲਈ ਵੀ ਕਿ ਇਹ ਮੁੜ-ਮੁੜ ਸਕੂਲੀ ਪੜ੍ਹਾਈ ਦੀਆਂ ਕਿਤਾਬਾਂ ਵਿਚ ਸ਼ਾਮਲ ਹੁੰਦੀ ਰਹੀ ਹੈ। ਅੱਗੇ ਚੱਲ ਕੇ ਇਹ ਉਹਦੇ ਪਹਿਲੇ ਸੰਗ੍ਰਹਿ 'ਤਿਲਚੌਲੀ' ਵਿਚ ਸ਼ਾਮਲ ਹੋਈ।

ਇਸ ਕਹਾਣੀ ਦੀ ਪਕਿਆਈ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਉਹਦੇ ਪੰਜਵੇਂ ਕਹਾਣੀ-ਸੰਗ੍ਰਹਿ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਮਗਰੋਂ ਵੀ ਅਨੇਕ ਲੋਕਾਂ ਦੇ ਦਿਲ ਵਿਚ ਉਹਦੀ ਪ੍ਰਤੀਨਿਧ ਕਹਾਣੀ ਇਹੋ ਹੀ ਬਣੀ ਰਹੀ। ਇਸ ਵਿਚ ਘੁਮਿਆਰਾਂ ਦੇ ਮੁੰਡੇ ਦਾ ਪਾਤਰ ਏਨੀ ਕਲਾਕਾਰੀ ਨਾਲ ਉਸਾਰਿਆ ਗਿਆ ਸੀ ਕਿ ਦੇਖ-ਪੜ੍ਹ ਕੇ ਸੰਤ ਸਿੰਘ ਸੇਖੋਂ ਹੈਰਾਨ ਰਹਿ ਗਏ। ਜਦੋਂ ਉਹ ਅਗਲੀ ਵਾਰ ਕਿਤੇ ਮਿਲੇ, ਇਹਨੂੰ ਪੂਰੀ ਗੰਭੀਰਤਾ ਨਾਲ ਸਵਾਲ ਕੀਤਾ, "ਭੰਡਾਰੀ ਤੂੰ ਘੁਮਿਆਰ ਹੁੰਨੈਂ?" ਮੈਂ ਨਹੀਂ ਸਮਝਦਾ, ਉਸ ਕਹਾਣੀ ਦੀ ਇਸ ਤੋਂ ਵੱਡੀ ਕੋਈ ਹੋਰ ਪ੍ਰਸੰਸਾ ਹੋ ਸਕਦੀ ਹੈ!

ਉਂਜ ਇਕ ਕਹਾਣੀ ਉਹ ਬਹੁਤ ਪਹਿਲਾਂ ਲਿਖ ਚੁੱਕਿਆ ਸੀ। ਇਹ ਪਲੇਠਾ ਸਾਹਿਤਕ ਕਦਮ ਉਹਨੇ ਨੌਵੀਂ ਵਿਚ ਪੜ੍ਹਦਿਆਂ ਹੀ ਕਹਾਣੀ 'ਅੱਧਵਾਟਾ' ਲਿਖ ਕੇ ਚੁੱਕ ਲਿਆ ਸੀ। ਕਹਾਣੀ ਲਿਖਣ ਤੋਂ ਵੀ ਵੱਡੀ ਬਹਾਦਰੀ ਇਹ ਕੀਤੀ ਕਿ ਪਿੰਡ ਦੀ ਕੁੜੀ ਦਾ ਨਾਂ ਵੀ ਅਸਲੀ ਲਿਖ ਦਿੱਤਾ ਤੇ ਹੱਥ ਦੀ ਲਿਖੀ ਹੋਈ ਕਹਾਣੀ ਦੇ ਵੀ ਉਹਨੂੰ ਹੀ ਦਿੱਤੀ। ਉਹ ਦਸਦਾ ਸੀ, "ਮੈਂ ਸ਼ਹੀਦ ਹੁੰਦਾ-ਹੁੰਦਾ ਬਚਿਆ।" ਤੇ ਉਹ ਝੁਰਦਾ ਸੀ, "ਹੁਣ ਤਾਂ ਉਹ ਕਹਾਣੀ ਨਾਇਕਾ ਕੋਲ ਵੀ ਕਿਥੇ ਬਚੀ ਹੋਣੀ ਐ।... ਇਕ ਵਾਰ ਮੈਂ ਅਖ਼ਬਾਰ ਵਿਚ ਲੰਮੀ-ਚੌੜੀ ਇਸ਼ਤਿਹਾਰੀ ਟਿੱਪਣੀ ਵੀ ਛਪਵਾਈ ਸੀ, 'ਜੇ ਕਿਤੇ ਪੜ੍ਹਦੀ-ਸੁਣਦੀ ਹੋਵੇ ਤਾਂ ਮੇਰੀ ਕਹਾਣੀ ਮੋੜ ਦੇਵੇ।' ਪਰ ਜੀ ਕਿਥੇ!"

ਉਹਨੇ "ਜਾਨ ਬਚੀ ਔਰ ਲਾਖੋਂ ਪਾਏ" ਆਖ ਕੇ ਰੱਬ ਦਾ ਸ਼ੁਕਰ ਕੀਤਾ ਤੇ ਕਹਾਣੀ ਲਿਖਣ ਤੋਂ ਤੋਬਾ ਕਰ ਕੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਉਹਨਾਂ ਵੇਲਿਆਂ ਦੀ ਉਹਦੀ ਇਕ ਕਵਿਤਾ ਦੀਆਂ ਕੁਝ ਸਤਰਾਂ ਤਾਂ ਮੈਨੂੰ ਅੱਜ ਵੀ ਯਾਦ ਹਨ: ਭਾਲ ਥੱਕੇ ਹਾਂ ਬੜਾ, ਤੇਰਾ ਘਰ ਨਹੀਂ ਮਿਲਦਾ। ਤੇਰਾ ਘਰ ਮਿਲਦਾ ਹੈ, ਤਾਂ ਤੂੰ ਘਰ ਨਹੀਂ ਮਿਲਦਾ। ਜੀਹਨੂੰ ਮਿਲਦੈਂ ਤੂੰ ਬੱਸ ਐਵੇਂ ਹੀ ਮਿਲ ਜਾਨੈਂ, ਜੀਹਨੂੰ ਨਹੀਂ ਮਿਲਦਾ, ਉਮਰ ਭਰ ਨਹੀਂ ਮਿਲਦਾ!" ਦੇਖੋ, ਉਸ ਕੱਚੀ ਉਮਰ ਵਿਚ ਵੀ ਉਹਦੀ ਕਲਮ ਵਿਚ ਏਨੀ ਪਕਿਆਈ ਹੈ ਸੀ ਕਿ ਇਸ ਕਵਿਤਾ ਨੂੰ ਚਾਹੇ ਪ੍ਰੇਮਿਕਾ ਨਾਲ ਜੋੜ ਲਵੋ ਤੇ ਚਾਹੇ ਰੱਬ ਨਾਲ! ਚੰਗੀ ਗੱਲ ਇਹ ਹੋਈ ਕਿ ਕਵਿਤਾ ਉਹਦੇ ਮਨ ਵਿਚੋਂ ਨਿੱਕਲੀ ਵਿਧਾ ਨਹੀਂ ਸੀ ਸਗੋਂ ਉਹ ਝੱਲ ਸੀ ਜੋ ਉਸ ਉਮਰ ਵਿਚ ਲਗਭਗ ਹਰ ਲੇਖਕ ਨੂੰ ਚੜ੍ਹਦਾ ਹੈ ਤੇ ਕੁਝ ਪਰਪੱਕਤਾ ਆਉਣ ਨਾਲ ਇਹ ਦੌਰਾ ਆਪੇ ਹੀ ਹਟ ਜਾਂਦਾ ਹੈ। ਉਹ ਕਹਾਣੀ ਵੱਲ ਪਰਤ ਆਇਆ ਤੇ ਫੇਰ ਕਹਾਣੀ ਦਾ ਹੀ ਹੋ ਰਿਹਾ।



*ਪੰਜਾਬ ਆਰਟ ਕੌਂਸਲ ਦਾ 'ਪੰਜਾਬ ਗੌਰਵ' ਸਨਮਾਨ ਲੈਣ ਸਮੇਂ ਮੋਹਨ ਭੰਡਾਰੀ ਅਤੇ ਗੁਰਬਚਨ ਸਿੰਘ ਭੁੱਲਰ।*

ਮੋਹਨ ਜ਼ਿੰਦਗੀ ਦੇ ਵਿਸ਼ਾਲ ਪਿੜ ਵਿਚੋਂ ਛਾਂਟ-ਛਾਂਟ ਕੇ ਵਿਸ਼ੇ ਚੁਣਨ ਦਾ ਉਸਤਾਦ ਸੀ। ਇਹਨਾਂ ਵਿਸ਼ਿਆਂ ਨੂੰ ਉਹ ਸਰਲ ਜ਼ਬਾਨ, ਦਿਲਚਸਪ ਬਿਆਨ, ਸੁਭਾਵਿਕ ਮੋੜਾਂ ਅਤੇ ਸਫਲ ਨਿਭਾਅ ਨਾਲ ਪੇਸ਼ ਕਰਦਾ ਸੀ। ਉਹਦੀ ਸਾਰੀ ਉਮਰ ਡੀ.ਪੀ.ਆਈ. ਦੇ ਦਫ਼ਤਰ ਵਿਚ ਨੌਕਰੀ ਕਰਦਿਆਂ ਲੰਘੀ ਜਿਥੇ ਉਹਦਾ ਵਾਹ ਦੀਨ-ਦੁਖਿਆਰੇ ਅਧਿਆਪਕਾਂ ਤੇ ਕਲਰਕਾਂ ਨਾਲ ਪੈਂਦਾ ਸੀ। ਉਹਦੇ ਬਹੁਤੇ ਪਾਤਰ, ਇਸਤਰੀਆਂ ਵੀ ਅਤੇ ਪੁਰਸ਼ ਵੀ, ਸਮੇਂ ਅਤੇ ਸਮਾਜ ਦੇ ਦਰੜੇ ਤੇ ਪਰੇਸ਼ਾਨੇ ਹੋਏ ਲੋਕ ਹਨ। ਇਕ ਗੱਲ ਬੜੀ ਦਿਲਚਸਪ ਹੈ। ਲੋਕ-ਹਿਤੈਸ਼ੀ ਸਾਹਿਤ ਨੂੰ ਪੂਰੀ ਤਰ੍ਹਾਂ ਸਮਰਪਿਤ ਰਹਿੰਦਿਆਂ ਵੀ ਉਹ ਸਰਗਰਮ ਰਾਜਨੀਤੀ ਤੋਂ, ਲੋਕ-ਹਿਤੈਸ਼ੀ ਰਾਜਨੀਤੀ ਤੋਂ ਵੀ, ਕੋਹਾਂ ਦੂਰ ਰਿਹਾ। ਹਾਂ, ਪੰਜਾਬੀ ਦੇ ਹੱਕੀ ਸਥਾਨ ਲਈ ਲੇਖਕਾਂ ਦੇ ਧਰਨਿਆਂ ਤੇ ਮੁਜ਼ਾਹਰਿਆਂ ਵਿਚ ਉਹ ਪੂਰੇ ਜੋਸ਼ ਤੇ ਸਿਦਕ ਨਾਲ ਸ਼ਾਮਲ ਹੁੰਦਾ। ਇਕ ਵਾਰ ਇਕ ਸੱਜਨ ਨੇ ਪੁੱਛਿਆ, "ਭੰਡਾਰੀ ਜੀ, ਤੁਸੀਂ ਕਾਂਗਰਸ ਵਿਚ ਹੋ ਜਾਂ ਜਨਤਾ ਪਾਰਟੀ ਵਿਚ? ਸੀ.ਪੀ.ਐਮ. ਵਿਚ ਹੋ ਕਿ ਸੀ.ਪੀ.ਆਈ. ਵਿਚ?" ਉਹਦਾ ਉੱਤਰ ਸੀ, "ਡੀ.ਪੀ.ਆਈ. ਵਿਚ!"

ਉਹਦੀ ਇਕ ਆਦਤ ਅਜੀਬ ਸੀ। ਇਹ ਸ਼ਾਇਦ ਉਹਨੂੰ ਛੋਟੀ ਉਮਰੇ ਆਂਢੀਆਂ-ਗੁਆਂਢੀਆਂ ਦੀਆਂ ਚਿੱਠੀਆਂ ਲਿਖ-ਲਿਖ ਪਈ ਸੀ ਜੋ ਸਾਨੂੰ ਸਭ ਨੂੰ ਹੀ ਲਿਖਣੀਆਂ ਪੈਂਦੀਆਂ ਸਨ। ਨਿਆਣੇ ਤੋਂ ਸਿਆਣਾ ਹੋ ਗਿਆ ਪਰ ਉਹਨੇ ਇਹ ਆਦਤ ਛੱਡਣ ਦੀ ਲੋੜ ਨਾ ਸਮਝੀ। ਇਹ ਸੀ ਸਕੂਲ ਵਿਚ ਚਿੱਠੀ ਲਿਖਣੀ ਸਿਖਾਏ ਅਨੁਸਾਰ ਪਹਿਲਾਂ ਆਪ ਹੀ ਚਿੱਠੀ ਲਿਖਾਉਣ ਵਾਲੇ ਦਾ ਸਿਰਨਾਵਾਂ ਲਿਖ ਦੇਣਾ ਅਤੇ ਫੇਰ ਗੁਰਮੁਖੀ ਵਿਚ "ਯਹਾਂ ਪਰ ਖ਼ੈਰੀਅਤ ਹੈ, ਆਪ ਜੀ ਕੀ ਖ਼ੈਰੀਅਤ ਵਾਹਿਗੁਰੂ ਪਾਸੋਂ ਚਾਹੁੰਦੇ ਹਾਂ, ਸੂਰਤ-ਹਵਾਲ ਯਿਹ ਹੈ ਕਿ..." ਲਿਖ ਕੇ ਕਲਮ ਰੋਕਣੀ ਤੇ ਪੁੱਛਣਾ, "ਹਾਂ ਜੀ, ਦੱਸੋ, ਕੀ ਲਿਖਣਾ ਹੈ?" ਮੋਹਨ ਚਿੱਠੀ, ਜੇ 'ਸੂਰਤ-ਹਵਾਲ' ਲੰਮਾ ਨਾ ਹੋਵੇ, ਹਮੇਸ਼ਾ ਕਾਰਡ ਉੱਤੇ ਲਿਖਦਾ ਸੀ ਅਤੇ ਸੱਜੇ ਕੋਣੇ ਵਿਚ 3284/1, ਸੈਕਟਰ 44-ਡੀ, ਚੰਡੀਗੜ੍ਹ ਜ਼ਰੂਰ ਲਿਖਦਾ ਸੀ ਤੇ ਨਾਲ ਤਾਰੀਖ਼ ਵੀ ਪਾ ਦਿੰਦਾ ਸੀ। ਜਦੋਂ ਮੈਨੂੰ ਵੀ ਚਿੱਠੀ ਲਿਖਦਾ, ਜੋ ਪੰਜਾਹ ਵਾਰ ਉਹਦੇ ਘਰ ਜਾ ਚੁੱਕਿਆ ਸੀ, ਉਹ ਇਹ ਰੀਤ ਪਾਲਣੀ ਨਹੀਂ ਸੀ ਭੁਲਦਾ। ਮੈਂ ਮਖ਼ੌਲ ਕਰਦਾ, "ਜੇ ਨਿਰਮਲ ਭਾਬੀ ਕੁਝ ਦਿਨਾਂ ਲਈ ਪੇਕੇ ਗਈ ਹੋਵੇ ਤੇ ਤੂੰ ਉਹਨੂੰ ਚਿੱਠੀ ਲਿਖਣੀ ਹੋਵੇ, ਉਸ ਕਾਰਡ ਦੇ ਉਤਲੇ ਸੱਜੇ ਖੂੰਜੇ ਵਿਚ ਵੀ ਆਪਣਾ ਪੂਰਾ ਪਤਾ ਜ਼ਰੂਰ ਲਿਖੇਂਗਾ!" ਸਿੱਟਾ ਇਹ ਹੋਇਆ ਕਿ ਜਿਸ ਪਾਠਕ-ਲੇਖਕ ਨਾਲ ਇਕ ਵਾਰ ਉਹਦੀ ਚਿੱਠੀ ਦੀ ਆਵਾਜਾਈ ਹੋ ਜਾਂਦੀ, ਉਹ ਕਿਸੇ ਕੰਮ ਚੰਡੀਗੜ੍ਹ ਆਉਣ ਵੇਲੇ ਇਹਦਾ ਕਾਰਡ ਦੂਹਰਾ ਕਰ ਕੇ ਜੇਬ ਵਿਚ ਪਾਉਂਦਾ ਅਤੇ ਆਪਣੇ ਪਿਆਰੇ ਕਹਾਣੀਕਾਰ ਦੇ ਦਰਸ਼ਨ ਕਰਨ ਪਹੁੰਚ ਜਾਂਦਾ। ਇਸੇ ਕਾਰਨ ਮੈਂ ਬਹੁਤ ਪਹਿਲਾਂ ਉਹਦੇ ਘਰ ਦਾ ਨਾਂ 'ਡੇਰਾ ਬਾਬਾ ਮੋਹਨ ਭੰਡਾਰੀ' ਰੱਖ ਦਿੱਤਾ ਸੀ।

ਇਸ ਡੇਰੇ ਦੇ ਸਿਰਨਾਵੇਂ ਦੀ ਕਥਾ ਵੀ ਨਿਰਾਲੀ ਸੀ। ਡਾ. ਮਹਿੰਦਰ ਸਿੰਘ ਰੰਧਾਵਾ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਸਨ। ਜਿਵੇਂ ਸਭ ਜਾਣਦੇ ਹੀ ਹਨ, ਉਹ ਲੇਖਕਾਂ ਤੇ ਕਲਾਕਾਰਾਂ ਦੇ ਬੜੇ ਮਿਹਰਬਾਨ ਕਦਰਦਾਨ ਸਨ। ਚੰਡੀਗੜ੍ਹ ਸਾਹਿਤ ਅਕਾਦਮੀ ਵਿਚ ਮੋਹਨ ਨੇ ਕਹਾਣੀ ਪੜ੍ਹਨੀ ਸੀ ਤੇ ਰੰਧਾਵਾ ਸਾਹਿਬ ਪ੍ਰਧਾਨਗੀ ਲਈ ਬੁਲਾਏ ਹੋਏ ਸਨ। ਉਹ ਇਸ ਮੁੰਡੇ ਨੂੰ ਪਹਿਲੀ ਵਾਰ ਦੇਖ-ਸੁਣ ਰਹੇ ਸਨ। ਕਹਾਣੀ ਉਹਨਾਂ ਨੂੰ ਭਾਅ ਗਈ। ਉਹਨੀਂ ਦਿਨੀਂ ਹੀ ਇਹਦਾ ਕਹਾਣੀ-ਸੰਗ੍ਰਹਿ 'ਤਿਲਚੌਲ਼ੀ' ਛਪਿਆ। ਰੰਧਾਵਾ ਸਾਹਿਬ ਦੀ ਨਜ਼ਰੋਂ ਲੰਘਿਆ ਤਾਂ ਉਹਨਾਂ ਨੇ ਚੰਡੀਗੜ੍ਹ ਸਾਹਿਤ ਅਕਾਦਮੀ ਤੋਂ 'ਤਿਲਚੌਲ਼ੀ' ਨੂੰ ਪਹਿਲਾ ਪੁਰਸਕਾਰ ਵੀ ਦੁਆਇਆ ਤੇ 'ਤਿਲਚੌਲ਼ੀ' ਦੇ ਲੇਖਕ ਨੂੰ ਅਕਾਦਮੀ ਦੀ ਐਗਜ਼ੈਕਟਿਵ ਦਾ ਮੈਂਬਰ ਵੀ ਬਣਵਾਇਆ। ਫੇਰ ਕਿਤੇ ਮਿਲੇ ਤਾਂ ਰੰਧਾਵਾ ਸਾਹਿਬ ਕਹਿੰਦੇ, "ਤੇਰੇ ਘਰ ਚੱਲਾਂਗੇ ਕਿਸੇ ਦਿਨ।"

ਇਹਨੇ ਕਿਹਾ, "ਸੁਆਹ ਘਰ ਐ ਉਹ! ਬਾਰਾਂ ਟਾਈਪ ਦਾ ਅੱਧਾ ਕੁਆਰਟਰ।"

ਉਹ ਝੱਟ ਬੋਲੇ, "ਲਿਆ ਅਰਜ਼ੀ, ਪੂਰਾ ਕਰ ਦਿਆਂ।" ਅਰਜ਼ੀ ਉੱਤੇ ਉਹਨਾਂ ਨੇ ਲਿਖਿਆ, "ਮੋਹਨ ਭੰਡਾਰੀ ਪੰਜਾਬੀ ਦਾ ਬਹੁਤ ਵਧੀਆ ਕਹਾਣੀਕਾਰ ਹੈ। ਅੱਧੇ ਮਕਾਨ ਵਿਚ ਇਹਦੇ ਲਿਖਣ-ਪੜ੍ਹਨ ਵਿਚ ਵਿਘਨ ਪੈਂਦਾ ਹੈ। ਇਹਨੂੰ ਇਹਦਾ ਬਣਦਾ, ਜਿਸ ਦਾ ਇਹ ਹੱਕਦਾਰ ਹੈ, ਪੂਰਾ ਮਕਾਨ ਅਲਾਟ ਕੀਤਾ ਜਾਵੇ, ਇਹਦੀ ਪਸੰਦ ਦਾ।"

ਅਰਜ਼ੀ ਲੈ ਕੇ ਇਹ ਦਫ਼ਤਰ ਦੇ ਅਧਿਕਾਰੀ ਕੋਲ ਗਿਆ। ਉਹਨੇ ਅਰਜ਼ੀ ਫੜ ਕੇ ਰੰਧਾਵਾ ਜੀ ਦਾ ਹੱਥੀਂ ਲਿਖਿਆ ਹੁਕਮ ਗਹੁ ਨਾਲ ਪੜ੍ਹਿਆ ਤੇ ਪਤਲੂ ਜਿਹੇ ਮੁੰਡੇ ਨੂੰ ਪਿਆਰ ਨਾਲ ਪੁਚਕਾਰ ਕੇ ਆਖਿਆ, "ਠੀਕ ਹੈ ਕਾਕਾ, ਤੂੰ ਜਾ, ਭੰਡਾਰੀ ਸਾਹਿਬ ਨੂੰ ਭੇਜ।"

ਜਦੋਂ ਰੰਧਾਵਾ ਸਾਹਿਬ ਨੂੰ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦਾ ਵੀ.ਸੀ. ਬਣਾਏ ਜਾਣ ਦੀ ਸੋਅ ਮਿਲੀ, ਉਹਨਾਂ ਨੇ ਜਾਂਦਿਆ-ਜਾਂਦਿਆਂ ਵੀ ਕੁਝ ਲੇਖਕਾਂ ਤੇ ਹੋਰਾਂ ਦਾ ਭਲਾ ਕਰਨ ਬਾਰੇ ਸੋਚਿਆ। ਮੋਹਨ ਤੋਂ ਵੀ ਅਰਜ਼ੀ ਮੰਗ ਲਈ ਤੇ ਇਹਨੂੰ 15 ਸੈਕਟਰ ਵਿਚ ਕੋਣੇ ਵਾਲਾ ਇਕ ਪਲਾਟ ਦੁਆ ਦਿੱਤਾ। ਭਾਅ 28 ਰੁਪਏ ਵਰਗ ਗ਼ਜ਼। ਇਹਨੇ ਸ਼ਰਤ ਅਨੁਸਾਰ ਬਿਆਨੇ ਦੇ ਪੈਸੇ ਭਰ ਦਿੱਤੇ। ਰੰਧਾਵਾ ਸਾਹਿਬ ਲੁਧਿਆਣੇ ਚਲੇ ਗਏ। ਇਹ ਬਾਕੀ ਪੈਸੇ ਭਰਨ ਗਿਆ ਤਾਂ ਦਫ਼ਤਰੀਏ ਕਹਿੰਦੇ, ਤਾਰੀਖ਼ ਤੋਂ ਇਕ ਹਫ਼ਤਾ ਪਛੜ ਕੇ ਆਏ ਹੋ, 28 ਦੀ ਥਾਂ 39 ਰੁਪਏ ਦੇ ਹਿਸਾਬ ਚੈੱਕ ਲਿਆਓ। ਇਹਦਾ ਸਵੈਮਾਣ ਗ਼ਲਤ ਮੌਕੇ ਆਕੜ ਵਿਚ ਬਦਲ ਗਿਆ, "ਗਿਆਰਾਂ ਰੁਪਈਏ ਹੋਰ ਕਾਹਦੇ? ਕਿਉਂ ਦੇਵਾਂ ਮੈਂ ਗਿਆਰਾਂ ਰੁਪਈਏ ਵੱਧ?" ਕਲਰਕ ਦੇ ਕਾਰਨ ਦੱਸੇ ਤੋਂ ਇਹਨੇ ਮਨ ਹੀ ਮਨ ਤਾਂ ਗਾਲ਼ਾਂ ਦਿੱਤੀਆਂ, 'ਸਾਲ਼ੇ ਲੁਟੇਰੇ... ਮੈਨੂੰ ਠੱਗਣ ਨੂੰ ਫਿਰਦੇ ਐ...', ਪਰ ਬੋਲ ਕੇ ਆਖਿਆ, "ਮੈਂ ਨਹੀਂ ਦੇਣੇ ਗਿਆਰਾਂ ਰੁਪਈਏ ਵੱਧ! ਚੱਕੋ ਆਬਦਾ ਪਲਾਟ ਤੇ ਐਧਰ ਧਰੋ ਮੇਰਾ ਬਿਆਨਾ!" ਜਿਨ੍ਹਾਂ ਕਲਰਕਾਂ ਉੱਤੇ ਲੋਕ ਮਹੀਨਿਆਂ-ਬੱਧੀ ਕੰਮ ਨਾ ਕਰਨ ਦਾ ਦੋਸ਼ ਲਾਉਂਦੇ ਹਨ, ਉਹਨਾਂ ਨੇ ਐਨੀ ਚੁਸਤੀ ਦਿਖਾਈ ਕਿ ਪੰਜ ਮਿੰਟ ਵਿਚ ਇਹਦੇ ਪੈਸੇ ਇਹਦੀ ਹਥੇਲੀ ਉੱਤੇ ਰੱਖ ਦਿੱਤੇ। ਇਹ ਪੈਸੇ ਮੁੜਵਾ ਕੇ ਖ਼ੁਸ਼ ਤੇ ਦਫ਼ਤਰੀਏ ਇਸ ਕਰਕੇ ਖ਼ੁਸ਼ ਕਿ ਉਸ ਪਲਾਟ ਉੱਤੇ ਇਕ ਰਸੂਖ਼ਵਾਨ ਅਧਿਕਾਰੀ ਦੀ ਅੱਖ ਸੀ ਤੇ ਉਹਨੇ ਦਫ਼ਤਰ ਵਾਲਿਆਂ ਨੂੰ ਕਹਿ ਰੱਖਿਆ ਸੀ ਕਿ ਮੋਹਨ ਭੰਡਾਰੀ ਨਾਂ ਦਾ ਬੰਦਾ ਜੇ ਕਿਸੇ ਕਾਰਨ ਪੈਸੇ ਨਾ ਭਰੇ, ਇਹ ਪਲਾਟ ਮੇਰੇ ਨਾਂ ਕਰ ਦੇਣਾ! ਕਮਾਲ ਇਹ ਹੈ ਕਿ ਮਗਰੋਂ ਦੀ ਜ਼ਿੰਦਗੀ ਵਿਚ ਮੋਹਨ ਨੂੰ ਆਪਣੇ ਏਸ ਕਾਰਨਾਮੇ ਦਾ ਮਲਾਲ ਵੀ ਕਦੀ ਨਹੀਂ ਸੀ ਹੋਇਆ।

ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰਨ ਵਾਲੀ ਉਹਦੀ ਪੁਸਤਕ 'ਮੂਨ ਦੀ ਅੱਖ' ਨੂੰ ਪੰਜਾਬੀ ਦੇ ਇਕ ਅਖ਼ਬਾਰ ਨੇ ਇਹ ਖ਼ਬਰ ਛਾਪਣ ਸਮੇਂ 'ਮਨ ਦੀ ਅੱਖ' ਲਿਖ ਦਿੱਤਾ। ਪੜ੍ਹ ਕੇ ਲੱਗਿਆ, ਅਖ਼ਬਾਰ ਦੀ ਇਹ ਗ਼ਲਤੀ ਕਿੰਨੀ ਸਹੀ ਹੈ। ਮੋਹਨ ਉਹੋ ਲਿਖਦਾ ਸੀ ਜੋ ਉਹਦੀ ਮਨ ਦੀ ਅੱਖ ਦੇਖਦੀ ਅਤੇ ਦਸਦੀ ਸੀ। ਉਹਨੇ ਕੇਵਲ ਬਾਹਰਲੀਆਂ ਅੱਖਾਂ ਨਾਲ ਦੇਖਿਆ ਹੋਇਆ ਕਦੀ ਨਹੀਂ ਸੀ ਲਿਖਿਆ। ਉਹ ਛੋਟੇ-ਛੋਟੇ, ਸਰਲ-ਸਵਾਹਰੇ ਵਾਕ ਜੋੜ-ਜੋੜ ਕੇ ਕਹਾਣੀ ਸਿਰਜਦਾ ਸੀ। ਕੋਈ ਕਾਹਲ ਨਹੀਂ, ਕੋਈ ਚਲਾਊ ਕੰਮ ਨਹੀਂ। ਇਕ ਕਹਾਣੀ ਨੂੰ ਨਿੰਮਣ ਤੋਂ ਲੈ ਕੇ ਜੰਮਣ ਤੱਕ ਹਫ਼ਤੇ ਵੀ ਲੱਗ ਸਕਦੇ ਸਨ, ਮਹੀਨੇ ਵੀ ਤੇ ਵਰ੍ਹੇ ਵੀ। ਇਉਂ ਮਠਾਰ-ਮਠਾਰ ਕੇ ਲਿਖੀ ਹੋਈ ਕਹਾਣੀ ਉੱਤੇ ਉਹਨੂੰ ਵਾਜਬ ਮਾਣ ਹੁੰਦਾ ਸੀ। ਮੌਲਕ ਰਚਨਾ ਤੋਂ ਇਲਾਵਾ ਉਹਨੇ ਕੁਝ ਪੁਸਤਕਾਂ ਪੰਜਾਬੀ ਵਿਚ ਅਨੁਵਾਦ ਵੀ ਕੀਤੀਆਂ ਤੇ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਉਹਦੀਆਂ ਆਪਣੀਆਂ ਕਹਾਣੀਆਂ ਦੇ ਅਨੁਵਾਦ ਦੀਆਂ ਹਿੰਦੀ ਵਿਚ ਦੋ ਪੁਸਤਕਾਂ ਛਪੀਆਂ। ਉਹਨੂੰ ਹੱਕੀ ਮਾਣ-ਸਨਮਾਨ ਵੀ ਖਾਸੇ ਮਿਲੇ।

ਮੋਹਨ ਜਜ਼ਬਾਤੀ ਬੰਦਾ ਸੀ ਜਿਵੇਂ ਹਰੇਕ ਚੰਗਾ ਲੇਖਕ ਹੁੰਦਾ ਹੀ ਹੈ। ਪਾਤਰ ਕੋਈ ਵੀ ਹੋਵੇ, ਉਹਦੇ ਦੁਖ-ਦਰਦ ਨਾਲ ਉਹਦੀ ਅੱਖ ਵਿਚ ਉਹ ਹੰਝੂ ਆ ਲਿਸ਼ਕਦਾ ਸੀ ਜੋ ਉਹਦੀ ਕਹਾਣੀ ਵਾਲੀ ਮੂਨ ਦੀ ਅੱਖ ਵਿਚ ਅਟਕਿਆ ਹੋਇਆ ਸੀ।

ਅਸਲ ਵਿਚ ਉਹ ਕੇਵਲ 'ਮੂਨ ਦੀ ਅੱਖ' ਪੁਸਤਕ ਵਾਲਾ ਮੋਹਨ ਭੰਡਾਰੀ ਹੀ ਨਹੀਂ ਸੀ, ਮਨੁੱਖ ਵਜੋਂ ਵੀ ਮੂਨ ਦੀ ਅੱਖ ਵਾਲਾ ਮੋਹਨ ਭੰਡਾਰੀ ਸੀ! ਬਾਰਾਂ ਚੋਣਵੀਆਂ ਕਹਾਣੀਆਂ ਦਾ ਆਪਣਾ ਸੰਗ੍ਰਹਿ 'ਤਣ-ਪੱਤਣ' ਮੈਨੂੰ ਭੇਟ ਕਰਦਿਆਂ ਉਹਨੇ ਲਿਖਿਆ: "ਦੋਸਤੀ ਦੇ ਉਸ ਪੜਾਅ ਦੇ ਨਾਂ ਜਿਥੇ ਵਿਸ਼ੇਸ਼ਣਾਂ ਦੀ ਮੁਥਾਜੀ ਨਹੀਂ ਹੁੰਦੀ! ਗੁਰਬਚਨ ਸਿੰਘ ਭੁੱਲਰ ਨੂੰ!" ਵਿਸ਼ੇਸ਼ਣਾਂ ਦੀ ਮੁਥਾਜੀ ਤੋਂ ਉੱਚੀ ਉੱਠੀ ਹੋਈ ਦੋਸਤੀ ਵਾਲੇ ਮੌਜੀ ਤੇ ਮੋਹਖੋਰੇ ਮਨੁੱਖ ਅਤੇ ਸਵੈਮਾਨੀ ਤੇ ਸੰਜੀਦਾ ਸਾਹਿਤਕਾਰ ਨੂੰ ਆਖ਼ਰੀ ਵਿਦਾਅ ਕਹਿੰਦਿਆਂ ਦਿਲ ਨੇ ਤਾਂ ਡੁੱਬਣਾ ਹੀ ਹੋਇਆ!

***ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰਨ ਵਾਲੀ ਉਹਦੀ ਪੁਸਤਕ 'ਮੂਨ ਦੀ ਅੱਖ' ਨੂੰ ਪੰਜਾਬੀ ਦੇ ਇਕ ਅਖ਼ਬਾਰ ਨੇ ਇਹ ਖ਼ਬਰ ਛਾਪਣ ਸਮੇਂ 'ਮਨ ਦੀ ਅੱਖ' ਲਿਖ ਦਿੱਤਾ। ਪੜ੍ਹ ਕੇ ਲੱਗਿਆ, ਅਖ਼ਬਾਰ ਦੀ ਇਹ ਗ਼ਲਤੀ ਕਿੰਨੀ ਸਹੀ ਹੈ। ਮੋਹਨ ਉਹੋ ਲਿਖਦਾ ਸੀ ਜੋ ਉਹਦੀ ਮਨ ਦੀ ਅੱਖ ਦੇਖਦੀ ਅਤੇ ਦਸਦੀ ਸੀ। ਉਹਨੇ ਕੇਵਲ ਬਾਹਰਲੀਆਂ ਅੱਖਾਂ ਨਾਲ ਦੇਖਿਆ ਹੋਇਆ ਕਦੀ ਨਹੀਂ ਸੀ ਲਿਖਿਆ। ਉਹ ਛੋਟੇ-ਛੋਟੇ, ਸਰਲ-ਸਵਾਹਰੇ ਵਾਕ ਜੋੜ-ਜੋੜ ਕੇ ਕਹਾਣੀ ਸਿਰਜਦਾ ਸੀ। ਕੋਈ ਕਾਹਲ ਨਹੀਂ, ਕੋਈ ਚਲਾਊ ਕੰਮ ਨਹੀਂ। ਇਕ ਕਹਾਣੀ ਨੂੰ ਨਿੰਮਣ ਤੋਂ ਲੈ ਕੇ ਜੰਮਣ ਤੱਕ ਹਫ਼ਤੇ ਵੀ ਲੱਗ ਸਕਦੇ ਸਨ, ਮਹੀਨੇ ਵੀ ਤੇ ਵਰ੍ਹੇ ਵੀ। ਇਉਂ ਮਠਾਰ-ਮਠਾਰ ਕੇ ਲਿਖੀ ਹੋਈ ਕਹਾਣੀ ਉੱਤੇ ਉਹਨੂੰ ਵਾਜਬ ਮਾਣ ਹੁੰਦਾ ਸੀ। ਮੌਲਕ ਰਚਨਾ ਤੋਂ ਇਲਾਵਾ ਉਹਨੇ ਕੁਝ ਪੁਸਤਕਾਂ ਪੰਜਾਬੀ ਵਿਚ ਅਨੁਵਾਦ ਵੀ ਕੀਤੀਆਂ ਤੇ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਉਹਦੀਆਂ ਆਪਣੀਆਂ ਕਹਾਣੀਆਂ ਦੇ ਅਨੁਵਾਦ ਦੀਆਂ ਹਿੰਦੀ ਵਿਚ ਦੋ ਪੁਸਤਕਾਂ ਛਪੀਆਂ। ਉਹਨੂੰ ਹੱਕੀ ਮਾਣ-ਸਨਮਾਨ ਵੀ ਖਾਸੇ ਮਿਲੇ।***

# ਵਿਆਹਾਂ ਦੇ ਸਿਆਸੀਕਰਨ ਦੀ ਸ਼ਿਕਾਰ ਕਿਸਾਨੀ

***ਐਡਵੋਕੇਟ ਬੀ.ਐਸ. ਢਿੱਲੋਂ ਦਾ ਇਹ ਲੇਖ ਦੋ ਦਹਾਕੇ ਪਹਿਲਾਂ ਦਾ ਲਿਖਿਆ ਹੋਇਆ ਹੈ। ਇਸ ਵਿਚ ਵਿਆਹਾਂ ਮੌਕੇ ਮੈਰਿਜ ਪੈਲੇਸਾਂ ਅਤੇ ਹੋਰ ਰਸਮਾਂ 'ਤੇ ਕੀਤੀ ਜਾ ਰਹੀ ਫਜ਼ੂਲ ਖਰਚੀ ਬਾਰੇ ਖੁਲਾਸਾ ਕੀਤਾ ਗਿਆ ਹੈ। ਅਸੀਂ ਅਸਲ ਵਿਚ ਅਜਿਹੇ ਮਾਮਲਿਆਂ ਵਿਚ ਦੋ ਕਦਮ ਅਗਾਂਹ ਜਾਣ ਦੀ ਬਜਾਇ ਚਾਰ ਕਦਮ ਪਿਛਾਂਹ ਹੀ ਜਾ ਰਹੇ ਹਾਂ ਅਤੇ ਇਹ ਸਿਲਸਿਲਾ ਅਜੇ ਵੀ ਮੁੱਕਿਆ ਨਹੀਂ ਹੈ ਸਗੋਂ ਹੋਰ ਪ੍ਰਚੰਡ ਹੋਇਆ ਹੈ।***

ਪੰਡਾਲ ਵਿਚ ਰੁੱਗ ਭਰ ਕੇ ਤਲੀ ਹੋਈ ਮੱਛੀ, ਪਰੌਠੇ ਜਿੰਨਾ ਆਮਲੇਟ ਤੇ ਅੱਧੀ ਛਟਾਂਕ ਟਮਾਟਰਾਂ ਦੀ ਚਟਣੀ ਵੱਡੀਆਂ ਪਲੇਟਾਂ ਵਿਚ ਪਾਉਣ ਪਿੱਛੋਂ ਹਾਜ਼ਰ ਮਹਿਮਾਨਾਂ ਨੇ ਕਲੇਜੀ ਨੂੰ ਹੱਥ ਪਾਇਆ ਹੀ ਸੀ ਕਿ ਉੱਚੀ ਆਵਾਜ਼ ਵਿਚ ਡੀ.ਜੇ. ਨੇ ਮੇਜ਼ ਹਿੱਲਣ ਲਾ ਦਿੱਤੇ। ਇਸ ਵਿਆਹ ਸਮਾਗਮ ਵਿਚ ਛੇ ਕੁ ਸੌ ਵਿਅਕਤੀਆਂ ਦਾ ਇਕੱਠ ਸੀ। ਪਿਛਲੇ ਡੇਢ ਕੁ ਦਹਾਕੇ ਤੋਂ ਪੰਜਾਬੀਆਂ ਨੇ ਮੈਰਿਜ ਪੈਲੇਸਾਂ ਵਿਚ ਵਿਆਹ ਕਰਨੇ ਸ਼ੁਰੂ ਕੀਤੇ ਲਗਦੇ ਹਨ। ਨਾ ਖੁਰਚਣੇ ਕੜਾਹੀਆਂ ਇਕੱਠੀਆਂ ਕਰਨੀਆਂ ਪੈਣ, ਨਾ ਹੀ 15 ਦਿਨ ਘਰੇ ਮੰਜੇ-ਬਿਸਤਰਿਆਂ ਦਾ ਗਾਹ ਪਵੇ ਅਤੇ ਨਾ ਹੀ ਸ਼ਰਾਬੀ ਮਹਿਮਾਨ ਸਾਂਭਣੇ ਪੈਣ। ਸਾਰਾ ਕੰਮ ਇੱਕ ਦਿਨ ਵਿਚ ਹੀ ਹੋ ਜਾਂਦਾ। ਮੈਰਿਜ ਪੈਲੇਸ ਵਾਲਿਆਂ ਛੇ ਤੋਂ



**ਬੀ.ਐਸ. ਢਿੱਲੋਂ**
ਫੋਨ: +91-99880-91463

ਬਾਰਾਂ ਸੌ ਰੁਪਿਆ ਪ੍ਰਤੀ ਪਲੇਟ ਦੇ ਹਿਸਾਬ ਕੀਤਾ ਹੁੰਦਾ। ਇਕੱਲੇ ਪੈਲੇਸ ਵਿਚ ਸਮਾਗਮ ਕਰਨ ਦਾ ਖਰਚਾ ਅੰਦਾਜ਼ਨ ਚਾਰ ਪੰਜ ਲੱਖ ਹੁੰਦਾ। ਲੈਣ-ਦੇਣ ਵੱਖਰਾ। ਪੰਜਾਬ ਵਿਚ ਅਜਿਹੇ ਵਿਆਹਾਂ 'ਤੇ ਦਸ ਤੋਂ ਚਾਲੀ ਲੱਖ ਤੱਕ ਖਰਚਾ ਹੋ ਜਾਂਦਾ ਹੈ। ਖਾ ਪੀ ਕੇ ਲੋਕ, ਗਿੱਠ-ਗਿੱਠ ਉੱਗੀ ਕਣਕ ਵਿਚ ਅਵਾਰਾ ਗਊਆਂ ਦੇ ਫੇਰਾ ਪਾਉਣ ਵਾਂਗ, ਘਰੋ-ਘਰੀ ਤੁਰ ਜਾਂਦੇ ਹਨ। ਇੱਕ ਸਮਾਗਮ ਵਿਚ ਅਕਸਰ ਲੋਕੀਂ ਦੋ ਦਿਨ ਜਿੰਨਾ ਰਾਸ਼ਨ ਛਕ ਜਾਂਦੇ ਹਨ। ਇਸੇ ਕਰਕੇ ਪੰਜਾਬੀਆਂ ਵਿਚ ਮੋਟਾਪਾ ਅਤੇ ਹਰਟ ਅਟੈਕ ਦੀਆਂ ਬਿਮਾਰੀਆਂ ਵਧ ਗਈਆਂ ਹਨ। ਸ਼ਗਨ ਵੀ ਸਾਰੇ ਨਹੀਂ ਦਿੰਦੇ। ਉਨ੍ਹਾਂ ਵਿਆਹ ਵਾਲੇ ਮੁੰਡੇ ਕੁੜੀ ਦੀ ਸ਼ਕਲ ਵੀ ਨਹੀਂ ਦੇਖੀ ਹੁੰਦੀ।

ਨੇਤਾ ਕਿਸਮ ਦੇ ਲੋਕਾਂ ਲਈ ਇਹ ਵੋਟਾਂ ਪੱਕੀਆਂ ਕਰਨ ਦਾ ਵੀ ਮੌਕਾ ਹੁੰਦਾ। ਉਨ੍ਹਾਂ ਨੂੰ ਡਰ ਵੀ ਹੁੰਦਾ ਕਿ ਜਿਸ ਦੇ ਨਾ ਪਹੁੰਚੇ, ਓਹੀ ਰੁੱਸ ਜਾਵੇਗਾ ਕਿ ਸਾਡੇ ਵਿਆਹ 'ਤੇ ਨਹੀਂ ਪਹੁੰਚੇ। ਉਤੋਂ ਕੋਈ ਨਾ ਕੋਈ ਚੋਣਾਂ ਵੀ ਬਾਬਰ ਦੀ ਤਲਵਾਰ ਵਾਂਗ ਸਿਰ 'ਤੇ ਲਟਕਦੀਆਂ ਹੀ ਰਹਿੰਦੀਆਂ ਹਨ। ਲੀਡਰਾਂ ਦੇ ਵਿਆਹ 'ਚ ਆਉਣ ਨਾਲ ਪੰਜ ਦਸ ਹਜ਼ਾਰ ਦਾ ਹਰ ਘਰ ਨੂੰ ਵਾਧੂ ਖਰਚਾ ਪੈਂਦਾ ਹੈ। ਫੇਰ ਵੀ ਸਮਾਜਕ ਵਿਖਾਵੇ ਲਈ ਲੋਕ ਅਜਿਹਾ ਕਰ ਰਹੇ ਹਨ। ਆਪਣੇ ਸਿਆਸੀ ਦਾਬੇ-ਸ਼ਾਬੇ ਲਈ ਉਹ ਇਹ ਫਜ਼ੂਲ ਖਰਚੀ ਕਰ ਰਹੇ ਹਨ। ਸਿਰਫ ਸ਼ਰੀਕਾਂ ਨੂੰ ਇਹ ਦੱਸਣ ਲਈ ਕਿ ਸਾਡੇ ਫਲਾਣੇ ਐਮ. ਐਲ. ਏ., ਐਮ. ਪੀ., ਮਨਿਸਟਰ ਜਾਂ ਡੀ. ਜੀ. ਪੀ. ਨਾਲ ਸਬੰਧ ਹਨ; ਇਸ ਲਈ ਸਾਨੂੰ ਵੱਡੇ ਆਦਮੀ ਮੰਨੋ।

ਪੰਜਾਬੀ ਵਿਕਸਤ ਮੁਲਕਾਂ ਵਿਚ ਜਾ ਕੇ ਵੀ ਨਹੀਂ ਬਦਲੇ। ਅਸੀਂ ਗੋਰਿਆਂ ਦੀ ਇੱਕ ਵੀ ਚੰਗੀ ਆਦਤ ਨਹੀਂ ਸਿੱਖੀ। ਮੈਂ ਕੈਨੇਡਾ ਅਤੇ ਅਮਰੀਕਾ ਵਿਚ ਕਈ ਵਿਆਹਾਂ ਵਿਚ ਸ਼ਾਮਲ ਹੋਇਆ ਹਾਂ। ਸਾਡੇ ਲੋਕ ਉਥੇ ਜਾ ਕੇ ਵੀ ਨਹੀਂ ਬਦਲੇ। ਚਾਲੀ ਪੰਜਾਹ ਸਾਲਾਂ ਤੋਂ ਉਥੇ ਰਹਿੰਦੇ ਲੋਕ ਅਜੇ ਵੀ ਪਛੜੀਆਂ ਹੋਈਆਂ ਪੰਜਾਬੀ ਆਦਤਾਂ ਨਾਲ ਚੁੱਕੀ ਫਿਰਦੇ ਹਨ। ਇਹਨੂੰ ਉਹ ਆਪਣਾ ਵਿਰਸਾ ਕਹਿੰਦੇ ਹਨ। ਲੱਖ ਲਾਹਨਤ ਹੈ ਅਜਿਹੇ ਵਿਰਸੇ 'ਤੇ।

ਚੰਡੀਗੜ੍ਹ ਜਾਂ ਦਿੱਲੀ ਵਰਗੇ ਮਹਾਂਨਗਰਾਂ 'ਚ ਹੁੰਦੇ ਵੱਡੇ ਲੋਕਾਂ ਦੇ ਵਿਆਹ ਸਮਾਗਮਾਂ ਦੀ ਗੱਲ ਹੋਰ ਹੁੰਦੀ ਹੈ। ਇਕੱਠ ਦਿਖਾਉਣਾ ਉਨ੍ਹਾਂ ਲੋਕਾਂ ਦੀ ਲੋੜ ਵੀ ਹੁੰਦੀ ਹੈ ਤੇ ਸ਼ੁਗਲ ਵੀ। ਮੇਲੇ ਵਰਗਾ ਮਾਹੌਲ ਹੁੰਦਾ ਹੈ। ਘਰ ਵਾਲਿਆਂ ਨੂੰ ਤਿੰਨ-ਚਾਰ ਹਜ਼ਾਰ ਬੰਦਿਆਂ ਨਾਲ ਹੱਥ ਮਿਲਾਉਂਦਿਆਂ ਪਤਾ ਹੀ ਨਹੀਂ ਲੱਗਦਾ ਕਿ ਸੱਦਾ ਪੱਤਰ ਭੇਜ ਕੇ ਬੁਲਾਏ ਮਹਿਮਾਨਾਂ ਵਿਚੋਂ ਸੌ ਪੰਜਾਹ ਬੰਦਾ ਪਹੁੰਚਿਆ ਹੀ ਨਹੀਂ ਜਾਂ ਡੇਢ ਦੋ ਸੌ ਹੁਦਾਰੇ ਕਾਰਡਾਂ 'ਤੇ ਹੀ ਸ਼ਮੂਲੀਅਤ ਕਰ ਗਏ ਹਨ। ਪੈਸੇ-ਧੇਲੇ ਦੀ ਕੋਈ ਸਮੱਸਿਆ ਨਹੀਂ ਹੁੰਦੀ। ਪਿਛਲੇ ਸਾਲ ਹੀ ਮੇਰੇ ਇੱਕ ਨਜ਼ਦੀਕੀ ਰਿਸ਼ਤੇਦਾਰਾਂ ਦੇ ਮੁੰਡੇ ਦਾ ਵਿਆਹ ਸੀ। ਸੱਦਾ ਪੱਤਰ ਵਿਚ ਛੇ ਕਾਰਡ ਸਨ। ਪਹਿਲਾ ਮੰਗਣਾ, ਦੂਜਾ ਰੋਕਾ/ਚੁੰਨੀ ਚੜ੍ਹਾਉਣਾ, ਤੀਜਾ ਜਾਗੋ, ਚੌਥਾ ਵਿਆਹ, ਪੰਜਵਾਂ ਰਿਸੈਪਸ਼ਨ ਅਤੇ ਛੇਵਾਂ ਕੁੜਮਾਂ ਦੀ ਮਿਲਣੀ। ਇਨ੍ਹਾਂ ਵਿਚੋਂ ਸਿਰਫ ਜਾਗੋ ਹੀ ਘਰੇ ਕੱਢੀ



ਸੀ। ਬਾਕੀ ਸਾਰੇ ਫੰਕਸ਼ਨ ਹੋਟਲਾਂ ਅਤੇ ਮੈਰਿਜ ਪੈਲਿਸਾਂ ਵਿਚ ਸਨ। ਇੰਨੇ ਫੰਕਸ਼ਨਾਂ ਵਿਚ ਤਾਂ ਮਹਿਮਾਨਾਂ ਲਈ ਵੀ ਜਾਣਾ ਔਖਾ ਹੁੰਦਾ ਪਰ ਧੰਨ ਨੇ ਕਰਨ ਵਾਲੇ। ਬੱਸ ਅਜਿਹੇ ਲੋਕਾਂ ਦੇ ਦੇਖਾ-ਦੇਖੀ ਪੰਜਾਬੀ ਅੱਡੀਆਂ ਚੁੱਕ ਕੇ ਫਾਹਾ ਲੈ ਰਹੇ ਹਨ।

ਹੁਣ ਸੂਚਨਾ ਤਕਨਾਲੋਜੀ ਦਾ ਜ਼ਮਾਨਾ ਹੈ। ਦੁਨੀਆ ਦੇ ਹਰ ਕੋਨੇ 'ਚ ਖਬਰਾਂ ਪਹੁੰਚ ਰਹੀਆਂ ਹਨ ਕਿ ਦੁਨੀਆ ਕਿਸੇ ਨਹੀਂ ਜਿੱਤੀ। ਇਸ ਧਰਤੀ 'ਤੇ ਪ੍ਰਿੰਸ ਚਾਰਲਸ ਅਤੇ ਅਰਬ ਦੇ ਸ਼ਹਿਜ਼ਾਦਿਆਂ ਦੇ ਵਿਆਹ ਵੀ ਹੁੰਦੇ ਹਨ ਜਿਨ੍ਹਾਂ ਲੋਕਾਂ ਦੀਆਂ ਬਰੂਹਾਂ 'ਤੇ ਮਹੀਨਾ ਮਹੀਨਾ ਭਰ ਮਹਿਮਾਨਾਂ ਦੇ ਜਹਾਜ਼ ਹੀ ਉਤਰਦੇ/ਚੜ੍ਹਦੇ ਰਹਿੰਦੇ ਹਨ। ਭਾਰਤ ਦੇ ਅਮੀਰ ਲੋਕਾਂ ਦੇ ਵਿਆਹਾਂ ਦੀ ਸਨਅਤ 7000 ਕਰੋੜ ਰੁਪਏ ਦੀ ਹੈ। ਇਨ੍ਹਾਂ ਵਿਆਹਾਂ 'ਚ ਐਕਟਰ ਤੇ ਪੌਪ ਸਿੰਗਰ 45 ਲੱਖ ਤੱਕ ਲੈਂਦੇ ਹਨ। ਇੱਕ ਸਨਅਤਕਾਰ ਨੇ ਗੋਆ ਬੀਚ 'ਤੇ ਆਪਣੀ ਇਕਲੌਤੀ ਬੇਟੀ ਦੀ ਸ਼ਾਦੀ ਕੀਤੀ, ਬੰਬਈ ਤੇ ਕਲਕੱਤੇ ਤੋਂ 600 ਮਹਿਮਾਨਾਂ ਨੂੰ ਲਿਆਉਣ ਲਈ ਦੋ ਜੈੱਟ ਜਹਾਜ਼ ਕਿਰਾਏ 'ਤੇ ਲਏ। ਇਹ ਲੋਕ 5-7 ਕਰੋੜ ਖਰਚ ਕੇ ਸ਼ੁਗਲ ਕਰਦੇ ਹਨ ਪਰ ਸਾਨੂੰ ਰੀਸ ਸ੍ਰੀਦੇਵੀ ਜਾਂ ਮਾਧੁਰੀ ਦੀਕਸ਼ਤ (ਫਿਲਮੀ ਹੀਰੋਇਨਾਂ) ਦੀ ਹੀ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਵਿਆਹਾਂ ਤੋਂ ਦਸ ਦਿਨ ਪਿੱਛੋਂ ਹੀ ਪਤਾ ਲਗਦਾ ਹੈ ਕਿ ਸ਼ਾਦੀ ਦੀ ਰਸਮ ਪਰਿਵਾਰ ਦਾ ਨਿੱਜੀ ਮਾਮਲਾ ਕਹਿ ਕੇ ਕੀਤੀ ਜਾ ਚੁੱਕੀ ਹੈ; ਹਾਲਾਂਕਿ ਵਿਆਹ ਸਮਾਗਮ ਦੀ ਰਸਮ 'ਤੇ ਡੇਢ-ਦੋ ਕਰੋੜ ਖਰਚਣਾ ਉਨ੍ਹਾਂ ਲਈ ਸਾਡੇ ਕਈ ਮਿੱਤਰਾਂ ਦੇ ਦੀਵਾਲੀ ਦੀ ਰਾਤ ਨੂੰ ਪੰਜ-ਚਾਰ ਹਜ਼ਾਰ ਜੂਏ 'ਚ ਹਾਰਨ ਵਰਗਾ ਖਰਚ ਹੀ ਹੁੰਦਾ।

ਉਂਜ ਵੀ ਵਿਆਹ ਕੋਈ ਮੇਲਾ ਜਾਂ ਰਾਜਸੀ ਸੰਮੇਲਨ ਨਹੀਂ ਹੁੰਦੇ ਜਿੱਥੇ ਲੱਖਾਂ ਲੋਕਾਂ ਦਾ ਇਕੱਠ ਹੋਇਆ ਕਰਦਾ। ਵਿਆਹ ਸਮਾਗਮਾਂ ਨੂੰ ਮਹਿੰਗਾਈ ਦੇ ਇਸ ਦੌਰ ਵਿਚ ਚੰਦ ਇਕ ਰਿਸ਼ਤੇਦਾਰਾਂ ਤੇ ਪਰਿਵਾਰਕ ਮਿੱਤਰਾਂ ਦੀ ਹਾਜ਼ਰੀ ਵਿਚ ਹੀ ਕੀਤਾ ਜਾਣਾ ਚਾਹੀਦਾ। ਅਜਿਹਾ ਹੀ ਇੱਕ ਵਿਆਹ ਮੈਂ ਪਿਛਲੇ ਦਿਨੀਂ ਦੇਖਿਆ ਹੈ। ਵਿਆਹ ਵਾਲੇ ਦੋਨੋਂ ਪਰਿਵਾਰ ਫੌਜ ਦੇ ਕਰਨਲ ਪਰਿਵਾਰ ਸਨ। ਪੈਸੇ ਦੀ ਵੀ ਕੋਈ ਘਾਟ ਨਹੀਂ ਸੀ ਪਰ ਵਿਆਹ ਵਿਚ ਗਿਣਤੀ ਦੇ ਲੋਕ ਹੀ ਸਨ। ਵਿਆਹ ਦਾ ਸਾਰਾ ਪ੍ਰੋਗਰਾਮ ਹੋਟਲ ਪਾਰਕਵਿਊ ਚੰਡੀਗੜ੍ਹ ਵਿਚ ਸੀ। ਸਾਰਾ ਇਕੱਠ ਸੌ ਕੁ ਵਿਅਕਤੀਆਂ ਦਾ ਸੀ। ਰਿਸ਼ਤੇਦਾਰਾਂ ਤੋਂ ਵਗੈਰ ਹੋਰ ਕੋਈ ਵੀ ਨਹੀਂ ਸੀ ਬੁਲਾਇਆ ਗਿਆ। ਸਿਰਫ ਨਾਨਕੇ, ਦਾਦਕੇ, ਭੂਆ, ਮਾਸੀਆਂ, ਚਾਚੇ, ਤਾਏ ਹੀ ਸਨ। ਅਗਲੀ ਸ਼ਾਮ ਡਿਫੈਂਸ ਕਲੱਬ ਵਿਚ ਰਿਸੈਪਸ਼ਨ ਸੀ। ਇੱਥੇ ਵੀ ਚੰਦ ਕੁ ਘਰ ਦੇ ਗਵਾਂਢੀ ਅਤੇ ਬਚਪਨ ਦੇ ਦੋਸਤ, ਸ਼ਰੀਕੇ ਭਾਈਚਾਰੇ ਦੇ ਲੋਕ ਅਤੇ ਦੋਸਤ ਮਿੱਤਰ ਹੀ ਸਨ।

ਨਵੇਂ ਯੁੱਗ ਦੀਆਂ ਕਦਰਾਂ-ਕੀਮਤਾਂ ਕਦੇ ਵੀ ਪੁਰਾਣੇ ਸਮਿਆਂ ਵਰਗੀਆਂ ਨਹੀਂ ਹੋਇਆ ਕਰਦੀਆਂ। ਹੁਣ ਮਧਾਣੀ, ਚਾਟੀ, ਪੱਖੀ ਤੇ ਫੁਲਕਾਰੀਆਂ ਅਜਾਇਬ ਘਰਾਂ 'ਚ ਜਾਂ ਕਿਰਾਏ 'ਤੇ ਹੀ ਮਿਲਿਆ ਕਰਨਗੀਆਂ। ਇਸ ਬੀਤੇ ਵਕਤ ਲਈ ਰੋਣਾ ਬੰਦ ਕਰਕੇ ਸਮੇਂ ਦੇ ਨਾਲ ਤੁਰਨਾ ਸਿੱਖੋ। ਫੋਕੀ ਹਉਮੈ ਖਾਤਰ ਦਿਖਾਵੇ ਵਾਲੇ ਵਿਆਹ ਸਮਾਗਮ ਘਰ ਵਾਲਿਆਂ ਤੇ ਸਿਆਸੀ ਨੇਤਾਵਾਂ, ਦੋਹਾਂ ਲਈ ਹੀ ਪੈਸੇ ਅਤੇ ਸਮੇਂ ਦੀ ਬਰਬਾਦੀ ਹੈ। ਬੁਲਾਏ ਗਏ ਸਾਰੇ ਮਹਿਮਾਨਾਂ ਕੋਲ ਵੀ ਸਮਾਂ ਨਹੀਂ ਹੁੰਦਾ। ਉਂਜ ਵੀ ਜਾਣ-ਪਛਾਣ ਤਾ ਸੈਂਕੜੇ-ਹਜ਼ਾਰਾਂ ਨਾਲ ਹੋ ਸਕਦੀ ਹੈ ਪਰ ਪਰਿਵਾਰਕ ਸਬੰਧਾਂ ਦਾ ਗਰਾਫ ਤਿੰਨ-ਚਾਰ ਦਰਜਨ ਪਰਿਵਾਰਾਂ ਤੋਂ ਅਗਾਂਹ ਨਹੀਂ ਚੜ੍ਹਦਾ। ਰਿਸ਼ਤਿਆਂ ਦੇ ਚਿਹਰਿਆਂ 'ਤੇ ਵਕਤ ਦੀ ਧੂੜ ਜੰਮਦੀ ਹੀ ਰਹਿੰਦੀ ਹੈ। ਫੇਰ ਵੀ ਇਹ ਦਿਖਾਵਿਆਂ ਦਾ ਦੌਰ ਜਾਰੀ ਹੈ।

ਵਿਆਹਾਂ ਸਮੇਂ ਬੇਲੋੜਾ ਇਕੱਠ ਰੋਕਣ ਲਈ ਸਿਆਸੀ ਲੀਡਰਾਂ ਨੂੰ ਪਹਿਲਕਦਮੀ ਕਰਨੀ ਚਾਹੀਦੀ ਹੈ। ਸਾਬਕਾ ਸੰਸਦ ਮੈਂਬਰ ਰਾਜੇਸ਼ ਪਾਇਲਟ ਨੇ ਆਪਣੀ ਇਕਲੌਤੀ ਬੇਟੀ ਦੀ ਸ਼ਾਦੀ ਚੰਦ ਇਕ ਰਿਸ਼ਤੇਦਾਰਾਂ ਤੇ ਮਿੱਤਰਾਂ ਦੀ ਹਾਜ਼ਰੀ ਵਿਚ ਹੀ ਕੀਤੀ ਸੀ। ਉਸ ਨੇ ਆਪਣੀ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਨਹੀਂ ਸੀ ਬੁਲਾਇਆ। ਉਂਜ ਦਸ-ਵੀਹ ਹਜ਼ਾਰ ਦਾ ਇਕੱਠ ਕਰਨਾ ਉਸ ਦਾ ਚੁਟਕੀ ਦਾ ਕੰਮ ਸੀ।

ਆਮ ਲੋਕੀਂ ਆਪ ਤੋਂ ਵੱਡਿਆਂ ਦੀਆਂ ਬਾਂਦਰ-ਨਕਲਾਂ ਹੀ ਕਰਿਆ ਕਰਦੇ ਹਨ। ਕਦੇ ਸਰਕਾਰ ਨੇ ਦਹੇਜ ਰੋਕੂ ਕਾਨੂੰਨ ਬਣਾਇਆ ਸੀ। ਇੰਜ ਹੀ ਜੇ ਸਰਕਾਰ ਆਮਦਨ ਕਰ ਕਾਨੂੰਨ 'ਚ ਸੋਧ ਕਰਕੇ ਇਹ ਕਾਨੂੰਨ ਬਣਾ ਦੇਵੇ ਕਿ ਇਕ ਖਾਸ ਗਿਣਤੀ ਤੋਂ ਵੱਧ ਕਿਸੇ ਮੈਰਿਜ ਪੈਲੇਸ, ਟੈਂਟ ਹਾਊਸ, ਕੈਟਰਿੰਗ, ਦਰਜਨ ਤੋਂ ਵੱਧ ਗੱਡੀਆਂ ਦੀ ਬੁਕਿੰਗ ਕਰਵਾਉਣ ਵਾਲੇ ਲੋਕਾਂ ਨੂੰ ਆਮਦਨ ਕਰ ਦੇ ਘੇਰੇ ਵਿਚ ਲਿਆਂਦਾ ਜਾਵੇਗਾ ਤਾਂ ਇਹ ਫਜ਼ੂਲ ਖਰਚੀ ਘਟ ਸਕਦੀ ਹੈ। ਮਨੁੱਖ ਖਤਰਨਾਕ ਜਾਨਵਰ ਹੈ। ਇਹ ਸਿਰਫ ਕਾਇਦੇ ਕਾਨੂੰਨਾਂ ਤੋਂ ਹੀ ਡਰਦਾ ਹੈ।

---

# ਬਾਜਰੇ ਦਾ ਸਿੱਟਾ...

ਰੁੱਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਸਮਾਂ ਅਗਾਂਹ ਤੁਰਦਾ ਰਹਿੰਦਾ ਹੈ। ਸਮੇਂ ਦੇ ਨਾਲ ਸਾਡੇ ਰਸਮ ਰਿਵਾਜ, ਪਹਿਨਣ ਅਤੇ ਖਾਣ-ਪੀਣ ਦੇ ਢੰਗ ਬਦਲ ਜਾਂਦੇ ਹਨ। ਅੱਜ ਜੋ ਸਾਡੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਹੈ, ਲੰਘਦੇ ਸਮੇਂ ਨਾਲ ਉਹ ਫਾਲਤੂ ਹੋ ਜਾਂਦਾ ਹੈ। ਕਦੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਦਾ ਹਿੱਸਾ ਸੀ। ਸਰਦੀ ਦੀ ਰੁੱਤ ਵਿਚ ਮੱਕੀ, ਬਾਜਰਾ ਅਤੇ ਬੇਸਨੀ ਰੋਟੀ ਹਰ ਘਰ ਵਿਚ

**ਸ਼ਵਿੰਦਰ ਕੌਰ**
ਫੋਨ: +91-76260-63596

ਬਣਦੀ ਸੀ ਜਿਸ ਨੂੰ ਅਸੀਂ ਬਿਨਾ ਸੋਚੇ ਸਮਝੇ ਖਾਣਾ ਛੱਡ ਦਿੱਤਾ। ਹੁਣ ਡਾਕਟਰ ਸਾਨੂੰ ਚੰਗੀ ਸਿਹਤ ਲਈ ਇਨ੍ਹਾਂ ਦੀ ਵਰਤੋਂ ਕਰਨ ਦੀ ਸਲਾਹ ਦਿੰਦੇ ਹਨ।

ਹਰੀ ਕ੍ਰਾਂਤੀ ਨੇ ਸਾਡੀਆਂ ਬਹੁਤ ਸਾਰੀਆਂ ਰਵਾਇਤੀ ਫਸਲਾਂ ਨੂੰ ਫਸਲ ਚੱਕਰ ਵਿਚੋਂ ਮਨਫੀ ਕਰ ਦਿਤਾ ਹੈ। ਸਾਉਣੀ ਅਤੇ ਹਾੜ੍ਹੀ ਵਿਚ ਬੀਜੀਆਂ ਜਾਣ ਵਾਲੀਆਂ ਫਸਲਾਂ ਵਿਚੋਂ ਅਸੀਂ ਕਈ ਤਰ੍ਹਾਂ ਦੀਆਂ ਦਾਲਾਂ, ਰਾਈ, ਤਾਰਾ ਮੀਰਾ ਅਤੇ ਮੋਟੇ ਅਨਾਜ ਵਾਲੀਆਂ ਫਸਲਾਂ ਨੂੰ ਬੀਜਣੋਂ ਹਟਦੇ ਜਾ ਰਹੇ ਹਾਂ। ਮੋਟੇ ਅਨਾਜ ਵਾਲੀਆਂ ਫਸਲਾਂ ਵਿਚੋਂ ਕਦੇ ਬਾਜਰਾ ਹਰ ਕਿਸਾਨ ਵੱਲੋਂ ਬੀਜਿਆ ਜਾਂਦਾ ਸੀ। ਇਹ ਸਾਡੇ ਭੋਜਨ ਦਾ ਮਹੱਤਵਪੂਰਨ ਅੰਗ ਰਿਹਾ ਹੈ। ਅਜੋਕੀ ਖੇਤੀ ਵਿਚੋਂ ਇਹ ਤਕਰੀਬਨ ਮਨਫੀ ਹੀ ਹੋ ਗਿਆ ਹੈ।

ਅੱਜ ਕੱਲ੍ਹ ਤਾਂ ਇਹ ਫਸਲ ਬਹੁਤ ਘੱਟ ਬੀਜੀ ਜਾਂਦੀ ਹੈ। ਪਹਿਲਾਂ ਬਾਜਰਾ ਪੈਦਾ ਕਰਨ ਵਾਲੇ ਪ੍ਰਮੁੱਖ ਇਲਾਕਿਆਂ ਵਿਚ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮੋਗਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹੇ ਆਉਂਦੇ ਸਨ। ਇਸ ਫਸਲ ਨੂੰ ਉਗਾਉਣ ਅਤੇ ਪਾਲਣ 'ਤੇ ਘੱਟ ਖਰਚ ਆਉਂਦਾ ਸੀ। ਆਮ ਤੌਰ 'ਤੇ ਇਹ ਬਰਾਨੀ ਜ਼ਮੀਨ ਵਿਚ ਮੀਂਹ ਦੇ ਸਹਾਰੇ ਬੀਜਿਆ ਜਾਂਦਾ ਸੀ। ਅੱਜ ਵੀ ਬੱਦਲਾਂ ਨੂੰ ਦੇਖ ਕੇ ਬਾਜਰਾ ਖਾਣ ਵਾਲੀ ਪੀੜ੍ਹੀ ਦੇ ਬਜ਼ੁਰਗਾਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ: ਮੀਂਹ ਪਾ ਦੇ, ਝੜੀਆਂ ਲਾ ਦੇ, ਚੱਬਾਂਗੇ ਦੋਧਾ ਬਾਜਰਾ।

ਦੂਜੇ ਅਨਾਜਾਂ ਦੇ ਮੁਕਾਬਲੇ ਇਸ ਵਿਚ ਪੌਸ਼ਟਿਕ ਤੱਤ ਕਿਤੇ ਜ਼ਿਆਦਾ ਸਨ। ਬਾਜਰੇ ਵਿਚ ਮੈਗਨੀਸ਼ੀਅਮ, ਕੈਲਸ਼ੀਅਮ, ਮੈਗਜ਼ੀਨ, ਫਾਸਫੋਰਸ, ਫਾਈਬਰ, ਵਿਟਾਮਿਨ ਸੀ., ਐਂਟੀਆਕਸੀਡੈਂਟ ਆਦਿ ਤੱਤ ਪਾਏ ਜਾਂਦੇ ਹਨ ਜੋ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹਨ। ਬਾਜਰੇ ਦੀ ਕਾਸ਼ਤ ਲਈ ਰੇਤਲੀ ਜ਼ਮੀਨ ਬਹੁਤ ਚੰਗੀ ਹੁੰਦੀ ਹੈ ਕਿਉਂਕਿ ਇਹ ਮੀਂਹ ਦੇ ਪਾਣੀ ਨੂੰ ਆਪਣੇ ਵਿਚ ਜਜ਼ਬ ਕਰ ਲੈਂਦੀ ਹੈ। ਇਹ ਫਸਲ ਸੇਮ ਨਾਲ ਮਰ ਜਾਂਦੀ ਹੈ। ਇਹ ਚਾਲੀ ਤੋਂ ਸੱਠ ਸੈਂਟੀਮੀਟਰ ਸਾਲਾਨਾ ਵਰਖਾ ਵਾਲੇ ਇਲਾਕਿਆਂ ਵਿਚ ਬਹੁਤ ਢੁਕਵੀਂ ਹੈ। ਸਿੱਟੇ ਨਿਕਲਣ ਸਮੇਂ ਵਰਖਾ ਨੁਕਸਾਨਦੇਹ ਹੈ ਕਿਉਂਕਿ ਪਰਾਗ ਕਣ ਧੋਤੇ ਜਾਂਦੇ ਹਨ ਅਤੇ ਦਾਣੇ ਘੱਟ ਪੈਂਦੇ ਹਨ। ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਸਲੇਟੀ ਰੰਗ ਦੇ ਹੁੰਦੇ ਹਨ। ਸਿੱਟਿਆਂ ਵਿਚ ਦਾਣੇ ਪੈਣ 'ਤੇ ਪੰਛੀਆਂ ਤੋਂ ਉਨ੍ਹਾਂ ਦੀ ਰਾਖੀ ਕਰਨੀ ਪੈਂਦੀ ਹੈ। ਰਾਖੀ ਕਰਦੇ ਹੋਏ ਕਿਸੇ ਮੁਟਿਆਰ ਨੇ ਇਸ ਗੀਤ ਦੀ ਰਚਨਾ ਕੀਤੀ ਹੋਵੇਗੀ:

ਤੇਰੇ ਬਾਜਰੇ ਦੀ ਰਾਖੀ ਦਿਉਰਾ,
ਮੈਂ ਨਾ ਬਹਿੰਦੀ ਵੇ।
ਜੇ ਮੈਂ ਤਾੜੀ ਮਾਰ ਉਡਾਵਾਂ,
ਮੇਰੀ ਮਹਿੰਦੀ ਲਹਿੰਦੀ ਵੇ।

ਚਾਰ ਕੁ ਦਹਾਕੇ ਪਹਿਲਾਂ ਇਹ ਸਾਡੀ ਰੋਜ਼ਮੱਰਾ ਦੀ ਖੁਰਾਕ ਵਿਚ ਸ਼ਾਮਲ ਸੀ। ਮੋਠ ਬਾਜਰੇ ਦੀ ਖਿਚੜੀ ਵੀ ਸਰਦੀਆਂ ਵਿਚ ਹਰ ਘਰ ਵਿਚ ਬਣਦੀ ਸੀ। ਬਾਜਰੇ ਨੂੰ ਸਾਫ ਕਰਕੇ ਧੋ ਕੇ ਭਿਉਂ ਦਿੱਤਾ ਜਾਂਦਾ। ਫਿਰ ਉਸ ਨੂੰ ਉੱਖਲੀ ਵਿਚ ਮੂਹਲੀਆਂ ਨਾਲ ਕੁੱਟ ਕੇ ਛਿਲਕਾ ਲਾਹ ਦਿੱਤਾ ਜਾਂਦਾ। ਇਸ ਵਿਚ ਬਰਾਬਰ ਦੇ ਮੋਠ ਰਲਾ ਕੇ



ਖਿਚੜੀ ਬਣਾਈ ਜਾਂਦੀ। ਇਸ ਨੂੰ ਹਾਰੇ ਵਿਚ ਗੋਹਿਆਂ ਦੀ ਮੱਠੀ ਮੱਠੀ ਅੱਗ 'ਤੇ ਤੌੜੀ ਵਿਚ ਰਿੰਨ੍ਹਿਆ ਜਾਂਦਾ। ਲਾਜਵਾਬ ਖਿਚੜੀ ਤਿਆਰ ਹੋ ਜਾਂਦੀ ਜਿਸ ਨੂੰ ਘਿਉ, ਦੁੱਧ ਜਾਂ ਤਿਉੜ ਨਾਲ ਖਾਧਾ ਜਾਂਦਾ। ਜਿੱਥੇ ਇਹ ਖਾਣ ਵਿਚ ਸੁਆਦਲੀ ਹੁੰਦੀ, ਉਥੇ ਇਹ ਤਾਕਤ ਦੇਣ ਵਾਲੀ ਊਰਜਾ ਭਰਪੂਰ ਹੁੰਦੀ ਹੈ। ਇਸ ਵਿਚ ਫਾਈਬਰ ਭਰਪੂਰ ਮਾਤਰਾ ਵਿਚ ਹੁੰਦਾ ਹੈ। ਇਸ ਵਿਚਲੇ ਗੁਣਕਾਰੀ ਤੱਤ ਨਾ ਸਿਰਫ ਸਾਨੂੰ ਸਿਹਤਮੰਦ ਰੱਖਦੇ ਸਨ ਸਗੋਂ ਇਹ ਖਿਚੜੀ ਸਾਡੀ ਪਾਚਕ ਸ਼ਕਤੀ ਨੂੰ ਵੀ ਵਧਾਉਂਦੀ ਸੀ।

ਸਰਦੀਆਂ ਵਿਚ ਬਾਜਰੇ ਦੀਆਂ ਰੋਟੀਆਂ ਹਰ ਘਰ ਪੱਕਦੀਆਂ ਸਨ। ਚਾਲੀ ਕੁ ਸਾਲ ਪਹਿਲਾਂ ਕਣਕ ਘੱਟ ਹੁੰਦੀ ਹੋਣ ਕਰਕੇ ਬਹੁਤੇ ਘਰਾਂ ਵਿਚ ਤਾਂ ਨਿਰੇ ਬਾਜਰੇ ਦੀ ਰੋਟੀ ਬਣਦੀ ਸੀ। ਕਈ ਵਿਚ ਕਣਕ ਦਾ ਆਟਾ ਮਿਲਾ ਲੈਂਦੇ ਸਨ। ਗਰਮ ਪਾਣੀ ਨਾਲ ਆਟਾ ਗੁੰਨ੍ਹ ਕੇ, ਚੱਕਲੇ ਉੱਤੇ ਪੋਣਾ ਰੱਖ ਕੇ ਰੋਟੀ ਬਣਾਈ ਜਾਂਦੀ। ਜਦੋਂ ਇਹ ਰੋਟੀਆਂ ਚਟਣੀ ਵਿਚ ਘਿਓ ਮਿਲਾ ਕੇ, ਸਾਗ ਨਾਲ ਜਾਂ ਚੂਰਮਾ ਬਣਾ ਕੇ ਖਾਧੀਆਂ ਜਾਂਦੀਆਂ ਤਾਂ ਇਨ੍ਹਾਂ ਦਾ ਸਵਾਦ ਲਾਜਵਾਬ ਹੁੰਦਾ। ਸਰਦੀਆਂ ਵਿਚ ਖਾਧੀ ਬਾਜਰੇ ਦੀ ਰੋਟੀ ਸਰੀਰ ਨੂੰ ਗਰਮ ਰੱਖਦੀ ਹੈ। ਇਸ ਵਿਚ ਅਮੀਨੋ ਐਸਿਡ ਹੁੰਦਾ ਹੈ ਜਿਸ ਕਰਕੇ ਰੋਟੀ ਜਲਦੀ ਹਜ਼ਮ ਹੋ ਜਾਂਦੀ ਹੈ। ਬਾਜਰਾ ਕਲੈਸਟਰੋਲ ਦੇ ਪੱਧਰ ਨੂੰ ਘੱਟ ਕਰਦਾ ਹੈ, ਇਸ ਨਾਲ ਦਿਲ ਦੇ ਰੋਗ ਹੋਣ ਦਾ ਖਤਰਾ ਘੱਟ ਜਾਂਦਾ ਹੈ। ਭਰਪੂਰ ਮਾਤਰਾ ਵਿਚ ਫਾਈਬਰ ਹੋਣ ਕਰਕੇ ਕਬਜ਼ ਦੀ ਸਮੱਸਿਆ ਨਹੀਂ ਆਉਂਦੀ। ਬਾਜਰਾ ਗਲੂਟਨ ਮੁਕਤ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਗਲੂਟਨ ਤੋਂ ਅਲਰਜੀ ਹੁੰਦੀ ਹੈ, ਉਨ੍ਹਾਂ ਲਈ ਇਹ ਖਾਣਾ ਚੰਗਾ ਹੈ।

ਤਿਉਹਾਰਾਂ ਸਮੇਂ ਵੀ ਸਾਡੇ ਬਜ਼ੁਰਗ ਬਾਜਰਾ ਮਠਿਆਈਆਂ ਦੀ ਥਾਂ ਘਰ ਵਿਚ ਹੀ ਕਈ ਤਰ੍ਹਾਂ ਦੇ ਵਿਅੰਜਨ ਬਣਾ ਲੈਂਦੇ ਸਨ। ਇਸੇ ਤਰ੍ਹਾਂ ਬਾਜਰੇ ਤੋਂ ਭੂਤ ਪਿੰਨੇ ਬਣਾਏ ਜਾਂਦੇ ਸਨ। ਬਾਜਰੇ ਦੀ ਮਾਤਰਾ ਤੋਂ ਅੱਧਾ ਗੁੜ ਪਾ ਕੇ, ਬਰਾਬਰ ਦਾ ਪਾਣੀ ਪਾ ਕੇ ਉਸ ਨੂੰ ਤਦ ਤੱਕ ਉਬਾਲਿਆ ਜਾਂਦਾ ਜਦੋਂ ਤੱਕ ਘੋਲ ਸੰਘਣਾ ਅਤੇ ਚਿਪਚਿਪਾ ਨਾ ਹੋ ਜਾਂਦਾ। ਇਸ ਤਰ੍ਹਾਂ ਗੁੜ ਦੀ ਪੱਤ ਤਿਆਰ ਹੋ ਜਾਂਦੀ। ਭੁੱਜੇ ਹੋਏ ਬਾਜਰੇ ਦੀਆਂ ਖਿੱਲਾਂ ਗਰਮ ਪੱਤ ਵਿਚ ਰਲਾ ਦਿੱਤੀਆਂ ਜਾਂਦੀਆਂ। ਫਿਰ ਇਸ ਦੇ ਪਿੰਨੇ ਵੱਟ ਲਏ ਜਾਂਦੇ।

ਬਾਜਰਾ ਸਾਡੇ ਲੋਕ ਗੀਤਾਂ ਵਿਚ ਵੀ ਵਿਸ਼ੇਸ਼ ਸਥਾਨ ਰੱਖਦਾ ਹੈ। ਪਤੀ-ਪਤਨੀ ਦੇ ਖੂਬਸੂਰਤ ਸਬੰਧਾਂ ਨੂੰ ਪ੍ਰਗਟ ਕਰਦਾ ਹੈ ਜਿਵੇਂ:

ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ
ਰੁੱਠੜਾ ਜਾਂਦਾ ਮਾਹੀਆ ਅਸਾਂ ਗਲੀ ਵਿਚੋਂ ਮੋੜਿਆ।

ਖਾਣ ਤੋਂ ਬਿਨਾ ਇਹ ਕਿਸਾਨੀ ਨਾਲ ਜੁੜੇ ਪਰਿਵਾਰਾਂ ਦੀਆਂ ਆਰਥਕ ਲੋੜਾਂ ਪੂਰੀਆਂ ਕਰਦਾ ਸੀ। ਸਾਧਾਰਨ ਕਿਸਾਨੀ ਜੀਵਨ ਨਾਲ ਸਬੰਧਤ ਔਰਤਾਂ ਦੀਆਂ ਉਮੰਗਾਂ, ਵਲਵਲੇ, ਸੁਪਨੇ ਅਤੇ ਰੀਝਾਂ ਫਸਲਾਂ ਦੀ ਪੈਦਾਵਾਰ ਨਾਲ ਜੁੜੇ ਹੁੰਦੇ ਹਨ। ਆਪਣੇ ਦਿਲ ਦੇ ਮਨੋਭਾਵਾਂ ਦਾ ਪ੍ਰਗਟਾਵਾ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ:

ਰੁੱਤ ਗਿੱਧੇ ਪਾਉਣ ਦੀ ਆਈ
ਲੱਕ ਲੱਕ ਹੋ ਗਏ ਬਾਜਰੇ।
ਅਸਾਂ ਬਾਜਰੇ ਤੋਂ ਘੱਗਰਾ ਸਵਾਣਾ
ਸਿੱਟੇ ਨਾ ਉਜਾੜੋ ਤੋਤਿਓ।
ਸਾਨੂੰ ਰੀਝ ਲੌਂਗ ਦੀ ਆਵੇ।
ਬਾਜਰੇ ਨੇ ਲਾਈਆਂ ਦੇਰੀਆਂ।

ਬਦਲਦੇ ਸਮੇਂ ਨਾਲ ਸਾਨੂੰ ਬਦਲਣਾ ਪੈਂਦਾ ਹੈ ਪਰ ਬਿਨਾ ਸੋਚੇ ਸਮਝੇ ਆਪਣੇ ਪੌਸ਼ਟਿਕ ਤੱਤਾਂ ਵਾਲੇ ਮੋਟੇ ਅਨਾਜ ਜੋ ਸਾਨੂੰ ਤੰਦਰੁਸਤੀ ਬਖਸ਼ਦੇ ਸਨ ਅਤੇ ਸਾਡੇ ਸਰੀਰ ਵਿਚ ਰੋਗਾਂ ਨਾਲ ਲੜਨ ਦੀ ਸਮਰੱਥਾ ਪੈਦਾ ਕਰਦੇ ਸਨ, ਉਨ੍ਹਾਂ ਨੂੰ ਭੋਜਨ ਵਿਚੋਂ ਮਨਫੀ ਕਰਕੇ ਸਿਹਤ ਲਈ ਹਾਨੀਕਾਰਕ ਬਰਗਰ, ਪੀਜ਼ਿਆਂ ਨੂੰ ਅਪਨਾਉਣਾ ਵੀ ਅਕਲਮੰਦੀ ਦੀ ਗੱਲ ਨਹੀਂ ਹੈ। ਕਰੋਨਾ ਵਾਇਰਸ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਜਿਸ ਮਨੁੱਖ ਦੀ ਸਿਹਤ ਵਧੀਆ ਹੈ ਅਤੇ ਉਸ ਦਾ ਪਾਚਕ ਤੰਤਰ ਮਜ਼ਬੂਤ ਹੈ, ਉਨ੍ਹਾਂ ਨੂੰ ਕਮਜ਼ੋਰ ਮਨੁੱਖ ਦੇ ਮੁਕਾਬਲੇ ਇਸ ਬਿਮਾਰੀ ਦਾ ਖਤਰਾ ਘੱਟ ਹੈ। ਨਰੋਈ ਖੁਰਾਕ ਅਤੇ ਕਿਰਤ ਕਰਨ ਵਾਲਾ ਸੁਭਾਅ ਜੋ ਸਾਡੇ ਬਜ਼ੁਰਗਾਂ ਦੀ ਚੰਗੀ ਸਿਹਤ ਦਾ ਰਾਜ਼ ਸੀ, ਸਾਨੂੰ ਇਹ ਗੁਣ ਵਿਸਾਰਨਾ ਨਹੀਂ ਚਾਹੀਦਾ।

# ਪੰਜਾਬਣ ਗੁਲੂਕਾਰਾ ਹਮੀਦਾ ਬਾਨੋ



ਮਨਦੀਪ ਸਿੰਘ ਸਿੱਧੂ

ਹਮੀਦਾ ਬਾਨੋ ਦੀ ਪੈਦਾਇਸ਼ 19 ਅਕਤੂਬਰ 1928 'ਚ ਲਾਹੌਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਹੋਈ। ਬਚਪਨ ਵਿਚ ਹੀ ਉਸ ਨੂੰ ਗਾਉਣ ਦਾ ਸ਼ੌਕ ਪੈਦਾ ਹੋ ਗਿਆ। ਜਦੋਂ ਵੱਡੀ ਹੋਈ ਤਾਂ ਗਾਇਨ ਕਲਾ ਵਿਚ ਮਾਹਿਰ ਹੋ ਗਈ। ਪੰਜਾਬੀ ਤੋਂ ਇਲਾਵਾ ਉਰਦੂ ਤੇ ਹਿੰਦੀ ਵੀ ਵਧੀਆ ਬੋਲ ਲੈਂਦੀ ਸੀ। ਹਮੀਦਾ ਦਾ ਭਰਾ ਬੰਬੇ ਦੇ ਥੀਏਟਰ ਵਿਚ ਕੰਮ ਕਰਦਾ ਸੀ ਜੋ ਆਪਣੀ ਭੈਣ ਦੀ ਕਾਬਲੀਅਤ ਤੋਂ ਚੰਗੀ ਤਰ੍ਹਾਂ ਵਾਕਿਫ ਸੀ। ਲਿਹਾਜ਼ਾ 1942 ਵਿਚ ਉਸ ਨੇ ਪਰਿਵਾਰ ਸਮੇਤ ਹਮੀਦਾ ਬਾਨੋ ਨੂੰ ਬੰਬੇ ਸੱਦ ਲਿਆ ਤੇ ਉਸ ਨੂੰ ਫਿਲਮਾਂ ਵਿਚ ਗਾਉਣ ਲਈ ਉਤਸ਼ਾਹਿਤ ਕੀਤਾ।

ਜਦੋਂ ਆਨੰਦ ਸੁਭਰਾਮਨੀਅਮ ਨੇ ਆਪਣੇ ਫਿਲਮਸਾਜ਼ ਅਦਾਰੇ ਜਾਗ੍ਰਿਤੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਭਗਵਾਨ ਦੀ ਹਿਦਾਇਤਕਾਰੀ ਵਿਚ ਹਿੰਦੀ ਫਿਲਮ 'ਨਗ਼ਮ-ਏ-ਸਹਰਾ' ਉਰਫ 'ਸੌਂਗ ਆਫ ਡੇਜ਼ਰਟ' (1945) ਸ਼ੁਰੂ ਕੀਤੀ ਤਾਂ ਸੰਗੀਤਕਾਰ ਸੀ. ਰਾਮ ਚੰਦਰ (ਚਿਤਲਕਰ ਰਾਮ ਚੰਦਰ) ਨੇ ਲਾਹੌਰ ਦੀ ਪੰਜਾਬਣ ਗੁਲੂਕਾਰਾ ਹਮੀਦਾ ਬਾਨੋ ਨੂੰ ਨਵੀਂ ਗਾਇਕਾ ਵਜੋਂ ਪੇਸ਼ ਕੀਤਾ। ਹਮੀਦਾ ਬਾਨੋ ਨੇ ਇਸ ਫਿਲਮ ਵਿਚ ਅਹਿਸਾਨ ਰਿਜ਼ਵੀ ਦਾ ਲਿਖਿਆ ਗੀਤ 'ਕਿਸੀ ਕੀ ਯਾਦ ਕਿਸੀ ਕੋ ਆਈ ਕੁਛ ਮੀਠਾ-ਮੀਠਾ ਦਰਦ ਉਠਾ' (ਨਾਲ ਚਿਤਲਕਰ) ਗਾਇਆ ਜੋ ਅਦਾਕਾਰਾ ਖੁਰਸ਼ੀਦ ਜੂਨੀਅਰ (ਨਰਗਿਸ) ਤੇ ਮਾਸਟਰ ਵਿੱਠਲ (ਪ੍ਰਿੰਸ ਫ਼ਿਰੋਜ਼) 'ਤੇ ਫਿਲਮਾਇਆ ਗਿਆ ਜੋ ਬੜਾ ਪਸੰਦ ਕੀਤਾ ਗਿਆ। ਇਸ ਫਿਲਮ ਦੇ ਗੀਤ 1942 ਵਿਚ ਰਿਕਾਰਡ ਕਰ ਲਏ ਗਏ ਸਨ ਅਤੇ ਇਹ ਫਿਲਮ 1945 ਵਿਚ ਸੈਂਸਰ ਹੋਈ।

ਫਿਲਮ 'ਸੰਜੋਗ' (1943) 'ਚ ਨੌਸ਼ਾਦ ਅਲੀ (ਸਹਾਇਕ ਗ਼ੁਲਾਮ ਮੁਹੰਮਦ) ਦੇ ਸੰਗੀਤ 'ਚ ਡੀ. ਐਨ. ਮਧੋਕ ਦਾ ਲਿਖਿਆ ਇੱਕ ਗੀਤ ਹਮੀਦਾ ਬਾਨੋ ਨੇ ਗਾਇਆ 'ਓ ਓ...ਕੌਨ ਗਲੀ ਕਾ ਛੋਰਾ ਪੁਕਾਰੇ ਏ' (ਨਾਲ ਸ਼ਾਮ ਕੁਮਾਰ) ਜੋ ਬਹੁਤ ਹਿੱਟ ਹੋਇਆ ਸੀ। ਫਿਲਮ 'ਬੜੇ ਨਵਾਬ ਸਾਹਬ' (1944) 'ਚ ਬਸ਼ੀਰ ਦੇਹਲਵੀ ਦੇ ਸੰਗੀਤ 'ਚ ਸ਼ਮਸ ਲਖਨਵੀ ਦੇ ਲਿਖੇ ਹਮੀਦਾ ਬਾਨੋ ਨੇ 5 ਗੀਤ ਗਾਏ, 2 ਗੀਤ ਜੀ. ਐਮ. ਦੁਰਾਨੀ ਨਾਲ 'ਖੇਲ ਨਿਰਾਲੇ ਹਮ ਖੇਲੇਂ' ਤੇ 'ਜਾਗ ਗਈ ਜਾਗ ਗਈ' ਤੇ 3 ਏਕਲ ਗੀਤ ਵੀ ਪਸੰਦ ਕੀਤੇ ਗਏ। ਫਿਲਮ 'ਅਨਬਨ' (1944) 'ਚ ਗਿਆਨ ਦੱਤ ਦੇ ਸੰਗੀਤ 'ਚ ਹਮੀਦਾ ਨੇ 3 ਗੀਤ ਗਾਏ। ਫਿਲਮ 'ਬੜੀ ਬਾਤ' (1944) 'ਚ ਹਮੀਦਾ ਬਾਨੋ ਨੇ ਫਿਰੋਜ਼ ਨਿਜ਼ਾਮੀ ਦੇ ਸੰਗੀਤ 'ਚ ਇੱਕ ਗੀਤ 'ਮੇਰੇ ਭੋਲੇ ਸੇ ਬਾਲਮ ਕਾ ਭੋਲਾ ਹੈ ਦਿਲ' ਗਾਇਆ, ਜਿਸ ਦੇ ਬੋਲ ਸਵਾਮੀ ਰਾਮਾਨੰਦ ਸਰਸਵਤੀ ਨੇ ਲਿਖੇ ਸਨ। 'ਜੀਵਨ' ਉਰਫ 'ਬਹਾਰ' (1944) 'ਚ ਹਮੀਦਾ ਬਾਨੋ ਨੇ ਨੌਸ਼ਾਦ ਅਲੀ ਦੇ ਸੰਗੀਤ 'ਚ ਮਾਹਰ-ਉੱਲ-ਕਾਦਰੀ ਦਾ ਲਿਖਿਆ ਇੱਕ ਗੀਤ ਗਾਇਆ 'ਆਜ ਮੋਰਾ ਮਨ ਮੋਰਾ ਮਨ ਨਾਚ ਰਹਾ ਹੈ' ਜੋ ਅਦਾਕਾਰਾ ਮਹਿਤਾਬ 'ਤੇ ਫਿਲਮਾਇਆ ਗਿਆ ਸੀ। ਫਿਲਮ 'ਲਲਕਾਰ' (1944) 'ਚ ਸੀ. ਰਾਮ ਚੰਦਰ ਦੇ ਸੰਗੀਤ 'ਚ ਹਮੀਦਾ ਬਾਨੋ ਨੇ ਪੰਡਤ ਮਧੁਰ ਦੇ ਲਿਖੇ 2 ਗੀਤ ਗਾਏ 'ਚਿੜੀਓਂ ਕੋ ਉੜਨਾ ਸਿਖਾਇਆ ਕਿਸ ਨੇ' ਤੇ 'ਯਾਦ ਨਹੀਂ ਜਾਤੀ'। ਫਿਲਮ 'ਮਨੋਰਮਾ' (1944) 'ਚ ਸੀ. ਰਾਮ ਚੰਦਰ ਦੇ ਸੰਗੀਤ ਵਿਚ ਅੰਜੁਮ ਪੀਲੀਭੀਤੀ ਦਾ ਲਿਖਿਆ ਇੱਕ ਦੋਗਾਣਾ ਗੀਤ 'ਉੜ ਜਾਏਂ ਉੜ ਜਾਏਂ ਦੂਰ ਦੇਸ ਉੜ ਜਾਏਂ' ਨੂਰ ਮੁਹੰਮਦ ਚਾਰਲੀ ਨਾਲ ਗਾਇਆ। ਫਿਲਮ 'ਰੌਣਕ' (1944) 'ਚ ਸੀ. ਰਾਮ ਚੰਦਰ ਦੇ ਸੰਗੀਤ 'ਚ ਈਸ਼ਵਰ ਚੰਦਰ ਕਪੂਰ ਦੇ ਲਿਖੇ 2 ਗੀਤ ਗਾਏ 'ਹਮ ਦਿਲ ਕੋ ਲੂਟਾਤੇ ਹੈਂ ਔਰ ਲੂਟੇ ਜ਼ਮਾਨਾ' ਤੇ ਦੂਜਾ 'ਦੁਨੀਆ ਕਿਸੀ ਕੋ ਹਾਏ ਮਜਬੂਰ ਨਾ ਕਰੇ'।

ਫਿਲਮ 'ਸ਼ਹਿਨਸ਼ਾਹ ਬਾਬਰ' (1944) 'ਚ ਖੇਮਚੰਦ ਪ੍ਰਕਾਸ਼ ਦੇ ਸੰਗੀਤ 'ਚ ਪੰਡਤ ਇੰਦਰ ਦੇ ਲਿਖੇ 2 ਗੀਤ ਹਮੀਦਾ ਬਾਨੋ ਨੇ ਗਾਏ 'ਮੁਝੇ ਕਰੇ ਸਨਮ ਬਦਨਾਮ' ਤੇ 'ਛੇੜ ਗਯਾ ਬੇਦਰਦ ਮੇਰੀ ਦਿਲਰੂਬਾ ਕੇ ਤਾਰ ਕਯੂੰ' ਜੋ ਅਦਾਕਾਰਾ ਖੁਰਸ਼ੀਦ ਬਾਨੋ 'ਤੇ ਫਿਲਮਾਏ ਗਏ ਸਨ। ਫਿਲਮ 'ਪਰਖ' (1944) 'ਚ ਖੁਰਸ਼ੀਦ ਅਨਵਰ ਦੇ ਸੰਗੀਤ 'ਚ ਹਮੀਦਾ ਨੇ ਗ਼ਾਫਿਲ ਹਰਨਾਲਵੀ ਦਾ ਲਿਖਿਆ ਗੀਤ 'ਪਯਾਸੇ ਸਾਜਨ ਪੀ ਲੇ' ਗਾਇਆ। ਫਿਲਮ 'ਮੂਰਤੀ' (1945) 'ਚ ਹਮੀਦਾ ਨੇ ਬੁਲੋ ਸੀ. ਰਾਨੀ (ਬੁਲੋ ਚੰਦ ਰਾਨੀ) ਦੇ ਸੰਗੀਤ 'ਚ ਪੰਡਤ ਇੰਦਰ ਦੇ ਲਿਖੇ 'ਸਾਵਨ ਆਯਾ ਸਾਵਨ ਆਯਾ', 'ਕਾਹੇ ਕੋ ਦੀਯਾ ਜਲਾਯਾ', 'ਭਲੀ ਨਿਭਾਈ ਪ੍ਰੀਤ ਰੇ' ਤੋਂ ਇਲਾਵਾ ਖੁਰਸ਼ੀਦ ਬਾਨੋ ਤੇ ਮੁਕੇਸ਼ ਨਾਲ ਮਿਲ ਕੇ ਗਾਇਆ ਗੀਤ 'ਬਦਰੀਆ ਬਰਸ ਗਈ ਉਸ ਪਾਰ' ਗੀਤ ਖੂਬ ਚੱਲਿਆ। ਫਿਲਮ 'ਨਸੀਬ' ਉਰਫ 'ਕੈਂਟ ਹੈਲਪ ਇਟ' (1945) 'ਚ ਪੰਜਾਬੀ ਸੰਗੀਤਕਾਰ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ 3 ਗੀਤ 'ਚਨਾ ਮਸਾਲੇਦਾਰ ਬਾਬੂ ਲੈ ਲੋ' (ਨਾਲ ਜ਼ੋਹਰਾ ਬਾਈ ਅੰਬਾਲਾ) ਅਤੇ 2 ਗੀਤ ਖਾਨ ਮਸਤਾਨਾ ਨਾਲ 'ਦੀਵਾਨੀ ਤੇਰੀ ਦੋ ਦਿਨ ਕੀ ਜ਼ਿੰਦਗਾਨੀ' ਤੇ 'ਹਮ ਪੰਛੀ ਹੈਂ ਆਜ਼ਾਦ'।

ਫਿਲਮ 'ਪ੍ਰੀਤ' (1945) 'ਚ ਬੁਲੋ ਸੀ. ਰਾਨੀ ਦੇ ਸੰਗੀਤ ਵਿਚ ਫਿਲਮ ਦੇ 13 ਗੀਤਾਂ 'ਚੋਂ ਡੀ. ਐਨ. ਮਧੋਕ ਦਾ ਲਿਖਿਆ ਸਿਰਫ ਇੱਕੋ ਗੀਤ ਹਮੀਦਾ ਨੇ ਸਨੇਹ ਪ੍ਰਭਾ ਨਾਲ ਮਿਲ ਕੇ ਗਾਇਆ 'ਮਨ ਮੇਂ ਉਠੇਂ ਉਛਾਲੇ ਮੇਰੇ ਘੂੰਘਟ ਖੋਲ੍ਹ ਮਤਵਾਲੇ' ਜੋ ਅਦਾਕਾਰਾ ਸਨੇਹ ਪ੍ਰਭਾ ਪ੍ਰਧਾਨ ਤੇ ਸਵਰਨ ਲਤਾ 'ਤੇ ਫਿਲਮਾਇਆ ਗਿਆ ਸੀ। ਫਿਲਮ 'ਸਾਵਨ' (1945) 'ਚ ਹਮੀਦਾ ਨੇ ਸੀ. ਰਾਮ ਚੰਦਰ ਦੇ ਸੰਗੀਤ 'ਚ 'ਹੰਸੋ ਗ਼ਰੀਬੋਂ ਪੇ' ਗੀਤ ਖਾਨ ਮਸਤਾਨਾ ਨਾਲ ਮਿਲ ਕੇ ਗਾਇਆ।

ਫਿਲਮ 'ਦੇਵਰ' (1946) 'ਚ ਹਮੀਦਾ ਨੇ ਗੁਲਸ਼ਨ ਸੂਫੀ ਦੇ ਸੰਗੀਤ 'ਚ ਖੁਮਾਰ ਬਾਰਾ ਬੰਕਵੀ ਦਾ ਲਿਖਿਆ ਇੱਕੋ ਗੀਤ ਸ਼ਮਸ਼ਾਦ ਬੇਗ਼ਮ ਤੇ ਜ਼ੋਹਰਾ ਬਾਈ ਅੰਬਾਲਾ ਨਾਲ ਮਿਲ ਕੇ ਗਾਇਆ 'ਧੂਮ ਮਚਾਤੀ ਆਈ ਜਵਾਨੀ'। ਫਿਲਮ 'ਨੇਕ ਪਰਵੀਨ' (1946) 'ਚ ਹਮੀਦਾ ਬਾਨੋ ਨੇ ਫਿਰੋਜ਼ ਨਿਜ਼ਾਮੀ ਦੇ ਸੰਗੀਤ 'ਚ ਵਾਹਿਦ ਕੁਰੈਸ਼ੀ ਦੀ ਲਿਖੀ ਨਾਅਤ 'ਤੇਰੀ ਜ਼ਾਤ ਪਾਕ ਹੈ ਏ ਖੁਦਾ ਤੇਰੀ ਸ਼ਾਨ ਵੱਲਾ ਜਲਾਲ ਹੂ' (ਨਾਲ ਕੋਰਸ) ਗਾਈ ਜੋ ਅਦਾਕਾਰਾ ਰੇਹਾਨਾ ਤੇ ਸਹੇਲੀਆਂ 'ਤੇ ਫਿਲਮਾਈ ਗਈ ਸੀ। ਇਸ ਤੋਂ ਇਲਾਵਾ ਹਮੀਦਾ ਦਾ ਗਾਇਆ ਇੱਕ ਪੁਰਸੋਜ਼ ਗੀਤ 'ਦੁਨੀਆ ਗ਼ਰੀਬੋਂ ਕੋ ਕਯੂੰ ਜੀਨੇ ਨਹੀਂ ਦੇਤੀ' ਅਦਾਕਾਰਾ ਰਾਗਿਨੀ 'ਤੇ ਫਿਲਮਾਇਆ ਗਿਆ ਸੀ। ਫਿਲਮ 'ਰਾਜਪੂਤਾਨੀ' (1946) 'ਚ ਹਮੀਦਾ ਨੇ ਬੁਲੋ ਸੀ. ਰਾਨੀ ਦੇ ਸੰਗੀਤ ਵਿਚ 4 ਏਕਲ ਗੀਤ ਤੇ ਇੱਕ ਦੋਗਾਣਾ ਗੀਤ ਮੁਕੇਸ਼ ਨਾਲ ਗਾਇਆ 'ਜਾ ਪਰਵਾਨੇ ਜਾ ਕਹੀਂ ਸ਼ਮਾ ਜਲ ਰਹੀ ਹੈ' ਜੋ ਵੀਨਾ ਤੇ ਜੈਰਾਜ 'ਤੇ ਫਿਲਮਾਇਆ ਗਿਆ। ਇਸੇ ਬੈਨਰ ਦੀ ਹੀ ਫਿਲਮ 'ਫੁੱਲਵਾੜੀ' (1946) 'ਚ ਹੰਸਰਾਜ ਬਹਿਲ ਦੇ ਸੰਗੀਤ 'ਚ ਗੁਲੂਕਾਰਾ ਮੋਹਨਤਾਰਾ ਨਾਲ ਹਮੀਦਾ ਨੇ ਮਿਲ ਕੇ ਇੱਕੋ ਗੀਤ ਗਾਇਆ। ਫਿਲਮ 'ਛੀਨ ਲੇ ਆਜ਼ਾਦੀ' (1947) 'ਚ ਹੰਸਰਾਜ ਬਹਿਲ ਦੇ ਸੰਗੀਤ 'ਚ ਪੰਡਤ ਇੰਦਰ ਦੇ ਲਿਖੇ 3 ਏਕਲ ਗੀਤਾਂ ਨੂੰ ਆਪਣੇ ਸੁਰ ਪ੍ਰਦਾਨ ਕੀਤੇ। ਫਿਲਮ 'ਕੌਨ ਹਮਾਰਾ ਹੈ' (1947) 'ਚ ਬੁਲੋ ਸੀ. ਰਾਨੀ ਦੇ ਸੰਗੀਤ 'ਚ ਹਮੀਦਾ ਨੇ ਪੰਡਤ ਇੰਦਰ ਦੇ ਲਿਖੇ 4 ਗੀਤ ਗਾਏ ਜੋ ਅਦਾਕਾਰਾ ਰੂਪਾ 'ਤੇ ਫਿਲਮਾਏ ਗਏ। ਇਸੇ ਬੈਨਰ ਦੀ ਹੀ ਤੈਮੂਰ ਬੈਹਰਾਮਾਸ਼ਾ ਨਿਰਦੇਸ਼ਿਤ ਫਿਲਮ 'ਲਾਖੋਂ ਮੇਂ ਏਕ' (1947) 'ਚ ਹਮੀਦਾ ਨੇ ਹੰਸਰਾਜ ਬਹਿਲ ਦੇ ਸੰਗੀਤ 'ਚ ਪੰਡਤ ਇੰਦਰ ਦੇ ਲਿਖੇ 5 ਖੂਬਸੂਰਤ ਏਕਲ ਗੀਤ ਗਾਏ। ਰਣਜੀਤ ਦੀ ਹੀ ਫਿਲਮ 'ਦੁਨੀਆ ਏਕ ਸਰਾਏ' (1947) 'ਚ ਹਮੀਦਾ ਨੇ ਹੰਸ ਰਾਜ ਬਹਿਲ ਦੇ ਸੰਗੀਤ 'ਚ ਮੁਕੇਸ਼ ਨਾਲ ਮਿਲ ਕੇ ਇੱਕੋ ਦੋਗਾਣਾ ਗੀਤ ਗਾਇਆ। ਫਿਲਮ 'ਨੀਲ ਕਮਲ' (1947) 'ਚ ਹਮੀਦਾ ਨੇ ਰਸ਼ੀਦ ਅੱਤਰੇ (ਅੰਮ੍ਰਿਤਸਰ) ਦੇ ਸੰਗੀਤ 'ਚ ਕੇਦਾਰ ਸ਼ਰਮਾ ਦਾ ਲਿਖਿਆ ਦੋਗਾਣਾ ਗੀਤ 'ਸੋਚਤਾ ਕਯਾ ਹੈ ਸੁਦਰਸ਼ਨ ਚਲਾਨੇ ਵਾਲੇ' (ਨਾਲ ਮੁਕੇਸ਼) ਅਦਾਕਾਰ ਰਜਿੰਦਰ ਸਿੰਘ ਤੇ ਬਾਲ ਅਦਾਕਾਰ 'ਤੇ ਫਿਲਮਾਇਆ ਗਿਆ ਸੀ। ਫਿਲਮ 'ਪਤੀ ਸੇਵਾ' ਉਰਫ 'ਔਰਤ ਕਾ ਪਯਾਰ' (1947) 'ਚ ਹਮੀਦਾ ਨੇ ਗੁਲਸ਼ਨ ਸੂਫੀ ਦੇ ਸੰਗੀਤ 'ਚ ਵਾਹਿਦ ਕੁਰੈਸ਼ੀ ਦੇ ਲਿਖੇ 3 ਏਕਲ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।


ਫਿਲਮ 'ਧੂਮ ਧਾਮ' (1949) 'ਚ ਸੂਫੀ ਸਮਾਜ ਦੇ ਸੰਗੀਤ 'ਚ ਉਸ ਨੇ 2 ਗੀਤ ਗਾਏ। ਫਿਲਮ 'ਸ਼ੋਹਰਤ' (1949) 'ਚ ਉਸ ਨੇ ਅਜ਼ੀਜ਼ ਹਿੰਦੀ ਦੇ ਸੰਗੀਤ 'ਚ 3 ਗੀਤ, ਜਿਨ੍ਹਾਂ 'ਚੋਂ ਇੱਕ ਰੁਮਾਨੀ ਗੀਤ ਮੁਹੰਮਦ ਰਫੀ ਨਾਲ 'ਲੂਟ ਰਖਾ ਹੈ ਹਸੀਨੋਂ ਨੇ ਜ਼ਮਾਨਾ' ਜੋ ਅਦਾਕਾਰਾ ਸੋਫੀਆ ਤੇ ਜੇਯੰਤ 'ਤੇ ਫਿਲਮਾਇਆ ਗਿਆ। ਹਿੰਦੋਸਤਾਨ ਚਿੱਤਰ, ਬੰਬੇ ਦੀ ਫਿਲਮ 'ਰਿਮਝਿਮ' (1949) 'ਚ ਪੰਡਤ ਖੇਮਚੰਦ ਪ੍ਰਕਾਸ਼ ਦੇ ਸੰਗੀਤ 'ਚ ਹਮੀਦਾ ਨੇ ਇੱਕ ਗੀਤ 'ਆਏ ਹੈਂ ਦਿਨ ਸਾਵਨ ਕੇ' (ਨਾਲ ਸ਼ਮਸ਼ਾਦ ਬੇਗ਼ਮ, ਸ਼ਾਂਤੀ) ਗਾਇਆ ਜੋ ਅਦਾਕਾਰਾ ਰਮੋਲਾ ਤੇ ਸਹੇਲੀਆਂ ਉੱਤੇ ਫਿਲਮਾਇਆ ਗਿਆ ਖੂਬਸੂਰਤ ਗੀਤ ਹੈ। ਫਿਲਮ 'ਤਾਰਾ' (1949) 'ਚ ਵਿਨੋਦ ਦੇ ਸੰਗੀਤ 'ਚ ਹਜ਼ਰਤ ਅਜ਼ੀਜ਼ ਕਸ਼ਮੀਰੀ ਦਾ ਲਿਖਿਆ ਇੱਕ ਗੀਤ ਹਮੀਦਾ ਨੇ ਗਾਇਆ 'ਤੇਰੇ ਮਨ ਕੀ ਕਲੀ ਮੁਸਕਾਈ ਜੀ' ਜੋ ਅਦਾਕਾਰਾ ਸ਼ਿਆਮਾ 'ਤੇ ਫਿਲਮਾਇਆ ਗਿਆ। ਫਿਲਮ 'ਜ਼ੇਵਰਾਤ' (1949) 'ਚ ਹੰਸ ਰਾਜ ਬਹਿਲ ਦੇ ਸੰਗੀਤ 'ਚ ਉਸ ਨੇ ਹਬੀਬ ਸਰਹੱਦੀ ਦਾ ਲਿਖਿਆ ਇੱਕ ਗੀਤ ਸ਼ਾਂਤਾ ਕੁੰਵਰ ਤੇ ਸਾਥਣਾਂ ਨਾਲ ਗਾਇਆ ਸੀ।

ਇਸ ਤੋਂ ਇਲਾਵਾ ਹਮੀਦਾ ਬਾਨੋ ਨੇ ਫਿਲਮ 'ਸਲਮਾ' (1943), 'ਰੰਗੀਲੇ ਦੋਸਤ', 'ਲੇਡੀ ਡਾਕਟਰ', 'ਮੌਜੀ ਜੀਵਨ' (1944), 'ਬਚਪਨ', 'ਰਾਮਾਯਣੀ' (1944), 'ਮਗਧਰਾਜ', 'ਦਰਬਾਨ', 'ਇਨਸਾਫ' (1946), 'ਮਹਿੰਦੀ', 'ਦੇਖੋ ਜੀ', 'ਪਹਿਲੀ ਪਹਿਚਾਨ' (1947), 'ਮਾਂਗ', 'ਚੋਰ' (1950) ਆਦਿ ਫਿਲਮਾਂ 'ਚ ਸ਼ਾਹਕਾਰ ਗੀਤ ਗਾਏ।


ਹਮੀਦਾ ਨੇ ਸਿਰਫ 2 ਭਾਰਤੀ ਪੰਜਾਬੀ ਫਿਲਮਾਂ ਵਿਚ ਨਗ਼ਮਾਸਰਾਈ ਕੀਤੀ। ਪਹਿਲੀ ਜੈਮਿਨੀ ਦੀਵਾਨ ਦੇ ਫਿਲਮਸਾਜ਼ ਅਦਾਰੇ ਜੈਮਿਨੀ ਦੀਵਾਨ ਪ੍ਰੋਡਕਸ਼ਨਜ਼, ਬੰਬੇ ਦੀ ਰੂਪ ਕੇ. ਸ਼ੋਰੀ ਨਿਰਦੇਸ਼ਿਤ ਪੰਜਾਬੀ ਫਿਲਮ 'ਚਮਨ' (1948), ਜਿਸ ਵਿਚ ਵਿਨੋਦ ਦੇ ਸੰਗੀਤ 'ਚ ਹਜ਼ਰਤ ਅਜ਼ੀਜ਼ ਕਸ਼ਮੀਰੀ ਦਾ ਲਿਖਿਆ ਇੱਕ ਗੀਤ ਹਮੀਦਾ ਬਾਨੋ ਨੇ ਗਾਇਆ 'ਨਿੱਕੀ ਜਿੰਨੀ ਗੱਲੋਂ ਲਾਡੋ ਰਾਣੀ ਰੁੱਸ ਗਈ ਹਾਏ ਮੈਂ ਕੀ ਕਰਾਂ' (ਨਾਲ ਪੁਸ਼ਪਾ ਚੋਪੜਾ, ਪ੍ਰੇਮ ਲਤਾ)। ਇਹ ਫਿਲਮ ਵਿਚ ਅਦਾਕਾਰਾ ਸੁਰੱਈਆ ਚੌਧਰੀ (ਲਾਹੌਰ), ਸ਼ਿਆਮਾ (ਲਾਹੌਰ) ਤੇ ਮੀਨਾ ਰਾਏ (ਰਾਏਵਿੰਡ) 'ਤੇ ਫਿਲਮਾਇਆ ਗਿਆ ਬੜਾ ਖੂਬਸੂਰਤ ਗੀਤ ਸੀ। ਪੰਜਾਬ ਵੰਡ ਤੋਂ ਬਾਅਦ ਬੰਬੇ 'ਚ ਸੈਂਸਰ ਤੇ ਲਾਹੌਰ ਦੇ ਰਤਨ ਸਿਨਮਾ 'ਚ 6 ਅਗਸਤ 1948 ਨੂੰ ਰਿਲੀਜ਼ ਹੋਣ ਵਾਲੀ ਇਹ ਪਹਿਲੀ ਬਲਾਕ ਬਸਟਰ ਪੰਜਾਬੀ ਫਿਲਮ ਸੀ। ਅੰਮ੍ਰਿਤ ਆਰਟ ਪ੍ਰੋਡਕਸ਼ਨਜ਼ ਲਿਮਟਿਡ, ਬੰਬੇ ਦੀ ਮਜ਼ਾਹੀਆ ਪੰਜਾਬੀ ਫਿਲਮ 'ਫੁੱਮਣ' (1951) 'ਚ ਸੰਗੀਤਕਾਰ ਏ. ਆਰ. ਕੁਰੈਸ਼ੀ ਉਰਫ ਅੱਲਾ ਰੱਖਾ ਕੁਰੈਸ਼ੀ ਨੇ ਹਰੀ ਮਲਿਕ ਦਾ ਲਿਖਿਆ ਇੱਕੋ ਗੀਤ ਹਮੀਦਾ ਬਾਨੋ ਕੋਲੋਂ ਗਵਾਇਆ 'ਊਈ...ਸੁਣ ਕੇ ਤੇਰੀ ਊਈ ਮੇਰਾ ਦਿਲ ਧੜਕ ਗਿਆ...ਵਾਂਗ ਚਿੜੀ ਦੇ ਫੜਕ ਪਿਆ' (ਨਾਲ ਆਸ਼ਾ ਭੌਂਸਲੇ) ਜੋ ਫਿਲਮ ਵਿਚ ਗੀਤਾ ਬਾਲੀ ਤੇ ਸਹੇਲੀਆਂ 'ਤੇ ਫਿਲਮਾਇਆ ਗਿਆ। ਇਹ ਫਿਲਮ 4 ਮਈ 1951 ਨੂੰ ਹਰੀ ਪੈਲੇਸ, ਜਲੰਧਰ ਵਿਖੇ ਨੁਮਾਇਸ਼ ਹੋਈ।

1955 ਵਿਚ ਹਮੀਦਾ ਬਾਨੋ ਬੰਬਈ ਫਿਲਮ ਨਗਰੀ ਨੂੰ ਖੈਰਬਾਦ ਕਹਿ ਕੇ ਲਾਹੌਰ (ਪਾਕਿਸਤਾਨ) ਚਲੀ ਗਈ। ਪਾਕਿਸਤਾਨ ਫਿਲਮ ਸਨਅਤ ਵਿਚ ਉਸ ਨੇ ਗੁੱਡਵਿਲ ਪਿਕਚਰਜ਼, ਲਾਹੌਰ ਦੀ ਮੁਹੰਮਦ ਅਲੀ ਨਿਰਦੇਸ਼ਿਤ ਉਰਦੂ ਫਿਲਮ 'ਮੁਮਤਾਜ਼' (1958) ਵਿਚ ਸ਼ਹਿਰਯਾਰ ਦੇ ਸੰਗੀਤ 'ਚ ਇੱਕ ਗੀਤ ਗਾਇਆ 'ਸੋਏ ਚਾਂਦ ਤਾਰੇ ਸੋਏ ਸਬ ਨਜ਼ਾਰੇ' ਪਰ ਫਿਲਮ ਵਿਚ ਇਹ ਗੀਤ ਸ਼ਾਮਿਲ ਨਹੀਂ ਕੀਤਾ ਜਦੋਂਕਿ ਰਿਕਾਰਡਾਂ 'ਤੇ ਇਹ ਗੀਤ ਹਮੀਦਾ ਦੇ ਨਾਮ ਨਾਲ ਦਰਜ ਹੈ। ਉਪਰੰਤ ਇਹੀ ਗੀਤ ਸ਼ਹਿਰਯਾਰ ਨੇ ਨਸੀਮ ਬੇਗ਼ਮ ਕੋਲੋਂ ਗਵਾ ਕੇ ਫਿਲਮ ਵਿਚ ਸ਼ਾਮਿਲ ਕਰ ਲਿਆ ਸੀ। ਇਸ ਤੋਂ ਬਾਅਦ ਉਸ ਨੇ ਕਿਸੇ ਵੀ ਪਾਕਿਸਤਾਨੀ ਫਿਲਮ ਵਿਚ ਗੀਤ ਨਹੀਂ ਗਾਏ। ਉਹ ਰੇਡੀਓ ਸਟੇਸ਼ਨ, ਲਾਹੌਰ ਉੱਤੇ ਕੁਝ ਸਮੇਂ ਤੱਕ ਆਪਣੇ ਗੀਤ ਪੇਸ਼ ਕਰਦੀ ਰਹੀ, ਪਰ ਜੋ ਮਕਬੂਲੀਅਤ ਅਤੇ ਸ਼ੋਹਰਤ ਉਸ ਨੂੰ ਭਾਰਤੀ ਫਿਲਮ ਸਨਅਤ ਵਿਚ ਮਿਲੀ, ਉਹ ਮੁਕਾਮ ਪਾਕਿਸਤਾਨ ਫਿਲਮ ਸਨਅਤ ਵਿਚ ਨਾ ਪਾ ਸਕੀ। ਹਮੀਦਾ ਬਾਨੋ 11 ਸਤੰਬਰ 2007 ਨੂੰ 79 ਸਾਲਾਂ ਦੀ ਉਮਰ 'ਚ ਲਾਹੌਰ 'ਚ ਅਕਾਲ ਚਲਾਣਾ ਕਰ ਗਈ। ਉਸ ਦੇ ਪਰਿਵਾਰ 'ਚ ਪੁੱਤ ਅਰਸ਼ਦ ਭੱਟੀ (ਰੰਗਮੰਚ ਅਦਾਕਾਰ) ਹੈ ਤੇ ਇੱਕ ਧੀ ਹੈ।

# ਨਸੀਰ, ਕੋਂਕਣਾ ਤੇ ਹੰਸਲ ਦੀ ਬੱਲੇ ਬੱਲੇ







ਖੱਬਿਓਂ: ਨਸੀਰੂਦੀਨ ਸ਼ਾਹ, ਕੋਂਕਨਾ ਸੇਨ ਸ਼ਰਮਾ ਅਤੇ ਹੰਸਲ ਮਹਿਤਾ।

ਅਦਾਕਾਰ ਮਨੋਜ ਬਾਜਪਾਈ, ਨਸੀਰੂਦੀਨ ਸ਼ਾਹ, ਕੋਂਕਨਾ ਸੇਨ ਸ਼ਰਮਾ ਅਤੇ ਨਿਰਦੇਸ਼ਕ ਹੰਸਲ ਮਹਿਤਾ ਨੇ ਆਪੋ-ਆਪਣੇ ਖੇਤਰ ਵਿਚ 'ਏਸ਼ੀਅਨ ਅਕੈਡਮੀ ਕਰੀਏਟਿਵ ਐਵਾਰਡਜ਼ 2021' ਹਾਸਲ ਕੀਤੇ ਹਨ। ਸਿੰਗਾਪੁਰ ਵਿਚ ਕਰਵਾਏ ਗਏ ਇਸ ਸਨਮਾਨ ਸਮਾਰੋਹ ਦੌਰਾਨ ਏਸ਼ੀਆ ਪ੍ਰਸ਼ਾਂਤ ਖੇਤਰ ਦੇ ਵੱਖ-ਵੱਖ ਮੁਲਕਾਂ ਦੀਆਂ 38 ਸ਼ਖ਼ਸੀਅਤਾਂ ਨੂੰ ਆਪੋ-ਆਪਣੇ ਖੇਤਰ 'ਚ ਰਚਨਾਤਮਕ ਕੰਮ ਕਰਨ ਲਈ ਪੁਰਸਕਾਰ ਦਿੱਤੇ ਗਏ। ਭਾਰਤ ਦੇ ਮਨੋਜ ਬਾਜਪਾਈ ਨੂੰ ਐਮਾਜ਼ੋਨ ਪ੍ਰਾਈਮ ਦੀ ਲੜੀ 'ਦਿ ਫੈਮਿਲੀ ਮੈਨ 2' ਵਿਚ ਨਿਭਾਏ ਗਏ 'ਸ੍ਰੀਕਾਂਤ ਤਿਵਾੜੀ' ਦੇ ਕਿਰਦਾਰ ਲਈ 'ਸਰਬੋਤਮ ਅਦਾਕਾਰ' ਦਾ ਪੁਰਸਕਾਰ ਦਿੱਤਾ ਗਿਆ। ਕੋਂਕਨਾ ਸੇਨ ਸ਼ਰਮਾ ਨੂੰ ਨੈੱਟਫਲਿਕਸ ਸੀਰੀਜ਼ 'ਅਜੀਬ ਦਾਸਤਾਨਜ਼' ਵਿਚ ਨਿਭਾਈ ਗਈ 'ਭਾਰਤੀ ਮੰਡਲ' ਦੀ ਭੂਮਿਕਾ ਲਈ ਸਰਬੋਤਮ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ। ਨਸੀਰੂਦੀਨ ਸ਼ਾਹ ਨੂੰ ਵੈੱਬ ਸੀਰੀਜ਼ 'ਬੈਂਡਿਸ਼ ਬੈਂਡਿਟਸ' ਵਿਚਲੇ ਆਪਣੇ ਸੰਗੀਤਕਾਰ ਦੇ ਕਿਰਦਾਰ ਲਈ 'ਸਰਬੋਤਮ ਸਹਾਇਕ ਅਦਾਕਾਰ' ਦਾ ਪੁਰਸਕਾਰ ਦਿੱਤਾ ਗਿਆ ਅਤੇ ਅੰਮ੍ਰਿਤਾ ਸੁਭਾਸ਼ ਨੂੰ 'ਬੰਬੇ ਬੇਗਮਜ਼' ਵਿਚ ਬਾਰ ਡਾਂਸਰ ਲਿਲੀ ਦੀ ਭੂਮਿਕਾ ਨਿਭਾਉਣ ਲਈ 'ਸਰਬੋਤਮ ਸਹਾਇਕ ਅਦਾਕਾਰਾ' ਦਾ ਐਵਾਰਡ ਦਿੱਤਾ ਗਿਆ। ਟੀਮ ਦਾ ਸ਼ੁਕਰੀਆ।" ਐਮਾਜ਼ੋਨ ਸੀਰੀਜ਼ 'ਮਿਰਜ਼ਾਪੁਰ' ਦੇ ਦੂਜੇ ਭਾਗ ਨੂੰ 'ਸਟ੍ਰੀਮਰ/ਓਟੀਟੀ ਦੇ ਸਰਬੋਤਮ ਮੂਲ ਪ੍ਰੋਗਰਾਮ' ਲਈ ਸਨਮਾਨਿਆ ਗਿਆ। ਸੀਰੀਜ਼ ਲਿਖਣ ਵਾਲੇ ਪੁਨੀਤ ਕ੍ਰਿਸ਼ਨਾ ਨੇ ਇਹ ਐਵਾਰਡ ਅਦਾਕਾਰ ਬ੍ਰਹਮਸਵਰੂਪ ਮਿਸ਼ਰਾ ਨੂੰ ਸਮਰਿਪਤ ਕੀਤਾ, ਜੋ ਬੀਤੇ ਵੀਰਵਾਰ ਆਪਣੇ ਫਲੈਟ ਵਿਚ ਮ੍ਰਿਤਕ ਮਿਲਿਆ ਸੀ। ਹੰਸਲ ਮਹਿਤਾ ਨੇ 'ਸਕੈਮ 1992' ਲਈ 'ਸਰਬੋਤਮ ਡਰਾਮਾ ਸੀਰੀਜ਼' ਅਤੇ 'ਸਰਬੋਤਮ ਨਿਰਦੇਸ਼ਕ' ਦਾ ਪੁਰਸਕਾਰ ਜਿੱਤਿਆ। ਮਹਿਤਾ ਨੇ ਟਵਿੱਟਰ 'ਤੇ ਆਪਣੀ ਸਾਰੀ ਟੀਮ ਦਾ ਧੰਨਵਾਦ ਕੀਤਾ ਹੈ। ਨਿਰਦੇਸ਼ਕ ਉਮੇਸ਼ ਬਿਸ਼ਟ ਦੀ 'ਪਗਲੈਟ' ਨੇ ਵੀ ਸਕਰੀਨਪਲੇਅ ਅਤੇ ਸੰਗੀਤ ਲਈ ਦੋ ਐਵਾਰਡ ਪ੍ਰਾਪਤ ਕੀਤੇ।


KALGIDHAR SOCIETY BARU SAHIB
ਬੜੂ ਸਾਹਿਬ ਕਲਗੀਧਰ ਸੁਸਾਇਟੀ
2500 ਬੱਚਿਆਂ ਲਈ 111 ਹੋਰ ਕਲਾਸ ਰੂਮਜ਼ ਬਣਾਉਣ ਲਈ ਮਦਦ ਦੀ ਅਪੀਲ
ਵਿਦਿਆਰਥੀਆਂ ਦੀ ਗਿਣਤੀ ਵਧਣ ਕਾਰਨ ਤੇ ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਵਲੋਂ ਪਾਸ ਹੋ ਕੇ ਵੱਡੀਆਂ ਜਮਾਤਾਂ ਵਿਚ ਜਾਣ ਕਾਰਨ, ਵਿਦਿਆਰਥੀਆਂ ਲਈ ਹੋਰ ਕਲਾਸ ਰੂਮ ਬਣਾਉਣ ਦੀ ਲੋੜ ਹੈ ਤਾਂ ਜੋ ਪਿੰਡਾਂ ਨਾਲ ਸਬੰਧਤ ਸੈਂਕੜੇ ਵਿਦਿਆਰਥੀ ਸਿੱਖਿਆ ਹਾਸਲ ਕਰ ਸਕਣ ਤੇ ਸੰਸਥਾ ਨੂੰ ਸਾਬਕਾ ਵਿਦਿਆਰਥੀ ਆਈ.ਏ.ਐਸ ਸਿਮਰਨਦੀਪ ਸਿੰਘ ਵਰਗੇ ਹੋਰ ਹੋਣਹਾਰ ਵਿਦਿਆਰਥੀ ਮਿਲ ਸਕਣ। ਕਲਾਸ ਰੂਮਜ਼ ਦੇ ਨਿਰਮਾਣ ਨਾਲ ਜੂਨੀਅਰ ਵਿਦਿਆਰਥੀਆਂ ਨੂੰ ਆਪਣੀਆਂ ਹੀ ਸਿੱਖਿਆ ਸੰਸਥਾਵਾਂ ਵਿਚ ਆਪਣੇ ਹੀ ਅਧਿਆਪਕਾਂ ਕੋਲੋਂ ਪੜ੍ਹਨ ਦਾ ਮੌਕਾ ਮਿਲੇਗਾ, ਜੋ ਉਨ੍ਹਾਂ ਦੀ ਪੜ੍ਹਾਈ ਵਿਚ ਮਦਦਗਾਰ ਸਾਬਤ ਹੋਵੇਗਾ।
ਬਾਬਾ ਇਕਬਾਲ ਸਿੰਘ ਤੇ ਕਲਗੀਧਰ ਸੁਸਾਇਟੀ ਬੜੂ ਸਾਹਿਬ ਦੇ ਸਕੱਤਰ ਡਾ. ਦਵਿੰਦਰ ਸਿੰਘ ਨੇ ਸਾਧ ਸੰਗਤ ਨੂੰ ਅਪੀਲ ਕੀਤੀ ਕਿ ਉਹ ਪੇਂਡੂ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਸੰਸਥਾ ਵਲੋਂ ਨਵੇਂ ਕਲਾਸ ਰੂਮ ਬਣਾਉਣ ਦੇ ਪ੍ਰੋਜੈਕਟ ਵਿਚ ਸੰਸਥਾ ਦੀ ਮਾਲੀ ਮਦਦ ਕਰਨ।
ਮਦਦ ਲਈ ਖਾਤਾ:
ਇਟਰਨਲ ਚੈਰੀਟੇਬਲ ਫਾਊਂਡੇਸ਼ਨ:
ਚੇਜ਼ ਬੈਂਕ, ਖਾਤਾ ਨੰ: 988517371 A 501
ਬੱਚੇ ਨੂੰ ਸਪਾਂਸਰ ਕਰਨ ਲਈ:
ਅਮਰਦੇਵ ਸਿੰਘ ਬਦੇਸ਼ਾ ਨਾਲ 708-612-7963, ਰਵੀਦੀਪ ਕੌਰ ਮੁਕਤਾ +72-693-1077, ਮੇਜਰ ਗੁਰਚਰਨ ਸਿੰਘ ਝੱਜ 847-30-1421, ਮਨਦੀਪ ਸਿੰਘ ਪੰਨੂ 224-704-3282, ਪਰਮਿੰਦਰ ਕੌਰ ਨਾਲ ਫੋਨ: 847-294-9967 ’ਤੇ ਸੰਪਰਕ ਕਰੋ।
INVITE
Sunday, December 12th, 2021
11.00am to 1.00pm
at SIKH RELIGIOUS SOCIETY
1280 Winnetka ST, Palatine, IL 60067
BABA IQBAL SINGH JI
PRESIDENT
SHIROMANI PANTH RATAN
DR. DAVINDER SINGH
SECRETARY
THE KALGIDHAR SOCIETY, BARU SAHIB
129 SCHOOLS | 65,000 STUDENTS | 3 UNIVERSITIES | 3 DRUG DE-ADDICTION CENTRES
1 CHARITABLE HOSPITAL | 2 TEACHER TRANING CENTRES
Major Gurcharan Singh Jhaj: 847-330-1421 | Mandeep Singh Pannu: 224-704-3282 | Perminder Kaur: 847-294-9967
Donate through Bank:"ETERNAL CHARITABLE FOUNDATION" Chase Bank A/c in USA#: 988517371 A 501 © (3) Organization Fed. Tax ID# 26-1446079
To Sponsor A Child Contact: Ravideep Kaur Mukta: 2565, Thresher Circle, Plano, TX - 75075 972-693-1077 Mukta@barusahib.org